


ਬੁੱਧ ਧੱਮ - ਇਕ ਸਭਿਆਚਾਰਕ ਕ੍ਰਾਂਤੀ ਡਾ. ਜੀ. ਸੀ. ਕੌਲ ਵਿਸ਼ੇਸ਼ ਲੇਖ ਅਤੇ ਮਹਿਮਾਨ ਸੰਪਾਦਕੀ ਅੰਦਰ ਦੇਖੋ

13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 28

October 16, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਅਦਾਰਾ 'ਦੇਸ਼ ਦੁਆਬਾ' ਵੱਲੋਂ ਮਹਾਂਰਿਸ਼ੀ ਵਾਲਮੀਕ ਦੀ ਜੈਅੰਤੀ ਦੀਆਂ ਲੱਖ-ਲੱਖ ਵਧਾਈਆਂ। 'ਦੈਵ ਮੂਰਖ ਲੋਕਾਂ ਦੀ ਕਲਪਨਾ, ਪੁਰਸ਼ਾਰਥ ਹੀ ਦੈਵ ਹੈ' ਆਚਾਰਿਆ ਰਵਿੰਦਰ ਕੁਮਾਰ ਦਾ ਵਿਸ਼ੇਸ਼ ਲੇਖ ਅੰਦਰ ਦੇਖੋ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ


# ਪੰਚਾਇਤ ਚੋਣਾਂ ਦਰਮਿਆਨ ਹਿੰਸਾ, ਮਾਰ-ਕੁਟਾਈ ਵਿਚਕਾਰ 68 ਫੀਸਦੀ ਵੋਟਿੰਗ ਹੋਈ

## ਕਈ ਪਿੰਡਾਂ ਵਿਚ ਕਤਲ, ਗੋਲੀਆਂ ਅਤੇ ਇੱਟਾਂ-ਰੋੜੇ ਚੱਲੇ, ਹਾਕਮ ਧਿਰ 'ਤੇ ਧੱਕੇਸ਼ਾਹੀ ਦੇ ਦੋਸ਼ ਲੱਗੇ

ਚੰਡੀਗੜ੍ਹ (ਬਿਊਰੋ)- ਪੰਜਾਬ ਵਿਚ 15 ਅਕਤੂਬਰ ਨੂੰ ਹੋਈਆਂ ਪੰਚਾਇਤ ਚੋਣਾਂ ਵਿਚ ਬਹੁਤ ਸਾਰੇ ਪਿੰਡਾਂ ਵਿਚ ਹਿੰਸਾ, ਮਾਰ-ਕੁਟਾਈ, ਡਾਂਗ-ਸੋਟੇ ਅਤੇ ਗੋਲੀਆਂ ਚੱਲੀਆਂ। ਇਸ ਦਰਮਿਆਨ 2 ਵਿਅਕਤੀਆਂ ਦੀ ਮੌਤ ਹੋਈ, ਜਦਕਿ ਸੈਂਕੜੇ ਲੋਕਾਂ ਦੇ ਸੱਟਾਂ ਲੱਗੀਆਂ। ਕਈ ਪਿੰਡਾਂ ਵਿਚ ਜ਼ਿਆਦਾ ਹਿੰਸਾ ਕਾਰਨ ਚੋਣ ਰੱਦ ਵੀ ਕਰਨੀ ਪਈ। ਸਨੌਰ ਬਲਾਕ ਦੇ ਪਿੰਡ ਖੁੱਡਾ ਵਿਚ ਤਾਂ ਵੋਟਿੰਗ ਵਾਲੀ ਟਰੰਕੀ ਹੀ ਲੈ ਕੇ ਦੌੜ ਗਏ। ਬਠਿੰਡੇ ਦੇ ਇਕ ਪਿੰਡ ਵਿਚ ਆਮ ਆਦਮੀ ਪਾਰਟੀ ਦੇ ਜ਼ਿਲ੍ਹੇ ਪ੍ਰਧਾਨ ਦੀ ਗੱਡੀ ਤੋੜ ਦਿੱਤੀ। ਪਿੰਡ ਖੁੱਡਾ ਜ਼ਿਲ੍ਹਾ ਪਟਿਆਲਾ ਵਿਚ ਗੋਲੀ ਚੱਲਣ ਕਾਰਨ ਇਕ ਵਿਅਕਤੀ ਜ਼ਖਮੀ ਹੋਇਆ। ਮਹਿਲ ਕਲਾਂ ਵਿਚ ਪੈਂਦੇ ਪਿੰਡ ਵਿਚ ਇਕ ਪੰਚੀ ਦੇ ਉਮੀਦਵਾਰ ਨੂੰ ਹੀ ਜ਼ਖਮੀ ਕਰ ਦਿੱਤਾ। ਪੰਜਾਬ ਦੇ ਦਰਜਨ ਦੇ ਕਰੀਬ ਜ਼ਿਲ੍ਹਿਆਂ ਵਿੱਚ ਝੜਪਾਂ ਹੋਈਆਂ ਤੇ ਕੁਝ ਥਾਵਾਂ 'ਤੇ ਪੱਥਰਬਾਜ਼ੀ ਵੀ ਹੋਈ। ਕਈ ਥਾਵਾਂ 'ਤੇ ਪੁਲਿਸ ਮੁਲਾਜ਼ਮ ਸਣੇ ਵੱਡੀ ਗਿਣਤੀ ਵਿੱਚ ਲੋਕ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਦਾ ਹਸਪਤਾਲਾਂ ਵਿੱਚ ਇਲਾਜ ਜਾਰੀ ਹੈ। ਇਸ ਦੌਰਾਨ ਕਈ ਥਾਵਾਂ 'ਤੇ ਵੋਟਾਂ ਦੌਰਾਨ ਗੜਬੜੀਆਂ, ਧਾਂਦਲੀਆਂ ਤੇ ਧੱਕੇਸ਼ਾਹੀ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਪੰਚਾਇਤ ਚੋਣਾਂ 'ਚ 68 ਫੀਸਦ ਦੇ ਕਰੀਬ ਪੋਲਿੰਗ ਹੋਈ। ਚੋਣ ਅਧਿਕਾਰੀਆਂ ਨੇ ਦੱਸਿਆ ਕਿ ਚੋਣ ਪ੍ਰਤੀਸ਼ਤਤਾ ਦੇ ਮੁਕੰਮਲ ਅੰਕੜੇ ਅਜੇ ਪ੍ਰਾਪਤ ਨਹੀਂ ਹੋਏ ਪਰ ਅਨੁਮਾਨਤ ਤੌਰ 'ਤੇ ਫਾਜ਼ਿਲਕਾ ਜ਼ਿਲ੍ਹੇ 'ਚ 67.26 ਫੀਸਦ, ਸੰਗਰੂਰ 'ਚ 67.53, ਪਠਾਨਕੋਟ 'ਚ 68 ਫੀਸਦ, ਲੁਧਿਆਣਾ 'ਚ 58.9, ਜਲੰਧਰ 'ਚ 57.99, ਪਟਿਆਲਾ 'ਚ 59 ਅਤੇ ਮੁਹਾਲੀ ਜ਼ਿਲ੍ਹੇ 'ਚ 65.15 ਫੀਸਦ ਵੋਟਾਂ ਪਈਆਂ ਹਨ। ਵੋਟਾਂ ਦੀ ਗਿਣਤੀ ਸ਼ਾਮ ਸਮੇਂ ਸ਼ੁਰੂ ਹੋ ਗਈ। ਇਸ ਦੌਰਾਨ ਵੱਖ-ਵੱਖ ਪਿੰਡਾਂ ਦੇ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ, ਪਰ ਜੇਤੂਆਂ ਦੀ ਸਮੁੱਚੀ ਸੂਚੀ ਬੁੱਧਵਾਰ ਤੱਕ ਤਿਆਰ ਹੋਵੇਗੀ।





ਪੰਜਾਬ ਦੀਆਂ ਕੁੱਲ 13225 ਗ੍ਰਾਮ ਪੰਚਾਇਤਾਂ ਵਿੱਚੋਂ 9400 ਦੇ ਕਰੀਬ ਗ੍ਰਾਮ ਪੰਚਾਇਤਾਂ ਦੀ ਚੋਣ ਲਈ ਵੋਟਿੰਗ ਹੋਈ ਹੈ, ਜਦੋਂ ਕਿ 3798 ਗ੍ਰਾਮ ਪੰਚਾਇਤਾਂ 'ਤੇ ਪਹਿਲਾਂ ਹੀ ਸਰਬਸੰਮਤੀ ਨਾਲ ਚੋਣ ਹੋ ਚੁੱਕੀ ਹੈ। ਸਰਪੰਚ ਦੇ 13225 ਅਹੁਦਿਆਂ ਲਈ 25588 ਅਤੇ ਪੰਚ ਦੇ 83427 ਅਹੁਦਿਆਂ ਲਈ 80598 ਉਮੀਦਵਾਰ ਚੋਣ ਮੈਦਾਨ ਵਿੱਚ ਨਿੱਤਰੇ ਹੋਏ ਸਨ। ਸਵੇਰੇ 8 ਵਜੇ ਵੋਟਿੰਗ ਸ਼ੁਰੂ ਹੁੰਦਿਆਂ ਹੀ ਲੋਕਾਂ ਵਿੱਚ ਵੋਟਾਂ ਪਾਉਣ ਨੂੰ ਲੈ ਕੇ ਕਾਫੀ ਉਤਸ਼ਾਹ ਵੇਖਿਆ ਗਿਆ, ਜਿਸ ਕਰਕੇ ਪੰਜਾਬ ਭਰ ਵਿੱਚ ਪੋਲਿੰਗ ਸਟੇਸ਼ਨਾਂ ਦੇ ਬਾਹਰ ਲੋਕਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ। ਵੋਟ ਪਾਉਣ ਲਈ ਨੌਜਵਾਨਾਂ ਦੇ ਨਾਲ-ਨਾਲ ਬਜ਼ੁਰਗ ਤੇ ਔਰਤਾਂ ਵੀ ਪੋਲਿੰਗ ਸਟੇਸ਼ਨ 'ਤੇ ਪਹੁੰਚੀਆਂ, ਜਿਨ੍ਹਾਂ ਵੱਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਨਾਲ ਹੀ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚ ਚੋਣ ਮੈਦਾਨ ਵਿੱਚ ਨਿੱਤਰੇ ਉਮੀਦਵਾਰਾਂ ਤੇ ਉਨ੍ਹਾਂ ਦੇ ਹਮਾਇਤੀਆਂ ਦੇ ਦੂਜੇ ਉਮੀਦਵਾਰਾਂ ਨਾਲ ਲੜਾਈ-ਝਗੜੇ ਸ਼ੁਰੂ ਹੋ ਗਏ। ਇਸ ਦੌਰਾਨ ਤਰਨ ਤਾਰਨ ਦੇ ਪਿੰਡ ਸੈਣ ਭਗਤ (ਸੋਹਲ) ਵਿੱਚ ਦੋ ਧੜਿਆਂ ਵਿੱਚਕਾਰ ਝਗੜਾ ਹੋ ਗਿਆ। ਇਸ ਮੌਕੇ ਗੋਲੀ ਚੱਲ ਗਈ, ਜਿਸ ਕਰਕੇ ਇਕ ਨੌਜਵਾਨ ਜ਼ਖ਼ਮੀ ਹੋ ਗਿਆ। ਸ਼ਾਮ ਨੂੰ ਵੋਟਿੰਗ ਖਤਮ ਹੋਣ ਸਮੇਂ ਜ਼ਿਲ੍ਹਾ ਪਟਿਆਲਾ ਦੇ ਸਨੌਰ ਹਲਕੇ ਵਿੱਚ ਪੈਂਦੇ ਪਿੰਡ ਖੁੱਡਾ ਵਿਖੇ ਦੋ ਧੜਿਆਂ ਵਿਚਕਾਰ ਝਗੜਾ ਹੋ ਗਿਆ। ਝਗੜੇ ਵਿੱਚ ਗੋਲੀ ਚੱਲਣ ਕਰਕੇ ਨੌਜਵਾਨ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਇਸੇ ਤਰ੍ਹਾਂ ਮੋਗਾ ਦੇ ਪਿੰਡ ਕੋਟਲਾ ਮਹਿਰ ਸਿੰਘਵਾਲਾ ਵਿੱਚ ਗੋਲੀਆਂ ਚੱਲੀਆਂ।

# ਚੰਨੀ ਵੱਲੋਂ ਕੈਨੇਡਾ ਨਾਲ ਰਿਸ਼ਤੇ ਸੁਧਾਰਨ 'ਤੇ ਜ਼ੋਰ



**ਚੰਡੀਗੜ੍ਹ (ਬਿਊਰੋ)-** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਨੇ ਬੁੱਧਵਾਰ ਨੂੰ ਜਲੰਧਰ ਵਿਚ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਨੂੰ ਕੈਨੇਡਾ ਨਾਲ ਰਿਸ਼ਤੇ ਸੁਧਾਰਨ ਉਤੇ ਜ਼ੋਰ ਦੇਣਾ ਚਾਹੀਦਾ ਹੈ। ਜਲੰਧਰ ਹਲਕੇ ਤੋਂ ਲੋਕ ਸਭਾ ਮੈਂਬਰ ਚੰਨੀ ਇਸ ਮੌਕੇ ਪੱਤਰਕਾਰਾਂ ਵੱਲੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਜਾਰੀ ਤਾਜ਼ਾ ਤਣਾਅ ਬਾਰੇ ਪੁੱਛੇ ਗਏ ਇਕ ਸਵਾਲ ਦਾ ਜਵਾਬ ਦੇ ਰਹੇ ਸਨ। ਨ੍ਹਾਂ ਕਿਹਾ, ''ਕੈਨੇਡਾ ਨਾਲ ਸਾਡਾ ਨਹੁੰ-ਮਾਸ ਦਾ ਰਿਸ਼ਤਾ ਬਣ ਗਿਆ ਹੈ ਕਿਉਂਕਿ ਪੰਜਾਬ ਦੇ ਵੱਡੀ ਗਿਣਤੀ ਲੋਕ ਕੈਨੇਡਾ ਵਿਚ ਰਹਿ ਰਹੇ ਹਨ।'' ਉਨ੍ਹਾਂ ਕਿਹਾ, ''ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਰਿਸ਼ਤਿਆਂ ਨੂੰ ਸੁਧਾਰੇ, ਕਿਉਂਕਿ ਸਾਨੂੰ ਤਾਂ ਹੁਣ ਕੈਨੇਡਾ ਨਾਲ ਰੋਜ਼ ਦੀ ਲੋੜ ਹੈ।''

ਕੈਨੇਡਾ ਮਾਮਲੇ 'ਤੇ ਗੈਂਗਸਟਰਾਂ ਦਾ ਨਾਂ ਆਉਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਉਲਟਾ ਸਵਾਲ ਕੀਤਾ ਕਿ ਆਖ਼ਰ 'ਗੈਂਗਸਟਰਾਂ ਨੂੰ ਕੌਣ ਪੈਦਾ ਕਰਦਾ ਹੈ'? ਉਨ੍ਹਾਂ ਕਿਹਾ, ''ਅਸਲ ਵਿਚ ਹੁਣ ਬਿੱਲੀ ਥੈਲੇ ਤੋਂ ਬਾਹਰ ਆ ਰਹੀ ਹੈ। ...ਮੈਂ ਪਹਿਲਾਂ ਵੀ ਕਿਹਾ ਸੀ ਕਿ (ਸਿੱਧੂ) ਮੂਸੇਵਾਲਾ ਦਾ ਕਤਲ ਰਾਜਨੀਤਕ ਸੀ ਅਤੇ ਇਹ ਗੱਲ ਛੇਤੀ ਹੀ ਹੋਰ ਸਾਫ਼ ਹੋ ਜਾਵੇਗੀ।''

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਚਾਨਕ ਦਿੱਤਾ ਅਸਤੀਫ਼ਾ



**ਅੰਮ੍ਰਿਤਸਰ (ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ ਖ਼ਿਲਾਫ਼ ਕੀਤੀ ਗਈ ਕਾਰਵਾਈ ਤੋਂ ਇੱਕ ਦਿਨ ਬਾਅਦ ਅੱਜ ਅਚਾਨਕ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਆਗੂ ਵਲਟੋਹਾ ਵੱਲੋਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਇਸ ਦੀ ਪੁਸ਼ਟੀ ਸ਼੍ਰੋਮਣੀ ਅਕਾਲੀ ਦਲ ਦਾ ਸੋਸ਼ਲ ਮੀਡੀਆ ਵਿੰਗ ਕਰ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮਾਮਲੇ 'ਚ ਖਾਮੋਸ਼ ਹੈ ਅਤੇ ਅਜਿਹੀ ਸਥਿਤੀ ਵਿੱਚ ਉਹ ਤਖ਼ਤ ਦੇ ਜਥੇਦਾਰ ਦੀ ਸੇਵਾ ਨਹੀਂ ਕਰ ਸਕਦੇ। ਗਿਆਨੀ ਹਰਪ੍ਰੀਤ ਸਿੰਘ ਨੇ ਇਸ ਸਬੰਧੀ ਇੱਕ ਵੀਡੀਓ ਸੁਨੇਹਾ ਵੀ ਜਨਤਕ ਕੀਤਾ ਹੈ। ਉਨ੍ਹਾਂ ਗੱਲਬਾਤ ਕਰਨ 'ਤੇ ਅਸਤੀਫ਼ਾ ਦੇਣ ਸਬੰਧੀ ਵੀਡੀਓ ਸੁਨੇਹੇ ਦੀ ਪੁਸ਼ਟੀ ਕੀਤੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਆਪਣਾ ਅਸਤੀਫ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਭੇਜ ਦਿੱਤਾ ਹੈ। ਉਨ੍ਹਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਉਨ੍ਹਾਂ ਨੂੰ ਦਿੱਤੀ ਗਈ ਸੁਰੱਖਿਆ ਅਤੇ ਵਾਹਨ ਵਾਪਸ ਲੈਣ ਲਈ ਕਿਹਾ ਹੈ। ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਲਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਅਤੇ ਨਿਰਾਧਾਰ ਦੱਸਦਿਆਂ ਕਿਹਾ ਕਿ ਜੇਕਰ ਉਨ੍ਹਾਂ ਕੋਲ ਇਸ ਸਬੰਧੀ ਕੋਈ ਸਬੂਤ ਹਨ ਤਾਂ ਉਹ ਜਨਤਕ ਕਰਨ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ।


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Sabha Pittsburg (CA) Program







**October 18-19-20, 2024,**
**Gurpurab Sri Guru Ramdas ji**

Sri Guru Ramdas ji Gurpurab is going to be celebrated in Gurughar by Banga family and Sewadars. Akhand Path will start on Friday Oct 18, 2024, and conclude with Bhog on Sunday, Oct 20,2024. Jatha Bhai Amarjit Singh ji and Bhai Manjit Singh ji will adorn the occasion along with Gurughar Jatha Bhai Balwinder Singh Ji. Banga family is hoisting langar Sewa with the support of Sewadars.

**November 01, 2024,**
**Diwali celebration – hosted by Suman family**

Suman family will be hoisting Diwali celebration at Gurughar. Sukhmani Sahib Path will start at 6 PM and followed by Kirtan Diwan. Entire Sangat is requested to paricipate.

**November 15-16-17, 2024,**
**Gurpurab Sri Guru Nanak dev Ji**

Guru Nanak Dev Ji was the founder of Sikhism and is the first of ten Sikh Gurus. Gurpurab will be celebrated in Gurdwara on Nov 15-16-17, 2024. Arambh Akhand Path Friday, Nov 15, 2024, and will conclude with Bhog on Sunday, Nov 17,2024

**November 22-23-24, 2024,**
**Akhand Path Sahib Sewa by Bhai Jagir Singh Family**

Bhai Jagir Singh ji is retiring from job and thanking Waheguru ji for all HIS blessing and praying for Future life. Arambh Akhand Path Friday, Nov 22, 2024, and conclude with Bhog on Sunday, Nov 24,2024

**December 8, 2024,**
**Sukhmani Sahib Path Sewa by Laskar Family**

Sukhmani Sahib Path and Langar Sewa will be hoisted by Lashkar Family for blessing and celebrating the Birthday of their child and seek blessing of Waheguru ji. Entire Sangat is requested to participate.

**December 31, 2024,**
**Rain Savai**

**February 14-15-16, 2025,**
**Gurpurab Shri Guru Ravidas ji**

Gurpurab Sri Guru Ravidas ji will be celebrated in Gurughar on February 14-15-16, 2025. Akhand Path will Arambh on Friday, Feb 14, 2024, and conclude with Bhog on Sunday Feb 16, 2025.

Katha Watchak and Kirtani Jathas will adorn the occasion.

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruthravidasstemple.com



Chairman
Vinod Kumar Jakhu



President
Sunita Bangar




Gen. Secretary
Upinder Pal Ricky



Treasurer
Shinder Pal Narabut

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 27 ਅਕਤੂਬਰ ਨੂੰ ਵਲੇਹੋ, ਅਮੈਰੀਕਨ ਕੈਨੀਅਨ ਵਿਖੇ ਮਨਾਇਆ ਜਾਵੇਗਾ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਮਹਾਨ ਕਥਾਵਾਚਕ ਅਤੇ ਸ਼ਬਦ ਗੁਰਬਾਣੀ ਦੇ ਗਿਆਤਾ ਇਤਿਹਾਸਕ ਤੱਥਾਂ ਦੀ ਸਾਂਝ ਸੰਗਤਾਂ ਨਾਲ ਸਾਂਝੀ ਕਰਨਗੇ। ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਬਹੁਤ ਸਾਰੇ ਬੁਲਾਰੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 27, 2024 (SUNDAY)

## Time: 9:00AM to 4:00PM

## 300 Napa Junction Road (Near City Hall) American Canyon CA 94503

**ਇਸ ਮੌਕੇ ਭਗਵਾਨ ਵਾਲਮੀਕ ਜੀ ਦੀਆਂ ਸਿਖਿਆਵਾਂ ਬਾਰੇ ਬਹੁਪੱਖੀ ਸ਼ਖਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ।**

### ਹੋਰ ਜਾਣਕਾਰੀ ਲਈ ਸੰਪਰਕ ਕਰੋ

Kewal Sidhu 707-704-3869
Bhinda Singh 916-613-3311
Rajinder Hans 925-214-6454
Avtar Uppal 408-613-4790
Madan Lal : 669-235-0507

Sodhi Nahar 707-704-5216
Baljiwan Dass 408-394-6729
Dr. Gurjit Singh 925-321-0117
Gurpal Singh 916-873-0311
Sushil kumar 209-764-0281

## ਜਾਰੀ ਕਰਤਾ: ਭਗਵਾਨ ਵਾਲਮੀਕ ਜੀ ਦੇ ਸਮੂਹ ਸ਼ਰਧਾਲੂ (ਕੈਲੇਫੋਰਨੀਆ)

# ਮਾਨਵ ਕਲਿਆਣ ਲਈ ਡਾ. ਅੰਬੇਡਕਰ ਨੇ ਬੁੱਧ ਧੰਮ ਗ੍ਰਹਿਣ ਕੀਤਾ - ਭੰਤੇ ਦਰਸ਼ਨਦੀਪ ਮਹਾਂਥੇਰੋ ਡਾ. ਅੰਬੇਡਕਰ ਨੇ ਅਛੂਤਾਂ ਨੂੰ ਅਸਲ ਆਜ਼ਾਦੀ ਪ੍ਰਦਾਨ ਕੀਤੀ - ਡਾ. ਵਿਰਦੀ



ਡਾ. ਜੀ. ਸੀ. ਕੌਲ ਸੰਬੋਧਨ ਕਰਦੇ ਹੋਏ






**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਨੇ ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ, ਪੰਜਾਬ ਯੂਨਿਟ ਦੇ ਸਹਿਯੋਗ ਨਾਲ ਡਾ. ਅੰਬੇਡਕਰ ਦੁਆਰਾ 14 ਅਕਤੂਬਰ 1956 ਨੂੰ ਨਾਗਪੁਰ ਵਿਖੇ ਹਿੰਦੂ ਧਰਮ ਨੂੰ ਤਿਆਗ ਕੇ ਬੁੱਧ ਧਰਮ ਦੀ ਇਤਿਹਾਸਿਕ ਅਤੇ ਮਹੱਤਵਪੂਰਨ ਘਟਨਾ ਨੂੰ ਸਮਰਪਿਤ 'ਧੰਮ ਚੱਕਰ ਪ੍ਰਵਰਤਨ ਦਿਵਸ' ਪੰਜਾਬ ਦੀ ਇਤਿਹਾਸਿਕ ਭੂਮੀ ਅੰਬੇਡਕਰ ਭਵਨ ਵਿਖੇ ਬੜੇ ਉਤਸ਼ਾਹ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਪੰਜਾਬ ਦੇ ਅਹਿਮ ਬੁੱਧਿਸਟ ਕੇਂਦਰ ਤਕਸ਼ਿਲਾ ਮਹਾਂ ਬੁੱਧ ਵਿਹਾਰ ਲੁਧਿਆਣਾ ਦੇ ਭਿੱਖੂ ਸੰਘ ਦੇ ਉੱਘੇ ਵਿਦਵਾਨ ਭੰਤੇ ਦਰਸ਼ਨਦੀਪ ਮਹਾਥੇਰੋ ਅਤੇ ਭੰਤੇ ਪ੍ਰਗਿਆ ਬੋਧੀ ਥੇਰੋ ਵੱਲੋਂ ਤ੍ਰਿਸ਼ਣ ਦੇ ਪਾਠ ਉਪਰੰਤ ਧਮਦੇਸ਼ਨਾ ਪ੍ਰਦਾਨ ਕੀਤੀ ਗਈ। ਭੰਤੇ ਦਰਸ਼ਨਦੀਪ ਮਹਾਥੇਰੋ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਡਾ। ਅੰਬੇਡਕਰ ਵੱਲੋਂ 68 ਸਾਲ ਪਹਿਲਾਂ ਵਰਣ ਅਤੇ ਜਾਤੀ ਵਿਵਸਥਾ ਤੇ ਅਧਾਰਤ ਹਿੰਦੂ ਧਰਮ ਦਾ ਤਿਆਗ ਕਰਕੇ ਬੁੱਧ ਧਰਮ ਨੂੰ ਗ੍ਰਹਿਣ ਕਰਨ ਦਾ ਮਕਸਦ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਅਧਾਰਤ ਭਾਰਤੀ ਸਮਾਜ ਦੀ ਸਿਰਜਣਾ ਕਰਨਾ ਸੀ। ਮਾਨਵੀ ਕਲਿਆਣ ਹਿਤ ਉਨ੍ਹਾਂ ਵੱਲੋਂ ਕੀਤਾ ਗਿਆ ਇਹ ਇੱਕ ਵੱਡਾ ਉਪਰਾਲਾ ਸੀ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਯੂਕੇ ਦੀ ਪ੍ਰਸਿੱਧ ਅੰਤਰਰਾਸ਼ਟਰੀ ਸੰਸਥਾ 'ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜੇਸ਼ਨਜ਼ (ਫੈਬੋ)' ਦੇ ਕਨਵੀਨਰ ਡਾ. ਹਰਬੰਸ ਵਿਰਦੀ ਨੇ ਕਿਹਾ ਕਿ 1947 ਦੀ ਰਾਜਨੀਤਕ ਆਜ਼ਾਦੀ ਉਪਰੰਤ 14 ਅਕਤੂਬਰ 1956 ਨੂੰ ਲੱਖਾਂ ਅਨੁਆਈਆਂ ਸਮੇਤ ਬੁਧ ਧਰਮ ਗ੍ਰਹਿਣ ਕਰਕੇ ਡਾ. ਅੰਬੇਡਕਰ ਨੇ ਸਦੀਆਂ ਤੋਂ ਮਾਨਸਿਕ ਤੌਰ ਤੇ ਗੁਲਾਮ ਬਣਾਏ ਅਛੂਤਾਂ ਨੂੰ ਹਿੰਦੂ ਧਾਰਮਿਕ ਗ੍ਰੰਥਾਂ ਦੇ ਹੁਕਮਨਾਮਿਆ ਅਤੇ ਪਾਬੰਦੀਆਂ ਤੋਂ ਨਿਜਾਤ ਦਵਾ ਕੇ ਅਸਲ ਆਜ਼ਾਦੀ ਪ੍ਰਦਾਨ ਕੀਤੀ। ਡਾ. ਵਿਰਦੀ ਨੇ ਅੰਬੇਡਕਰ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੀ ਰਹਿਨੁਮਾਈ ਹੇਠ ਲਗਭਗ 70 ਸਾਲ ਤੋਂ ਅੰਬੇਡਕਰ ਭਵਨ ਵੱਲੋਂ ਪਾਏ ਗਏ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ। ਮੁੱਖ ਮਹਿਮਾਨ ਡਾ. ਹਰਬੰਸ ਵਿਰਦੀ ਤੋਂ ਇਲਾਵਾ ਇਸ ਮੌਕੇ ਤੇ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਸ਼੍ਰੀ ਸੋਹਨ ਲਾਲ, ਸੁਸਾਇਟੀ ਦੇ ਪੈਟਰਨ ਡਾ. ਜੀਸੀ ਕੌਲ, ਆਲ ਇੰਡੀਆ ਸਮਤਾ ਸੈਨਿਕ ਦਲ, ਪੰਜਾਬ ਯੂਨਿਟ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਅਤੇ ਹਿਮਾਚਲ ਪ੍ਰਦੇਸ਼ ਤੋਂ ਆਏ ਵਿਸ਼ੇਸ਼ ਮਹਿਮਾਨ ਸੁਭਾਸ਼ ਮੁਸਾਫਰ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਇਸ ਗੱਲ ਤੇ ਜੋਰ ਦਿੱਤਾ ਕਿ ਸਮਾਜ ਵਿੱਚ ਸਮਾਨਤਾ, ਸੁਤੰਤਰਤਾ, ਮੈਤਰੀ, ਆਪਸੀ ਪ੍ਰੇਮ-ਪਿਆਰ ਅਤੇ ਨਿਆਇਸ਼ੀਲ ਭਾਵਨਾ ਅਧੀਨ ਭਾਈਚਾਰਾ ਸਥਾਪਿਤ ਕਰਕੇ ਹੀ ਸੁਚੱਜੇ ਭਾਰਤੀ ਸਮਾਜ ਦੀ ਸਥਾਪਨਾ ਕੀਤੀ ਸਕਦੀ ਹੈ ਅਤੇ ਇਸ ਮੰਤਵ-ਪੂਰਤੀ ਲਈ ਬੁੱਧ ਧਰਮ ਦੀ ਤਰਕਸ਼ੀਲ ਸੱਚੀ-ਸੁੱਚੀ ਅਹਿੰਸਾਤਮਕ ਵਿਚਾਰਧਾਰਾ ਆਪਣਾ ਵਿਸ਼ੇਸ਼ ਯੋਗਦਾਨ ਪਾ ਸਕਦੀ ਹੈ। ਅੱਜ ਦੇ ਦਿਨ 68 ਸਾਲ ਪਹਿਲਾਂ ਡਾ. ਅੰਬੇਡਕਰ ਦੁਆਰਾ ਆਰੰਭੀ ਗਈ ਸੱਭਿਆਚਾਰਕ ਕ੍ਰਾਂਤੀ ਨੂੰ ਪੁਨਰ-ਸੁਰਜੀਤ ਕਰਕੇ ਭਾਰਤ ਵਿੱਚ ਰਾਜਨੀਤਿਕਾਂ ਵੱਲੋਂ ਪੈਦਾ ਕੀਤੀ ਭਿਆਨਕ ਅਤੇ ਵਿਸਫੋਟਕ ਸਥਿਤੀ ਤੋਂ ਸੰਵਿਧਾਨਿਕ ਨੈਤਿਕਤਾ ਅਤੇ ਤਥਾਗਤ ਬੁੱਧ ਦੀ ਵਿਚਾਰਧਾਰਾ ਹੀ ਬਚਾ ਸਕਦੀ ਹੈ। ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੋਫੈਸਰ ਬਲਬੀਰ ਹੋਰਾਂ ਨੇ ਬੁੱਧ ਧੰਮ ਬਾਰੇ ਆਪਣੇ ਵਿਚਾਰ ਪੇਸ਼ ਕਰਨ ਉਪਰੰਤ ਸਭ ਦਾ ਧੰਨਵਾਦ ਕੀਤਾ ਅਤੇ ਸਟੇਜ ਸੰਚਾਲਨ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਬਾਖੂਬੀ ਕੀਤਾ। ਸਮਾਗਮ ਦੌਰਾਨ ਮੁੱਖ ਮਹਿਮਾਨ ਡਾ. ਹਰਬੰਸ ਵਿਰਦੀ (ਲੰਡਨ) ਦੁਆਰਾ ਲਿਖੀਆਂ ਚਾਰ ਪੁਸਤਕਾਂ 'ਜਾਤ ਮਿਟਾ ਗੇ ਤਾਂ ਤੁਹਾਨੂੰ ਮਿਟਾਇਆ ਜਾਵੇਗਾ', 'ਮਹਾਂਮਾਨਵ ਬੁੱਧ ਜੀਵਨ ਅਤੇ ਸੰਦੇਸ਼' (ਪੰਜਾਬੀ), 'ਹਾਂਮਾਨਵ ਬੁੱਧ ਜੀਵਨ ਔਰ ਸੰਦੇਸ਼' (ਹਿੰਦੀ) ਅਤੇ 'ਬੋਧੀ ਕਿਰਣਾਂ' ਦੇ ਨਵੇਂ ਸੰਸਕਰਨ ਲੋਕ ਅਰਪਣ ਕੀਤੇ ਗਏ। ਅੰਬੇਡਕਰੀ ਵਿਦਵਾਨ ਗੌਤਮ ਬੋਧ ਵੱਲੋਂ 'ਬੁੱਧ ਧੰਮ ਚੱਕਰ ਪ੍ਰਵਰਤਨ ਦਿਵਸ' ਨਾਲ ਸਬੰਧਤ ਵਿਸ਼ਵ ਦੇ ਉੱਘੇ ਸੌ ਵਿਦਵਾਨਾਂ ਦੇ ਖੋਜ ਨਿਬੰਧਾਂ ਦਾ ਸੈਟ ਅੰਬੇਡਕਰ ਭਵਨ ਟਰੱਸਟ ਲਾਇਬਰੇਰੀ ਲਈ ਭੇਂਟ ਕੀਤਾ ਗਿਆ। ਛੋਟੇ ਬੱਚਿਆਂ ਵੱਲੋਂ ਦਿਲ ਛੂਹ ਲੈਣ ਵਾਲੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਮਿਸ਼ਨਰੀ ਕਿਤਾਬਾਂ ਦੇ ਲੱਗੇ ਹੋਏ ਸਟਾਲ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਿੰਦਰ ਸਿੰਘ ਖੁੱਤਣ, ਜਸਵਿੰਦਰ ਵਰਿਆਣਾ, ਬਲਦੇਵ ਰਾਜ ਭਾਰਦਵਾਜ, ਤਿਲਕਰਾਜ, ਨਿਰਮਲ ਬਿੰਜੀ, ਮਹਿੰਦਰ ਸੰਧੂ, ਅੰਬੈਸਡਰ ਰਮੇਸ਼ ਚੰਦਰ, ਚਮਨ ਚਾਹਲ ਯੂਕੇ, ਹਰਮੇਸ਼ ਜੱਸਲ, ਪ੍ਰੋਫੈਸਰ ਅਰਿੰਦਰ ਸਿੰਘ, ਬਲਦੇਵ ਰਾਜ ਜੱਸਲ, ਰੂਪ ਲਾਲ, ਡਾ. ਕੇ ਐਸ ਫੂੱਲ, ਕਮਲਸ਼ੀਲ ਬਾਲੀ, ਮੈਡਮ ਸੁਦੇਸ਼ ਕਲਿਆਣ, ਮੰਜੂ, ਕਵਿਤਾ ਢਾਂਡੇ, ਹਰੀ ਸਿੰਘ ਥਿੰਦ, ਹਰੀ ਰਾਮ ਐਸਡੀ, ਹਰਭਜਨ ਨਿਮਤਾ, ਸੂਰਜ ਵਿਰਦੀ, ਰਜੇਸ਼ ਵਿਰਦੀ, ਜੋਤੀ ਪ੍ਰਕਾਸ਼, ਸ਼ੰਕਰ ਨਵਧਰੇ, ਅਵਧੂਤ ਰਾਏ, ਰਾਹੁਲ ਧਾਵਨੇ ਆਦਿ ਹਾਜ਼ਰ ਸਨ।




**– ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)**




SKY TRANSPORT SOLUTIONS
STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

### ਅਮਰੀਕੀ ਰਾਸ਼ਟਰਪਤੀ ਚੋਣਾਂ

# ਸਾਬਕਾ ਰਾਸ਼ਟਰਪਤੀ ਟਰੰਪ ਐਰੀਜ਼ੋਨਾ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਪੈਨਸਿਲਵਾਨੀਆ ਵਿਚ ਅੱਗੇ-ਸਰਵੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਜਿਉਂ ਜਿਉਂ ਵੋਟਾਂ ਪੈਣ ਦਾ ਦਿਨ ਨੇੜੇ ਆ ਰਿਹਾ ਹੈ ਤਿਉਂ ਤਿਉਂ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਤੇ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਚੋਣ ਪ੍ਰਚਾਰ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਨ। ਦੋਨੋਂ ਉਮੀਦਵਾਰ ਅਹਿਮ ਰਾਜ ਪੈਨਸਿਲਵਾਨੀਆ ਵੱਲ ਵਿਸ਼ੇਸ਼ ਤਵਜੋਂ ਦੇ ਰਹੇ ਹਨ। ਪੈਨਸਿਲਵਾਨੀਆ ਵਿਚ ਹੈਰਿਸ ਤੇ ਟਰੰਪ ਅਤੇ ਉਨਾਂ ਨਾਲ ਸਬੰਧਿਤ ਧੜਿਆਂ ਨੇ ਟੈਲੀਵੀਜ਼ਨ 'ਤੇ ਇਸ਼ਤਿਹਾਰਬਾਜੀ ਉਪਰ 350 ਲੱਖ ਡਾਲਰ ਖਰਚ ਕੀਤੇ ਹਨ। ਇਸ ਤੋਂ ਇਲਾਵਾ ਦੋਨੋਂ ਉਮੀਦਵਾਰ ਰਾਜ ਵਿਚ ਨਿਰੰਤਰ ਰੈਲੀਆਂ ਕਰ ਰਹੇ ਹਨ ਤੇ ਆਪੋ ਆਪਣੇ ਢੰਗ-ਤਰੀਕੇ ਨਾਲ ਮੱਤਦਾਤਾਵਾਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰ ਰਹੇ ਹਨ। ਇਸੇ ਦੌਰਾਨ ਇਕ ਤਾਜ਼ਾ ਸਰਵੇ ਵਿਚ ਸਪੱਸ਼ਟ ਹੋਇਆ ਹੈ ਕਿ ਟਰੰਪ ਐਰੀਜ਼ੋਨਾ ਵਿਚ 6 % ਅੰਕਾਂ ਨਾਲ ਅਗੇ ਹਨ ਜਦ ਕਿ ਕਮਲਾ ਹੈਰਿਸ ਪੈਨਸਿਲਵਾਨੀਆ ਵਿਚ 4% ਅੰਕਾਂ ਨਾਲ ਅੱਗੇ ਹਨ। ਇਹ ਸਰਵੇ ਨਿਊਯਾਰਕ ਟਾਈਮਜ਼, ਫਿਲਾਡੈਲਫੀਆ ਇੰਕੁਆਇਰਰ ਤੇ ਸੀਨਾ ਕਾਲਜ ਦੁਆਰਾ ਕੀਤਾ ਗਿਆ ਹੈ। ਇਹ ਦੋਨੋਂ ਰਾਜ ਇਸ ਲਈ ਅਹਿਮ ਹਨ ਕਿਉਂਕਿ



ਇਹ ਕਦੀ ਵੀ ਕਿਸੇ ਇਕ ਪਾਰਟੀ ਦੇ ਹੱਕ ਵਿਚ ਨਹੀਂ ਰਹੇ ਤੇ ਹਰ ਵਾਰ ਆਪਣੀ ਪਸੰਦ ਬਦਲਦੇ ਰਹਿੰਦੇ ਹਨ। ਸਰਵੇ ਅਨੁਸਾਰ ਦੋਨਾਂ ਰਾਜਾਂ ਵਿਚ 1600 ਤੋਂ ਵਧ ਮੱਤਦਾਤਾਵਾਂ ਦੀ ਰਾਏ ਪੁੱਛੀ ਗਈ। ਐਰੀਜ਼ੋਨਾ ਵਿਚ ਮੱਤਦਾਤਾ ਦੇਸ਼ ਦੀ ਅਰਥ ਵਿਵਸਥਾ ਨੂੰ ਲੈ ਕੇ ਚਿੰਤਤ ਹਨ। ਇਸ ਲਈ ਉਹ ਟਰੰਪ ਨੂੰ ਸਮਰਥਨ ਦੇ ਰਹੇ ਹਨ ਜਦ ਕਿ ਪੈਨਸਿਲਵਾਨੀਆ ਵਿਚ ਗਰਭਪਾਤ ਦਾ ਮੁੱਦਾ ਅਹਿਮ ਬਣ ਗਿਆ ਹੈ ਤੇ ਇਸ ਮੁੱਦੇ ਨੂੰ ਲੈ ਕੇ ਉਹ ਹੈਰਿਸ ਦਾ ਸਮਰਥਨ ਕਰ ਰਹੇ ਹਨ। ਹਾਲਾਂ ਕਿ ਇਨਾਂ ਰਾਜਾਂ ਵਿਚ ਕੁਝ ਅਜਿਹੇ ਮੱਤਦਾਵਾ ਵੀ ਹਨ ਜੋ ਅਜੇ ਜਕੋਤਕੀ ਵਿਚ ਹਨ। ਇਹ ਮੱਤਦਾਤਾ ਕਿਸੇ ਵੀ ਉਮੀਦਵਾਰ ਦੇ ਹੱਕ ਵਿਚ ਭੁੱਗਤ ਸਕਦੇ ਹਨ। ਪੈਨਸਿਲਵਾਨੀਆ ਵਿਚ ਮੱਤਦਾਤਾਵਾਂ ਨੇ ਕਿਹਾ ਹੈ ਕਿ ਉਹ 20% ਅੰਕਾਂ ਨਾਲ ਟਰੰਪ ਦੀ ਤੁਲਨਾ ਵਿਚ ਹੈਰਿਸ ਉਪਰ ਭਰੋਸਾ ਰਖਦੇ ਹਨ। ਇਨਾਂ ਮੱਤਦਾਤਾਵਾਂ ਦੀ ਨਜਰ ਵਿਚ ਹੈਰਿਸ ਵਧੀਆ ਢੰਗ ਨਾਲ ਗਰਭਪਾਤ ਦੇ ਮੁੱਦੇ ਨੂੰ ਨਜਿੱਠ ਸਕਦੇ ਹਨ। ਪੈਨਸਿਲਵਾਨੀਆ ਵਿਚ ਅਰਥ ਵਿਵਸਥਾ ਦੇ ਮੁੱਦੇ 'ਤੇ ਟਰੰਪ 11ਅੰਕਾਂ ਨਾਲ ਅੱਗੇ ਹਨ ਜਦ ਕਿ ਸਤੰਬਰ ਵਿਚ ਕੀਤੇ ਸਰਵੇ ਵਿਚ ਟਰੰਪ 4 ਅੰਕਾਂ ਨਾਲ ਅੱਗੇ ਸਨ। ਐਰੀਜ਼ੋਨਾ ਵਿਚ ਟਰੰਪ ਪਹਿਲਾਂ ਕੀਤੇ ਸਰਵੇ ਵਿਚ ਵੀ 6 ਅੰਕਾਂ ਨਾਲ ਅੱਗੇ ਸਨ। ਅਰਥ ਵਿਵਸਥਾ ਦੇ ਮੁੱਦੇ 'ਤੇ ਟਰੰਪ ਐਰੀਜ਼ੋਨਾ ਵਿਚ ਹੈਰਿਸ ਨਾਲੋਂ 15 ਅੰਕਾਂ ਨਾਲ ਅੱਗੇ ਹਨ।

# ਜੋ ਵੀ ਪ੍ਰਵਾਸੀ ਕਿਸੇ ਅਮਰੀਕੀ ਦੀ ਹੱਤਿਆ ਕਰੇਗਾ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ-ਟਰੰਪ

## ਇਕ ਵਾਰ ਫਿਰ ਰਿਪਬਲੀਕਨ ਉਮੀਦਵਾਰ ਨੇ ਪ੍ਰਵਾਸੀਆਂ ਵਿਰੁੱਧ ਕੱਢੀ ਭੜਾਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸਾਬਕਾ ਰਾਸ਼ਟਰਪਤੀ ਤੇ ਰਾਸ਼ਟਰਪਤੀ ਦੇ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਨੇ ਪ੍ਰਵਾਸੀਆਂ ਵਿਰੋਧੀ ਪ੍ਰਚਾਰ ਨੂੰ ਜਾਰੀ ਰਖਦਿਆਂ ਔਰੋਰਾ, ਕੋਲੋਰਾਡੋ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਇਹ ਸ਼ਹਿਰ ਵੈਨੇਜ਼ੂਏਲੀਅਨ ਲੋਕਾਂ ਦੇ ਗਿਰੋਹ ਕਾਰਨ 'ਵਾਰ ਜ਼ੋਨ' ਬਣ ਚੁੱਕਾ ਹੈ। ਉਨਾਂ ਐਲਾਨ ਕੀਤਾ ਕਿ ਜੋ ਵੀ ਪ੍ਰਵਾਸੀ ਕਿਸੇ ਅਮਰੀਕੀ ਜਾਂ ਪੁਲਿਸ ਅਫਸਰ ਦੀ ਹੱਤਿਆ ਕਰੇਗਾ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਬਹੁਤ ਹੀ ਐਸ਼ੋ ਆਰਾਮ ਵਾਲੇ ਗੇਲਾਰਡ ਰੌਕੀਜ ਰਿਜ਼ਾਰਟ ਐਂਡ ਕਨਵੈਨਸ਼ਨ ਸੈਂਟਰ ਜਿਥੇ ਇਕ ਕਮਰੇ ਦਾ ਕਿਰਾਇਆ ਪ੍ਰਤੀ ਰਾਤ 400 ਡਾਲਰ ਹੈ, ਵਿਖੇ ਬੋਲਦਿਆਂ ਟਰੰਪ ਨੇ ਕਿਹਾ ਕਿ ਔਰੋਰਾ ਵਿਚਲਾ ਵੈਨੇਜ਼ੂਏਲੀਅਨ ਭਾਈਚਾਰਾ ਅਪਰਾਧੀ ਹੈ। ਉਨਾਂ ਦੋਸ਼ ਲਾਇਆ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਇਹ ਸਮੱਸਿਆ ਪੈਦਾ ਹੋਈ ਹੈ। ਟਰੰਪ ਨੇ ਦੋਸ਼ ਲਾਇਆ ਕਿ ਹੈਰਿਸ ਨੇ ਤੀਸਰੀ ਦੁਨੀਆਂ ਦੀ ਕਾਲ ਕੋਠੜੀ ਵਿਚੋਂ ਬਿਨਾਂ ਦਸਤਾਵੇਜ਼ ਪ੍ਰਵਾਸੀ ਲਿਆਂਦੇ ਹਨ। ਟਰੰਪ ਨੇ ਜੁੜੀ ਭੀੜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈ ਔਰੋਰਾ ਤੇ ਹਰ ਕਸਬੇ ਨੂੰ ਸੁਰੱਖਿਅਤ ਕਰਾਂਗਾ। ਉਨਾਂ ਕਿਹਾ ਕਿ ਅਸੀਂ ਇਨਾਂ ਖਤਰਨਾਕ ਤੇ ਖੂਨ ਦੇ ਪਿਆਸੇ ਅਪਰਾਧੀਆਂ ਨੂੰ ਜੇਲਾਂ ਵਿਚ ਬੰਦ ਕਰਾਂਗੇ ਜਾਂ ਦੇਸ਼ ਵਿਚੋਂ ਹੀ




ਕੱਢ ਦੇਵਾਂਗੇ। ਟਰੰਪ ਨੇ ਆਪਣੀ ਨਵੀਂ ਯੋਜਨਾ ਦਾ ਐਲਾਨ ਕਰਦਿਆਂ ਕਿਹਾ ਕਿ ਉਹ 'ਆਪਰੇਸ਼ਨ ਔਰੋਰਾ' ਕਰਨਗੇ ਤੇ ਵਿਦੇਸ਼ੀ ਦੁਸ਼ਮਣ ਐਕਟ 1978 ਦੀ ਵਰਤੋਂ ਕਰਕੇ ਗਿਰੋਹ ਨਾਲ ਸਬੰਧਿਤ ਗੈਰਦਸਤਾਵੇਜੀ ਪ੍ਰਵਾਸੀਆਂ ਨੂੰ ਬਾਹਰ ਦਾ ਰਸਤਾ ਵਿਖਾਉਣਗੇ। ਉਨਾਂ ਕਿਹਾ ਕਿ ਅਸੀਂ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ, ਸਰਹੱਦੀ ਗਸ਼ਤੀ ਦਲ ਤੇ ਸੰਘੀ ਲਾਅ ਇਨਫੋਰਸਮੈਂਟ ਅਫਸਰਾਂ ਨੂੰ ਗੈਰ ਕਾਨੂੰਨੀ ਵਿਦੇਸ਼ੀ ਗਿਰੋਹ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਲਈ ਭੇਜਾਂਗੇ ਤੇ ਇਹ ਮੁਹਿੰਮ ਓਦੋਂ ਤਕ ਜਾਰੀ ਰਹੇਗੀ ਜਦੋਂ ਤਕ ਹਰ ਗੈਰ ਕਾਨੂੰਨੀ ਵਿਦੇਸ਼ੀ ਬਾਹਰ ਨਹੀਂ ਕੱਢ ਦਿੱਤਾ ਜਾਂਦਾ। ਇਥੇ ਜਿਕਰਯੋਗ ਹੈ ਕਿ ਟਰੰਪ ਨੇ ਇਸ ਤੋਂ ਪਹਿਲਾਂ ਦੋਸ਼ ਲਾਇਆ ਸੀ ਕਿ ਸਪਰਿੰਗਫੀਲਡੀ, ਓਹੀਓ ਵਿਚ ਹੈਤੀਅਨ ਲੋਕ ਸਥਾਨਕ ਲੋਕਾਂ ਦੇ ਪਾਲਤੂ ਜਾਨਵਰ ਚੋਰੀ ਕਰਕੇ ਖਾਂਦੇ ਹਨ। ਟਰੰਪ ਦੇ ਇਨਾਂ ਦੋਸ਼ਾਂ ਨੂੰ ਉਪ ਰਾਸ਼ਟਰਪਤੀ ਦੇ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਜੇ ਡੀ ਵੈਂਸ ਨੇ ਵੀ ਵਾਰ ਵਾਰ ਦੁਹਰਾਇਆ ਸੀ। ਜਦ ਕਿ ਸਥਾਨਕ ਪੁਲਿਸ ਨੇ ਇਨਾਂ ਦੋਸ਼ਾਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਸੀ। ਔਰੋਰਾ ਵਿਚ ਵੀ ਪੁਲਿਸ ਤੇ ਰਿਪਬਲੀਕਨ ਮੇਅਰ ਮਾਈਕ ਕੌਫਮੈਨ ਨੇ ਟਰੰਪ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਸ਼ਹਿਰ ਵਿਚ ਕਿਸੇ ਗਿਰੋਹ ਜਾਂ ਹੋਰ ਪ੍ਰਵਾਸੀਆਂ ਵੱਲੋਂ ਵੱਡੀ ਪੱਧਰ 'ਤੇ ਅਪਰਾਧਾਂ ਵਿਚ ਸ਼ਾਮਿਲ ਹੋਣ ਵਰਗੀ ਕੋਈ ਗੱਲ ਨਹੀਂ ਹੈ।

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

ਦੇਸ਼ ਦੁਆਬਾ

## ਮਹਿਮਾਨ ਸੰਪਾਦਕੀ

# ਵਿਸ਼ਵ ਦਾ ਪ੍ਰਚੀਨ ਮਾਨਵਵਾਦੀ ਧਰਮ

**ਡਾ. ਜੀ. ਸੀ. ਕੌਲ**

ਤਥਾਗਤ ਬੁੱਧ ਦੇ ਜੀਵਨ ਅਤੇ ਫਲਸਫੇ ਵਿਚ ਬੁੱਧ ਪੂਰਨਿਮਾ ਦਾ ਵਿਸ਼ੇਸ਼ ਮਹੱਤਵ ਹੈ। ਇਹ ਮੌਕਾ ਮੇਲ ਹੀ ਹੈ ਕਿ ਬੁੱਧ ਦਾ ਜਨਮ ਅਤੇ ਉਨ੍ਹਾਂ ਦਾ ਮਹਾਂ ਪਰਿਨਿਰਵਾਣ ਵਿਸਾਖ ਦੀ ਪੁੰਨਿਆਂ ਨੂੰ ਹੋਇਆ। ਉਨ੍ਹਾਂ ਦਾ ਅਸਲ ਨਾਂ ਸਿਧਾਰਥ ਗੌਤਮ ਸੀ। ਸਿਧਾਰਥ ਤੋਂ ਬੁੱਧ ਬਣਨ ਦਾ ਸਫਰ ਵੀ ਵਿਸਾਖ ਦੀ ਪੁੰਨਿਆ ਨੂੰ ਪ੍ਰਵਾਨ ਚੜ੍ਹਦਾ ਹੈ, ਜਦੋਂ ਉਹ 'ਗਿਆਨ' ਦੀ ਪ੍ਰਾਪਤੀ ਅਰਥਾਤ ਮਨੁੱਖੀ ਜੀਵਨ ਪ੍ਰਤੀ ਵਿਵੇਕਸ਼ੀਲ ਹੋ ਕੇ 'ਬੁੱਧ' ਕਹਿਲਾਏ। ਬੁੱਧ ਧੱਮ ਵਿਸ਼ਵ ਦਾ ਸਭ ਤੋਂ ਪ੍ਰਾਚੀਨ ਅਤੇ ਪਹਿਲਾ ਸੰਗਠਨਾਤਮਕ ਮਾਨਵਵਾਦੀ ਧਰਮ ਹੈ। ਇਸ ਵਿਚ ਵੈਦਿਕ ਵਿਚਾਰਧਾਰਾ ਦੀ ਵਰਣ ਵਿਵਸਥਾ, ਮਾਨਵੀ ਭਿੰਨ-ਭੇਦ, ਜਾਤਪਾਤ, ਛੂਆਛੂਤ, ਕਰਮਕਾਂਡ ਅਤੇ ਪਾਖੰਡਵਾਦ ਲਈ ਕੋਈ ਸਥਾਨ ਨਹੀਂ ਹੈ। ਇਹ ਪਹਿਲੀ ਅਜਿਹੀ ਵਿਚਾਰਧਾਰਾ ਸੀ, ਜਿਸ ਵਿਚ ਹਰ ਮਨੁੱਖ ਨੂੰ ਜਨਮ ਤੋਂ ਨਹੀਂ, ਬਲਕਿ ਕਰਮ ਤੋਂ ਮਹਾਨ ਮੰਨਿਆ ਗਿਆ। ਈਸਾ ਤੋਂ 563 ਵਰ੍ਹੇ ਪਹਿਲਾਂ ਅਰਥਾਤ ਅੱਜ ਤੋਂ 2587 ਸਾਲ ਪਹਿਲਾਂ ਪੈਦਾ ਹੋਏ ਮਹਾਂਮਾਨਵ ਬੁੱਧ ਨੇ ਆਰੀਆਂ ਦੁਆਰਾ ਸਿਰਜੀ ਵਰਣ-ਵਿਵਸਥਾ ਨੂੰ ਵੰਗਾਰਿਆ, ਵੈਦਿਕ ਕਾਲੀਨ ਧਰਮ-ਸ਼ਾਸਤਰਾਂ ਦੇ ਅਖੌਤੀ ਰੱਬੀ ਆਦੇਸ਼ਾਂ ਅਤੇ ਜਾਤੀ ਪ੍ਰਥਾ ਦਾ ਜ਼ੋਰਦਾਰ ਵਿਰੋਧ ਅਤੇ ਖੰਡਨ ਕੀਤਾ। ਇਸਦੇ ਸਿੱਟੇ ਵਜੋਂ ਭਾਰਤ ਵਿਚ ਸਮਤਾ, ਸੁਤੰਤਰਤਾ, ਭਾਈਚਾਰਕ ਸਾਂਝ ਅਤੇ ਸਮਾਜਿਕ ਨਿਆਂ ਦਾ ਸ਼ਾਸਨ ਸਥਾਪਤ ਹੋਇਆ ਅਤੇ ਸ਼੍ਰਮਣ ਸੰਸਕ੍ਰਿਤੀ ਦਾ ਉਦੈ ਹੋਇਆ।

ਭਾਰਤ ਦੇ ਇਤਿਹਾਸ ਵਿਚ ਮੌਰੀਆ ਕਾਲ ਦਾ ਸਮਾਂ ਇਕ ਸੁਨਹਿਰੀ ਕਾਲ ਸੀ, ਜਦੋਂ ਸਮਤਾ ਅਤੇ ਸੁਤੰਤਰਤਾ 'ਤੇ ਆਧਾਰਿਤ ਰਾਜ ਕਾਇਮ ਹੋਇਆ। ਚੰਦਰ ਗੁਪਤ ਮੌਰੀਆ ਦੀ ਅਗਵਾਈ ਹੇਠ ਮੌਰੀਆ ਰਾਜ ਦੀ ਸਥਾਪਤੀ ਨੂੰ ਸੁਤੰਤਰਤਾ, ਮਹਾਨਤਾ ਅਤੇ ਗੌਰਵ ਦਾ ਸਮਾਂ ਦਰਸਾਉਂਦਿਆਂ ਬਾਬਾ ਸਾਹਿਬ ਡਾ. ਅੰਬੇਡਕਰ ਲਿਖਦੇ ਹਨ ਕਿ 'ਮੌਰੀਆ ਕਾਲ ਇਕ ਅਜਿਹਾ ਕਾਲ ਸੀ, ਜਦੋਂ ਚਤੁਰਵਰਣ ਵਿਵਸਥਾ ਪੂਰੀ ਤਰ੍ਹਾਂ ਤਬਾਹ ਹੋ ਗਈ ਸੀ, ਜਦੋਂ ਸ਼ੂਦਰ, ਜੋ ਬੜਾ ਜਨਸਮੂਹ ਸੀ, ਖੁਦ ਅੱਗੇ ਆਏ ਅਤੇ ਦੇਸ਼ ਦੇ ਸ਼ਾਸਕ ਬਣ ਗਏ।' (ਵਾਲਿਊਮ 3, ਪੰਨਾ 71) ਸ਼੍ਰਮਣ ਸੰਸਕਿਤੀ ਦੇ ਇਤਿਹਾਸਕ ਕਾਲਕ੍ਰਮ ਵਿਚ ਚੰਦਰ ਗੁਪਤ ਮੌਰੀਆ ਤੋਂ ਬਾਅਦ ਉਸਦਾ ਪੁੱਤਰ ਬਿੰਦੂਸਾਰ ਮਗਧ ਦੇ ਰਾਜ ਸਿੰਘਾਸਨ ਤੇ ਬਿਰਾਜਮਾਨ ਹੋਇਆ, ਜਿਸਨੇ 16 ਰਾਜਾਂ 'ਤੇ ਜਿੱਤ ਪ੍ਰਾਪਤ ਕਰਕੇ ਭਾਰਤ ਵਿਚ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ। ਬਿੰਦੂਸਾਰ ਦੇ ਦੇਹਾਂਤ ਬਾਅਦ ਉਸਦਾ ਪੁੱਤਰ 274 ਈਸਾ ਪੂਰਵ ਮਗਧ ਦਾ ਰਾਜਾ ਬਣਿਆ ਅਤੇ ਵਿਸ਼ਵ ਦੇ ਇਤਿਹਾਸ ਵਿਚ 'ਅਸ਼ੋਕ ਮਹਾਨ' ਵਜੋਂ ਪ੍ਰਸਿੱਧ ਹੋਇਆ। ਅਸ਼ੋਕ ਮਹਾਨ ਨੇ ਇਕ ਵਿਸ਼ਾਲ ਰਾਜ 'ਜੰਬੂਦੀਪ' ਦੀ ਸਥਾਪਨਾ ਕੀਤੀ ਅਤੇ ਉਸਦੇ ਰਾਜਕਾਲ (274-238 ਈ. ਪੂਰਵ) ਵਿਚ ਹੀ ਬੁੱਧ ਧੱਮ ਵਿਸ਼ਾਲ ਭਾਰਤ ਤੋਂ ਇਲਾਵਾ ਦੂਸਰੇ ਦੇਸ਼ਾਂ ਤੱਕ ਫੈਲ ਗਿਆ। ਉਸਨੇ ਧੱਮ ਨਾਲ ਸਬੰਧਤ 84 ਹਜ਼ਾਰ ਸਤੂਪਾਂ, ਚੈਤਯ, ਸ਼ਿਲਾਲੇਖਾਂ ਅਤੇ ਧੰਮ-ਸਤੰਭਾਂ ਦਾ ਨਿਰਮਾਣ ਕਰਵਾਇਆ।

20ਵੀਂ ਸਦੀ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਨੇ ਵਿਦਿਆ ਦੀਆਂ ਉੱਚ ਡਿਗਰੀਆਂ ਨਾਲ ਲੈਸ ਹੋ ਕੇ ਸਿਮ੍ਰਤੀਆਂ, ਸ਼ਰੁਤੀਆਂ ਅਤੇ ਅਖੌਤੀ ਧਰਮ-ਸ਼ਾਸਤਰਾਂ ਦੀ ਪ੍ਰਭੂਸੱਤਾ ਨੂੰ ਵੰਗਾਰਦੇ ਹੋਇਆਂ ਤਥਾਗਤ ਬੁੱਧ ਦੀ ਵਿਚਾਰਧਾਰਾ ਨੂੰ ਭਾਰਤ ਵਿਚ ਪੁਨਰ ਸੁਰਜੀਤ ਕਰਨ ਦਾ ਕ੍ਰਾਂਤੀਕਾਰੀ ਤੇ ਇਤਿਹਾਸਕ ਯਤਨ ਕੀਤਾ। ਬੁੱਧੀਮਤਾ, ਤਰਕ-ਭਰਪੂਰ, ਵਿਵੇਕਸ਼ੀਲਤਾ ਦੇ ਆਧਾਰ ਤੇ ਭਾਰਤੀ ਸੰਵਿਧਾਨ ਦੀ ਸਿਰਜਣਾ ਦੁਆਰਾ ਕਾਨੂੰਨ ਦੀ ਸ਼ਕਤੀ ਨਾਲ ਛੂਆ-ਛੂਤ ਨੂੰ ਅਪਰਾਧ ਕਰਾਰ ਦੁਆ ਕੇ ਅਤੇ ਸਾਰੇ ਭਾਰਤੀਆਂ ਨੂੰ ਤਰੱਕੀ ਦੇ ਸਮਾਨ ਅਵਸਰ ਪ੍ਰਦਾਨ ਕਰਵਾ ਕੇ ਉਹ ਭਾਰਤ ਨੂੰ ਬੁੱਧਮਈ ਦੇਸ਼ ਬਣਾਉਣ ਦਾ ਸੁਪਨਾ ਲੈਂਦੇ ਹੋਏ 14 ਅਕਤੂਬਰ 1956 ਨੂੰ ਹਿੰਦੂ ਧਰਮ ਤਿਆਗ ਕੇ ਬੁੱਧ ਧੱਮ ਵਿਚ ਦੀਕਸ਼ਤ ਹੋਏ।

ਡਾ. ਅੰਬੇਡਕਰ ਵੱਲੋਂ ਬੁੱਧ ਧਰਮ ਅਪਣਾਉਣ ਦਾ ਮੂਲ ਉਦੇਸ਼ ਇਹ ਸੀ ਕਿ ਸਦੀਆਂ ਤੋਂ ਪਿਛਾੜੇ, ਦੁਰਕਾਰੇ ਤੇ ਲਤਾੜੇ 'ਅਛੂਤਾਂ' ਵਿਚ ਸਵੈਮਾਣ, ਸਵੈ-ਭਰੋਸਾ, ਤਰਕਸ਼ੀਲਤਾ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਏਕਤਾ ਵਾਲੇ ਗੁਣ ਪੈਦਾ ਕਰਕੇ, ਇਨ੍ਹਾਂ ਨੂੰ ਰੂੜ੍ਹੀਵਾਦੀਆਂ ਨਾਲ ਟੱਕਰ ਲੈਣ ਲਈ ਇਕ ਮੰਚ ਤੇ ਲਿਆਂਦਾ ਜਾਵੇ, ਤਾਂ ਕਿ ਏਕਤਾ ਦੀ ਲੜੀ ਵਿਚ ਪ੍ਰੋ ਹੋ ਕੇ ਇਹ ਰਾਜਨੀਤਿਕ ਸੱਤਾ ਪ੍ਰਾਪਤ ਕਰ ਸਕਣ ਜਿਸ ਅੰਧ-ਵਿਸ਼ਵਾਸੀ, ਰੂੜ੍ਹੀਵਾਦੀ ਅਤੇ ਬ੍ਰਾਹਮਣਵਾਦੀ ਫਲਸਫੇ ਨੇ ਅਖੌਤੀ ਸ਼ੂਦਰਾਂ ਅਤੇ ਅਛੂਤਾਂ ਨੂੰ ਸਦੀਆਂ ਤੋਂ ਗੁਲਾਮ ਬਣਾਈ ਰੱਖਿਆ ਹੈ, ਡਾ. ਅੰਬੇਡਕਰ ਸਾਹਿਬ ਉਸਦਾ ਤਿਆਗ ਕਰਵਾ ਕੇ ਇਨ੍ਹਾਂ ਅੰਦਰ ਇਕ ਨਵੀਂ ਸੋਚ, ਨਵੀਂ ਰੌਸ਼ਨੀ ਅਤੇ ਨਵੇਂ ਆਦਰਸ਼ ਸਥਾਪਤ ਕਰਨਾ ਚਾਹੁੰਦੇ ਸਨ। ਪ੍ਰੰਤੂ ਦੁੱਖ ਇਸ ਗੱਲ ਦਾ ਹੈ ਕਿ ਕਈ 'ਬੇਸਮਝ' ਰੂੜ੍ਹੀਵਾਦੀ ਬਾਬਾ ਸਾਹਿਬ ਦੇ ਵਿਰੋਧ ਵਿਚ ਖੜ੍ਹ ਗਏ ਅਤੇ ਇਹ ਵਿਰੋਧ ਅੱਜ ਵੀ ਜਾਰੀ ਹੈ। ਸਮਾਜ ਨੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ।

ਬਾਬਾ ਸਾਹਿਬ ਨੇ ਹਰ ਉਸ ਸਿਧਾਂਤ ਨੂੰ ਰੱਦ ਕੀਤਾ ਹੈ, ਜਿਹੜਾ ਤਰਕ ਦੀ ਕਸੌਟੀ ਤੇ ਪੂਰਾ ਨਹੀਂ ਉਤਰਦਾ ਅਤੇ ਜੋ ਨੈਤਿਕਤਾ ਦਾ ਵਿਰੋਧੀ ਹੈ। ਉਨ੍ਹਾਂ ਦਾ ਕਥਨ ਸੀ ਕਿ ਇਕ ਮਹਾਨ ਸਮਾਜਿਕ ਕ੍ਰਾਂਤੀ ਅਛੂਤਾਂ ਦਾ ਨਿਸ਼ਾਨਾ ਹੈ। ਇਹ ਕ੍ਰਾਂਤੀ ਮਨੁੱਖ ਦੁਆਰਾ ਸਿਰਜੇ ਜਾਤੀ ਬੰਧਨਾਂ ਨੂੰ ਤੋੜ ਕੇ ਸਭ ਨੂੰ ਤਰੱਕੀ ਦੇ ਬਰਾਬਰ ਅਵਸਰ ਪ੍ਰਦਾਨ ਕਰਨ ਲਈ ਹੈ। ਉਨ੍ਹਾਂ ਨੇ ਸਪਸ਼ਟ ਕਿਹਾ ਕਿ ਅਸੀਂ ਕਾਲੇ ਸਮਿਆਂ ਦੌਰਾਨ ਰਚੇ ਸ਼ਾਸਤਰਾਂ, ਸਿਮ੍ਰਤੀਆਂ ਦੇ ਹੁਕਮ ਅਤੇ ਬੰਧਨ ਮੰਨਣ ਤੋਂ ਇਨਕਾਰ ਕਰਦੇ ਹੋਏ ਨਿਆਂ ਅਤੇ ਇਨਸਾਨੀ ਰੁਤਬਾ ਚਾਹੁੰਦੇ ਹਾਂ। (ਵਾਲਿਊਮ 1, ਪੰਨਾ 16-17)। ਤਿੰਨ ਅਕਤੂਬਰ 1954 ਨੂੰ ਆਲ ਇੰਡੀਆ ਰੇਡੀਓ ਤੋਂ ਪ੍ਰਸਾਰਿਤ ਵਾਰਤਾ 'ਮੇਰਾ ਜੀਵਨ ਫਲਸਫਾ' ਵਿਚ ਉਨ੍ਹਾਂ ਨੇ ਕਿਹਾ ਕਿ 'ਮੇਰੀ ਸਮਾਜਿਕ ਫਿਲਾਸਫੀ ਤਿੰਨ ਸ਼ਬਦਾਂ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਵਿਚ ਨਿਹਿਤ ਕਹੀ ਜਾ ਸਕਦੀ ਹੈ, ਪਰ ਕੋਈ ਇਹ ਨਾ ਸਮਝੇ ਕਿ ਮੈਂ ਇਹ ਫਸਲਫਾ, ਫਰਾਂਸ ਦੀ ਕ੍ਰਾਂਤੀ ਤੋਂ ਉਧਾਰ ਲਿਆ ਹੈ। ਬਿਲਕੁਲ ਨਹੀਂ। ਮੇਰੇ ਦਰਸ਼ਨ ਦੀਆਂ ਜੜ੍ਹਾਂ ਬੁੱਧ ਧੰਮ ਵਿਚ ਹਨ ਨਾ ਕਿ ਰਾਜਨੀਤੀ ਵਿਗਿਆਨ ਵਿਚ। ਮੈਂ ਇਹ ਫਲਸਫਾ ਆਪਣੇ ਗੁਰੂ ਬੁੱਧ ਦੀਆਂ ਸਿੱਖਿਆਵਾਂ ਵਿਚੋਂ ਪ੍ਰਾਪਤ ਕੀਤਾ ਹੈ।' ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸੰਕਲਿਤ ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਸਮਾਜਿਕ ਇਨਸਾਫ ਦੀ ਭਾਵਨਾ ਮੁਕੰਮਲ ਤੌਰ 'ਤੇ ਬੁੱਧ ਧੰਮ ਦੀ ਸਿੱਖਿਆ 'ਤੇ ਆਧਾਰਿਤ ਹੈ।

# ਬੁੱਧ ਧੱਮ - ਇਕ ਸਭਿਆਚਾਰਕ ਕ੍ਰਾਂਤੀ

ਡਾ. ਅੰਬੇਡਕਰ ਦੁਨੀਆਂ ਦੇ ਕੁਝ ਇਕ ਮਹਾਨ ਚਿੰਤਕਾਂ ਵਿਚ ਵਿਸ਼ੇਸ਼ ਸਥਾਨ ਗ੍ਰਹਿਣ ਕਰਨ ਵਾਲੇ ਮਹਾਨ ਵਿਚਾਰਵਾਨ ਸਨ। ਉਨ੍ਹਾਂ ਦਾ ਦੁਖਾਂਤ ਇਹ ਰਿਹਾ ਕਿ ਉਹ ਭਾਰਤ ਦੇ ਅਜਿਹੇ ਵਰਗ ਵਿਚ ਪੈਦਾ ਹੋਏ, ਜਿਸ ਨੂੰ ਇਸ ਦੇਸ਼ ਵਿਚ ਸਦੀਆਂ ਪਹਿਲਾਂ ਆਏ ਯੂਰੇਸ਼ਿਆਈ ਬ੍ਰਾਹਮਣਾਂ ਨੇ ਅਤੀ ਸ਼ੂਦਰ, ਅਛੂਤ ਅਤੇ ਭ੍ਰਿਸ਼ਟਿਆ ਹੋਇਆ ਐਲਾਨਿਆ ਹੋਇਆ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਅਤੇ ਵਿਚਾਰਧਾਰਾ ਦੇ ਅਧਿਐਨ ਵੱਲ ਵਿਸ਼ੇਸ਼ ਤਵੱਜੋਂ ਨਹੀਂ ਦਿੱਤੀ ਗਈ। ਪਰ ਅਜੋਕੇ ਯੁੱਗ ਵਿਚ ਜਿਵੇਂ-ਜਿਵੇਂ ਉਨ੍ਹਾਂ ਦੇ ਫਲਸਫੇ ਦਾ ਵਿਸ਼ਲੇਸ਼ਣ ਹੋ ਰਿਹਾ ਹੈ, ਤਿਵੇਂ-ਤਿਵੇਂ ਅੱਜ ਸਮੁੱਚੇ ਵਿਸ਼ਵ ਦੇ ਬੁੱਧੀਜੀਵੀ ਉਨ੍ਹਾਂ ਦੇ ਵਿਸ਼ਾਲ ਅਧਿਐਨ, ਚਿੰਤਨ ਅਤੇ ਹੋਰ ਮਾਨਵੀ ਸਮੱਸਿਆਵਾਂ ਪ੍ਰਤੀ ਉਨ੍ਹਾਂ ਦੀ ਗਹਿਰੀ ਤੀਖਣ ਅਤੇ ਸੂਖਮ ਸੋਚ ਅਤੇ ਸਮਾਧਾਨ ਦੇ ਕਾਇਲ ਹੋ ਰਹੇ ਹਨ।

ਬਾਲਪਣ ਤੋਂ ਹੀ ਉਨ੍ਹਾਂ ਨੂੰ ਬੇਪਨਾਹ ਅਪਮਾਨ ਦਾ ਸਾਹਮਣਾ ਕਰਨਾ ਪਿਆ। ਪਰ ਆਪਣੀ ਸਖਤ ਮਿਹਨਤ, ਲਗਨ, ਸਵੈ-ਵਿਸ਼ਵਾਸ, ਮਜ਼ਬੂਤ ਅਤੇ ਦ੍ਰਿੜ ਇੱਛਾ-ਸ਼ਕਤੀ ਅਤੇ ਇਰਾਦੇ ਅਧੀਨ ਉਨ੍ਹਾਂ ਨੇ ਵਿਸ਼ਵ ਪ੍ਰਸਿੱਧ ਸਮਾਜ ਤੇ ਸਿੱਖਿਆ-ਸ਼ਾਸਤਰੀ, ਆਰਥਿਕ ਮਾਹਿਰ, ਕਾਨੂੰਨਦਾਨ, ਲੇਖਕ, ਪ੍ਰੋਫੈਸਰ, ਵਕੀਲ, ਅਸਮਾਨਤਾ ਖਤਮ ਕਰਨ ਵਾਲੇ ਯੋਧੇ ਅਤੇ ਇਸਤਰੀ ਤੇ ਅਛੂਤ ਵਰਗ ਦੇ ਮੁਕਤੀਦਾਤਾ ਵਜੋਂ ਆਪਣੀ ਵੱਖਰੀ ਤੇ ਵਿਸ਼ੇਸ਼ ਪਹਿਚਾਣ ਬਣਾਈ।

ਭਾਰਤ ਦੀ ਸਮਾਜਿਕ ਬਣਤਰ ਦੇ ਗਹਿਰੇ ਅਧਿਐਨ ਉਪਰੰਤ ਉਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਭਾਰਤ ਦੇ ਕਰੋੜਾਂ ਪੀੜਤ ਤੇ ਸ਼ੋਸ਼ਿਤ ਅਛੂਤ ਹਿੰਦੂ ਨਹੀਂ ਹਨ, ਬ੍ਰਾਹਮਣਵਾਦ ਨੇ ਜ਼ਬਰਦਸਤੀ ਇਹ ਵਿਚਾਰਧਾਰਾ ਇਨ੍ਹਾਂ ਉਪਰ ਠੋਸੀ ਹੋਈ ਹੈ। ਸਦੀਆਂ ਤੋਂ ਪੀੜਾ ਭੋਗ ਰਿਹਾ ਇਹ ਬਹਿਸ਼ਕ੍ਰਿਤ ਸਮਾਜ ਆਪਣੇ ਮੂਲ ਨੂੰ ਭੁੱਲ ਕੇ ਮਨੂੰਵਾਦ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਬਰਤਾਨਵੀ ਰਾਜ ਅਧੀਨ ਆਪਣੀ ਨਫਰੀ ਵਧਾਉਣ ਲਈ ਹਿੰਦੂਆਂ ਵੱਲੋਂ ਅਛੂਤਾਂ ਨੂੰ ਆਪਣਾ ਅੰਗ ਦਰਸਾ ਕੇ ਸਰਕਾਰੇ, ਦਰਬਾਰੇ ਸ਼ਕਤੀ ਪ੍ਰਾਪਤ ਕਰਨ ਦਾ ਢੌਂਗ ਰਚਿਆ ਗਿਆ ਹੈ। ਆਪ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਮ੍ਰਿਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਸ਼ੂਦਰਾਂ ਤੇ ਲਾਈਆਂ ਗਈਆਂ ਪਾਬੰਦੀਆਂ ਅਤੇ ਨਿਸ਼ੇਧ ਕਾਰਜਾਂ ਅਧੀਨ ਅਛੂਤ ਕਦੇ ਵੀ ਹਿੰਦੂ ਵਜੋਂ ਮਾਨਵੀ ਹੱਕ ਪ੍ਰਾਪਤ ਨਹੀਂ ਕਰ ਸਕਦੇ। ਮਹਾਰਾਸ਼ਟਰ ਸਰਕਾਰ ਵੱਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਕਾਰਜਾਂ ਸਬੰਧੀ ਪ੍ਰਕਾਸ਼ਿਤ ਲਗਭਗ ਦੋ ਦਰਜਨ ਜਿਲਦਾਂ ਵਿਚ ਉਨ੍ਹਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿਚੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ।

ਬਾਬਾ ਸਾਹਿਬ ਅਛੂਤਾਂ ਅੰਦਰ ਸਭਿਆਚਾਰਕ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ। ਜਿਸ ਬ੍ਰਾਹਮਣਵਾਦੀ, ਰੂੜ੍ਹੀਵਾਦੀ ਚਿੰਤਨ ਨੇ ਸਦੀਆਂ ਤੋਂ ਅਛੂਤਾਂ ਨੂੰ ਗੁਲਾਮ ਬਣਾਈ ਰੱਖਿਆ ਸੀ, ਉਸਦਾ ਤਿਆਗ ਕਰਵਾ ਕੇ ਆਪ ਨਵੀਂ ਸੋਚ, ਨਵੀਂ ਰੌਸ਼ਨੀ ਅਤੇ ਨਵੇਂ ਆਦਰਸ਼ ਸਥਾਪਤ ਕਰਨਾ ਚਾਹੁੰਦੇ ਸਨ। ਡਾ. ਅੰਬੇਡਕਰ ਨੇ ਸਪਸ਼ਟ ਕਿਹਾ ਕਿ ਮੇਰਾ ਇਕ ਮਿਸ਼ਨ ਹੈ, ਇਹ ਮਿਸ਼ਨ ਹੈ ਲੋਕਾਂ ਤੋਂ ਪੁਰਾਣਾ ਰੂੜ੍ਹੀਵਾਦੀ ਦਰਸ਼ਨ ਛੁਡਾ ਕੇ ਉਨ੍ਹਾਂ ਨੂੰ ਬੁੱਧੀਵਾਦ ਤੇ ਨੈਤਿਕਤਾ ਦੇ ਮਾਰਗ ਤੇ ਚਲਾਉਣਾ। ਹਿੰਦੂ ਜਿਸ ਨੂੰ ਧਰਮ ਕਹਿੰਦੇ ਹਨ, ਉਹ ਹੁਕਮਨਾਮਿਆਂ ਅਤੇ ਪਾਬੰਦੀਆਂ ਦੀ ਵੰਡ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਇਸ ਤਰ੍ਹਾਂ ਅੰਬੇਡਕਰਵਾਦ ਇਕ ਅਗਾਂਹਵਧੂ ਜੀਵਨ ਮਾਰਗ ਹੈ, ਇਸਦਾ ਫਿਰਕੂ ਤੇ ਪਿਛਾਂਹ ਖਿੱਚੂ ਤਾਕਤਾਂ ਨਾਲ ਟਕਰਾਅ ਹੈ। ਬਾਬਾ ਸਾਹਿਬ ਦਾ ਕਥਨ ਸੀ ਕਿ ਮੈਂ ਹਰ ਉਸ ਸਿਧਾਂਤ ਨੂੰ ਰੱਦ ਕਰਦਾ ਹਾਂ ਜਿਹੜਾ ਤਰਕ ਦੀ ਕਸੌਟੀ ਤੇ ਪੂਰਾ ਨਾ ਉਤਰੇ ਅਤੇ ਜੋ ਨੈਤਿਕਤਾ ਦਾ ਵਿਰੋਧੀ ਹੋਵੇ।

13 ਅਕਤੂਬਰ, 1935 ਨੂੰ ਯਿਓਲਾ, ਜ਼ਿਲ੍ਹਾ ਨਾਸਿਕ (ਮਹਾਰਾਸ਼ਟਰ) ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋਏ ਦੱਬੀਆਂ, ਦਰੜੀਆਂ ਜਾਤਾਂ ਦੇ ਜਨ-ਪ੍ਰਤੀਨਿਧੀਆਂ ਦੀ ਵਿਸ਼ਾਲ ਕਾਨਫਰੰਸ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਨੇ ਐਲਾਨ ਕੀਤਾ ਕਿ ਬਦਕਿਸਮਤੀ ਨਾਲ ਉਹ ਹਿੰਦੂ ਪੈਦਾ ਹੋਏ ਹਨ, ਪਰ ਉਹ ਇਕ ਹਿੰਦੂ ਵਜੋਂ ਮਰਨਗੇ ਨਹੀਂ। ਉਨ੍ਹਾਂ ਸਪਸ਼ਟ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਦਾ ਤਿਆਗ ਕਰਨਗੇ।

ਡਾ. ਅੰਬੇਡਕਰ ਸਾਹਿਬ ਦੇ ਇਸ ਐਲਾਨ ਉਪਰੰਤ ਭਾਰਤ ਵਿਚ ਵਿਚਰਦੇ ਵਿਭਿੰਨ ਧਰਮ-ਅਚਾਰੀਆਂ ਨੇ ਉਨ੍ਹਾਂ ਨਾਲ ਸੰਪਰਕ ਸਾਧ ਕੇ ਆਪਣੇ-ਆਪਣੇ ਧਰਮ ਦੀ ਵਿਸ਼ੇਸ਼ਤਾ ਅਤੇ ਅਛੂਤਾਂ ਪ੍ਰਤੀ ਸਮਾਨ ਵਿਵਹਾਰ ਦੀ ਚੇਸ਼ਟਾ ਦਰਸਾਉਂਦਿਆਂ ਅਛੂਤਾਂ ਨੂੰ ਉਨ੍ਹਾਂ ਨੇ ਸਬਜ਼ਬਾਗ ਵੀ ਦਿਖਾਏ ਅਤੇ ਸਹਾਇਤਾ ਲਈ ਕਈ ਪੇਸ਼ਕਸ਼ਾਂ ਵੀ ਕੀਤੀਆਂ। ਇਹ ਧਰਮ-ਅਚਾਰੀਆਂ ਇਸ ਭੁਲੇਖੇ ਵਿਚ ਸਨ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਇਸ ਭੁਲੇਖੇ ਵਿਚ ਸਨ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਇਸ ਐਲਾਨ ਪਿੱਛੇ ਸ਼ਾਇਦ ਉਨ੍ਹਾਂ ਦਾ ਨਿੱਜੀ ਸਵਾਰਥ ਹੈ। ਪਰ ਬਾਬਾ ਸਾਹਿਬ ਦੇ ਸਾਹਮਣੇ ਤਾਂ ਹਜ਼ਾਰਾਂ ਸਾਲਾਂ ਤੋਂ ਪੀੜਾ ਭੋਗ ਰਹੇ ਅਛੂਤਾਂ ਦੇ ਭਵਿੱਖ ਦਾ ਸੁਆਲ ਸੀ। ਉਹ ਇਕ ਅਤੀ ਹੰਢੇ ਵਰਤੇ ਚਿੰਤਕ ਸਨ। ਇਸ ਲਈ ਉਹ ਧਰਮ ਬਦਲੀ ਦੇ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਿਸੇ ਜਲਦਬਾਜ਼ੀ ਵਿਚ ਨਹੀਂ ਸਨ। ਕਰੋੜਾਂ ਅਛੂਤਾਂ ਦੇ ਭਵਿੱਖ ਦਾ ਨਿਰਣੇ ਕਰਨ ਲਈ ਉਹ ਸਾਰੇ ਧਰਮਾਂ ਦੇ ਅਮਲੀ ਜੀਵਨ ਅਥਵਾ ਕਥਨੀ ਤੇ ਕਰਨੀ ਅਤੇ ਸਿਧਾਂਤਾਂ ਦਾ ਹੋਰ ਗਹਿਰਾ ਅਧਿਐਨ ਕਰਨਾ ਚਾਹੁੰਦੇ ਸਨ।

ਧਰਮ ਸਬੰਧੀ ਡਾ. ਅੰਬੇਡਕਰ ਸਾਹਿਬ ਦੇ ਵਿਚਾਰ ਵਾਚਣਯੋਗ ਹਨ। ਉਹ ਅਛੂਤਾਂ ਵਿਚ ਸਭਿਆਚਾਰਕ ਇਨਕਲਾਬ ਲਿਆਉਣਾ ਚਾਹੁੰਦੇ ਸਨ। ਉਨ੍ਹਾਂ ਦਾ ਸਪਸ਼ਟ ਮਤ ਸੀ ਕਿ ਇਨ੍ਹਾਂ ਅੰਦਰ ਮਾਨਸਿਕ ਗੁਲਾਮੀ ਕਾਰਨ ਪੈਦਾ ਹੋਈ ਹੀਣ-ਭਾਵਨਾ ਨੂੰ ਕੇਵਲ ਬੁੱਧੀਵਾਦ ਦੁਆਰਾ ਪ੍ਰਾਪਤ ਕੀਤਾ ਸਵੈ-ਮਾਣ, ਸਵੈ-ਭਰੋਸਾ ਅਤੇ ਸਵੈ-ਸ਼ਕਤੀ ਹੀ ਖਤਮ ਕਰ ਸਕਦੇ ਹਨ। 1951 ਵਿਚ ਆਪਣੇ ਇਕ ਲੇਖ 'ਬੁੱਧ ਅਤੇ ਉਨ੍ਹਾਂ ਦੇ ਧੰਮ ਦਾ ਭਵਿੱਖ' ਵਿਚ ਆਪ ਨੇ ਲਿਖਿਆ:-

''ਸਮਾਜ ਨੂੰ ਇੱਕਮੁਠ ਰੱਖਣ ਲਈ ਕਾਨੂੰਨ ਜਾਂ ਸਦਾਚਾਰ ਦੀ ਲੋੜ ਹੈ, ਇਸ ਤੋਂ ਬਗੈਰ ਇਹ ਖੇਰੂੰ-ਖੇਰੂੰ ਹੋ ਜਾਵੇਗਾ। ਧਰਮ ਨੇ ਜੇਕਰ ਕਾਰਜ ਕਰਨਾ ਹੈ ਤਾਂ ਇਸ ਨੂੰ ਤਰਕਸ਼ੀਲ ਹੋਣਾ ਚਾਹੀਦਾ ਹੈ ਜੋ ਵਿਗਿਆਨ ਦਾ ਦੂਜਾ ਨਾਂ ਹੈ। ਧਰਮ ਲਈ ਇਹੋ ਕਾਫੀ ਨਹੀਂ ਕਿ ਉਸਦਾ ਨੈਤਿਕ ਜ਼ਾਬਤਾ ਹੋਵੇ, ਸਗੋਂ ਉਸਦਾ ਨੈਤਿਕ ਜ਼ਾਬਤਾ, ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਬੁਨਿਆਦੀ ਅਸੂਲਾਂ ਨੂੰ ਮਾਨਤਾ ਦੇਵੇ। ਧਰਮ ਨਾ ਤਾਂ ਗਰੀਬੀ ਨੂੰ ਵਡਿਆਵੇ ਅਤੇ ਨਾ ਉਸ ਨੂੰ ਠੀਕ ਦਰਸਾਵੇ।''

ਬਾਬਾ ਸਾਹਿਬ ਦੀ ਇਹ ਸਪਸ਼ਟ ਧਾਰਨਾ ਸੀ ਕਿ ਸਦੀਆਂ ਤੋਂ ਰੂੜ੍ਹੀਵਾਦੀ ਵਿਚਾਰਧਾਰਾ ਨੂੰ ਅਪਣਾਈ ਰੱਖਣਾ ਵੀ ਅਛੂਤਾਂ ਦੇ ਵਿਕਾਸ ਵਿਚ ਬਹੁਤ ਵੱਡੀ ਰੁਕਾਵਟ ਹੈ। ਮਈ, 1956 ਵਿਚ ਬੀ. ਬੀ. ਸੀ. ਲੰਡਨ ਤੋਂ ਪ੍ਰਸਾਰਿਤ ਹੋਈ ਆਪਣੀ ਇਕ ਵਾਰਤਾ ''ਮੈਂ ਬੁੱਧ ਧਰਮ ਨੂੰ ਕਿਉਂ ਪਸੰਦ ਕਰਦਾ ਹਾਂ ਅਤੇ ਵਰਤਮਾਨ ਹਾਲਾਤ ਵਿਚ ਇਹ ਸੰਸਾਰ ਵਾਸਤੇ ਕਿਉਂ ਕਲਿਆਣਕਾਰੀ ਹੈ'' ਵਿਚ ਬਾਬਾ ਸਾਹਿਬ ਨੇ ਕਿਹਾ : ਮੈਨੂੰ ਬੁੱਧ ਧਰਮ, ਉਸਦੇ ਤਿੰਨ ਸਿਧਾਂਤਾਂ-ਪ੍ਰਗਿਆ (ਵਹਿਮ ਪ੍ਰਸਤੀ ਦੀ ਬਜਾਏ ਸੂਝ ਸਮਝ), ਕਰੁਣਾ ਅਤੇ ਸਮਤਾ-ਕਾਰਣ ਅਧਿਕ ਪ੍ਰਿਯ ਹੈ। ਈਸ਼ਵਰ ਜਾਂ ਆਤਮਾ ਸਮਾਜ ਨੂੰ ਇਸਦੇ ਪਤਨ ਤੋਂ ਨਹੀਂ ਬਚਾ ਸਕਦੇ। ਬੁੱਧ ਧਰਮ ਹੀ ਵਿਅਕਤੀ ਅਤੇ ਸਮਾਜ ਨੂੰ ਗਿਰਾਵਟ ਤੋਂ ਬਚਾਅ ਸਕਦਾ ਹੈ। ਬੁੱਧ ਦੀ ਸਿੱਖਿਆ ਰਕਤ-ਰਹਿਤ ਕ੍ਰਾਂਤੀ ਦੁਆਰਾ ਸਾਮਵਾਦ ਲਿਆ ਸਕਦੀ ਹੈ।



**ਡਾ. ਜੀ. ਸੀ. ਕੌਲ**
ਐਮ. ਏ., ਪੀ. ਐਚ. ਡੀ.
91-94632-23223

ਧਰਮ ਦਾ ਉਦੇਸ਼, ਪ੍ਰਯੋਜਨ ਅਤੇ ਮਨੁੱਖੀ ਜੀਵਨ ਵਿਚ ਇਸ ਦੀ ਅਹਿਮੀਅਤ ਬਾਰੇ ਡਾ. ਅੰਬੇਡਕਰ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਨਿਸ਼ਚੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਬੁੱਧ ਧਰਮ ਤੋਂ ਇਲਾਵਾ ਕੋਈ ਹੋਰ ਧਰਮ ਕਿਉਂ ਨਹੀਂ ਅਪਣਾਇਆ। ਇਸ ਸੰਦਰਭ ਵਿਚ ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸ਼ਣ ਬਾਖੂਬੀ ਸਾਡਾ ਮਾਰਗ-ਦਰਸ਼ਨ ਕਰਦੇ ਹਨ:

* ਧਰਮ ਦਾ ਸਬੰਧ ਜੀਵਨ ਦੀਆਂ ਸਚਾਈਆਂ ਨਾਲ ਹੋਣਾ ਚਾਹੀਦਾ ਹੈ, ਰੱਬ, ਰੂਹ, ਸਵਰਗ ਜਾਂ ਧਰਮ ਬਾਰੇ ਸਿਧਾਂਤਾਂ ਜਾਂ ਅਨੁਮਾਨਾਂ ਨਾਲ ਨਹੀਂ ਹੋਣਾ ਚਾਹੀਦਾ।
* ਰੱਬ, ਰੂਹ ਨੂੰ ਕੇਂਦਰੀ ਬਿੰਦੂ ਮੰਨਣਾ ਗਲਤ ਹੈ।
* ਅਸਲ ਧਰਮ ਮਨੁੱਖ ਦੇ ਮਨ ਵਿਚ ਹੁੰਦਾ ਹੈ, ਧਰਮ ਗ੍ਰੰਥਾਂ ਵਿਚ ਨਹੀਂ।
* ਧਰਮ ਦਾ ਕੰਮ ਦੁਨੀਆਂ ਦੀ ਪੁਨਰ ਉਸਾਰੀ ਕਰਨਾ ਹੈ, ਇਸ ਨੂੰ ਖੁਸ਼ ਰੱਖਣਾ ਹੈ, ਦੁਨੀਆਂ ਦੇ ਜਨਮ ਜਾਂ ਅੰਤ ਦੀ ਵਿਆਖਿਆ ਨਹੀਂ।
(ਡਾ. ਅੰਬੇਡਕਰ, ਰਾਈਟਿੰਗ ਐਂਡ ਸਪੀਚਿਸ, ਵੌਲੀਅਮ 3, ਪੰਨਾ 442)
* ਅਸਲੀ ਧਰਮ, ਧਰਮ ਪੁਸਤਕਾਂ, ਧਰਮ ਗ੍ਰੰਥਾਂ ਦੇ ਪਾਠ ਵਿਚ ਨਹੀਂ, ਬਲਕਿ ਧਾਰਮਿਕ ਜੀਵਨ ਜਿਊਣ ਵਿਚ ਹੈ।
(ਉਹੀ, ਵੌਲੀਅਮ 11, ਪੰਨਾ 105)
* ਪਿਛਲੇ ਜਨਮਾਂ ਦਾ ਸਿਧਾਂਤ ਨਿਰੋਲ ਬ੍ਰਾਹਮਣਵਾਦੀ ਸਿਧਾਂਤ ਹੈ। ਪਿਛਲੇ ਜਨਮਾਂ ਦਾ ਵਰਤਮਾਨ ਉਤੇ ਪ੍ਰਭਾਵ ਪੂਰੀ ਤਰ੍ਹਾਂ, ਆਤਮਾ ਦੇ ਬ੍ਰਾਹਮਣਵਾਦੀ ਸਿਧਾਂਤ ਨਾਲ ਮੇਲ ਖਾਂਦਾ ਹੈ ਕਿ ਕਰਮਾਂ ਦਾ ਆਤਮਾ ਤੇ ਅਸਰ ਹੁੰਦਾ ਹੈ।
(ਉਹੀ, ਵੌਲੀਅਮ 11, ਪੰਨਾ 343)

ਧਰਮ ਸਬੰਧੀ ਡਾ. ਅੰਬੇਡਕਰ ਨੇ ਉਪਰੋਕਤ ਕੁਝ ਮਹੱਤਵਪੂਰਨ ਪੈਮਾਨੇ ਨਿਸ਼ਚਿਤ ਕੀਤੇ ਹਨ। ਜਿਹੜੇ ਵਿਦਵਾਨ ਜਾਂ ਸਿਆਸਤਦਾਨ ਉਨ੍ਹਾਂ ਦੇ ਧਰਮ ਪਰਿਵਰਤਨ ਅੰਦੋਲਨ ਨੂੰ ਕਿਸੇ ਵਿਸ਼ੇਸ਼ ਧਰਮ ਨੂੰ ਨਾ ਅਪਣਾਉਣ ਦੀ ਵਿਚਾਰ ਚਰਚਾ ਕਰਦਿਆਂ ਆਰੋਪ-ਪ੍ਰਤੀ ਆਰੋਪ ਵਿਚ ਪੈਂਦੇ ਹਨ, ਮੇਰਾ ਵਿਚਾਰ ਹੈ ਕਿ ਉਨ੍ਹਾਂ ਨੂੰ ਇਸ ਸਬੰਧੀ ਬਾਬਾ ਸਾਹਿਬ ਦੀ ਵਿਚਾਰਧਾਰਾ ਦਾ ਪੁਨਰ ਮੁਲਆਂਕਣ ਕਰਨਾ ਚਾਹੀਦਾ ਹੈ।

ਡਾ. ਅੰਬੇਡਕਰ ਦੀ ਪਾਰਖੂ ਦ੍ਰਿਸ਼ਟੀ ਅਤੇ ਉਨ੍ਹਾਂ ਵੱਲੋਂ ਧਰਮ ਸਬੰਧੀ ਨਿਸ਼ਚਿਤ ਪੈਮਾਨਿਆਂ ਦੀ ਕਸੌਟੀ ਤੇ ਬੁੱਧ ਧੰਮ ਹੀ ਪੂਰਾ ਉਤਰਦਾ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਕਿਸੇ ਹੋਰ ਧਰਮ ਨੂੰ ਨਹੀਂ ਅਪਣਾਇਆ। ਇਸ ਸੰਦਰਭ ਵਿਚ ਉਨ੍ਹਾਂ ਦੇ ਨਿਮਨ-ਲਿਖਤ ਕਥਨ ਵਾਚਣਯੋਗ ਹਨ:

* ਧਰਮ ਦਾ ਉਦੇਸ਼ ਦੁਨੀਆਂ ਦੇ ਮੂਲ ਜਾਂ ਮੁੱਢ ਬਾਰੇ ਦੱਸਣਾ ਹੈ ਜਦਕਿ ਧੰਮ (ਬੁੱਧ ਧਰਮ ਲਈ ਬਾਬਾ ਸਾਹਿਬ ਨੇ ਬੁੱਧ ਧੰਮ ਸ਼ਬਦ ਦੀ ਵਰਤੋਂ ਕੀਤੀ ਹੈ) ਦਾ ਉਦੇਸ਼ ਦੁਨੀਆਂ ਦੀ ਪੁਨਰ ਉਸਾਰੀ ਅਥਵਾ ਪੁਨਰ ਨਿਰਮਾਣ ਕਰਨਾ ਹੈ।
(ਡਾ. ਅੰਬੇਡਕਰ, ਰਾਈਟਿੰਗ ਐਂਡ ਸਪੀਚਿਸ, ਵੌਲੀਅਮ 11, ਪੰਨਾ 322)
ਧੰਮ ਵਿਚ ਈਸ਼ਵਰ ਲਈ ਕੋਈ ਸਥਾਨ ਨਹੀਂ, ਤਾਂ ਵੀ ਧੰਮ ਵਿਚ ਨੈਤਿਕਤਾ ਦਾ ਉਹੀ ਸਥਾਨ ਹੈ ਜੋ ਮਜ਼ਹਬ ਜਾਂ ਧਰਮ ਵਿਚ ਈਸ਼ਵਰ ਦਾ।
(ਉਹੀ, ਪੰਨਾ 322)
* ਬੁੱਧ ਦੇ ਧੰਮ ਦੀ ਪਹਿਲੀ ਧਾਰਨਾ ਹੈ ਕਿ ਇਸਦਾ ਰੱਬ ਅਤੇ ਰੂਹ ਨਾਲ ਕੋਈ ਵਾਸਤਾ ਨਹੀਂ ਹੈ। ਦੂਜਾ, ਉਸਦੇ ਧੰਮ ਦਾ ਕਰਮਕਾਂਡਾਂ ਨਾਲ ਕੋਈ ਸਰੋਕਾਰ ਨਹੀਂ।
(ਉਹੀ, ਪੰਨਾ 121)
* ਧੰਮ ਦਾ ਕੇਂਦਰ ਬਿੰਦੂ ਮਨੁੱਖ ਹੈ, ਇਸ ਜੀਵਨ ਵਿਚ ਇਸੇ ਧਰਤੀ ਤੇ ਰਹਿੰਦਿਆਂ ਮਨੁੱਖ ਦਾ ਮਨੁੱਖ ਨਾਲ ਸਬੰਧ ਬੁੱਧ ਧੰਮ ਦਾ ਕੇਂਦਰੀ ਨੁਕਤਾ ਹੈ।
(ਉਹੀ, ਪੰਨਾ 121)
ਬੁੱਧ ਦਾ ਧੰਮ ਇਕ ਖੋਜ ਹੈ। ਇਹ ਪੂਰੀ ਤਰ੍ਹਾਂ ਉਸ ਵਿਚਾਰ ਤੋਂ ਅਲੱਗ ਹੈ ਜਿਸਨੂੰ ਇਲਹਾਮ ਜਾਂ ਪ੍ਰਗਟਾਉ ਕਿਹਾ ਜਾਂਦਾ ਹੈ। (ਉਹੀ, ਪੰਨਾ 217)
* ਬੁੱਧ ਨੇ ਪ੍ਰਾਪਕ੍ਰਿਤਵਾਦ, ਚਮਤਕਾਰ ਅਤੇ ਰਹੱਸਵਾਦੀ (ਗੈਬੀ) ਸ਼ਕਤੀਆਂ ਨੂੰ ਰੱਦ ਕੀਤਾ ਹੈ।
(ਉਹੀ, ਪੰਨਾ 249)
* ਬੁੱਧ ਦਾ ਇਸ ਗੱਲ ਤੇ ਬਿਲਕੁਲ ਵਿਸ਼ਵਾਸ ਨਹੀਂ ਸੀ ਕਿ ਸੰਸਾਰ ਦੀ ਰਚਨਾ ਕੀਤੀ ਗਈ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸੰਸਾਰ ਦਾ ਵਿਕਾਸ ਹੋਇਆ ਹੈ।
(ਉਹੀ, ਪੰਨਾ 271)
* ਮਨੁੱਖ ਦੀ ਦੁਰਦਸ਼ਾ, ਮਨੁੱਖ ਦੁਆਰਾ ਮਨੁੱਖ ਨਾਲ ਬੇਇਨਸਾਫੀ ਦਾ ਸਿੱਟਾ ਹੈ।
(ਉਹੀ, ਪੰਨਾ 284)

ਉਪਰੋਕਤ ਵਿਵੇਚਨ ਦੇ ਆਧਾਰ ਤੇ ਇਹ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਡਾ. ਅੰਬੇਡਕਰ ਦੁਆਰਾ ਬੁੱਧ ਧਰਮ ਅਖਤਿਆਰ ਕਰਨ ਦਾ ਫੈਸਲਾ ਉਹਨਾਂ ਦੇ ਨਿੱਜੀ ਦਰਸ਼ਨ ਅਤੇ ਸਦੀਆਂ ਤੋਂ ਕਰਮ-ਫਲਸਫੇ ਅਧੀਨ ਮਾਨਸਿਕ ਗੁਲਾਮੀ ਭੋਗ ਰਹੇ ਅਛੂਤਾਂ ਦੇ ਕਲਿਆਣ ਹਿੱਤ ਸੀ। ਜਿਹੜਾ ਕਰਮ ਫਲਸਫਾ ਅਛੂਤਾਂ ਵਿਚ ਜਿਉਂਦੇ-ਜੀਅ ਇਸ ਜਨਮ ਵਿਚ ਭੁੱਖ-ਨੰਗ ਤੇ ਗਰੀਬੀ ਦਾ ਸਾਹਮਣਾ ਕਰਨ ਅਤੇ ਮਰਨ ਉਪਰੰਤ ਕਲਪਨਿਕ ਸੁੱਖ-ਸਵਰਗ ਦੀ ਕਾਮਨਾ ਪੈਦਾ ਕਰਦੈ, ਡਾ. ਅੰਬੇਡਕਰ ਉਸ ਵਿਚਾਰਧਾਰਾ ਦੇ ਜ਼ਬਰਦਸਤ ਵਿਰੋਧੀ ਸਨ। ਉਹ ਸਿਮ੍ਰਿਤੀਆਂ, ਸ਼ਰੁਤੀਆਂ ਅਤੇ ਵੈਦਾਂਤਿਕ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਅਛੂਤਾਂ ਵਿਚ ਸਵੈ-ਮਾਣ, ਸਵੈ-ਸ਼ਕਤੀ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਸਿੱਟੇ ਵਜੋਂ ਡਾ. ਅੰਬੇਡਕਰ ਸਾਹਿਬ ਨੇ ਸਮਤਾ, ਸੁਤੰਤਰਤਾ, ਭਾਈਚਾਰਕ ਸਾਂਝ, ਕਰੁਣਾ, ਪ੍ਰਗਿਆ, ਵਿਵੇਕ ਆਧਾਰਿਤ (ਅੰਧ-ਵਿਸ਼ਵਾਸਾਂ ਤੋਂ ਰਹਿਤ), ਤਰਕਸ਼ੀਲ, ਜਨ-ਕਲਿਆਣ ਅਤੇ ਵਿਗਿਆਨਕ ਵਿਚਾਰਧਾਰਾ 'ਤੇ ਆਧਾਰਿਤ ਬੁੱਧ ਧਰਮ ਅਪਣਾਉਣ ਨੂੰ ਤਰਜੀਹ ਦਿੱਤੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਾਰਤੀ ਮੂਲ ਦੇ ਵਿਅਕਤੀ ਵੱਲੋਂ ਪੁਲਿਸ ਅਫਸਰ, ਪੁਲਿਸ ਕਮਿਸ਼ਨਰ ਤੇ ਮੇਅਰ ਸਮੇਤ ਹੋਰਨਾਂ ਵਿਰੁੱਧ ਮੁਕੱਦਮਾ ਦਾਇਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਸੜਕ ਉਪਰ ਮਮੂਲੀ ਤਕਰਾਰ ਤੋਂ ਬਾਅਦ ਨਿਊਯਾਰਕ ਪੁਲਿਸ ਵਿਭਾਗ ਦੇ ਇਕ ਬਿਨਾਂ ਡਿਊਟੀ ਅਫਸਰ ਵੱਲੋਂ ਚਲਾਈ ਗੋਲੀ ਨਾਲ ਅਧਰੰਗ ਦਾ ਸ਼ਿਕਾਰ ਹੋਏ ਭਾਰਤੀ ਮੂਲ ਦੇ ਕਿਸ਼ਨ ਪਟੇਲ ਵੱਲੋਂ ਸਬੰਧਤ ਪੁਲਿਸ ਅਫਸਰ, ਸਿਟੀ ਆਫ ਨਿਊਯਾਰਕ, ਮੇਅਰ ਏਰਿਕ ਐਡਮਜ ਤੇ ਪੁਲਿਸ ਕਮਿਸ਼ਨਰ ਐਡਵਰਡ ਕਾਬਨ ਸਮੇਤ ਹੋਰ ਕਈ ਪ੍ਰਮੁੱਖ ਅਫਸਰਾਂ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਮੁਕੱਦਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਬੰਧਤ ਅਫਸਰ ਦੀ ਮਾਨਸਿਕ ਸਿਹਤ ਤੇ ਉਸ ਦੇ ਵਿਵਹਾਰ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਵਿਚ ਸਬੰਧਤ ਧਿਰਾਂ ਅਸਫਲ ਰਹੀਆਂ ਹਨ ਜਿਸ ਕਾਰਨ ਉਸ ਨਾਲ ਭਿਆਨਕ ਘਟਨਾ ਵਾਪਰੀ ਹੈ। 30 ਸਾਲਾ ਕਿਸ਼ਨ ਪਟੇਲ ਨੂੰ ਇਸ ਸਾਲ 17 ਮਈ ਨੂੰ ਗੋਲੀ ਮਾਰੀ ਗਈ ਸੀ। ਜਾਂਚਕਾਰਾਂ ਅਨੁਸਾਰ ਇਹ ਘਟਨਾ ਤਕਰਾਰ ਤੋਂ ਬਾਅਦ ਵੂਰਹੀਸ ਟਾਊਨਸ਼ਿੱਪ, ਨਿਊਜਰਸੀ ਦੀ ਸੜਕ ਉਪਰ ਵਾਪਰੀ ਸੀ। ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਪਟੇਲ ਜਿਸ ਦੇ ਗੋਲੀ ਵੱਜੀ ਹੋਈ ਸੀ ਦੀ ਕਾਰ ਹੋਰ ਕਈ ਵਾਹਣਾਂ ਨਾਲ ਟਕਰਾਈ ਹੋਈ ਸੀ। ਵੂਰਹੀਸ ਟਾਊਨਸ਼ਿੱਪ ਪੁਲਿਸ ਤੇ ਕੈਮਡਨ ਕਾਊਂਟੀ ਪ੍ਰਾਸੀਕਿਊਟਿਰ ਦੇ ਦਫਤਰ ਵੱਲੋਂ ਕੀਤੀ ਜਾਂਚ ਉਪਰੰਤ ਗੋਲੀ ਚਲਾਉਣ ਵਾਲੇ ਪੁਲਿਸ ਅਫਸਰ ਦੀ ਪਛਾਣ ਹੀਊ ਟਰਾਨ (27) ਵਜੋਂ ਕੀਤੀ ਗਈ ਸੀ। ਜਾਂਚਕਾਰਾਂ ਅਨੁਸਾਰ ਟਰਾਨ ਨੇ ਗੋਲੀਬਾਰੀ ਲਈ ਆਪਣੇ ਵਿਭਾਗ ਦੁਆਰਾ ਜਾਰੀ ਹੱਥਿਆਰ ਦੀ ਵਰਤੋਂ ਕੀਤੀ ਸੀ। ਟਰਾਨ ਘਟਨਾ ਉਪਰੰਤ ਇਕ ਗੈਸ ਸਟੇਸ਼ਨ 'ਤੇ ਗਿਆ ਤੇ ਉਥੋਂ ਗੈਸ ਭਰਾਉਣ ਉਪਰੰਤ ਵਾਪਿਸ ਨਿਊਯਾਰਕ ਆ ਗਿਆ। ਅਗਲੇ ਦਿਨ ਉਹ ਆਪਣੀ ਡਿਊਟੀ 'ਤੇ ਹਾਜਰ ਹੋ ਗਿਆ ਸੀ। ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਟਰਾਨ ਦੀ ਮਾਨਸਿਕ ਸਿਹਤ ਦੀ ਸਮੱਸਿਆ ਹੈ ਤੇ ਉਹ ਸ਼ਰਾਬ ਪੀਣ ਦਾ ਆਦੀ ਹੈ ਤੇ ਇਸ ਸਬੰਧੀ ਨਿਊਯਾਰਕ ਪੁਲਿਸ ਵਿਭਾਗ ਕੋਲ ਦਸਤਾਵੇਜੀ ਰਿਕਾਰਡ ਹੈ। ਦਾਅਵਾ ਕੀਤਾ ਗਿਆ ਹੈ ਕਿ ਇਸ ਦੇ ਬਾਵਜੂਦ ਟਰਾਨ ਨੂੰ ਹਥਿਆਰ ਸਮੇਤ ਸਰਗਰਮ ਡਿਊਟੀ ਉਪਰ ਰਖਿਆ ਗਿਆ ਤੇ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਪਟੇਲ ਪਰਿਵਾਰ ਦੇ ਵਕੀਲਾਂ ਨੇ ਕਿਹਾ ਹੈ ਕਿ ਇਕ ਮਨੋਵਿਗਿਆਨੀ ਦੁਆਰਾ ਟਰਾਨ ਦੀ ਮਾਨਸਿਕ ਸਿਹਤ ਦੀ ਜਾਂਚ ਉਪਰੰਤ ਕੀਤੀਆਂ ਸਿਫਾਰਿਸ਼ਾਂ ਉਪਰ ਨਿਊਯਾਰਕ ਪੁਲਿਸ ਵਿਭਾਗ ਅਮਲ ਕਰਨ ਵਿੱਚ ਨਾਕਾਮ ਰਿਹਾ ਹੈ। ਗੋਲੀਬਾਰੀ ਉਪਰੰਤ ਟਰਾਨ ਨੂੰ ਗ੍ਰਿ-ਫਤਾਰ ਕਰ ਲਿਆ ਗਿਆ ਸੀ ਤੇ ਉਸ ਵਿਰੁੱਧ ਹੱਤਿਆ ਦੀ ਕੋਸ਼ਿਸ਼, ਹਮਲਾ ਕਰਨ ਤੇ ਆਪਣੇ ਕੋਲ ਗੈਰ ਕਾਨੂੰਨੀ ਹੱਥਿਆਰ ਰਖਣ ਦੇ ਦੋਸ਼ ਆਇਦ ਕੀਤੇ ਗਏ ਸਨ। ਟਰਾਨ ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਹੈ। ਮੁਕੱਦਮੇ ਵਿਚ ਪਰਿਵਾਰ ਨੇ ਡਾਕਟਰੀ ਖਰਚ, ਜੀਵਨ ਭਰ ਲਈ ਪਟੇਲ ਦੀ ਦੇਖਭਾਲ ਕਰਨ ਤੇ ਪਰਿਵਾਰ ਨੂੰ ਪੁੱਜੇ ਦੁੱਖ ਤੇ ਹੋਏ ਨੁਕਸਾਨ ਦੀ ਭਰਪਾਈ ਲਈ ਯੋਗ ਮੁਆਵਜ਼ੇ ਦੀ ਮੰਗ ਕੀਤੀ ਹੈ।

# ਮੈਕਸੀਕੋ ਵਿਚ ਮੇਅਰ ਦੀ ਬਹੁਤ ਬੁਰੀ ਤਰਾਂ ਗਲਾ ਵੱਢ ਕੇ ਹੱਤਿਆ, ਇਕ ਹਫਤਾ ਪਹਿਲਾਂ ਹੀ ਸੰਭਾਲਿਆ ਸੀ ਅਹੁੱਦਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਪਰਬੀ ਮੈਕਸੀਕੋ ਦੇ ਚਿਲਪੈਨਕਿੰਗੋ ਸ਼ਹਿਰ ਦੇ ਮੇਅਰ ਅਲੈਗਜੈਂਡਰ ਅਰਕੋਸ ਦੀ ਗਲਾ ਵੱਢ ਕੇ ਬਹੁਤ ਬੁਰੀ ਤਰਾਂ ਹੱਤਿਆ ਕਰ ਦੇਣ ਦੀ ਖਬਰ ਹੈ। ਮੇਅਰ ਨੇ 6 ਦਿਨ ਪਹਿਲਾਂ ਹੀ ਅਹੁੱਦਾ ਸੰਭਾਲਿਆ ਸੀ।

ਪੁਲਿਸ ਅਫਸਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮੇਅਰ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ ਹੈ। ਚਿਲਪੈਨਕਿੰਗੋ ਸ਼ਹਿਰ ਮੈਕਸੀਕੋ ਸ਼ਹਿਰ ਦੇ ਦੱਖਣ ਵਿਚ ਤਕਰੀਬਨ 170 ਮੀਲ ਦੂਰ ਸਥਿੱਤ ਹੈ। ਮੈਕਸੀਕੋ ਦੇ ਪ੍ਰਧਾਨ ਕਲੌਡੀਆ ਸ਼ੀਨਬੌਮ ਨੇ ਕਿਹਾ ਹੈ ਕਿ ਅਰਕੋਸ ਦੀ ਮੌਤ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਗਵਰਨਰ ਆਈਲਿਨ ਸਲਗਾਡੋ ਪਿਨੇਡਾ ਨੇ ਕਿਹਾ ਹੈ ਕਿ ਕਾਤਲਾਂ ਨੂੰ ਛੇਤੀ ਹੀ ਕਟਹਿਰੇ ਵਿਚ ਖੜਾ ਕੀਤਾ ਜਾਵੇਗਾ। ਉਨਾਂ ਕਿਹਾ ਕਿ ਰਾਜ ਦੇ ਅਟਾਰਨੀ ਜਨਰਲ ਪਹਿਲਾਂ ਹੀ ਹੱਤਿਆ ਦੀ ਜਾਂਚ ਸ਼ੁਰੂ ਕਰ ਚੁੱਕੇ ਹਨ। ਉਨਾਂ ਕਿਹਾ ਕਿ ਮੇਅਰ ਦੀ ਹੱਤਿਆ ਨਾਲ ਸਮੁੱਚੇ ਸਮਾਜ ਨੂੰ ਘਾਟਾ ਪਿਆ ਹੈ। ਮੈਕਸੀਕੋ ਦੇ ਸੁਰੱਖਿਆ ਮੰਤਰੀ ਨੇ ਕਿਹਾ ਹੈ ਕਿ ਹੱਤਿਆ ਤੋਂ ਪਹਿਲਾਂ ਮੇਅਰ ਇਕਲਾ ਹੀ ਸ਼ਹਿਰ ਤੋਂ ਬਾਹਰ ਕਿਸੇ ਮੀਟਿੰਗ ਲਈ ਗਿਆ ਸੀ।

# ਕੈਲੀਫੋਰਨੀਆ ਦੇ ਕੈਟਾਲੀਨਾ ਟਾਪੂ ਤੇ ਇਕ ਛੋਟਾ ਜਹਾਜ਼ ਡਿੱਗਾ, ਪਾਇਲਟ ਸਮੇਤ ਸਾਰੇ 5 ਯਾਤਰੀਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਅਮਰੀਕਾ ਵਿਚ ਦੱਖਣੀ ਕੈਲੀਫੋਰਨੀਆ ਦੇ ਕੈਟਾਲੀਨਾ ਟਾਪੂ ਤੋਂ ਉਡਾਣ ਭਰਨ ਉਪਰੰਤ ਇਕ ਛੋਟਾ ਜਹਾਜ਼ ਤਬਾਹ ਹੋ ਕੇ ਜਮੀਨ 'ਤੇ ਡਿੱਗ ਜਾਣ ਦੀ ਖਬਰ ਹੈ ਜਿਸ ਦੇ ਸਿੱਟੇ ਵਜੋਂ ਪਾਇਲਟ ਸਮੇਤ ਜਹਾਜ਼ ਵਿਚ ਸਵਾਰ ਸਾਰੇ 5 ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਦੋ ਇੰਜਣਾਂ ਵਾਲਾ ਟਰਬੋਪ੍ਰਾਪ ਜਹਾਜ਼ ਟਾਪੂ ਦੇ ਨਿੱਜੀ ਹਵਾਈ ਅੱਡੇ ਨੇੜੇ ਸਥਾਨਕ ਸਮੇ ਅਨੁਸਾਰ ਸ਼ਾਮ ਦੇ 8 ਵਜੇ ਦੇ ਆਸ ਪਾਸ ਹਾਦਸਾਗ੍ਰਸਤ ਹੋ ਕੇ ਹੇਠਾਂ ਡਿੱਗ ਗਿਆ। ਜਹਾਜ਼ ਅਗਿਆਤ ਹਾਲਾਤ ਵਿਚ ਹਾਦਸਾਗ੍ਰਸਤ ਹੋਇਆ ਤੇ ਜਾਂਚ ਉਪਰੰਤ ਹੀ ਪਤਾ ਲੱਗੇਗਾ ਕਿ ਕਿਸ ਕਾਰਨ ਜਹਾਜ਼ ਹਾਦਸਾਗ੍ਰਸਤ ਹੋਇਆ। ਕੈਟਾਲੀਨਾ ਟਾਪੂ ਕੈਲੀਫੋਰਨੀਆ ਦੇ ਚੈਨਲ ਟਾਪੂਆਂ ਵਿਚੋਂ ਇਕ ਹੈ ਤੇ ਇਹ ਟਾਪੂ ਲਾਸ ਏਂਜਲਸ ਦੇ ਦੱਖਣ ਪੱਛਮ ਵਿਚ ਤਕਰੀਬਨ 20 ਮੀਲ ਦੂਰ ਸਥਿੱਤ ਹੈ। ਵੈਬਸਾਈਟ ਫਲਾਈਟ ਅਵੇਅਰ ਅਨੁਸਾਰ ਜਹਾਜ਼ ਨੇ ਸਾਂਤਾ ਮੋਨੀਕਾ ਹਵਾਈ ਅੱਡੇ ਤੋਂ ਸ਼ਾਮ 5.57 ਵਜੇ ਉਡਾਣ ਭਰੀ ਸੀ ਤੇ ਕੈਟਾਲੀਨਾ ਹਵਾਈ ਅੱਡੇ 'ਤੇ ਉਤਰਿਆ ਸੀ। ਇਥੋਂ ਉਡਾਣ ਭਰਨ ਉਪਰੰਤ ਤਕਰੀਬਨ ਇਕ ਮੀਲ ਦੂਰ ਜਾ ਕੇ ਤਬਾਹ ਹੋ ਗਿਆ।

ਲਾਸ ਏਂਜਲਸ ਕਾਊਂਟੀ ਦੇ ਅੱਗ ਬੁਝਾਊ ਵਿਭਾਗ ਅਨੁਸਾਰ ਸੂਚਨਾ ਮਿਲਣ 'ਤੇ ਰਾਹਤ ਤੇ ਬਚਾਅ ਟੀਮ 8.30 ਵਜੇ ਦੇ ਆਸ ਪਾਸ ਮੌਕੇ 'ਤੇ ਪੁੱਜੀ। ਮ੍ਰਿਤਕਾਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਘਟਨਾ ਦੀ ਜਾਂਚ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਕਰੇਗਾ।

# ਤੁਰਕਿਸ਼ ਏਅਰਲਾਈਨਜ ਦੇ ਜਹਾਜ਼ ਦੇ ਪਾਇਲਟ ਦੀ ਉਡਾਣ ਦੌਰਾਨ ਹੋਈ ਮੌਤ

## ਜਹਾਜ਼ ਨੂੰ ਸਹਿ ਪਾਇਲਟ ਨੇ ਹੰਗਾਮੀ ਹਾਲਤ ਵਿਚ ਨਿਊਯਾਰਕ ਹਵਾਈ ਅੱਡੇ 'ਤੇ ਉਤਾਰਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਤੁਰਕਿਸ਼ ਏਅਰਲਾਈਨਜ਼ ਦੇ ਜਹਾਜ਼ ਦੇ ਪਾਇਲਟ ਦੀ ਉਡਾਣ ਦੌਰਾਨ ਅਚਾਨਕ ਮੌਤ ਹੋ ਜਾਣ ਕਾਰਨ ਜਹਾਜ਼ ਨੂੰ ਹੰਗਾਮੀ ਹਾਲਤ ਵਿਚ ਸਹਿ ਪਾਇਲਟ ਵੱਲੋਂ ਨਿਊਯਾਰਕ ਦੇ ਹਵਾਈ ਅੱਡੇ 'ਤੇ ਉਤਾਰੇ ਜਾਣ ਦੀ ਖਬਰ ਹੈ। ਤੁਰਕਿਸ਼ ਏਅਰਲਾਈਨਜ ਦੇ ਬੁਲਾਰੇ ਯਾਹੀਆ ਉਸਤੁਨ ਨੇ ਕਿਹਾ ਹੈ ਕਿ ਜਹਾਜ਼ ਸਿਆਟਲ ਤੋਂ ਇਸਤੰਬੁਲ ਜਾ ਰਿਹਾ ਸੀ ਕਿ 59 ਸਾਲਾ ਪਾਇਲਟ ਲਈਸਹਿਨ ਪੈਹਲੀਵਨ ਅਚਾਨਕ ਬੇਸੁੱਧ ਹੋ ਗਿਆ। ਉਸਤੁਨ ਅਨੁਸਾਰ ਪਾਇਲਟ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ। ਜਹਾਜ਼ ਦੇ ਸਹਿ ਪਾਇਲਟ ਵੱਲੋ ਜਹਾਜ਼ ਨੂੰ ਹੰਗਾਮੀ ਹਾਲਤ ਵਿਚ ਉਤਾਰਨ ਦਾ ਫੈਸਲਾ ਲਿਆ ਗਿਆ ਪਰੰਤੂ ਪਾਇਲਟ ਪਹਿਲਾਂ ਹੀ ਦਮ ਤੋੜ ਚੁੱਕਾ ਸੀ। ਬੁਲਾਰੇ ਅਨੁਸਾਰ ਪਾਇਲਟ 2007 ਤੋਂ ਤੁਰਕਿਸ਼ ਏਅਰਲਾਈਨ ਵਿਚ ਕੰਮ ਕਰ ਰਿਹਾ ਸੀ ਤੇ ਇਸ ਸਾਲ ਮਾਰਚ ਵਿਚ ਉਸ ਦੀ ਆਮ ਵਾਂਗ ਹੋਈ ਮੈਡੀਕਲ ਜਾਂਚ ਵਿੱਚ ਉਸ ਨੂੰ ਕੋਈ ਵੀ ਸਿਹਤ ਸਮੱਸਿਆ ਨਹੀਂ ਸੀ ਤੇ ਉਹ ਪੂਰੀ ਤਰਾਂ ਤੰਦਰੁਸਤ ਸੀ। ਤੁਰਕਿਸ਼ ਏਅਰਲਾਈਨ ਨੇ ਕੈਪਟਨ ਦੀ ਮੌਤ ਨੂੰ ਵੱਡਾ ਘਾਟਾ ਦੱਸਿਆ ਹੈ ਤੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।

# 19 ਸਾਲ ਤੋਂ ਵਧ ਸਮਾਂ ਪਹਿਲਾਂ ਲਾਪਤਾ ਹੋਈ ਲੜਕੀ ਦੇ ਸਰੀਰ ਦੇ ਕੁਝ ਹਿੱਸੇ ਫਰੀਜ਼ਰ ਵਿਚੋਂ ਮਿਲੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਕੋਲੋਰਾਡੋ ਰਾਜ ਵਿਚ ਇਸ ਸਾਲ ਦੇ ਸ਼ੁਰੂ ਵਿਚ ਇਕ ਫਰੀਜ਼ਰ ਵਿਚੋਂ ਮਿਲੇ ਮਨੁੱਖੀ ਸਰੀਰ ਦੇ ਅੰਗਾਂ ਦੀ ਪਛਾਣ ਹੋ ਗਈ ਤੇ ਇਹ ਅੰਗ 19 ਸਾਲਾਂ ਦੇ ਵਧ ਸਮੇਂ ਤੋਂ ਲਾਪਤਾ ਹੋਈ ਲੜਕੀ ਦੇ ਹਨ। ਬਰਾਮਦ ਅੰਗਾਂ ਵਿਚ ਸਿਰ ਤੇ ਹੱਥ ਸ਼ਾਮਿਲ ਹਨ। ਮੈਸਾ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਐਲਾਨ ਕੀਤਾ ਹੈ ਕਿ ਜਨਵਰੀ ਵਿਚ ਇਕ ਫਰੀਜ਼ਰ ਵਿਚੋਂ ਮਿਲੇ ਮਨੁੱਖੀ ਅੰਗ ਅਮਾਂਡਾ ਲੀਰੀਏਲ ਵਰਸਟਰੀਟ ਨਾਮੀ ਲੜਕੀ ਦੇ ਹਨ ਜੋ ਅਪ੍ਰੈਲ 2005 ਤੋਂ ਲਾਪਤਾ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

### ਨਵੀਂ ਜਾਣਕਾਰੀ-ਮਾਮਲਾ ਨਸ਼ੇ ਵਾਲੀ ਹਨੀ ਬੀਅਰ ਦਾ

# ਇੰਡੀਆ ਤੋਂ ਆਇਆ ਨਾਰੀਅਲ ਪਾਣੀ, ਕੈਨੇਡਾ ਤੋਂ ਹਨੀ ਬੀਅਰ ਅਤੇ ਅਮਰੀਕਾ ਤੋਂ ਕੋਮਬੂਚਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਪਿਛਲੇ ਸਾਲ ਅਗਸਤ ਮਹੀਨੇ ਨਿਊਜ਼ੀਲੈਂਡ ਪੁਲਿਸ ਨੇ ਇਕ ਵੱਡੀ ਕਾਰਵਾਈ ਕਰਦਿਆਂ 747 ਕਿਲੋਗ੍ਰਾਮ ਦੇ ਤਰਲ ਪਦਾਰਥ ਫੜੇ ਸਨ ਜਿਨ੍ਹਾਂ ਦੇ ਵਿਚ ਨਸ਼ਾ ਮਿਲਾਇਆ ਹੋਇਆ ਸੀ। ਹੁਣ ਇਸ ਸਬੰਧੀ ਹੋਰ ਜਾਣਕਾਰੀ ਮੁਹੱਈਆਂ ਕੀਤੀ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਜਿਸ ਵਿਅਕਤੀ ਉਤੇ ਦੋਸ਼ ਹਨ, ਉਹ ਦੇਸ਼ ਛੱਡ ਕੇ ਬਾਹਰ ਡੁਬਈ ਨਿਕਲਣ ਦੀ ਤਿਆਰੀ ਵਿਚ ਸੀ।

31 ਸਾਲਾ ਇਸ ਆਦਮੀ, ਦਾ ਨਾਂਅ ਅਜੇ ਗੁਪਤ ਰੱਖਿਆ ਗਿਆ ਹੈ। ਇਸ ਨੇ 'ਐਪੀਡ੍ਰੀਨ' ਅਤੇ 'ਮੈਥਾਮਫੇਟਾਮਾਈਨ' ਨੂੰ ਆਯਾਤ ਕਰਨ ਅਤੇ ਮੈਥਾਮਫੇਟਾਮਾਈਨ ਅਤੇ ਕੋਕੇਨ ਨੂੰ ਸਪਲਾਈ ਲਈ ਰੱਖਣ ਦਾ ਦੋਸ਼ ਮੰਨਿਆ ਹੈ। ਇਹ ਦੋਸ਼ 21 ਸਾਲਾ ਨੌਜਵਾਨ 'ਐਡਨ ਸਾਗਲਾ' ਦੀ ਮੌਤ ਤੋਂ ਬਾਅਦ ਕੀਤੀ ਗਈ ਜਾਂਚ ਦੇ ਨਤੀਜੇ ਵਜੋਂ ਆਏ ਹਨ, ਜਿਸ ਨੇ ਮਾਰਚ ਮਹੀਨੇ ਇਹ ਬੀਅਰ ਪੀਤੀ ਸੀ, ਪਰ ਇਹ ਨਸ਼ੇ ਵਾਲੀ ਹੋਣ ਕਰਕੇ ਉਸਦੀ ਮੌਤ ਹੋ ਗਈ ਸੀ। ਉਸ ਦੀ ਮੌਤ ਨੇ ਓਪਰੇਸ਼ਨ ਲੈਵੈਂਡਰ ਨੂੰ ਜਨਮ ਦਿੱਤਾ ਸੀ, ਜੋ ਕਿ ਮੈਥਾਮਫੇਟਾਮਾਈਨ ਆਯਾਤ ਕਰਨ ਦੇ ਦੋਸ਼ਾਂ ਦੀ ਵਿਆਪਕ ਜਾਂਚ ਸੀ, ਅਤੇ ਜਨਤਾ ਨੂੰ ਹਨੀ ਬੇਅਰ ਹਾਊਸ ਬੀਅਰ ਦੇ ਨਾਂਅ ਵਾਲੇ ਕੈਨਾਂ ਨੂੰ ਨਾ ਪੀਣ ਦੀ ਚੇਤਾਵਨੀ ਦਿੱਤੀ ਗਈ ਸੀ, ਜੋ ਕਿ ਇੱਕ ਵਿਲੱਖਣ ਲਾਲ ਅਤੇ ਨੀਲੇ ਐਲਮੀਨੀਅਮ ਦੇ ਕੈਨ ਵਿੱਚ ਪੈਕ ਕੀਤੇ ਗਏ ਸਨ, ਜਿਸ 'ਤੇ ਇੱਕ ਭਾਲੂ ਅਤੇ ਇੱਕ ਮੈਪਲ ਪੱਤੇ ਦੀ ਤਸਵੀਰ ਸੀ। ਸਾਗਲਾ ਬਿਲਕੁਲ ਨਿਰਦੋਸ਼ ਸੀ, ਅਤੇ ਪੁਲਿਸ ਨੇ ਕਿਹਾ ਕਿ ਉਸ ਦਾ ਨਸ਼ੇ ਦੀ ਆਯਾਤ ਵਿੱਚ ਕੋਈ ਭੂਮਿਕਾ ਨਹੀਂ ਸੀ। ਤੱਥਾਂ ਦੇ ਸਾਰ ਵਿੱਚ ਕਿਹਾ ਗਿਆ ਹੈ ਕਿ ਨਸ਼ੇ ਨੂੰ ਨਿਊਜ਼ੀਲੈਂਡ ਵਿੱਚ ਹਨੀ ਬੇਅਰ ਲਾਗਰ ਦੇ ਕੈਨਾਂ ਵਿੱਚ ਘੋਲ ਕੇ ਲਿਆਇਆ ਗਿਆ ਸੀ। ਨਸ਼ੇ ਨੂੰ ਕੋਮਬੂਚਾ ਦੀਆਂ ਬੋਤਲਾਂ ਅਤੇ ਨਾਰੀਅਲ ਪਾਣੀ ਦੇ ਕੈਨਾਂ ਵਿੱਚ ਵੀ ਘੋਲਿਆ ਗਿਆ ਸੀ।

ਕੁੱਲ 28,000 ਹਨੀ ਬੀਅਰ ਦੇ ਕੈਨ ਕੈਨੇਡਾ ਤੋਂ ਭੇਜੇ ਗਏ ਸਨ। ਕੁਝ 22,680 ਬੋਤਲਾਂ ਕੋਮਬੂਚਾ ਲਾਸ ਐਂਜਲਸ ਤੋਂ ਭੇਜੀਆਂ ਗਈਆਂ ਸਨ ਅਤੇ 1440 ਕੈਨ ਨਾਰੀਅਲ ਪਾਣੀ ਨਵੀਂ ਦਿੱਲੀ ਤੋਂ ਆਏ ਸਨ। ਹਨੀ ਬੇਅਰ ਬੀਅਰ ਦੇ ਕੈਨ ਅਤੇ ਕੋਮਬੂਚਾ ਦੀਆਂ ਬੋਤਲਾਂ ਵਿੱਚ ਪਾਣੀ ਵਿੱਚ ਘੁਲਿਆ ਹੋਇਆ ਮੈਥਾਮਫੇਟਾਮਾਈਨ ਸੀ। ਇਹ ਨਸ਼ਾ ਮਿਲਾਏ ਹੋਏ ਪੀਣ ਵਾਲੇ ਪਦਾਰਥਾਂ ਨੂੰ ਵੱਡੀ



ਗਿਣਤੀ ਵਿੱਚ ਇੱਕੋ ਜਿਹੇ ਲੇਬਲ ਵਾਲੇ ਹਨੀ ਬੇਅਰ ਬੀਅਰ ਦੇ ਕੈਨ ਅਤੇ ਕੋਮਬੂਚਾ ਦੀਆਂ ਬੋਤਲਾਂ ਵਿੱਚ ਪੈਕ ਕੀਤਾ ਗਿਆ ਸੀ, ਜੋ ਕਿ ਕਾਨੂੰਨੀ ਤੌਰ 'ਤੇ ਬੀਅਰ ਜਾਂ ਕੋਮਬੂਚਾ ਵਾਂਗ ਲਗਦੇ ਸਨ। ਤੱਥਾਂ ਦੇ ਸਾਰ ਵਿੱਚ ਕਿਹਾ ਗਿਆ ਹੈ ਕਿ ਇਹ ਕਾਨੂੰਨੀ ਏਜੰਸੀਆਂ ਦੁਆਰਾ ਪਤਾ ਲਗਾਉਣ ਤੋਂ ਬਚਣ ਲਈ ਕੀਤਾ ਗਿਆ ਸੀ। ਇਹੀ ਤਰੀਕਾ ਨਾਰੀਅਲ ਪਾਣੀ ਦੇ ਕੈਨਾਂ ਨਾਲ ਵੀ ਵਰਤਿਆ ਗਿਆ ਸੀ - ਕੁਝ ਵਿੱਚ ਐਫੇਡ੍ਰਿਨ ਸੀ, ਕੁਝ ਵਿੱਚ ਮੈਥਾਮਫੇਟਾਮਾਈਨ ਸੀ, ਅਤੇ ਕੁਝ ਵਿੱਚ ਅਸਲ ਨਾਰੀਅਲ ਪਾਣੀ ਸੀ। ਮੁਲਜ਼ਮ ਨੂੰ ਆਕਲੈਂਡ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਦੁਬਈ ਲਈ ਉਡਾਣ ਭਰਨ ਦੀ ਉਡੀਕ ਕਰ ਰਿਹਾ ਸੀ। ਜਦੋਂ ਉਸ ਦੇ ਕਾਲੇ ਚਮੜੇ ਦੇ ਬੈਕਪੈਕ ਦੀ ਤਲਾਸ਼ੀ ਲਈ ਗਈ, ਤਾਂ ਪੁਲਿਸ ਨੂੰ 10,000 ਡਾਲਰ ਤੋਂ ਵੱਧ ਦੇ 20, 50 ਅਤੇ 100 ਡਾਲਰ ਦੇ ਨੋਟ ਮਿਲੇ। ਉਹਨਾਂ ਨੂੰ ਇੱਕ ਮੋਬਾਈਲ ਫੋਨ ਵੀ ਮਿਲਿਆ ਜਿਸ ਵਿੱਚ ਮੈਥਾਮਫੇਟਾਮਾਈਨ ਦੇ ਕ੍ਰਿਸਟਲ ਰੂਪ ਵਾਲੀਆਂ ਤਸਵੀਰਾਂ ਸਨ। ਪੁਲਿਸ ਨੇ ਫਿਰ ਆਕਲੈਂਡ ਦੇ ਮੈਨੂਕਾਊ ਇਲਾਕੇ ਵਿੱਚ ਇੱਕ ਯੂਨਿਟ 'ਤੇ ਤਲਾਸ਼ੀ ਵਾਰੰਟ ਜਾਰੀ ਕੀਤਾ। ਜਿਸ ਅੰਦਰ, ਉਹਨਾਂ ਨੂੰ 39 ਲੱਕੜ ਦੇ ਪੈਲੇਟ ਮਿਲੇ ਜੋ ਬਕਸਿਆਂ ਨਾਲ ਭਰੇ ਹੋਏ ਸਨ। ਬਕਸਿਆਂ ਅਤੇ ਸਮੱਗਰੀ ਨੂੰ ਹਨੀ ਬੇਅਰ ਬੀਅਰ (ਕੈਨ), ਕੋਮਬੂਚਾ (ਬੋਤਲਾਂ) ਅਤੇ ਨਾਰੀਅਲ ਪਾਣੀ (ਕੈਨ) ਦੇ ਨਾਂਅ ਨਾਲ ਲੇਬਲ ਕੀਤਾ ਗਿਆ ਸੀ। ਕਈ ਬੋਤਲਾਂ ਅਤੇ ਕੈਨਾਂ ਵਿੱਚ ਪਾਣੀ ਵਿੱਚ ਘੁਲਿਆ ਹੋਇਆ ਮੈਥਾਮਫੇਟਾਮਾਈਨ ਸੀ।

ਪੁਲਿਸ ਦਾ ਦਾਅਵਾ ਹੈ ਕਿ ਯੂਨਿਟ ਦੀ ਵਰਤੋਂ ਤਰਲ ਮੈਥ ਨੂੰ ਕ੍ਰਿਸਟਲ ਰੂਪ ਵਿੱਚ ਬਣਾਉਣ ਲਈ ਕੀਤੀ ਜਾਂਦੀ ਸੀ। ਯੂਨਿਟ ਦੀ ਫੋਰੈਂਸਿਕ ਜਾਂਚ ਦੌਰਾਨ, ਪੁਲਿਸ ਨੂੰ ਐਸੀਟੋਨ ਦੀਆਂ ਬੋਤਲਾਂ ਅਤੇ ਮੈਥਾਮਫੇਟਾਮਾਈਨ ਦੇ ਕ੍ਰਿਸਟਲਾਈਜ਼ਿੰਗ ਵਿੱਚ ਸਹਾਇਕ ਸਾਜ਼ੋ-ਸਾਮਾਨ 'ਤੇ ਮੁਲਜ਼ਮ ਦੇ ਫਿੰਗਰਪ੍ਰਿੰਟ ਮਿਲੇ। ਉਸ ਦੇ ਫਿੰਗਰਪ੍ਰਿੰਟ (ਉਂਗਲਾਂ ਦੇ ਨਿਸ਼ਾਨ) ਇੱਕ ਹਰੀ ਬਾਲਟੀ, ਇੱਕ ਕੱਚ ਦੇ ਜੱਗ ਅਤੇ ਇੱਕ ਪਲਾਸਟਿਕ ਦੇ ਕੱਪ 'ਤੇ ਵੀ ਮਿਲੇ। ਜਦੋਂ ਪੁਲਿਸ ਨੇ ਮੁਲਜ਼ਮ ਦੇ ਘਰ 'ਤੇ ਛਾਪਾ ਮਾਰਿਆ, ਤਾਂ ਉਹਨਾਂ ਨੂੰ ਉਸ ਦੀ ਕਾਰ ਦੇ ਬੂਟ ਵਿੱਚ 50 ਡਾਲਰ ਅਤੇ 100 ਡਾਲਰ ਦੇ ਨੋਟਾਂ ਦੇ 13 ਬੰਡਲ ਮਿਲੇ, ਜੋ ਕੁੱਲ 121,600 ਡਾਲਰ ਬਣਦੇ ਸਨ। ਇੱਕ ਹੋਰ ਵਾਹਨ ਵਿੱਚ, ਉਹਨਾਂ ਨੂੰ 72 ਬੋਤਲਾਂ ਕੋਮਬੂਚਾ ਮਿਲੀਆਂ ਜੋ ਮੈਨੂਕਾਊ ਵਿੱਚ ਯੂਨਿਟ 'ਤੇ ਮਿਲੀਆਂ ਬੋਤਲਾਂ ਨਾਲ ਮਿਲਦੀਆਂ ਸਨ। ਪੁਲਿਸ ਨੂੰ ਕਾਲੇ ਕੂੜੇ ਦੇ ਬੈਗ ਮਿਲੇ ਜਿਨ੍ਹਾਂ ਵਿੱਚ ਖੁੱਲ੍ਹਾ ਮੈਥਾਮਫੇਟਾਮਾਈਨ ਸੀ, ਅਤੇ ਸਨੈਪ ਲਾਕ ਬੈਗ ਜਿਨ੍ਹਾਂ ਵਿੱਚ ਨਸ਼ਾ ਸੀ। ਪੁਲਿਸ ਨੂੰ 428।6 ਕਿਲੋਗ੍ਰਾਮ ਤਰਲ ਪਦਾਰਥ ਵੀ ਮਿਲਿਆ ਜਿਸ ਵਿੱਚ 260।7 ਤੋਂ 340।8 ਕਿਲੋਗ੍ਰਾਮ ਮੈਥਾਮਫੇਟਾਮਾਈਨ ਪਾਣੀ ਵਿੱਚ ਘੁਲਿਆ ਹੋਇਆ ਸੀ। ਇਹ ਤਰਲ ਹਨੀ ਬੇਅਰ ਬੀਅਰ ਦੇ ਕੈਨਾਂ, ਕੋਮਬੂਚਾ ਦੀਆਂ ਬੋਤਲਾਂ ਅਤੇ ਨਾਰੀਅਲ ਪਾਣੀ ਦੇ ਕੈਨਾਂ ਤੋਂ ਨਿਕਾਲਿਆ ਗਿਆ ਸੀ। ਜਾਂਚ ਦੇ ਦੌਰਾਨ, ਪੁਲਿਸ ਨੇ ਮੈਨੂਕਾਊ ਵਿੱਚ ਕੁੱਲ 747 ਕਿਲੋਗ੍ਰਾਮ ਮੈਥਾਮਫੇਟਾਮਾਈਨ ਜ਼ਬਤ ਕਰਨ ਦੀ ਰਿਪੋਰਟ ਕੀਤੀ। ਇਸਦੀ ਕੀਮਤ ਸੈਂਕੜੇ ਮਿਲੀਅਨ ਡਾਲਰਾਂ ਵਿੱਚ ਹੋਵੇਗੀ। ਇੱਕ ਹੋਰ ਆਦਮੀ, ਹਿਮਤਜੀਤ ਸਿੰਘ ਕਹਲੋਂ, 40 ਅਗਲੇ ਹਫ਼ਤੇ ਨਸ਼ੇ ਦੇ ਦੋਸ਼ਾਂ ਅਤੇ ਸਾਗਲਾ ਦੀ ਮੌਤ ਨਾਲ ਸਬੰਧਤ ਕਤਲ ਦੇ ਦੋਸ਼ 'ਤੇ ਮੁਕੱਦਮੇ ਦਾ ਸਾਹਮਣਾ ਕਰੇਗਾ। ਕਹਲੋਂ ਨੇ ਸਾਰੇ ਦੋਸ਼ਾਂ ਨੂੰ ਨਕਾਰ ਦਿੱਤਾ ਹੈ। ਉਸ ਦਾ ਮੁਕੱਦਮਾ ਤਿੰਨ ਹਫ਼ਤੇ ਚੱਲਣ ਦੀ ਉਮੀਦ ਹੈ। ਐਡਨ ਸਾਗਲਾ ਦੀ ਭੈਣ, ਐਂਜਲਾ ਸਾਗਲਾ, ਨੇ ਹਾਲ ਹੀ ਵਿੱਚ ਇੱਕ ਪੁੱਤਰ ਨੂੰ ਜਨਮ ਦਿੱਤਾ ਹੈ ਜਿਸ ਦਾ ਨਾਮ ਉਸ ਦੇ ਮਰਹੂਮ ਭਰਾ ਦੇ ਨਾਮ 'ਤੇ ਐਡਨ ਰੱਖਿਆ ਹੈ। ਉਸਨੇ ਦੱਸਿਆ ਕਿ ਪਰਿਵਾਰ ਹਰ ਰੋਜ਼ ਏਡਨ ਬਾਰੇ ਸੋਚਦਾ ਹੈ। "ਪਰ ਸਾਨੂੰ ਆਪਣੇ ਭਰਾ ਦੀ ਯਾਦ ਆਉਂਦੀ ਹੈ। ਅਸੀਂ ਇੱਕ ਜਾਨ ਗੁਆ ਦਿੱਤੀ ਪਰ ਫਿਰ ਉਸੇ ਸਾਲ ਰੱਬ ਨੇ ਸਾਨੂੰ ਸਾਡਾ ਪੁੱਤਰ ਦੇ ਦਿੱਤਾ।"

# ਟੈਕਸਾਸ ਵਿਚ ਇਕ ਤੇਲ ਰਿਫਾਈਨਰੀ ਵਿਚੋਂ ਰਸਾਇਣ ਰਿਸਣ ਕਾਰਨ ਦੋ ਵਰਕਰਾਂ ਦੀ ਮੌਤ ਤੇ ਅਨੇਕਾਂ ਹੋਰ ਬਿਮਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਡੀਅਰ ਪਾਰਕ, ਟੈਕਸਾਸ ਵਿਚ ਇਕ ਪੇਮੈਕਸ ਤੇਲ ਰਿਫਾਈਨਰੀ ਵਿਚੋਂ ਰਸਾਇਣ ਰਿਸਣ ਕਾਰਨ ਦੋ ਵਰਕਰਾਂ ਦੀ ਮੌਤ ਹੋਣ ਤੇ ਅਨੇਕਾਂ ਹੋਰਨਾਂ ਦੇ ਬਿਮਾਰ ਹੋ ਜਾਣ ਦੀ ਖਬਰ ਹੈ। ਰਸਾਇਣ ਰਿਸਣ ਕਾਰਨ ਇਲਾਕੇ ਵਿਚ ਰਹਿੰਦੇ ਲੋਕਾਂ ਨੂੰ ਆਰਜੀ ਤੌਰ 'ਤੇ ਕਿਸੇ ਹੋਰ ਥਾਂ 'ਤੇ ਚਲੇ ਜਾਣ ਲਈ ਕਿਹਾ ਗਿਆ ਹੈ। ਹੈਰਿਸ ਕਾਉਂਟੀ ਸ਼ੈਰਿਫ ਐਡ ਗ ੋ ਨ ਜ਼ ਾ ਲ ੇ ਜ਼ ਅਨੁਸਾਰ ਰਸਾਇਣ ਰਿਸਣ ਦੀ ਘਟਨਾ



ਸ਼ਾਮ 4.20 ਵਜੇ ਦੇ ਆਸਪਾਸ ਵਾਪਰੀ। ਉਨਾਂ ਕਿਹਾ ਕਿ ਮੌਕੇ 'ਤੋਂ 2 ਲਾਸ਼ਾਂ ਬਰਾਮਦ ਹੋਈਆਂ ਹਨ ਜਦ ਕਿ ਘੱਟੋ ਘੱਟ 35 ਹੋਰਨਾਂ ਨੂੰ ਹੰਗਾਮੀ ਹਾਲਤ ਵਿਚ ਡਾਕਟਰੀ ਸਹਾਇਤਾ ਦਿੱਤੀ ਗਈ ਹੈ।

ਅਜੇ ਇਹ ਸਪੱਸ਼ਟ ਨਹੀਂ ਹੈ ਕਿ ਕਿੰਨੇ ਲੋਕਾਂ ਨੂੰ ਮੌਕੇ 'ਤੇ ਡਾਕਟਰੀ ਸਹਾਇਤਾ ਦੇ ਕੇ ਘਰ ਭੇਜ ਦਿੱਤਾ ਗਿਆ ਹੈ ਜਾਂ ਹਸਪਤਾਲ ਲਿਜਾਇਆ ਗਿਆ ਹੈ। ਮੈਕਸੀਕੋ ਦੀ ਤੇਲ ਕੰਪਨੀ ਪੇਮੈਕਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਰਸਾਇਣ ਰਿਸਣ ਉਪਰੰਤ ਕੰਮ ਰੋਕ ਦਿੱਤਾ ਗਿਆ ਹੈ।




# ਪ੍ਰਧਾਨ ਮੰਤਰੀ ਮੋਦੀ ਨੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨਾਲ ਮੁਲਾਕਾਤ ਕੀਤੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਪ੍ਰਧਾਨ ਮੰਤਰੀ ਮੋਦੀ ਨੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨਾਲ ਆਸੀਆਨ ਸੰਮੇਲਨ ਦੌਰਾਨ ਲਾਓਸ ਵਿਖੇ ਮੁਲਾਕਾਤ ਕੀਤੀ ਅਤੇ ਕਈ ਖੇਤਰਾਂ ਜਿਸ ਵਿੱਚ ਵਪਾਰ ਅਤੇ ਨਿਵੇਸ਼, ਰੱਖਿਆ, ਸਿੱਖਿਆ, ਖੇਤੀਬਾੜੀ, ਪੁਲਾੜ ਤਕਨਾਲੋਜੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਭਾਰਤ-ਨਿਊਜ਼ੀਲੈਂਡ ਦੀ ਭਾਈਵਾਲੀ ਨੂੰ ਡੂੰਘਾ ਕਰਨ ਬਾਰੇ ਚਰਚਾ ਕੀਤੀ ਗਈ। ਦੋਵਾਂ ਨੇਤਾਵਾਂ ਦੀ ਇਹ ਪਹਿਲੀ ਮੁਲਾਕਾਤ ਸੀ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਇਸ ਮੁਲਾਕਤ ਤੋਂ ਖੁਸ਼ ਨਜ਼ਰ ਆਏ ਅਤੇ ਉਨ੍ਹਾਂ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਸ੍ਰੀ ਕ੍ਰਿਸਟੋਫਰ ਲਕਸਨ ਨੂੰ ਅਗਲੇ ਸਾਲ ਭਾਰਤ ਆਉਣ ਦਾ ਸੱਦਾ ਦੇ ਦਿੱਤਾ, ਜਿਸ ਨੂੰ ਪ੍ਰਧਾਨ ਮੰਤਰੀ ਲਕਸਨ ਨੇ ਸਵੀਕਾਰ ਕਰ ਲਿਆ।



ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਪੀ ਐਮ ਮੋਦੀ ਨੇ ਇੰਸਟਾਗ੍ਰਾਮ 'ਤੇ ਲਿਖਿਆ, ''ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨਾਲ ਬਹੁਤ ਵਧੀਆ ਮੁਲਾਕਾਤ ਹੋਈ। ਅਸੀਂ ਲੋਕਤੰਤਰ, ਆਜ਼ਾਦੀ ਅਤੇ ਕਾਨੂੰਨ ਦੇ ਸ਼ਾਸਨ ਪ੍ਰਤੀ ਸਾਡੀ ਵਚਨਬੱਧਤਾ ਨਾਲ ਬੱਝੇ ਹੋਏ ਨਿਊਜ਼ੀਲੈਂਡ ਨਾਲ ਸਾਡੀ ਦੋਸਤੀ ਦੀ ਕਦਰ ਕਰਦੇ ਹਾਂ। ਆਰਥਿਕ ਸਹਿਯੋਗ ਵਰਗੇ ਖੇਤਰ। ਸਾਡੀ ਗੱਲਬਾਤ ਵਿੱਚ ਸੈਰ-ਸਪਾਟਾ ਅਤੇ ਸਿੱਖਿਆ ਬਾਰੇ ਚਰਚਾ ਹੋਈ।'' ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ਦੋਵਾਂ ਨੇਤਾਵਾਂ ਨੇ ਵਪਾਰ ਅਤੇ ਨਿਵੇਸ਼, ਰੱਖਿਆ, ਸਿੱਖਿਆ, ਖੇਤੀਬਾੜੀ, ਪੁਲਾੜ ਤਕਨਾਲੋਜੀ ਅਤੇ ਹੋਰਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਭਾਰਤ-ਨਿਊਜ਼ੀਲੈਂਡ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਅੰਤਰਰਾਸ਼ਟਰੀ ਸੋਲਰ ਅਲਾਇੰਸ ਵਿੱਚ ਸ਼ਾਮਲ ਹੋਣ ਦੇ ਨਿਊਜ਼ੀ-ਲੈਂਡ ਦੇ ਫੈਸਲੇ ਦਾ ਸਵਾਗਤ ਕੀਤਾ।

ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ 'ਚ ਕਿਹਾ ਕਿ ਦੋਹਾਂ ਪ੍ਰਧਾਨ ਮੰਤਰੀਆਂ ਨੇ ਵਪਾਰ ਅਤੇ ਨਿਵੇਸ਼, ਰੱਖਿਆ ਅਤੇ ਸੁਰੱਖਿਆ, ਨਵਿਆਉਣਯੋਗ ਊਰਜਾ, ਸਿੱਖਿਆ, ਡੇਅਰੀ, ਖੇਤੀਬਾੜੀ ਤਕਨਾਲੋਜੀ, ਖੇਡਾਂ, ਸੈਰ-ਸਪਾਟਾ, ਪੁਲਾੜ ਸਮੇਤ ਕਈ ਖੇਤਰਾਂ 'ਚ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਲਗਾਤਾਰ ਉੱਚ ਪੱਧਰੀ ਸੰਪਰਕਾਂ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਦਿਸ਼ਾ ਪ੍ਰਦਾਨ ਕੀਤੀ ਹੈ। ਇਸ ਸੰਦਰਭ ਵਿੱਚ ਉਨ੍ਹਾਂ ਨੇ ਭਾਰਤ ਦੇ ਰਾਸ਼ਟਰਪਤੀ ਦੀ ਹਾਲ ਹੀ ਵਿੱਚ ਨਿਊਜ਼ੀਲੈਂਡ ਫੇਰੀ ਨੂੰ ਯਾਦ ਕੀਤਾ ਜੋ ਕਿ ਇੱਕ ਵੱਡੀ ਸਫਲਤਾ ਸੀ।

# ਟੈਨੇਸੀ ਸਟੇਟ ਯੂਨੀਵਰਸਿਟੀ ਨੇੜੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਤੇ 9 ਹੋਰ ਜ਼ਖਮੀ, 6 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਨੈਸ਼ਵਿਲੇ ਸ਼ਹਿਰ ਵਿਚ ਟੈਨੇਸੀ ਸਟੇਟ ਯੁਨੀਵਰਸਿਟੀ ਨੇੜੇ ਗੋਲੀਬਾਰੀ ਹੋਣ ਦੀ ਖਬਰ ਹੈ ਜਿਸ



ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ 9 ਹੋਰ ਜ਼ਖਮੀ ਹੋ ਗਏ। ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਜ਼ਖਮੀਆਂ ਵਿਚੋਂ ਘੱਟੋ ਘੱਟ ਇਕ ਵਿਅਕਤੀ ਗੋਲੀਬਾਰੀ ਵਿਚ ਸ਼ਾਮਿਲ ਹੈ। ਨੈਸ਼ਵਿਲੇ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਇਕ ਗਲੀ ਦੇ ਨਾਲ ਹੋਈ ਜਿਥੇ ਟੈਨੇਸੀ ਸਟੇਟ ਯੁਨੀਵਰਸਿਟੀ ਦੇ ਵਿਦਿਆਰਥੀਆਂ ਦੀ ਘਰ ਵਾਪਿਸ ਪਰੇਡ ਹੋ ਰਹੀ ਸੀ। ਮੈਟਰੋਪੋਲੀਟਨ ਨੈਸ਼ਵਿਲੇ ਪੁਲਿਸ ਵਿਭਾਗ ਦੇ ਬੁਲਾਰੇ ਡਾਨ ਆਰੋਨ ਨੇ ਕਿਹਾ ਹੈ ਕਿ ਗੋਲੀਬਾਰੀ ਵਿਚ ਕਿਸੇ ਗਿਰੋਹ ਦੇ ਸ਼ਾਮਿਲ ਹੋਣ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ ਤੇ ਇਹ ਗੋਲੀਬਾਰੀ ਦੋ ਧੜਿਆਂ ਵਿਚਾਲੇ ਹੋਈ ਹੈ ਜਦ ਕਿ ਆਸ ਪਾਸ ਕਾਫੀ ਲੋਕ ਖੜੇ ਸਨ। ਬੁਲਾਰੇ ਅਨੁਸਾਰ ਮਾਰਿਆ ਗਿਆ ਵਿਅਕਤੀ 24 ਸਾਲ ਦਾ ਹੈ ਜਿਸ ਦੀ ਅਜੇ ਪਛਾਣ ਨਹੀਂ ਹੋਈ। ਜ਼ਖਮੀਆਂ ਵਿਚ 3 ਬੱਚੇ ਸ਼ਾਮਿਲ ਹਨ ਜਿਨਾਂ ਨੂੰ ਸਥਾਨਕ ਬੱਚਿਆਂ ਦੇ ਹਸਪਤਾਲ ਲਿਜਾਇਆ ਗਿਆ ਹੈ। ਇਨਾਂ ਵਿਚ ਇਕ 12 ਸਾਲ ਤੇ ਦੋ 14-14 ਸਾਲ ਦੀਆਂ ਲੜਕੀਆਂ ਹਨ। ਇਨਾਂ ਦੀ ਹਾਲਤ ਸਥਿੱਰ ਹੈ ਤੇ ਜ਼ਖਮ ਜਾਨ ਲੇਵਾ ਨਹੀਂ ਹਨ ਜਦ ਕਿ ਦੂਸਰੇ ਪੀੜਤ ਜਿਨਾਂ ਦੀ ਉਮਰ 23 ਸਾਲ ਤੋਂ ਲੈ ਕੇ 55 ਸਾਲ ਦਰਮਿਆਨ ਹੈ, ਦੀ ਹਾਲਤ ਗੰਭੀਰ ਹੈ। ਨੈਸ਼ਵਿਲੇ ਪੁਲਿਸ ਕਮਾਂਡਰ ਐਨਥਨੀ ਮੈਕਲੇਨ ਅਨੁਸਾਰ ਜਾਂਚਕਾਰਾਂ ਨੂੰ ਤੁਰੰਤ ਇਹ ਪਤਾ ਨਹੀਂ ਲਗ ਸਕਿਆ ਕਿ ਜ਼ਖਮੀਆਂ ਵਿਚ ਯੁਨੀਵਰਸਿਟੀ ਦਾ ਕੋਈ ਵਿਦਿਆਰਥੀ ਵੀ ਸ਼ਾਮਲ ਹੈ ਜਾਂ ਨਹੀਂ। ਪੁਲਿਸ ਅਨੁਸਾਰ ਮਾਮਲਾ ਅਜੇ ਜਾਂਚ ਅਧੀਨ ਹੈ।

# ਕੈਲੀਫੋਰਨੀਆ ਵਿਚ ਟਰੰਪ ਦੀ ਰੈਲੀ ਵਾਲੇ ਸਥਾਨ 'ਤੇ ਪੁਲਿਸ ਵੱਲੋਂ ਇਕ ਸ਼ੱਕੀ ਗ੍ਰਿਫਤਾਰ

## ਸ਼ੱਕੀ ਨੇ ਕਿਹਾ ਉਹ ਟਰੰਪ ਦਾ ਕੱਟੜ ਸਮਰਥਕ ਪਰੰਤੂ ਪੁਲਿਸ ਨੇ ਆਪਣੀ ਕਾਰਵਾਈ ਨੂੰ ਜਾਇਜ਼ ਕਰਾਰ ਦਿੱਤਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਲਾਸ ਵੇਗਾਸ ਪੁਲਿਸ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੋਣ ਰੈਲੀ ਵਾਲੇ ਸਥਾਨ ਤੋਂ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੂੰ ਸ਼ੱਕ ਹੈ ਕਿ ਉਹ 'ਸੌਵਰਨ ਸਿਟੀਜ਼ਨ ਮੂਵਮੈਂਟ' ਨਾਲ ਸਬੰਧਤ ਹੈ ਤੇ ਉਹ ਟਰੰਪ ਲਈ ਖਤਰਾ ਬਣ ਸਕਦਾ ਹੈ। ਇਸੇ ਦੌਰਾਨ ਗ੍ਰਿਫਤਾਰ ਵਿਅਕਤੀ 49 ਸਾਲਾ ਵੇਮ ਮਿਲਰ ਨੇ ਇਕ ਆਨ ਲਾਈਨ ਵੀਡੀ ਬਿਆਨ ਵਿਚ ਪੁਲਿਸ ਦੇ ਦਾਅਵੇ ਨੂੰ ਝੂਠਾ ਤੇ ਅਪਮਾਨਜ਼ਨਕ ਦਸਿਆ ਹੈ ਤੇ ਕਿਹਾ ਹੈ ਕਿ ਉਹ ਰਿਪਬਲੀਕਨ ਪਾਰਟੀ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਟਰੰਪ ਦਾ ਕੱਟੜ ਸਮਰਥਕ ਹੈ। ਮਿਲਰ ਨੇ ਅਧਿਕਾਰੀਆਂ ਵਿਰੁੱਧ ਮੁਕੱਦਮਾ ਦਾਇਰ ਕਰਨ ਦੀ ਚਿਤਾਵਨੀ ਵੀ ਦਿੱਤੀ ਹੈ। ਮਿਲਰ ਨੇ ਕਿਹਾ ਹੈ ਕਿ ਮੈ ਆਨ ਲਾਈਨ ਬਿਆਨ ਇਸ ਲਈ ਜਾਰੀ ਕੀਤਾ ਹੈ ਕਿਉਂਕਿ ਮੈਨੂੰ ਆਏ ਫੋਨਾਂ ਤੋਂ ਪਤਾ ਲੱਗਾ ਹੈ ਕਿ ਪੁਲਿਸ ਅਧਿਕਾਰੀਆਂ ਵੱਲੋਂ ਮੇਰੇ ਬਾਰੇ ਝੂਠੇ ਤੇ ਅਪਮਾਨਜ਼ਨਕ ਬਿਆਨ ਜਾਰੀ ਕੀਤੇ ਗਏ ਹਨ। ਦੂਸਰੇ ਪਾਸੇ ਪੁਲਿਸ ਆਪਣੇ



ਬਿਆਨ 'ਤੇ ਕਾਇਮ ਹੈ। ਰਿਵਰਸਾਈਡ ਕਾਊਂਟੀ ਸ਼ੈਰਿਫ ਚਾਡ ਬਿਆਨਕੋ ਨੇ ਕਿਹਾ ਹੈ ਕਿ ਉਹ ਆਪਣੇ ਬਿਆਨ ਅਤੇ ਵਿਭਾਗ ਦੁਆਰਾ ਕੀਤੀ ਕਾਰਵਾਈ 'ਤੇ ਕਾਇਮ ਹੈ। ਉਨਾਂ ਕਿਹਾ ਕਿ ਜੇਕਰ ਭਵਿੱਖ ਵਿਚ ਵੀ ਅਜਿਹਾ ਕੁਝ ਵਾਪਰਦਾ ਹੈ ਤਾਂ ਉਹ ਮਾਮਲੇ ਨੂੰ ਇਸੇ ਢੰਗ ਤਰੀਕੇ ਨਾਲ ਨਜਿੱਠਣਗੇ। ਵੀਡੀ ਬਿਆਨ ਵਿਚ ਮਿਲਰ ਨੇ ਕਿਹਾ ਹੈ ਕਿ ਉਸ ਨੇ 2022 ਵਿਚ ਇਕ ਰਿਪਬਲੀਕਨ ਵਜੋਂ ਦਫਤਰ ਦਾ ਕੰਮ ਕੀਤਾ ਸੀ। 2000 ਤੋਂ ਉਹ ਨੇਵਾਡਾ ਵਿਚ ਰਿਪਬਲੀਕਨ ਪਾਰਟੀ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਆ ਰਿਹਾ ਹੈ। ਮੈ ਟਰੰਪ ਲਈ ਵੋਟਾਂ ਜੁਟਾ ਰਿਹਾ ਹਾਂ ਤੇ ਮੈ ਟਰੰਪ ਟੀਮ ਦਾ ਆਗੂ ਵੀ ਹਾਂ। ਉਸ ਨੇ ਹੋਰ ਕਿਹਾ ਹੈ ਕਿ ਨੇਵਾਡਾ ਰਿਪਬਲੀਕਨ ਪਾਰਟੀ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤੇ ਜਾਣ ਉਪਰੰਤ ਉਸ ਨੇ ਰਿਵਰਸਾਈਡ ਕਾਊਂਟੀ ਵਿਚ ਕੈਲਹੌਨ ਰੈਂਚ ਵਿਖੇ ਟਰੰਪ ਦੀ ਰੈਲੀ ਵਿਚ ਸ਼ਾਮਿਲ ਹੋਣ ਦਾ ਨਿਰਨਾ ਲਿਆ ਸੀ। ਨੇਵਾਡਾ ਵਿਚਲੇ ਰਿਪਬਲੀਕਨ ਪਾਰਟੀ ਦੇ ਅਹੁੱਦੇਦਾਰਾਂ ਨੇ ਮਿਲਰ ਦੇ ਬਿਆਨ 'ਤੇ ਆਪਣਾ ਕੋਈ ਪ੍ਰਤੀਕਰਮ ਨਹੀਂ ਦਿੱਤਾ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਬੇਕਰਸਫੀਲਡ ਵਿਖੇ ਸਰੋਤਿਆ ਦੇ ਭਰੇ ਹਾਲ ਵਿੱਚ ਗੁਰਦਾਸ ਮਾਨ ਨੇ ਆਪਣੀ ਗਾਇਕੀ ਨਾਲ ਕੀਲੇ ਦਰਸ਼ਕ








**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਗਾਇਕੀ ਦੇ ਸਮੁੰਦਰ ਵਿੱਚ ਬਹੁਤ ਸਾਰੇ ਕਲਾਕਾਰ ਆਏ ਤੇ ਆਪਣੇ ਸੰਗੀਤ ਦੀਆਂ ਧੁਨਾਂ ਤੇ ਕਲਾ ਬਖੇਰਨ ਦੀ ਕੋਸ਼ਿਸ਼ ਕੀਤੀ। ਪਰ ਉਨ੍ਹਾਂ ਵਿੱਚੋਂ ਚਮਕਿਆਂ ਇਕ ਉਹ ਗੁਰਦਾਸ ਮਾਨ ਨਾਂ ਦਾ ਹੀਰਾ ਜੋ ਅੱਜ ਵੀ ਕਈ ਦਹਾਕਿਆ ਬਾਅਦ ਆਪਣੀ ਸਾਫ ਸੁੱਥਰੀ ਗਾਇਕੀ ਅਤੇ ਅਦਾਕਾਰੀ ਦਾ ਰੰਗ ਉਸੇ ਤਰ੍ਹਾਂ ਬਿਖ਼ੇਰ ਰਿਹਾ ਹੈ, ਅਤੇ ਉਸ ਦੀ ਆਵਾਜ਼ ਤੇ ਕਲਾ ਦੇ ਦੀਵਾਨੇ ਅੱਜ ਵੀ ਭਰੇ ਹਾਲ ਵਿੱਚ ਉਨਾ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ। ਇਸ ਲਈ ਉਸ ਨੂੰ ਪੰਜਾਬੀ ਗਾਇਕੀ ਦਾ ਬਾਬਾ ਬੋਹੜ ਕਹਿਣਾ ਹੋਵੇ 'ਤਾਂ ਇਸ ਵਿੱਚ ਕੋਈ ਅੱਤ ਕਥਨੀ ਨਹੀਂ ਹੋਵੇਗੀ। ਇਸੇ ਹੀ ਗਾਇਕੀ ਦੇ ਬਾਦਸ਼ਾਹ ਦਾ "ਅੱਖੀਆਂ ਉਡੀਕਦੀਆਂ" ਸ਼ੋਅ 'ਵਿਰਸਾ ਇੰਟਰਟੇਂਨਮੈਂਨ' ਵੱਲੋਂ ਸਰੋਤਿਆ ਦੇ ਖਚਾਖਚ ਭਰੇ ਮਕੈਨਿਕਸ ਬੈਂਕ ਅਰੀਨਾ ਦੇ ਬੇਕਰਸਫੀਲਡ ਵਿਚਲੇ ਹਾਲ ਵਿੱਚ ਕਰਵਾਇਆ ਗਿਆ।ਇਸ ਹਾਲ ਵਿੱਚ ਪ੍ਰਬੰਧਕਾਂ ਵੱਲੋ ਸਕਿਉਰਟੀ ਦੇ ਤਕੜੇ ਪ੍ਰਬੰਧ ਕੀਤੇ ਗਏ ਸਨ, ਤਾਂ ਕਿ ਸ਼ੋਅ ਨਿਰਵਿੱਘਨ ਨਿਪਰੇ ਚੜ ਸਕੇ।ਆਪਣੇ ਮਹਿਬੂਬ ਕਲਾਕਾਰ ਨੂੰ ਸੁਣਨ ਲਈ ਦਰਸ਼ਕ ਦੂਰ ਦੁਰਾਡੇ ਤੋ ਲੰਮਾ ਪੈਂਡਾ ਤਹਿ ਕਰਕੇ ਪਹੁੰਚੇ ਹੋਏ ਸਨ।ਗੁਰਦਾਸ ਮਾਨ ਨੇ ਜੀਅ ਜਾਨ ਨਾਲ ਗਾਕੇ ਆਪਣੀ ਕਲ਼ਾ ਦਾ ਲੋਹਾ ਮਨਵਾਇਆ।

ਇਸ ਗਾਇਕੀ ਦੇ ਅਖਾੜੇ ਦੀ ਸੁਰੂਆਤ ਰਸਮੀ ਗੱਲਬਾਤ ਤੋਂ ਬਾਅਦ ਵਿੱਚ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਹੋਈ।ਗੁਰਦਾਸ ਮਾਨ ਨੇ ਆਉਦੇ ਸਾਰ ਸਭ ਹਾਜ਼ਰੀਨ ਨੂੰ ਸਿੱਜ਼ਦਾ ਕਰਨ ਉਪਰੰਤ ਪ੍ਰਮਾਤਮਾ ਦੀ ਮਹਿਮਾ ਦਾ ਗੀਤ ਗਾਇਆ। ਇਸ ਬਾਅਦ ਹੋਈ ਸਦਾ ਬਹਾਰ ਗਾਇਕੀ ਦੇ ਖਾੜੇ ਦੀ ਸੁਰੂਆਤ। ਜਿਸ ਵਿੱਚ ਤੇਰੇ ਇਸ਼ਕ ਦਾ ਗਿੱਧਾ ਪੈਂਦਾ, ਰੋਟੀ, ਛੱਲਾ, ਅੱਖੀਆਂ ਉਡੀਕਦੀਆਂ ਦਿਲ ਅਵਾਜ਼ਾਂ ਮਾਰਦਾ, ਆਪਣਾ ਪੰਜਾਬ ਹੋਵੇ, ਸੱਜਣਾ ਵੇ ਸੱਜਣਾ, ਦਿਲ ਦਾ ਮਾਮਲਾ, ਯਾਦ ਪਿੰਡ ਦੀਆਂ ਗਲੀਆਂ ਦੀ, ਮਾਮਲਾ ਗੜਬੜ ਹੈ, ਬਾਬੇ ਭੰਗੜਾ ਪਾਉਦੇ ਨੇ ਆਦਿ ਗੀਤ ਗਾਕੇ ਗੁਰਦਾਸ ਮਾਨ ਨੇ ਸਭਨਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਬੇਕਰਸਫੀਲਡ ਦੇ ਪ੍ਰਸਿੱਧ ਫੋਟੋਗ੍ਰਾਫਰ ਸ਼ਿਆਰਾ ਸਿੰਘ ਢੀਡਸਾ, ਮਨੀ ਵੀਡੀ ਵਾਲਿਆ ਨੇ ਸਾਰੇ ਸ਼ੋਅ ਦੀ ਵੀਡੀ ਅਤੇ ਫੋਟੋਗ੍ਰਾਫੀ ਕੀਤੀ। ਇਸ ਤਰ੍ਹਾਂ ਤਕਰੀਬਨ ਕੁੱਲ ਦੋ ਢਾਈ ਘੰਟੇ ਦੇ ਇਸ ਸ਼ੋਅ ਦੌਰਾਨ ਗੁਰਦਾਸ ਮਾਨ ਨੇ ਸਮੂੰਹ ਹਾਜ਼ਰੀਨ ਨੂੰ ਆਪਣੇ ਨਵੇਂ-ਪੁਰਾਣੇ ਗੀਤਾਂ ਦੁਆਰਾ ਇੱਕ ਵਾਰ ਤਾਂ ਇਉਂ ਜਾਪਿਆ ਜਿਵੇਂ ਪੰਜਾਬ ਹੀ ਪੁੱਚਾ ਦਿੱਤਾ ਹੋਵੇ।ਛੋਟੇ ਬੱਚਿਆਂ ਨੂੰ ਮਾਨ ਸਾਬ੍ਹ ਨੇ ਆਪਣੇ ਗੀਤ ਮੁੜ ਮੁੜ ਯਾਦ ਸਤਾਉਂਦੀ ਪਿੰਡ ਦੀਆਂ ਗਲੀਆਂ ਦੇ ਉਪੱਰ ਖ਼ੂਬ ਨਚਾਇਆ। ਬੇਕਰਸਫੀਲਡ ਦੇ ਮੁਟਿਆਰਾਂ ਅਤੇ ਮੁੰਡਿਆਂ ਨੇ ਗੁਰਦਾਸ ਮਾਨ ਦੇ ਗੀਤਾਂ ਨਾਲ ਭੰਗੜਾ ਪਾਕੇ ਸ਼ੋਅ ਨੂੰ ਹੋਰ ਵੀ ਚਾਰ ਚੰਨ ਲਾਏ। ਇਸ ਮੌਕੇ ਸਮੂੰਹ ਸਪਾਂਸਰਾਂ ਨੂੰ ਸਟੇਜ ਤੋ ਟਰਾਫੀਆਂ ਦਿੱਤੀਆਂ ਗਈਆਂ।

ਇਸ ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਗਾਇਕ ਬੱਬੂ ਗੁਰਪਾਲ, ਪਾਲ ਸ਼ੇਰਗਿੱਲ, ਦਨੇਸ਼ ਸ਼ਾਰਦਾ, ਸੋਨੂੰ/ਜੀਤ, ਪਰਮਜੀਤ ਦੋਸਾਂਝ ਅਤੇ ਸਨੀ ਬੱਬਰ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਸ਼ੋਅ ਵਿੱਚ ਕਾਫੀ ਸਾਰੇ ਇੰਟਰਨੈਸ਼ਨਲ ਕਬੱਡੀ ਖਿਡਾਰੀ ਵੀ ਮਜੂਦ ਰਹੇ। ਇਸ ਮੌਕੇ ਗੁਰਦਾਸ ਮਾਨ ਦੇ ਸ਼ੋਅ ਦਾ ਵਿਰੋਧ ਕਰਨ ਲਈ ਦੋ ਕੁ ਦਰਜਨ ਲੋਕ ਹੱਥਾਂ ਵਿੱਚ ਬੈਨਰ ਫੜਕੇ ਅਕਰੌਸ ਦੀ ਸਟਰੀਜ ਮੁਜ਼ਾਹਰਾ ਕਰਦੇ ਵੀ ਨਜ਼ਰੀ ਪਏ। ਪਰ ਸ਼ੋਅ ਵਿੱਚ ਮੁਜ਼ਾਹਰੇ ਦਾ ਕੋਈ ਖਾਸ ਅਸਰ ਨਜ਼ਰ ਨਹੀਂ ਆਇਆ 'ਤੇ ਦਰਸ਼ਕਾਂ ਦੇ ਜੋਸ਼ ਤੇ ਗੁਰਦਾਸ ਮਾਨ ਦੁਆਰਾ ਜਿਸ ਐਨਰਜੀ ਨਾਲ ਗਾਇਆ ਗਿਆ, ਇਹ ਸ਼ੋਅ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ।

## ਸੰਯੁਕਤ ਕਿਸਾਨ ਮੋਰਚਾ, ਆੜਤੀ ਐਸੋਸੀਏਸ਼ਨਾਂ ਅਤੇ ਸ਼ੈਲਰ ਮਾਲਕ ਐਸੋਸੀਏਸ਼ਨ ਦੇ ਸੱਦੇ ਤੇ ਪੰਜਾਬ ਭਰ ਵਿੱਚ ਰਹੀਆਂ ਸੜਕਾਂ ਜਾਮ

**ਚੰਡੀਗੜ੍ਹ (ਦਲਜੀਤ ਕੌਰ)–** ਸੰਯੁਕਤ ਕਿਸਾਨ ਮੋਰਚਾ ਪੰਜਾਬ, ਆੜਤੀ ਐਸੋਸੀਏਸ਼ਨਾਂ ਅਤੇ ਸ਼ੈਲਰ ਮਾਲਕ ਐਸੋਸੀਏਸ਼ਨ ਦੇ ਸਾਂਝੇ ਸੱਦੇ ਤੇ ਝੋਨੇ ਦੀ ਸੁਚਾਰੂ ਖਰੀਦ ਕਰਵਾਉਣ, ਸ਼ੈਲਰਾਂ ਅਤੇ ਗੋਦਾਮਾਂ ਵਿਚੋਂ ਪੁਰਾਣੇ ਮਾਲ ਦੀ ਲਿਫਟਿੰਗ ਕਰਵਾਉਣ ਆੜਤੀਆਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈਕੇ ਅੱਜ ਪੰਜਾਬ ਭਰ ਵਿੱਚ ਤਿੰਨ ਘੰਟਿਆਂ ਲਈ ਸੜਕਾਂ ਜਾਮ ਰਹੀਆਂ।

ਸੜਕਾਂ ਜਾਮ ਕਰਨ ਦਾ ਇਹ ਸਿਲਸਿਲਾ 12 ਵਜੇ ਸ਼ੁਰੂ ਹੋਇਆ ਅਤੇ ਸ਼ਾਮ ਤਿੰਨ ਵਜੇ ਤੱਕ ਜਾਰੀ ਰਿਹਾ। ਇਸ ਦੌਰਾਨ ਬੱਸਾਂ, ਟਰੱਕਾਂ ਅਤੇ ਕਾਰਾਂ ਦੀਆਂ ਸੜਕਾਂ ਤੇ ਲਾਈਨਾਂ ਲੱਗ ਗਈਆਂ। ਸਾਂਝੇ ਸੰਘਰਸ਼ ਦੇ ਹੈਡਕੁਆਰਟਰ ਤੇ ਪੁੱਜੀਆਂ ਰਿਪੋਰਟਾਂ ਅਨੁਸਾਰ ਸੂਬੇ ਭਰ ਵਿੱਚ 125 ਤੋਂ ਵੱਧ ਥਾਵਾਂ ਤੇ ਕੌਮੀ ਅਤੇ ਰਾਜ ਮਾਰਗਾਂ ਤੇ ਚੱਕਾ ਜਾਮ ਕੀਤਾ ਗਿਆ। ਵੱਖ-ਵੱਖ ਥਾਵਾਂ ਤੇ ਸੰਬੋਧਨ ਕਰਦੇ ਹੋਏ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਆਗੂਆਂ ਬਲਬੀਰ ਸਿੰਘ ਰਾਜੇਵਾਲ,



ਹਰਿੰਦਰ ਸਿੰਘ ਲੱਖੋਵਾਲ, ਮਨਜੀਤ ਸਿੰਘ ਧਨੇਰ, ਬੂਟਾ ਸਿੰਘ ਬੁਰਜ ਗਿੱਲ , ਰਾਮਿੰਦਰ ਸਿੰਘ ਪਟਿਆਲਾ, ਗੁਰਮੀਤ ਸਿੰਘ ਮਹਿਮਾ, ਰੁਲਦੂ ਸਿੰਘ ਮਾਨਸਾ ,ਡਾ।ਸਤਨਾਮ ਸਿੰਘ ਅਜਨਾਲਾ, ਹਰਮੀਤ ਸਿੰਘ ਕਾਦੀਆਂ, ਸੁਖਦੇਵ ਸਿੰਘ ਅਰਾਈਆਂਵਾਲਾ, ਬਲਦੇਵ ਸਿੰਘ ਨਿਹਾਲਗੜ੍ਹ, ਬਲਵਿੰਦਰ ਸਿੰਘ ਮੱਲੀ ਨੰਗਲ, ਸੁੱਖ ਗਿੱਲ ਮੋਗਾ, ਫੁਰਮਾਨ ਸਿੰਘ ਸੰਧੂ, ਮਲੂਕ ਸਿੰਘ ਹੀਰਕੇ, ਬਿੰਦਰ ਸਿੰਘ ਗੋਲੇਵਾਲਾ, ਬੂਟਾ ਸਿੰਘ ਸ਼ਾਦੀਪੁਰ, ਜੰਗਵੀਰ ਸਿੰਘ ਚੌਹਾਨ, ਹਰਦੇਵ ਸਿੰਘ ਸੰਧੂ, ਵੀਰ ਸਿੰਘ ਬੜਵਾ, ਨਛੱਤਰ ਸਿੰਘ ਜੈਤੋ, ਹਰਬੰਸ ਸੰਘਾ, ਪ੍ਰੇਮ ਸਿੰਘ ਭੰਗੂ, ਮੇਜਰ ਸਿੰਘ ਪੁੰਨਾਂਵਾਲ, ਹਰਜਿੰਦਰ ਸਿੰਘ ਟਾਂਡਾ,ਕੰਵਲਪ੍ਰੀਤ ਸਿੰਘ ਪੰਨੂ, ਆੜਤੀਆਂ ਐਸੋਸੀਏਸ਼ਨਾਂ ਦੇ ਰਵਿੰਦਰ ਸਿੰਘ ਚੀਮਾ, ਵਿਜੇ ਕਾਲੜਾ, ਸ਼ੈਲਰ ਮਾਲਕ ਐਸੋਸੀਏਸ਼ਨ ਦੇ ਤਰਸੇਮ ਸੈਣੀ ਅਤੇ ਭਾਰਤ ਭੂਸ਼ਨ ਬਿੰਟਾ ਨੇ ਕਿਹਾ ਕਿ ਜਿੰਨਾ ਚਿਰ ਪੰਜਾਬ ਵਿੱਚ ਝੋਨੇ ਦੀ ਲਿਫਟਿੰਗ ਹੋ ਕੇ ਸਪੇਸ ਨਹੀਂ ਬਣਦੀ ਅਤੇ ਝੋਨੇ ਦੀ ਖਰੀਦ ਸੁਚਾਰੂ ਢੰਗ ਨਾਲ ਸ਼ੁਰੂ ਨਹੀਂ ਹੁੰਦੀ ਉਨਾਂ ਚਿਰ ਸੰਘਰਸ਼ ਜਾਰੀ ਰਹੇਗਾ। ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਅਤੇ ਕੇਂਦਰ ਸਰਕਾਰ ਦੀ ਹੋਵੇਗੀ। ਆਗੂਆਂ ਨੇ ਕਿਹਾ ਕਿ ਸੰਸਾਰ ਵਪਾਰ ਸੰਸਥਾ ਅਤੇ ਕਾਰਪੋਰੇਟ ਘਰਾਣਿਆਂ ਦੀ ਮਿਲੀ ਭੁਗਤ ਨਾਲ ਕੇਂਦਰ ਅਤੇ ਪੰਜਾਬ ਸਰਕਾਰ ਮੰਡੀਕਰਨ ਨੂੰ ਬਰਬਾਦ ਕਰਕੇ ਖੇਤੀ ਖੇਤਰ ਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ। ਇਸ ਲਈ ਪਿਛਲੇ ਸਾਲ ਦੇ ਚੌਲਾਂ ਦੀ ਵੀ ਸੈਲਰਾਂ ਵਿੱਚੋਂ ਲਿਫਟਿੰਗ ਨਹੀਂ ਕੀਤੀ ਗਈ ਅਤੇ ਹੁਣ ਤੱਕ ਸਪੈਸ਼ਲ ਟ੍ਰੇਨਾਂ ਰਾਹੀ ਅਨਾਜ ਦੀ ਲਿਫਟਿੰਗ ਵੀ ਕੱਛੂ ਦੀ ਤੋਰ ਚੱਲ ਰਹੀ ਹੈ। ਬੁਲਾਰਿਆਂ ਨੇ ਕਿਹਾ ਕੇਂਦਰ ਸਰਕਾਰ ਵਲੋਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਕੇ ਸੂਬੇ ਦੀ ਆਰਥਿਕਤਾ ਨੂੰ ਬਰਬਾਦ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਕਿਸਾਨ, ਮਜ਼ਦੂਰ,ਆੜਤੀਆਂ ਐਸੋਸੀਏਸ਼ਨਾਂ, ਵਪਾਰ ਮੰਡਲ, ਸੈਲਰ ਮਾਲਕ ਅਤੇ ਸਮੂਹ ਪੰਜਾਬੀ ਲੋਕ ਇਹਨਾਂ ਚਾਲਾਂ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਣਗੇ। ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸ਼ੈਲਰਾਂ ਵਿੱਚ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਤੇ ਝੋਨਾ ਭੰਡਾਰ ਕਰਨ ਲਈ ਕਦਮ ਚੁੱਕੇ ਤਾਂ ਜੋ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਦੇ ਨਾਲ ਨਾਲ ਖੇਤੀ ਸਨਅਤ ਨੂੰ ਵੀ ਬਚ-ਾਇਆ ਜਾ ਸਕੇ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਸੱਮਸਿਆ ਹੱਲ ਨਾ ਕੀਤੀ ਤਾਂ ਉਸ ਨੂੰ ਹੋਰ ਵੀ ਸਖਤ ਰੋਹ ਦਾ ਸਾਹ-ਮਣਾ ਕਰਨ ਲਈ ਤਿਆਰ ਰਹਿਣਾ ਪਵੇਗਾ। ਸੰਯੁਕਤ ਕਿਸਾਨ ਮੋਰਚਾ ਨੇ ਪੰਜਾਬ ਦੇ ਵਪਾਰ ਮੰਡਲਾਂ ਅਤੇ ਮਜ਼ਦੂਰ ਜਥੇਬੰਦੀਆਂ ਨੂੰ ਕੱਲ੍ਹ ਦੀ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ 12 ਵਜੇ ਹੋਣ ਵਾਲੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

## ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦਾ ਡੈਲੀਗੇਸ਼ਨ ਪਹੁੰਚਿਆ ਅਮਰੀਕਾ

**ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜਨੋ (ਕੈਲੀਫੋਰਨੀਆਂ) –** ਕੈਲੀਫੋਰਨੀਆਂ ਸਟੇਟ ਦਾ ਫਰਿਜਨੋ ਸ਼ਹਿਰ, ਜਿਸਨੂੰ ਪੰਜਾਬੀਆਂ ਦੀ ਸੰਘਣੀ ਵੱਸੋਂ ਕਰਕੇ ਮਿੰਨੀ ਪੰਜਾਬ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇੱਥੇ ਪੰਜਾਬੀ ਵੱਡੀ ਗਿਣਤੀ ਵਿੱਚ ਕਿਰਸਾਨੀ ਦੇ ਕਿੱਤੇ ਨਾਲ ਜੁੜੇ ਹੋਏ ਹਨ। ਸੌਗੀ ਕਿੰਗ ਦੇ ਤੌਰ ਤੇ ਜਾਣੇ ਜਾਂਦੇ ਚਰਨਜੀਤ ਸਿੰਘ ਬਾਠ ਹਜ਼ਾਰਾਂ ਏਕੜ ਦੀ ਖੇਤੀ ਕਰਦੇ ਕਰਕੇ ਦੁਨੀਆਂ ਭਰ ਵਿੱਚ ਨਾਮ ਕਮਾ ਚੁੱਕੇ ਹਨ। ਲੰਘੇ ਮੰਗਲਵਾਰ ਪੰਜਾਬ ਐਗਰੀਕਲਚਰ ਯੂਨੀ-ਵਰਸਿਟੀ ਲੁਧਿਆਣਾ (ਫਊ) ਤੋਂ ਇੱਕ ਡੈਲੀਗੇਸ਼ਨ ਵਾਈਸ ਚਾਂਸਲਰ ਡਾ। ਸਤਬੀਰ ਸਿੰਘ ਗੋਸਲ ਦੀ ਅਗਵਾਈ ਵਿੱਚ ਫਰਿਜਨੋ ਪਹੁੰਚਿਆ, ਉਹਨਾਂ ਦੇ ਨਾਲ ਡਾ। ਮਾਨਵ ਇੰਦਰਾ ਸਿੰਘ ਗਿੱਲ, ਡਾ। ਮਨਜੀਤ ਸਿੰਘ ਮੱਕੜ, ਡਾ. ਵਿਸ਼ਾਲ ਬੈਕਟਰ, ਡਾ। ਅਜਮੇਰ ਸਿੰਘ ਢੱਟ ਆਦਿ ਪਹੁੰਚੇ ਹੋਏ ਸਨ। ਇਸ ਮੌਕੇ ਮੁੱਖ ਰੂਪ ਵਿੱਚ ਉਹ ਫਰਿਜ਼ਨੋ ਸਟੇਟ ਯੂਨੀਵਰਸਿਟੀ ਨਾਲ ਸਿਸਟਰ ਯੂਨੀਵਰਸਿਟੀ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਗੱਲਬਾਤ ਕਰਨ ਲਈ ਪਹੁੰਚੇ ਹੋਏ ਸਨ। ਇਸ ਫੇਰੀ ਤਹਿਤ ਵਿਦਿਆਰਥੀਆਂ ਦੀ ਅਦਲਾ-ਬਦਲੀ ਤੋਂ ਲੈਕੇ ਖੇਤੀ ਨੂੰ ਪ੍ਰਫੁਲਤ ਕਰਨ ਸਬੰਧੀ ਸਮਝੌਤੇ ਸ਼ਾਮਲ ਹਨ। ਫਰਿਜਨੋ ਤੋ ਡਾ। ਗੁਰਰੀਤ ਸਿੰਘ ਬਰਾੜ, ਡਾ। ਰਣਜੀਤ ਸਿੰਘ ਰਿਆੜ, ਡਾ। ਅਰਜਨ ਸਿੰਘ ਜੋਸਨ, ਕਿਰਸਾਨ ਚਰਨਜੀਤ ਸਿੰਘ ਬਾਠ, ਗੈਰੀ ਚਾਹਲ, ਕਿਰਸਾਨ ਕੇਵਲ ਸਿੰਘ ਬਾਸੀ ਆਦਿ ਨੇ ਸਾਰੇ ਸਮਾਗਮਾਂ ਨੂੰ ਅੱਛੇ ਤਰੀਕੇ ਨਾਲ ਕੋਆਰਡੀਨੇਟ ਕੀਤਾ। ਇਸ ਮੌਕੇ ਜਿੱਥੇ ਪੀਏਯੂ ਡੈਲੀਗੇਸ਼ਨ ਨੇ ਫਰਿਜਨੋ ਸਟੇਟ ਯੂਨੀਵਰਸਿਟੀ ਦਾ ਦੌਰਾ ਕੀਤਾ, ਥੇ ਚਰਨਜੀਤ ਸਿੰਘ ਬਾਠ ਦੇ ਫਾਰਮ ਤੇ ਵੀ ਵਿੱਜ਼ਟ ਕੀਤਾ। ਮਹਿਮਾਨਾਂ ਦੀ ਮਹਿਮਾਨ ਨਿਵਾਜੀ ਲਈ ਇੱਕ ਵਿਸ਼ੇਸ਼ ਸਮਾਗਮ ਦਾ ਅਯੋਜਨ ਫਰਿਜਨੋ ਦੇ ਮਸ਼ਹੂਰ ਰੈਸਟੋਰੈਂਟ ਇੰਡੀਆ ਕਬਾਬ ਪਲੇਸ ਵਿੱਚ ਰੱਖਿਆ ਗਿਆ। ਜਿੱਥੇ ਫਰਿਜਨੋ ਸਿਟੀ ਦੇ ਮੇਅਰ ਜੈਰੀ ਡਾਇਰ, ਕਾਂਗਰਸਮੈਨ ਜਿੰਮ ਕੌਸਟਾ ਅਤੇ ਫਰਿਜਨੋ ਸਟੇਟ ਯੂਨੀਵਰਸਿਟੀ ਦੇ ਡੀਨ ਪਹੁੰਚੇ ਹੋਏ ਸਨ। ਸਮਾਗਮ ਦੀ ਸ਼ੁਰੂਆਤ ਪਿਸ਼ੌਰਾ ਸਿੰਘ ਢਿੱਲੋ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਉਪਰੰਤ ਡਾ। ਗੁਰਰੀਤ ਸਿੰਘ ਬਰਾੜ ਨੇ ਮਹਿਮਾਨਾਂ ਦੀ ਜਾਣ ਪਹਿਚਾਣ ਕਰਵਾਈ। ਇਸ ਮੌਕੇ ਉੱਘੇ ਵਿਗਿਆਨੀ ਡਾ। ਗੁਰਦੇਵ ਸਿੰਘ ਖੁਸ਼ ਨੇ ਵੀ ਆਪਣੇ ਵਿਚਾਰ ਰੱਖੇ। ਮੇਅਰ ਜੈਰੀ ਡਾਇਰ ਤੇ ਕਾਂਗਰਸਮੈਂਨ ਜਿੰਮ ਕੌਸਟਾ ਨੇ ਪੀਏਯੂ ਵਫ਼ਦ ਨੂੰ ਸਨਮਾਨ ਚਿੰਨ ਭੇਂਟ ਕੀਤੇ। ਆਪਣੇ ਭਾਸ਼ਨ ਦੌਰਾਨ ਵਾਈਸ ਚਾਂਸਲਰ ਡਾ। ਸਤਬੀਰ ਸਿੰਘ ਗੋਸਲ ਨੇ ਸਿਸਟਰ ਪ੍ਰੋਜੈਕਟ ਤੇ ਚਾਨਣਾ ਪਾਇਆ 'ਤੇ ਪੀਏਯੂ ਦੀਆਂ ਪ੍ਰਾਪਤੀਆਂ ਆਏ ਮਹਿਮਾਨਾਂ ਨਾਲ ਸਾਂਝੀਆਂ ਕੀਤੀਆਂ। ਅਖੀਰ ਵਿੱਚ ਡਾ. ਵਿਸ਼ਾਲ ਬੈਕਟਰ ਨੇ ਸਭਨਾਂ ਦਾ ਧੰਨਵਾਦ ਕੀਤਾ। ਡਾ. ਮਨਜੀਤ ਸਿੰਘ ਮੱਕੜ ਤੇ ਡਾ। ਅਜਮੇਰ ਸਿੰਘ ਢੱਟ ਨੇ ਆਪਣੀ ਅਮਰੀਕਾ ਫੇਰੀ ਦੇ ਵਲਵਲੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਡਾ। ਇੰਦਰਜੀਤ ਸਿੰਘ ਚਾਹਲ ਨੇ ਬੇਏਰੀਏ ਤੋਂ ਸਮਾਗਮ ਵਿੱਚ ਸ਼ਿਰਕਤ ਕਰਕੇ ਪ੍ਰੋਗ੍ਰਾਮ ਨੂੰ ਹੋਰ ਵੀ ਚਾਰ ਚੰਨ ਲਾਏ। ਇਸ ਸਮਾਗਮ ਵਿੱਚ ਫਰਿਜਨੋ ਏਰੀਏ ਦੀ ਕ੍ਰੀਮ ਪਹੁੰਚੀ ਹੋਈ ਸੀ। ਅਖੀਰ ਰਾਤਰੀ ਦੇ ਸੁਆਦਇਸ਼ਟ ਖਾਣੇ ਮਗਰੋਂ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿੱਬੜਿਆ।


# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਫਾਊਲਰ ਵਿਖੇ "24 ਵਾਂ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ" ਲੱਗਿਆ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ / ਨੀਟਾ ਮਾਛੀਕੇ):** ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦਾ ਮਾਣ, ਤੂੰਬੀ ਦੇ ਬਾਦਸ਼ਾਹ ਮਰਹੂਮ ਕਲਾਕਾਰ ਉਸਤਾਦ ਲਾਲ ਚੰਦ ਯਮਲਾ ਜੱਟ ਦਾ 24 ਵਾਂ ਯਾਦਗਾਰੀ ਮੇਲਾ ਕੈਲੇਫੋਰਨੀਆਂ ਦੇ ਸ਼ਹਿਰ ਫਾਊਲਰ ਵਿਖੇ ਲਾਇਆ ਗਿਆ। ਜਿਸ ਦੀ ਸੁਰੂਆਤ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਜਸਵੰਤ ਸਿੰਘ ਮਹਿੰਮੀ ਨੇ ਕੀਤੀ। ਇਸ ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ਉੱਪਰ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਰ ਪਾਉਣ ਦੀ ਰਸਮ ਕੀਤੀ ਗਈ।

ਇਸ ਸਮੇਂ ਵਿਸ਼ੇਸ਼ ਤੌਰ 'ਤੇ ਕਨੇਡਾ ਤੋਂ ਆਪਣੀ ਗਾਇਕੀ ਨੂੰ ਉਸਤਾਦ ਲਾਲ ਚੰਦ ਯਮਲਾ ਜੱਟ ਦੀਆਂ ਲੀਹਾਂ 'ਤੇ ਤੋਰਦੇ ਹੋਏ ਨੌਜਵਾਨ ਗਾਇਕ ਪਵਨਜੋਤ ਯਮਲਾ ਖੁੱਲੇ ਅਖਾੜੇ ਰਾਹੀਂ ਆਪਣੀ ਹਾਜ਼ਰੀ ਭਰੀ ਅਤੇ ਮੇਲੇ ਨੂੰ ਸਫਲ ਬਣਾਉਣ 'ਤੇ ਵਧਾਈ ਦਿੱਤੀ। ਉਸਤਾਦ ਲਾਲ ਚੰਦ ਯਮਲਾ ਜੱਟ ਕਮੇਟੀ ਵੱਲੋਂ ਪਵਨਜੋਤ ਯਮਲੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਹੋਰ ਬੁਲਾਰਿਆਂ ਵਿੱਚ ਪਾਲ ਸਹੋਤਾ, ਚਰਨਜੀਤ ਸਿੰਘ ਸਹੋਤਾ, ਨਾਜ਼ਰ ਸਿੰਘ ਕੂਨਰ, ਰਾਜਿੰਦਰ ਬਰਾੜ ਆਦਿਕ ਬਹੁਤ ਸਾਰੇ ਬੁਲਾਰਿਆਂ ਨੇ ਵਿਚਾਰਾ ਦੀ ਸਾਂਝ ਪਾਈ।

ਇਸ ਬਾਅਦ ਚਲੇ ਗਾਇਕੀ ਦੇ ਖੁੱਲ੍ਹੇ ਅਖਾੜੇ ਵਿੱਚ ਯਮਲਾ ਜੱਟ ਦੇ ਲਾਡਲੇ ਸ਼ਾਗਿਰਦ ਅਤੇ ਮੇਲਾ ਕਮੇਟੀ ਦੇ ਪ੍ਰੈਜ਼ੀਡੈਂਟ ਰਾਜਿੰਦਰ ਬਰਾੜ, ਉਰਫ ਰਾਜ ਬਰਾੜ ਯਮਲਾ ਨੇ ਸਭ ਨੂੰ ਜੀ ਆਇਆਂ ਕਹਿਣ ਉਪਰੰਤ ਆਪਣੀ ਗਾਇਕੀ ਰਾਹੀ ਖੂਬ ਰੰਗ ਬੰਨੇ। ਜਿਸ ਬਾਅਦ ਚੱਲੇ ਖੁੱਲੇ ਅਖਾੜੇ ਵਿੱਚ ਵਿਸ਼ੇਸ਼ ਤੌਰ 'ਤੇ ਕਨੇਡਾ ਤੋਂ ਪਹੁੰਚੇ ਯਮਲਾ ਜੀ ਨੂੰ ਆਪਣਾ ਅਦਰਸ ਮੰਨਣ ਵਾਲੇ ਗਾਇਕ ਪਵਨਜੋਤ ਯਮਲਾ ਨੇ ਆਪਣੀ ਤੂੰਬੀ ਵਾਲੀ ਗਾਇਕੀ ਵਾਲੇ ਅੰਦਾਜ਼ ਰਾਹੀ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਭ ਦੇ ਦਿਲਾਂ ਵਿੱਚ ਜ਼ਿੰਦਾ ਕਰ ਦਿੱਤਾ। ਇਉਂ ਜਾਪ ਰਿਹਾ ਸੀ ਕਿ ਉਹੀ ਆਵਾਜ਼ ਅਤੇ ਉਹੀ ਸਾਜ਼ ਵੱਜ ਰਹੇ ਜੋਣ। ਇਸੇ ਤਰਾਂ ਸਥਾਨਿਕ ਕੈਲੇਫੋਰਨੀਆਂ ਦੇ ਦਿਲਦਾਰ ਬ੍ਰਦਰਜ਼ ਗਰੁੱਪ ਦੇ ਗਾਇਕ ਅਵਤਾਰ ਗਰੇਵਾਲ, ਰਾਣੀ ਗਿੱਲ ਅਤੇ ਕਾਤਾਂ ਸਹੋਤਾ ਨੇ ਆਪਣੇ ਭੰਗੜੇ ਵਾਲੇ ਗੀਤਾਂ ਰਾਹੀ ਖੂਬ ਰੌਣਕਾਂ ਲਾਈਆਂ। ਹੋਰ ਪ੍ਰਮੁੱਖ ਗਾਇਕਾਂ ਹਰਬੰਸ ਸਿੰਘ, ਕਮਲਜੀਤ ਬੈਨੀਪਾਲ, ਮਹਿੰਦਰ ਸਿੰਘ ਰਾਜਪੂਤ, ਹਰਜੀਤ ਸਿੰਘ ਆਦਿਕ ਨੇ ਯਮਲਾ ਜੀ ਦੇ ਅਤੇ ਆਪਣੇ ਗੀਤਾਂ ਰਾਹੀ ਹਾਜ਼ਰੀ ਭਰਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ।



ਜਦ ਕਿ ਸਰੋਤਿਆਂ ਦੀ ਮੰਗ ਨੂੰ ਮੁੱਖ ਰੱਖਦੇ ਦੋਗਾਣਾ ਗਾਇਕ ਜੋੜੀਆਂ ਵਿੱਚ ਬੁਲੰਦ ਆਵਾਜ਼ ਅਤੇ ਸੁਰੀਲੇ ਗਾਇਕ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦਿਲ ਦੀ ਜੋੜੀ ਨੇ ਪੰਜਾਬੀ ਸੱਭਿਆਚਾਰ ਦੇ ਦੋਗਾਣਾ ਰੰਗ ਨੂੰ ਪੇਸ਼ ਕਰਦੇ ਹੋਏ ਆਪਣੀ ਨੋਕ-ਝੋਕ ਨਾਲ ਸਭ ਦਾ ਦਿਲ ਜਿੱਤਿਆ।

ਇਸ ਸਮੇਂ ਹੋਰ ਬੁਲਾਰਿਆਂ ਵਿੱਚ ਪਾਲ ਸਹੋਤਾ, ਚਰਨਜੀਤ ਸਿੰਘ ਸਹੋਤਾ, ਨਾਜ਼ਰ ਸਿੰਘ ਕੂਨਰ, ਰਾਜਿੰਦਰ ਬਰਾੜ ਅਤੇ ਚਰਨਜੀਤ ਸਿੰਘ ਬਾਠ ਆਦਿਕ ਬਹੁਤ ਸਾਰੇ ਹਾਜ਼ਰੀਨ ਨੇ ਵਿਚਾਰਾ ਦੀ ਸਾਂਝ ਪਾਈ। ਇਸੇ ਤਰਾਂ ਸਥਾਨਿਕ ਕਾਂਗਰਸਮੈਨ ਮਿਸਟਰ ਜਿਮ ਕਾਸਟਾਂ, ਨਿੱਕ ਸਹੋਤਾ, ਲੂਈਸ ਅਤੇ ਹੋਰ ਬਹੁਤ ਸਾਰੇ ਸਥਾਨਿਕ ਵੋਟਾਂ ਦੇ ਉਮੀਦਵਾਰਾਂ ਨੇ ਵੀ ਹਾਜ਼ਰੀ ਭਰਦੇ ਹੋਏ ਸਹਿਯੋਗ ਦੇਣ ਦੀ ਵਚਨਬੱਧਤਾਂ ਪ੍ਰਗਟਾਈ। ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਜਸਵੰਤ ਸਿੰਘ ਮਹਿੰਮੀ, ਕੁਲਵੰਤ ਉੱਭੀ ਧਾਲੀਆਂ ਅਤੇ ਜਗਤਾਰ ਗਿੱਲ ਨੇ ਯਮਲਾ ਜੀ ਦੇ ਜ਼ਿੰਦਗੀ ਦੇ ਪੱਖ ਸਾਂਝੇ ਕਰਦੇ ਹੋਏ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਹਾਜ਼ਰੀਨ ਲਈ ਚਾਹ-ਪਕੌੜੇ ਆਦਿਕ ਦੇ ਲੰਗਰ ਖੁੱਲ੍ਹੇ ਚੱਲੇ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗੀਤ ਨਰਿੰਦਰ ਬੱਗਾ, ਅਮਰੀਕ ਮੀਕਾ ਅਤੇ ਸੰਨੀ ਐਂਡ ਪਾਰਟੀ ਵੱਲੋਂ ਦਿੱਤਾ ਗਿਆ।

ਇਸ ਯਾਦਗਾਰੀ ਮੇਲੇ ਵਿੱਚ ਹਾਜ਼ਰ ਸਮੂੰਹ ਕਲਾਕਾਰਾਂ ਅਤੇ ਪ੍ਰਮੁਖ ਸਖਸੀਅਤਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਅੰਤ ਵਿੱਚ ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ ਉਰਫ ਰਾਜ ਬਰਾੜ ਯਮਲੇ ਨੇ ਸਭ ਹਾਜ਼ਰੀਨ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਅਤੇ ਗੀਤਕਾਰੀ ਨੂੰ ਸਿੱਜਦਾ ਕਰਦੇ ਹੋਏ, ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਮੇਲਾ ਯਾਦਗਾਰੀ ਹੋ ਨਿਬੜਿਆ।

# HDCA ਦੀ ਪੂਜਾ, ਸ਼ਿਨਾਵੀ ਅਤੇ ਨਿਰੰਕਾ ਪੰਜਾਬ ਅੰਡਰ-23 ਕ੍ਰਿਕਟ ਕੈਂਪ ਲਈ ਚੁਣੇ ਗਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੀਆਂ ਤਿੰਨ ਮਹਿਲਾ ਖਿਡਾਰਨਾਂ ਪੰਜਾਬ ਅੰਡਰ-23 ਕੈਂਪ ਲਈ ਚੁਣੀਆਂ ਗਈਆਂ ਹਨ। ਜਿਸ ਲਈ ਹਰ ਕੋਈ ਵਧਾਈ ਦਾ ਹੱਕਦਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਧਛਓ ਦੇ ਸਕੱਤਰ ਡਾ: ਰਮਨ ਘਈ ਨੇ ਦੱਸਿਆ ਕਿ ਕੈਂਪ ਲਈ ਪੂਜਾ, ਸ਼ਿਵਾਨੀ ਅਤੇ ਨਿਰੰਕਾ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਕੈਂਪ 13 ਅਕਤੂਬਰ ਤੋਂ 23 ਅਕਤੂਬਰ ਤੱਕ ਪਟਿਆਲਾ ਵਿਖੇ ਲਗਾਇਆ ਜਾ ਰਿਹਾ ਹੈ ਅਤੇ ਇਸ ਵਿੱਚ ਪੰਜਾਬ ਦੀ ਟੀਮ ਦੀ ਚੋਣ ਕੀਤੀ ਜਾਵੇਗੀ। ਖਿਡਾਰੀਆਂ ਦੀਆਂ ਪ੍ਰਾਪਤੀਆਂ 'ਤੇ ਐਚ।ਡੀ।ਸੀ।ਏ ਦੇ ਪ੍ਰਧਾਨ ਡਾ: ਦਲਜੀਤ ਖੇਲਾ ਨੇ ਕਿਹਾ ਕਿ ਕੈਂਪ 'ਚ ਮਹਿਲਾ ਕ੍ਰਿਕਟਰਾਂ ਦਾ ਚੁਣਿਆ ਜਾਣਾ ਮਾਣ ਵਾਲੀ ਗੱਲ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ



ਇਹ ਖਿਡਾਰਨਾਂ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਪੰਜਾਬ ਦੀ ਟੀਮ 'ਚ ਜ਼ਰੂਰ ਥਾਂ ਬਣਾਉਣਗੀਆਂ। ਸ਼ਾਨਦਾਰ ਖੇਡ ਹੁਨਰ। ਉਨ੍ਹਾਂ ਕਿਹਾ ਕਿ ਐਚਡੀਸੀਏ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਤੋਂ ਪਹਿਲਾਂ ਵੀ ਦੋ ਮਹਿਲਾ ਕ੍ਰਿਕਟਰਾਂ ਨੇ ਪੰਜਾਬ ਕੈਂਪ ਵਿੱਚ ਭਾਗ ਲੈ ਕੇ ਪੰਜਾਬ ਅੰਡਰ-19 ਟੀਮ ਵਿੱਚ ਥਾਂ ਬਣਾਈ ਸੀ ਅਤੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਟੀਮ ਨੂੰ ਅੱਗੇ ਲੈ ਜਾ ਰਹੀਆਂ ਹਨ। ਚੁਣੀਆਂ ਗਈਆਂ ਖਿਡਾਰਨਾਂ ਨੂੰ ਵਧਾਈ ਦਿੰਦਿਆਂ ਮਹਿਲਾ ਕੋਚ ਦਵਿੰਦਰ ਕਲਿਆਣ, ਜ਼ਿਲ੍ਹਾ ਟਰੇਨਰ ਕੁਲਦੀਪ ਧਾਮੀ, ਕੋਚ ਦਲਜੀਤ ਸਿੰਘ, ਕੋਚ ਦਲਜੀਤ ਧੀਮਾਨ, ਅਸ਼ੋਕ ਸ਼ਰਮਾ, ਮਦਨ ਲਾਲ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਪੂਜਾ, ਸ਼ਿਵਾਨੀ ਅਤੇ ਨਿਰੰਕਾ ਪੰਜਾਬ ਟੀਮ ਵਿੱਚ ਜ਼ਰੂਰ ਜਗ੍ਹਾ ਬਣਾਉਣਗੀਆਂ ਅਤੇ ਹੁਸ਼ਿਆਰਪੁਰ ਦੀ ਸ਼ਾਨ ਲਿਆਏਗਾ।



KB USED
AUTO SALES

8655 B Monterey Street Gilroy, CA 95020
Kashmiri Bhatia,
Dealer/Broker
408-848-2365
50% OFF WARRANTY
with Qualifying Car Purchase
IN HOUSE
FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kamaljit Kaur Bhatia & Kashmiri Bhatia
K&K AUTO REPAIR
and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR
on your next qualifying service
Car Care You Can Trust

# ਜਿਲ੍ਹਾ ਪਠਾਨਕੋਟ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਦਾਨਾ ਮੰਡੀਆਂ ਦਾ ਕੀਤਾ ਦੌਰਾ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਮੰਡੀਆਂ ਵਿੱਚ ਝੋਨੇ ਦੀ ਖਰੀਦ ਲਈ ਸਾਰੇ ਪ੍ਰਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਪੂਰੇ ਪੰਜਾਬ ਅੰਦਰ 1 ਅਕਤੂਬਰ ਤੋਂ ਝੋਨੇ ਦੀ ਖਰੀਦ ਦਾ ਕੰਮ ਸੁਰੂ ਕਰ ਲਿਆ ਗਿਆ ਹੈ ਜਿਲ੍ਹਾ ਪਠਾਨਕੋਟ ਅੰਦਰ ਵੀ ਮੰਡੀਆਂ ਵਿੱਚ ਝੋਨੇ ਦੀ ਖਰੀਦ ਦਾ ਕੰਮ ਨਿਰਵਿਗਨ ਚਲ ਰਿਹਾ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਜਿਲ੍ਹਾ ਪਠਾਨਕੋਟ ਦੀਆਂ ਵੱਖ ਵੱਖ ਮੰਡੀਆਂ ਦਾ ਦੋਰਾ ਕਰਨ ਮਗਰੋਂ ਕਾਨਵਾਂ ਦੀ ਦਾਨਾ ਮੰਡੀ ਵਿੱਚ ਜਾਣਕਾਰੀ ਦਿੰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ, ਗੁਰਿੰਦਰ ਸਿੰਘ ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਪਠਾਨਕੋਟ ਅਤੇ ਸੰਬੰਧਤ ਵਿਭਾਗਾਂ ਦੇ ਹੋਰ ਅਧਿਕਾਰੀ, ਵੱਖ ਵੱਖ ਮੰਡੀਆਂ ਤੋਂ ਆਢਤੀ ਵੀ ਹਾਜਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ



ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਅਸੀਂ ਖੂਸੀ ਮਹਿਸੂਸ ਕਰ ਰਹੇ ਹਾਂ ਪੰਜਾਬ ਦੀਆਂ ਸਾਰੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੋਂ ਪਹਿਲਾ ਹੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ 1 ਅਕਤੂਬਰ ਤੋਂ ਪੰਜਾਬ ਦੀਆਂ ਸਾਰੀਆਂ ਦਾਨਾ ਮੰਡੀਆਂ ਅੰਦਰ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ ਦੀਆਂ ਮੰਡੀਆਂ ਅੰਦਰ ਕੱਲ ਤੱਕ 4 ਲੱਖ 41 ਹਜਾਰ ਮੀਟਰਿਕ ਟਨ ਝੋਨਾ ਮੰਡੀਆਂ ਵਿੱਚ ਪਹੁੰਚਿਆ ਹੈ ਅਤੇ ਕਰੀਬ ਸਾਢੇ ਤਿੰਨ ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਕਰ ਲਈ ਗਈ ਹੈ ਇਸ ਦੇ ਨਾਲ ਹੀ 24 ਘੰਟਿਆਂ ਦੇ ਅੰਦਰ ਅੰਦਰ ਕਿਸਾਨਾਂ ਦੇ ਖਾਤਿਆ ਵਿੱਚ ਪੈਸੇ ਪੈ ਰਹੇ ਹਨ ਹੁਣ ਤੱਕ ਕਰੀਬ 334 ਕਰੋੜ ਰੁਪਏ ਰਾਸੀ ਦਾ ਭੁਗਤਾਨ ਕਿਸਾਨਾਂ ਨੂੰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਅੱਜ ਉਹ ਕਾਨਵਾਂ ਦੀ ਦਾਨਾ ਮੰਡੀ ਵਿੱਚ ਪਹੁੰਚੇ ਹਨ ਅਤੇ ਕਿਸਾਨਾਂ ਵਿੱਚ ਖੁਸੀ ਦੀ ਲਹਿਰ ਹੈ ਕਿਸਾਨਾਂ ਤੋਂ ਖਰੀਦ ਕੀਤੇ ਝੋਨੇ ਦੀ ਨਾਲੋ ਨਾਲ ਲਿਫਟਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਝੋਨਾਂ ਅਤੇ ਕਣਕ ਪੰਜਾਬ ਦੀ ਆਰਥਿਕਤਾ ਦਾ ਬਹੁਤ ਵੱਡਾ ਹਿੱਸਾ ਹਨ ਇਸ ਦੇ ਨਾਲ ਬਹੁਤ ਸਾਰੇ ਲੋਕ ਜੁੜੇ ਹਨ ਚਾਹੇ ਉਹ ਕਿਸਾਨ ਹੋਣ, ਮਿਲਰਜ ਹੋਣ,ਆਢਤੀ ਹੋਣ ਸਰਕਾਰ ਇਨ੍ਹਾ ਦੇ ਪੱਖ ਵਿੱਚ ਇਨ੍ਹਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਝੋਨੇ ਦਾ ਸੀਜਨ ਵਧੀਆ ਰਹੇ ਕੋਈ ਵੀ ਕਮੀ ਨਹੀਂ ਛੱਡੀ ਜਾਵੇਗੀ।

# ਵਿਧਾਇਕ ਜਿੰਪਾ ਨੇ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੀਆਂ 11 ਸਰਬਸੰਮਤੀ ਨਾਲ ਬਣੀਆਂ ਪੰਚਾਇਤਾਂ ਨੂੰ ਕੀਤਾ ਸਨਮਾਨਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਹੁਸ਼ਿਆਰ-ਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਵਿਧਾਨ ਸਭਾ ਹਲਕੇ ਦੀਆਂ 57 ਵਿੱਚੋਂ 11 ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਤੇ ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੀਆਂ ਪੰਚਾਇਤਾਂ ਨੇ ਰਾਜਨੀਤੀ ਤੋਂ ਉੱਪਰ ਉਠ ਕੇ ਜੋ ਇਕੱਠਾ ਫੈਸਲਾ ਕੀਤਾ ਹੈ, ਇਸ ਨਾਲ ਪਿੰਡਾਂ ਦੀ ਏਕਤਾ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਪੰਚਾਇਤਾਂ ਵੱਲੋਂ ਸਹਿਮਤੀ ਨਾਲ ਕੀਤਾ ਗਿਆ ਫੈਸਲਾ ਨਾ ਸਿਰਫ ਜਮਹੂਰੀ ਪ੍ਰਕਿਰਿਆ ਦਾ ਆਦਰਸ਼ ਨਮੂਨਾ ਹੈ, ਸਗੋਂ ਇਸ ਨਾਲ ਪੇਂਡੂ ਵਿਕਾਸ ਦੇ ਨਵੇਂ ਰਾਹ ਵੀ ਖੁੱਲਣਗੇ। ਬ੍ਰਹਮ ਸ਼ੰਕਰ ਜਿੰਪਾ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪੰਚਾਇਤਾਂ ਨੂੰ ਖ਼ਾਸ ਗ੍ਰਾਂਟ ਵਜੋਂ ਪੰਜ ਲੱਖ ਰੁਪਏ ਦੀ ਰਕਮ ਦਿੱਤੀ ਜਾਏਗੀ। ਇਹ ਰਕਮ ਪਿੰਡਾਂ ਦੇ ਸਟੇਡਿਅਮ, ਸਕੂਲ ਜਾਂ ਹਸਪਤਾਲ ਦੇ ਨਿਰਮਾਣ ਅਤੇ ਵਿਕਾਸ ਕਾਰਜਾਂ ਲਈ ਦਿੱਤੀ ਜਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਵਾਅਦੇ ਅਨੁਸਾਰ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ



ਹਰ ਸੰਭਵ ਆਰਥਿਕ ਮਦਦ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਪਿੰਡਾਂ ਦਾ ਪੂਰਨ ਵਿਕਾਸ ਯਕੀਨੀ ਬਣਾਇਆ ਜਾਵੇਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੀਆਂ ਪੰਚਾਇਤਾਂ ਦਾ ਇਹ ਕਦਮ ਪਿੰਡਾਂ ਦੀ ਏਕਤਾ ਅਤੇ ਸਦਭਾਵਨਾ ਨੂੰ ਵਧਾਵਾ ਦੇਵੇਗਾ।

ਪੰਚਾਇਤਾਂ ਵੱਲੋਂ ਸਰਬਸੰਮਤੀ ਨਾਲ ਕੀਤੇ ਗਈ ਚੋਣ ਇਹ ਦਰਸਾਉਂਦੀ ਹੈ ਕਿ ਪੇਂਡੂ ਸਮਾਜ ਨੇ ਵਿਕਾਸ ਲਈ ਇਕੱਠੇ ਹੋ ਕੇ ਕੰਮ ਕਰਨ ਦਾ ਮਨ ਬਣਾ ਲਿਆ ਹੈ। ਇਸ ਨਾਲ ਪਿੰਡਾਂ ਵਿੱਚ ਆਪਸੀ ਸਹਿਯੋਗ ਅਤੇ ਸਦਭਾਵਨਾ ਵੀ ਵਧੇਗੀ। ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਰਬਸੰਮਤੀ ਨਾਲ ਬਣੀਆਂ ਪੰਚਾਇਤਾਂ ਪੇਂਡੂ ਲੋਕਤੰਤਰ ਅਤੇ ਏਕਤਾ ਦੀ ਮਿਸਾਲ ਹਨ। ਇਹ ਪੰਚਾਇਤਾਂ ਪਿੰਡਾਂ ਦੇ ਵਿਕਾਸ ਦੇ ਨਾਲ-ਨਾਲ ਆਪਸੀ ਭਾਈਚਾਰੇ ਨੂੰ ਵੀ ਮਜ਼ਬੂਤ ਕਰਨਗੀਆਂ। ਪੰਜਾਬ ਸਰਕਾਰ ਇਨ੍ਹਾਂ ਪੰਚਾਇਤਾਂ ਦੇ ਯਤਨਾਂ ਨੂੰ ਸਫਲ ਬਣਾਉਣ ਲਈ ਹਰੇਕ ਸੰਭਵ ਮਦਦ ਪ੍ਰਦਾਨ ਕਰੇਗੀ। ਇਸ ਮੌਕੇ ਤੇ ਜਿਨ੍ਹਾਂ ਪੰਚਾਇਤਾਂ ਨੂੰ ਸਨਮਾਨਿਤ ਕੀਤਾ ਗਿਆ, ਉਨ੍ਹਾਂ ਵਿੱਚ ਧੀਰੋਵਾਲ ਦੀ ਸਰਪੰਚ ਬਲਵੀਰ ਕੌਰ, ਬਹਾਦਰਪੁਰ ਬਾਹੀਆਂ ਦੇ ਸਰਪੰਚ ਮੰਗੀ ਲਾਲ, ਬਿਲਾਸਪੁਰ ਦੇ ਸਰਪੰਚ ਸੁਰਜੀਤ ਸਿੰਘ, ਉਪਰਲੀਆਂ ਖੜਕਾਂ ਦੀ ਸਰਪੰਚ ਕੁਲਵਿੰਦਰ ਕੌਰ, ਜੇ।ਸੀ।ਟੀ। ਚੌਹਾਲ ਦੀ ਸਰਪੰਚ ਮਾਲਾ ਦੇਵੀ, ਬਸੀ ਹਸਤ ਖਾਂ ਦੇ ਸਰਪੰਚ ਅਮਰਜੀਤ ਸਿੰਘ, ਨਾਰੂ ਨੰਗਲ ਪਿੰਡ ਦੀ ਸਰਪੰਚ ਤਲਵਿੰਦਰ ਕੌਰ, ਬਸੀ ਜਮਾਲ ਖਾਂ ਦੇ ਸਰਪੰਚ ਜਸਪ੍ਰੀਤ ਸਿੰਘ, ਮੁਹੱਲਾ ਰਾਮਗੜ੍ਹ ਚੌਹਾਲ ਦੀ ਸਰਪੰਚ ਪੁਨਮ, ਸ਼੍ਰੀ ਗੁਰੂ ਰਵਿਦਾਸ ਨਗਰ ਆਦਮਵਾਲ ਦੀ ਸਰਪੰਚ ਕੁਲਵਿੰਦਰ ਕੌਰ, ਮੋਚਪੁਰ ਦੀ ਸਰਪੰਚ ਨਿਸ਼ਾ ਸ਼ਾਮਲ ਸਨ।

# ਪੰਜਾਬ ਅਤੇ ਕੇਂਦਰ ਸਰਕਾਰ ਖਿਲਾਫ ਜੋਰਦਾਰ ਕੀਤੀ ਨਾਅਰੇਬਾਜੀ, ਤਿੰਨ ਘੰਟੇ ਪ੍ਰਭਾਵਿਤ ਰਿਹਾ ਜੀ.ਟੀ. ਰੋਡ

**ਫਗਵਾੜਾ (ਬੀ. ਕੇ. ਰੱਤੂ)** ਭਾਰਤੀ ਕਿਸਾਨ ਯੂਨ-ਇਅਨ (ਦੋਆਬਾ) ਵਲੋਂ ਮੰਡੀਆਂ ਵਿੱਚ ਝੋਨੇ ਦੀ ਫਸਲ ਦੀ ਸਰਕਾਰੀ ਖਰੀਦ ਨਾ ਹੋਣ ਦੇ ਚਲਦਿਆਂ ਅੱਜ ਮੰਡੀ ਮਜ਼ਦੂਰ ਯੂਨੀਅਨ ਅਤੇ ਆੜਤੀ ਐਸੋਸੀਏਸ਼ਨ ਫਗਵਾੜਾ ਦੇ ਸ-ਹਯੋਗ ਨਾਲ ਗੰਨਾ ਮਿੱਲ ਚੌਂਕ ਫਗਵਾੜਾ ਵਿਖੇ ਤਿੰਨ ਘੰਟੇ ਹਾਈਵੇ ਜਾਮ ਕਰਕੇ ਧਰਨਾ ਲਗਾਇਆ। ਇਸ ਦੌਰਾਨ ਧਰਨਾਕਾਰੀਆਂ ਵਲੋਂ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ ਗਈ। ਕਿਸਾਨਾਂ ਦੇ ਧਰਨੇ ਨੂੰ ਸਮਰਥਨ ਦੇਣ ਲਈ ਕਾਂ-ਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵੀ ਸਾਥੀਆਂ ਸਮੇਤ ਹਾਜਰ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਕਿਸਾਨ ਜੱਥੇਬੰਦੀ ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ, ਕਿਰਪਾਲ ਸਿੰਘ ਮੂਸਾਪੁਰ, ਗੁਰਪਾਲ ਸਿੰਘ ਮੌਲੀ, ਗੁਰਚੇਤਨ ਸਿੰਘ ਤੱਖਰ ਤੋਂ ਇਲਾਵਾ ਆੜਤੀਆ ਐਸੋਸੀਏਸ਼ਨ ਦੇ ਜ਼ਿਲਾ ਪ੍ਰਧਾਨ ਨਰੇਸ਼ ਭਾਰਦਵਾਜ ਤੇ ਕੁਲਵੰਤ ਰਾਏ ਪੱਬੀ ਨੇ ਝੋਨੇ ਦੀ ਖਰੀਦ ਨਾ ਹੋਣ ਕਾਰਨ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਦੇ ਹੋਏ ਸਮੱਸਿਆ ਦੇ ਤੁਰੰਤ ਹੱਲ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ



ਮੰਡੀਆਂ ਵਿੱਚ ਝੋਨੇ ਦੀ ਤੁਰੰਤ ਸਰਕਾਰੀ ਖਰੀਦ, ਲਿ-ਫਟਿੰਗ ਅਤੇ ਪੰਜਾਬ ਦੇ ਗੁਦਾਮਾਂ ਵਿੱਚੋਂ ਚੌਲਾਂ ਦੀ ਲਿ-ਫਟਿੰਗ ਲਈ ਸਪੈਸ਼ਲ ਟਰੇਨਾਂ ਜਲਦ ਚਲਾਉਣ ਅਤੇ ਕਿਸਾਨਾਂ ਨੂੰ ਡੀ।ਏ।ਪੀ। ਖਾਦ ਦੀ ਘਾਟ ਦੀ ਸਮੱਸਿਆ ਨੂੰ ਤੁਰੰਤ ਹੱਲ ਕਰਨ ਦੀ ਮੰਗ ਵੀ ਕੀਤੀ। ਰੋਸ ਧਰਨੇ ਵਿੱਚ ਬਲਜੀਤ ਸਿੰਘ ਹਰਦਾਸਪੁਰ ਮਨਜੀਤ ਸਿੰਘ ਲੱਲੀ ਸ਼ਰਨਜੀਤ ਸਿੰਘ ਅਠੌਲੀ ਜਸਵਿੰਦਰ ਸਿੰਘ ਘੁੰਮਣ ਤੇਜਸਵੀ ਭਾਰਤਵਾਜ਼ ਗਜਾ ਨੰਦ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਰੀਵਾਲ ਰਣਜੀਤ ਸਿੰਘ ਰਾਣਾ ਅਕਾਲੀ ਆਗੂ ਰਜਿੰਦਰ ਸਿੰਘ ਚੰਦੀ, ਸੰਤੋਖ ਸਿੰਘ ਲੱਖਪੁਰ, ਸਰੂਪ ਸਿੰਘ ਖਲਵਾੜਾ ਬੋਬੀ ਠੱਕਰਕੀ ਜਸਵੰਤ ਸਿੰਘ ਜਗਪਾਲਪੁਰ ਕੁਲਦੀਪ ਸਿੰਘ ਰਾਏਪੁਰ ਗੁਰ-ਚੇਤਨ ਸਿੰਘ ਤੱਖਰ ਸਟੇਜ ਸਕੱਤਰ ਤਰਸੇਮ ਸਿੰਘ ਢਿੱਲੋਂ ਦਵਿੰਦਰ ਸਿੰਘ ਸੰਧਵਾਂ ਹਰਭਜਨ ਸਿੰਘ ਬਾਜਵਾ ਮੱਖਣ ਸਿੰਘ ਟੋਡਰਪੁਰ ਮੇਜਰ ਸਿੰਘ ਕੁਲਥਮ ਬਲਜਿੰਦਰ ਸਿੰਘ ਚੱਕ ਮੁੰਡੇਰ ਜ਼ਿਲ੍ਹਾ ਪ੍ਰਧਾਨ ਨਵਾਂ ਸ਼ਹਿਰ ਰਣਵਿੰਦਰ ਸਿੰਘ ਫਰਾਲਾ ਹਰਜੀਤ ਸਿੰਘ ਰਾਣੂ ਰਸ਼ਪਾਲ ਸਿੰਘ ਸ਼ਾਦੀਪੁਰ ਕੇਵਲ ਸਿੰਘ ਤਲਵਣ ਕੁਲਦੀਪ ਸਿੰਘ ਆਹਲੂਵਾਲ ਚਰਨਪ੍ਰੀਤ ਸਿੰਘ ਫਲੋਰ ਕੁਲਵਿੰਦਰ ਸਿੰਘ ਕਾਲਾ ਸਰਪੰਚ ਅਠੌਲੀ ਮੇਜਰ ਸਿੰਘ ਸੈਲਰ ਐਸੋਸੀਏਸ਼ਨ ਫਗਵਾੜਾ ਪ੍ਰਧਾਨ ਰਵੀ ਦੁਆ, ਮਾਸਟਰ ਹਰਭਜਨ ਸਿੰਘ ਸਾਬਕਾ ਸਰਪੰਚ ਭੁੱਲਾਰਾਈ, ਤਰਸੇਮ ਸਿੰਘ, ਦਵਿੰਦਰ ਸਿੰਘ ਸੰਧਵਾ, ਬਲਜਿੰਦਰ ਸਿੰਘ, ਮਨਜੀਤ ਸਿੰਘ ਲੱਲੀ, ਚਰਨਜੀਤ ਸਿੰਘ ਅਠੌਲੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ, ਔਰਤਾਂ, ਮੰਡੀ ਮਜ਼ਦੂਰ ਸ਼ਾਮਲ ਹੋਏ।

# ਇਕਸ਼ਾ ਬਣੀ ਸਰਬ ਸੰਮਤੀ ਨਾਲ ਪਿੰਡ ਲੱਖਪੁਰ ਦੇ ਵਾਰਡ ਨੰਬਰ ਇੱਕ ਤੋਂ ਪੰਚਾਇਤ ਮੈਂਬਰ

**ਫਗਵਾੜਾ (ਬੀ.ਕੇ. ਰੱਤੂ)** ਪਿੰਡ ਲੱਖਪੁਰ ਵਿਖੇ ਵਾਰਡ ਨੰਬਰ 1 ਦੇ ਵਸਨੀਕਾਂ ਨੇ ਇਕਜੁਟਤਾ ਦਾ ਸਬੂਤ ਦਿੰਦਿਆਂ ਇਕਸ਼ਾ ਪਤਨੀ ਕੁਲਵੰਤ ਲੱਖਪੁਰ ਨੂੰ ਸਰਬ ਸੰਮਤੀ ਨਾਲ ਮੈਂਬਰ ਪੰਚਾਇਤ ਚੁਣਿਆ ਹੈ। ਇਸ ਦੌਰਾਨ ਸਮੂਹ ਵਾਰਡ ਵਾਸੀਆਂ ਦਾ ਧੰਨਵਾਦ ਕਰਦਿਆਂ ਨਵਨਿਯੁਕਤ ਮੈਂਬਰ ਪੰ-ਚਾਇਤ ਇਕਸ਼ਾ ਨੇ ਕਿਹਾ ਕਿ ਵਾਰਡ ਦਾ ਸਮੁੱਚਾ ਵਿਕਾਸ ਕਰਵਾਉਣ ਦਾ ਹਰ ਸੰਭਵ ਯਤਨ ਕਰਨਗੇ ਅਤੇ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਸਾ-ਰਿਆਂ ਦੀ ਸਹਿਮਤੀ ਨਾਲ



ਪਹਿਲ ਦੇ ਅਧਾਰ ਤੇ ਪੂਰਾ ਕਰਵਾਇਆ ਜਾਵੇਗਾ। ਵਾਰਡ ਦੇ ਵਸਨੀਕਾਂ ਨੇ ਦੱਸਿਆ ਕਿ ਇਕਸ਼ਾ ਦੇ ਪਤੀ ਕੁਲਵੰਤ ਲੱਖਪੁਰ ਦਾ ਪਰਿਵਾਰ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਹਮੇਸ਼ਾ ਸਰਗਰਮ ਰਹਿੰਦਾ ਹੈ ਅਤੇ ਇਹਨਾਂ ਵਲੋਂ ਲੋੜਵੰਦਾਂ ਦੀ ਹਰ ਸੰਭਵ ਮੱਦਦ ਕੀਤੀ ਜਾਂਦੀ ਹੈ। ਜਿਸ ਕਰਕੇ ਉਹਨਾਂ ਨੇ ਸਰਬ ਸੰਮਤੀ ਨਾਲ ਇਕਸ਼ਾ ਨੂੰ ਪੰ-ਚਾਇਤ ਮੈਂਬਰ ਚੁਣਿਆ ਹੈ। ਉਹਨਾਂ ਭਰੋਸਾ ਜਤਾਇਆ ਕਿ ਆਪਣੀ ਸੂਝਬੂਝ ਦੇ ਨਾਲ ਇਕਸ਼ਾ ਵਲੋਂ ਵਾਰਡ ਦਾ ਸਮੁੱਚਾ ਵਿਕਾਸ ਕਰਵਾਇਆ ਜਾਵੇਗਾ। ਇਕਸ਼ਾ ਦੇ ਪਤੀ ਕੁਲਵੰਤ ਲੱਖਪੁਰ ਨੇ ਵੀ ਸਮੂਹ ਵਾਰਡ ਵਾਸੀਆਂ ਦਾ ਇਕਸ਼ਾ ਨੂੰ ਮੈਂਬਰ ਪੰਚਾਇਤ ਚੁਣਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਵੱਖ-ਵੱਖ ਖੇਤਰਾਂ 'ਚ ਨਾਮ ਚਮਕਾਉਣ ਵਾਲੇ ਵਿਦਿਆਰਥੀ ਕੀਤੇ ਸਨਮਾਨਿਤ



**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)**– ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸਮਾਜਿਕ ਸਾਂਝ ਸੰਸਥਾ ਬੰਗਾ ਵੱਲੋਂ ਅਕਾਦਮਿਕ, ਕਲਾ ਤੇ ਸੱਭਿਆਚਾਰ, ਖੇਡਾਂ, ਐਨ ਸੀ ਸੀ ਅਤੇ ਐਨ ਐਸ ਐਸ ਆਦਿ ਖੇਤਰਾਂ 'ਚ ਮੱਲਾਂ ਮਾਰਨ ਵਾਲੇਵਿਦਿਆਰਥੀਆਂ ਦਾ ਮਾਣ-ਸਨਮਾਨ ਕੀਤਾ ਗਿਆ। ਸਨਮਾਨ ਦੀ ਇਹ ਰਸਮ ਮੁੱਖ ਮਹਿਮਾਨ ਡਾ। ਬਖਸ਼ੀਸ਼ ਸਿੰਘ (ਕਰਨ ਹਸਪਤਾਲ ਬੰਗਾ) ਨੇ ਨਿਭਾਈ। ਪ੍ਰਿੰਸੀਪਲ ਡਾ। ਤਰਸੇਮ ਸਿੰਘ ਭਿੰਡਰ ਜੀ ਨੇ ਮੁੱਖ ਮਹਿਮਾਨ ਡਾ। ਬਖਸ਼ੀਸ਼ ਸਿੰਘ, ਸੰਸਥਾ ਦੇ ਪ੍ਰਬੰਧਕ ਸੁਰਜੀਤ ਮਜਾਰੀ ਤੇ ਅਮਰਜੀਤ ਸਿੰਘ ਜੀਂਦੋਵਾਲ ਤੇ ਬਾਕੀ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਤੇ ਸਨਮਾਨਿਤ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

# ਅੰਤਰਰਾਸ਼ਟਰੀ ਬਾਲੜੀ ਦਿਵਸ ਮੁਹਿੰਮ ਸਬੰਧੀ ਕਰਵਾਇਆ ਜਾਗਰੂਕਤਾ ਸਮਾਗਮ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹਾ ਪ੍ਰੋਗਰਾਮ ਅਫਸਰ, ਸ਼ਹੀਦ ਭਗਤ ਸਿੰਘ ਨਗਰ ਜਗਰੂਪ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਸਰਕਾਰ ਵੱਲੋਂ ਚਲਾਈ ਜਾ ਰਹੀ 'ਅੰਤਰਰਾਸ਼ਟਰੀ ਬਾਲੜੀ ਦਿਵਸ ਮੁਹਿੰਮ 2024' ਤਹਿਤ ਸਕੂਲ ਆਫ਼ ਐਮੀਨੈਂਸ ਨਵਾਂਸ਼ਹਿਰ ਵਿਖੇ 'ਬੇਟੀ ਬਚਾ ਬੇਟੀ ਪੜ੍ਹਾ ' ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਬਾਲੜੀਆਂ ਨੂੰ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ। ਵਿਭਾਗ ਵੱਲੋਂ ਸੁੱਝਿਆ ਠਾਕੁਰ (ਜ਼ਿਲ੍ਹਾ ਕੁਆਰਡੀਨੇਟਰ ) ਨੇ ਬੱਚੀਆਂ ਅਤੇ ਸਟਾਫ ਨੂੰ ਮਿਸ਼ਨ ਸ਼ਕਤੀ ਤਹਿਤ ਬੇਟੀ ਬਚਾ , ਬੇਟੀ ਪੜ੍ਹਾ



ਸਕੀਮ ਬਾਰੇ ਜਾਣੂ ਕਰਵਾਇਆ। ਇਸੇ ਤਰ੍ਹਾਂ ਹਿਮਸ਼ਿਖਾ (ਸਖੀ ਵਨ ਸਟਾਪ ਸੈਂਟਰ ਇੰਚਾਰਜ) ਨੇ ਸਖੀ ਵਨ ਸਟਾਪ ਸੈਂਟਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੱਚੀਆਂ ਅਤੇ ਔਰਤਾਂ ਕਿਸ ਤਰ੍ਹਾਂ ਇਸ ਸਕੀਮ ਦਾ ਲਾਭ ਲੈ ਸਕਦੀਆਂ । ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਰਜਿੰਦਰ ਕੌਰ (ਬਾਲ ਸੁਰੱਖਿਆ ਅਫਸਰ) ਵੱਲੋਂ ਬੱਚਿਆਂ ਸਬੰਧੀ ਸਕੀਮਾਂ ਬਾਰੇ ਦੱਸਿਆ ਗਿਆ ਅਤੇ ਸਕੀਮਾਂ ਦਾ ਲਾਭ ਕਿਸ ਤਰ੍ਹਾਂ ਲਿਆ ਜਾ ਸਕਦਾ ਹੈ, ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸਰਬਜੀਤ ਸਿੰਘ ਅਤੇ ਸਟਾਫ਼ ਤੋਂ ਇਲਾਵਾ 350 ਬੱਚਿਆਂ ਵੱਲੋਂ ਭਾਗ ਲਿਆ ਗਿਆ।

# ਭਗਵਾਨ ਵਾਲਮੀਕਿ ਜੈਯੰਤੀ ਨੂੰ ਸਮਰਪਿਤ ਸ਼ੋਭਾ ਯਾਤਰਾ ਮੌਕੇ ਪ੍ਰਬੰਧਾਂ ਸਬੰਧੀ ਮੀਟਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਭਗਵਾਨ ਵਾਲਮੀਕਿ ਜੈਯੰਤੀ ਨੂੰ ਸਮਰਪਿਤ 16 ਅਕਤੂਬਰ ਨੂੰ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਦੌਰਾਨ ਲੋੜੀਂਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ ਅੱਜ ਇਥੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਦੀ ਪ੍ਰਧਾਨਗੀ ਹੇਠ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਸ਼ੋਭਾ ਯਾਤਰਾ ਦੇ ਰੂਟ 'ਤੇ ਲੋੜੀਂਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ।



ਇਸ ਮੌਕੇ ਸ਼ੋਭਾ ਯਾਤਰਾ ਦੇ ਵੱਖ-ਵੱਖ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਸਾਫ਼-ਸਫ਼ਾਈ, ਪਾਣੀ ਦਾ ਛਿੜਕਾਅ, ਪੀਣ ਵਾਲੇ ਪਾਣੀ, ਚੌਕਾਂ ਦੀ ਸਜਾਵਟ, ਸੁਰੱਖਿਆ, ਨਿਰਵਿਘਨ ਆਵਾਜਾਈ, ਨਿਰਵਿਘਨ ਬਿਜਲੀ ਸਪਲਾਈ, ਮੈਡੀਕਲ ਟੀਮਾਂ, ਫਾਇਰ ਟੈਂਡਰ ਆਦਿ ਦੇ ਪ੍ਰਬੰਧ ਸ਼ਾਮਲ ਹਨ।

ਮੀਟਿੰਗ ਦੌਰਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵਧੀਕ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ 16 ਅਕਤੂਬਰ ਨੂੰ ਸ਼ਹੀਦ ਊਧਮ ਸਿੰਘ ਪਾਰਕ ਤੋਂ ਸ਼ੋਭਾ ਯਾਤਰਾ, ਬੱਸ ਸਟੈਂਡ ਚੌਕ, ਭਗਵਾਨ ਵਾਲਮੀਕਿ ਚੌਕ ਤੋਂ ਨਰਾਇਣ ਬੇਕਰੀ ਮੋੜ ਤੋਂ ਗਊਸ਼ਾਲਾ ਬਾਜ਼ਾਰ, ਅਫਗਾਨ ਰੋਡ, ਕਣਕ ਮੰਡੀ, ਕਸ਼ਮੀਰੀ ਬਜ਼ਾਰ ਤੋਂ ਹੁੰਦੀ ਹੋਈ ਘੰਟਾ ਘਰ ਚੌਕ ਵਿਖੇ ਸਮਾਪਤ ਹੋਵੇਗੀ। ਵਧੀਕ ਡਿਪਟੀ ਕਮਿਸ਼ਨਰ ਨੇ ਨਿਗਮ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਦੌਰਾਨ ਸੁਚਾਰੂ ਪ੍ਰਬੰਧਾਂ ਸਬੰਧੀ ਜ਼ਰੂਰੀ ਨਿਰਦੇਸ਼ ਦਿੱਤੇ ਅਤੇ ਦੱਸਿਆ ਕਿ ਪੁਲਿਸ ਵੱਲੋਂ ਟ੍ਰੈਫਿਕ ਕੰਟਰੋਲ ਲਈ ਰੂਟ ਡਾਇਵਰਸ਼ਨ ਕੀਤਾ ਜਾਵੇਗਾ, ਤਾਂ ਜੋ ਸ਼ੋਭਾ ਯਾਤਰਾ ਦੇ ਰੂਟ 'ਤੇ ਟ੍ਰੈਫਿਕ ਜਾਮ ਨਾ ਹੋਵੇ।ਐਸ।ਪੀ ਸਰਬਜੀਤ ਸਿੰਘ ਬਾਹੀਆ ਨੇ ਦੱਸਿਆ ਕਿ ਸ਼ੋਭਾ ਯਾਤਰਾ ਦੌਰਾਨ ਆਵਾਜਾਈ ਦੇ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਟ੍ਰੈਫਿਕ ਰੂਟਾਂ ਦੇ ਬਦਲਵੇਂ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਵਲੰਟੀਅਰਾਂ ਦੇ ਸਹਿਯੋਗ ਨਾਲ ਸ਼ੋਭਾ ਯਾਤਰਾ ਦੇ ਸੁਚਾਰੂ ਪ੍ਰਬੰਧ ਕੀਤੇ ਜਾਣਗੇ। ਇਸ ਮੌਕੇ ਡੀ।ਐਸ।ਪੀ ਆਤਿਸ਼ ਭਾਟੀਆ, ਸੰਯੁਕਤ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ, ਐਕਸੀਅਨ ਨਗਰ ਨਿਗਮ ਕੁਲਦੀਪ ਸਿੰਘ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਤੋਂ ਦਰਸ਼ਨ ਲਾਲ, ਕਮਲ ਭੱਟੀ, ਤਰਸੇਮ ਲਾਲ, ਚੰਦਨ ਹੈਰੀ, ਕ੍ਰਿਸ਼ਨ ਲਾਲ, ਰਿਸ਼ੂ ਆਦੀਆ, ਮਨੀ ਫਰਵਾਹਾ , ਵਿਕਾਸ ਹੰਸ, ਵਿਨੋਦ ਹੰਸ, ਗੱਬਰ, ਜਤਿੰਦਰ ਕੁਮਾਰ, ਰਵੀ ਕੁਮਾਰ, ਰਮੇਸ਼ ਹੰਸ, ਗੋਲਡੀ, ਜੈਪਾਲ ਹੰਸ, ਜਤਿੰਦਰ ਕੁਮਾਰ, ਅਸ਼ਵਨੀ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# 'ਬਿੱਲ ਲਿਆਓ, ਇਨਾਮ ਪਾਓ' ਸਕੀਮ ਦਾ ਲਾਭ ਉਠਾਉਣ ਲੋਕ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਜ਼ਿਲ੍ਹਾ ਵਾਸੀਆਂ ਨੂੰ ਕਰ ਵਿਭਾਗ ਵੱਲੋਂ 'ਮੇਰਾ ਬਿੱਲ' ਐਪ ਰਾਹੀਂ ਚਲਾਈ ਜਾ ਰਹੀ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨਾਗਰਿਕ ਖਰੀਦੀਆਂ ਵਸਤਾਂ ਤੇ ਸੇਵਾਵਾਂ ਦਾ ਬਿੱਲ ਜ਼ਰੂਰ ਹਾਸਲ ਕਰਕੇ ਇਸ ਨੂੰ 'ਬਿੱਲ ਲਿਆਓ, ਇਨਾਮ ਪਾਓ' ਸਕੀਮ



ਤਹਿਤ ਹਰ ਮਹੀਨੇ 29 ਲੱਖ ਰੁਪਏ ਤੱਕ ਦੇ 290 ਇਨਾਮ ਜਿੱਤ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਈ ਵੀ ਸਾਮਾਂਨ ਖ਼ਰੀਦਣ ਮੌਕੇ ਡੀਲਰ ਕੋਲੋਂ ਇਸ ਦਾ ਬਿੱਲ ਜ਼ਰੂਰ ਲੈਣ ਤੇ ਇਸ ਬਿਲ ਨੂੰ ਬਿੱਲ ਲਿਆਓ, ਇਨਾਮ ਪਾਓ ਸਕੀਮ ਤਹਿਤ ਚਲਾਈ ਜਾ ਰਹੀ ਮੋਬਾਈਲ ਐਪ ਮੇਰਾ ਬਿੱਲ ਨਾਲ ਆਪਣੀ ਰਜਿਸਟ੍ਰੇਸ਼ਨ ਕਰਵਾ ਕੇ ਅਪਲੋਡ ਕਰਨ। ਇਨ੍ਹਾਂ ਅਪਲੋਡ ਕੀਤੇ ਗਏ ਬਿੱਲਾਂ ਵਿਚੋਂ ਹਰ ਮਹੀਨੇ ਡਰਾਅ ਕੱਢਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਦਾ ਮੁੱਖ ਉਦੇਸ਼ ਨਾਗਰਿਕਾਂ ਵਿਚ ਟੈਕਸ ਕਾਨੂੰਨਾਂ ਬਾਰੇ ਜਾਗਰੂਕਤਾ ਫੈਲਾਉਣਾ, ਟੈਕਸ ਨਿਯਮਾਂ ਦੀ ਪਾਲਣਾ ਕਰਨਾ, ਖਪਤਕਾਰਾਂ ਨੂੰ ਡੀਲਰਾਂ ਤੋਂ ਬਿੱਲ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨਾ ਤੇ ਡੀਲਰਾਂ ਨੂੰ ਖ਼ਪਤਕਾਰਾਂ ਨੂੰ ਬਿੱਲ ਜਾਰੀ ਕਰਨ ਲਈ ਉਤਸ਼ਾਹਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪੈਟਰੋਲ, ਡੀਜ਼ਲ, ਕੱਚਾ ਤੇਲ, ਹਵਾਬਾਜ਼ੀ, ਟਰਬਾਈਨ ਤੇਲ ਅਤੇ ਸ਼ਰਾਬ ਦੇ ਵਿਕਰੀ ਬਿੱਲਾਂ ਨੂੰ ਇਸ ਮੇਰਾ ਬਿਲ ਐਪ ਉਪਰ ਅਪਲੋਡ ਨਹੀਂ ਕੀਤਾ ਜਾ ਸਕੇਗਾ ਜਦੋਂ ਕਿ ਖ਼ਪਤਕਾਰ ਹੋਰ ਕਿਸੇ ਵੀ ਵਸਤੂ ਦੇ 200 ਰੁਪਏ ਦੇ ਮੁੱਲ ਤੋਂ ਉਪਰਲੇ ਬਿੱਲਾਂ ਨੂੰ ਅਪਲੋਡ ਕਰ ਸਕਣਗੇ। ਉਨ੍ਹਾਂ ਕਿਹਾ ਕਿ ਹਰ ਮਹੀਨੇ ਰਾਜ ਪੱਧਰ ਉਤੇ 290 ਇਨਾਮ ਕੱਢੇ ਜਾਣਗੇ ਅਤੇ ਹਰ ਜ਼ਿਲ੍ਹੇ ਵਿਚ 10 ਇਨਾਮ ਦਿੱਤੇ ਜਾਣਗੇ ਅਤੇ ਇਹ ਇਨਾਮ ਜ਼ਿਲ੍ਹਾ ਪੱਧਰ 'ਤੇ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਉਪਭੋਗਤਾ ਰਿਟੇਲ ਬਿੱਲ ਦੇ ਵੇਰਵੇ ਮੇਰਾ ਬਿੱਲ ਐਪ 'ਤੇ ਅੱਪਲੋਡ ਕਰਨ ਸਮੇਂ ਡੀਲਰ ਦਾ ਜੀ।ਐਸ।ਟੀ। ਆਈ।ਐਨ, ਡੀਲਰ ਦਾ ਪਤਾ, ਬਿੱਲ ਨੰਬਰ ਤੇ ਬਿੱਲ ਰਕਮ ਜਮ੍ਹਾ ਕਰੇਗਾ ਤੇ ਬਿੱਲ ਨੂੰ ਮਹੀਨੇ ਦੀ ਆਖ਼ਰੀ ਮਿਤੀ ਤੋਂ ਪਹਿਲਾਂ ਅਪਲੋਡ ਕਰਨਾ ਜ਼ਰੂਰੀ ਹੈ, ਜਿਸ ਮਹੀਨੇ ਵਿਚ ਖ਼ਰੀਦ ਕੀਤੀ ਗਈ ਹੈ। ਇਕ ਵਿਅਕਤੀ ਇਕ ਮਹੀਨੇ ਦੇ ਦੌਰਾਨ ਸਿਰਫ਼ ਇਕ ਇਨਾਮ ਲਈ ਯੋਗ ਹੋਵੇਗਾ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪੌਸ਼ਟਿਕ ਮਠਿਆਈਆਂ ਤਿਆਰ ਕਰਨ ਸਬੰਧੀ ਕਿੱਤਾ ਮੁਖੀ ਸਿਖਲਾਈ ਕੋਰਸ


**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਭਾਰਤੀ ਖੇਤੀ ਖੋਜ ਸੰਸਥਾ, ਨਵੀਂ ਦਿੱਲੀ ਦੇ ਅਧੀਨ ਕਾਰਜਸ਼ੀਲ ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਡਾ. ਪ੍ਰਦੀਪ ਕੁਮਾਰ, ਉਪ ਨਿਰਦੇਸ਼ਕ (ਸਿਖਲਾਈ) ਦੀ ਅਗਵਾਈ ਹੇਠ 'ਤਿਉਹਾਰਾਂ ਲਈ ਪੌਸ਼ਟਿਕ ਮਠਿਆਈਆਂ ਤਿਆਰ ਕਰਨ' ਸਬੰਧੀ ਕੇ. ਵੀ। ਕੇ ਵਿਖੇਂ ਪੰਜ ਦਿਨਾ ਕਿੱਤਾ ਮੁਖੀ ਸਿਖਲਾਈ ਕੋਰਸ ਦਾ ਆਯੋਜਨ ਕੀਤਾ ਗਿਆ।ਇਸ ਸਿਖਲਾਈ ਵਿਚ 20 ਸਿਖਿਆਰਥੀਆਂ ਨੇ ਭਾਗ ਲਿਆ। ਡਾ. ਰਜਿੰਦਰ ਕੌਰ ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਸਿਖਿਆਰਥੀਆਂ ਨੂੰ ਘਰੇਲੂ ਪੱਧਰ 'ਤੇ ਤਿਉਹਾਰਾਂ ਲਈ ਪੌਸ਼ਟਿਕ ਮਠਿਆਈਆਂ ਤਿਆਰ ਕਰਨ ਬਾਰੇ ਸਿਖਲਾਈ ਦਿੱਤੀ ਗਈ। ਇਸ ਸਿਖਲਾਈ ਦੌਰਾਨ ਸਿਖਿਆਰਥੀਆਂ ਨੂੰ 11 ਤਰ੍ਹਾਂ ਦੀਆਂ ਮਠਿਆਈਆਂ ਤਿਆਰ ਕਰਨਾ ਸਿਖਾਇਆ ਗਿਆ, ਜਿਵੇਂ ਕਿ ਬੇਸਣ ਦੀ ਬਰਫ਼ੀ, ਤਿਲਾਂ ਦੀ ਬਰਫ਼ੀ ਮਿਲਕ ਕੇਕ, ਰਸ-ਮਲਾਈ, ਗੁਲਾਬ-ਜਾਮਨ, ਨਾਰੀਅਲ ਦੇ ਲੱਡੂ,



ਜਲੇਬੀ, ਬਾਲੂ-ਸ਼ਾਹੀ, ਮੱਠੀ, ਸਪੰਜ ਅਤੇ ਸੁੱਕੇ ਮੇਵਿਆਂ ਵਾਲਾ ਕੇਕ। ਡਾ। ਰਜਿੰਦਰ ਕੌਰ ਨੇ ਸਿਖਿਆਰਥੀਆਂ ਨੂੰ ਮਠਿਆਈਆਂ ਨੂੰ ਘਰੇਲੂ ਅਤੇ ਬਾਅਦ ਵਿਚ ਵਪਾਰਕ ਪੱਧਰ 'ਤੇ ਇਸ ਸਿਖਲਾਈ ਨੂੰ ਕਿਵੇਂ ਲਾਹੇਵੰਦ ਬਣਾਇਆ ਜਾਵੇ, ਬਾਰੇ ਵੀ ਜਾਗਰੂਕ ਕੀਤਾ। ਇਸ ਪੰਜ ਦਿਨਾ ਸਿਖਲਾਈ ਦੌਰਾਨ ਪੌਸ਼ਟਿਕ ਆਹਾਰ ਅਤੇ ਤਿਆਰ ਉਤਪਾਦਾਂ ਦੀ ਗੁਣਵੱਤਾ ਵਧਾਉਣ ਬਾਰੇ ਦੱਸਿਆ ਗਿਆ। ਇਸੇ ਲੜੀ ਦੌਰਾਨ ਡਾ। ਪ੍ਰਦੀਪ ਕੁਮਾਰ ਉਪ ਨਿਰਦੇਸ਼ਕ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਸਿਖਿਆਰਥੀਆਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋ ਸਿਖਲਾਈ ਦੇ ਸਰਟੀਫੀਕੇਟ ਵੀ ਜਾਰੀ ਕੀਤੇ ਜਾਣਗੇ। ਉਨ੍ਹਾਂ ਨੇ ਸਿਖਿਆਰਥੀਆਂ ਨੂੰ ਇਸ ਕਿੱਤਾ ਮੁਖੀ ਸਿਖਲਾਈ ਕੋਰਸ ਦੌਰਾਨ ਰਵਾਇਤੀ ਮਠਿਆਈਆਂ ਦੀ ਗੁਣਵੱਤਾ ਬਾਰੇ ਵੀ ਜਾਣਕਾਰੀ ਦਿੱਤੀ। ਇਸ ਕਿੱਤੇ ਨੂੰ ਘਰੇਲੂ ਪੱਧਰ ਦੇ ਨਾਲ-ਨਾਲ ਵਪਾਰਕ ਪੱਧਰ 'ਤੇ ਅਪਣਾਉਣ ਲਈ ਵੀ ਪ੍ਰੇਰਿਆ ਤਾਂ ਜੋ, ਪਰਿਵਾਰਿਕ ਆਮਦਨ ਦਾ ਸਰੋਤ ਕਾਇਮ ਕੀਤਾ ਜਾ ਸਕੇ। ਅੰਤ ਵਿਚ ਉਨ੍ਹਾਂ ਸਾਰੇ ਸਿਖਿਆਰਥੀਆਂ ਨੂੰ ਇਸ ਕੋਰਸ ਨੂੰ ਪੂਰਾ ਕਰਨ ਲਈ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ। ਇਹ ਵੀ ਅਪੀਲ ਕੀਤੀ ਕਿ ਅਗਾਂਹ ਵੀ ਇਸੇ ਤਰ੍ਹਾਂ ਇਸ ਕੇਂਦਰ ਦੇ ਅਗਲੇਰੇ ਉਲੀਕੇ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਕਰਨ।

# ਮਾਇਸੋ ਵੱਲੋਂ ਭਾਰਤ-ਕੈਨੇਡਾ ਕੂਟਨੀਤਿਕ ਵਿਵਾਦਾਂ 'ਚ ਪਿਸ ਰਹੇ ਪ੍ਰਵਾਸੀ ਤੇ ਕੌਮਾਂਤਰੀ ਵਿਦਿਆਰਥੀਆਂ ਦੀ ਹਮਾਇਤ ਦਾ ਐਲਾਨ

**ਟੋਰਾਂਟੋ, (ਦਲਜੀਤ ਕੌਰ)–** ਅੱਜ 'ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' ਨੇ ਭਾਰਤ ਅਤੇ ਕੈਨੇਡਾ ਵਿਚਕਾਰ ਚੱਲ ਰਹੇ ਕੂਟਨੀਤਿਕ ਵਿਵਾਦ ਬਾਰੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤ ਅਤੇ ਕੈਨੇਡਾ ਸਰਕਾਰਾਂ ਪਿਛਲੇ ਇੱਕ ਸਾਲ ਤੋਂ ਇੱਕ-ਦੂਜੇ ਉੱਪਰ ਤਿੱਖੀਆਂ ਕੂਟਨੀਤਿਕ ਬਿਆਨਬਾਜ਼ੀਆਂ ਕਰਦਿਆਂ ਕੈਨੇਡਾ ਵਸਦੇ ਪ੍ਰਵਾਸੀਆਂ ਤੇ ਕੌਮਾਂਤਰੀ ਵਿਦਿਆਰਥੀਆਂ ਵਿਚਕਾਰ ਬੇਲੋੜਾ ਸਹਿਮ ਪੈਦਾ ਕਰਦਿਆਂ, ਉਹਨਾਂ ਦੀਆਂ ਬੁਨਿਆਦੀ ਲੋੜਾਂ ਤੋਂ ਟਾਲਾ ਵੱਟ ਰਹੀ ਹੈ। ਉਹਨਾਂ ਕਿਹਾ ਕਿ ਭਾਰਤੀ ਰਾਜਸੱਤਾ ਤੇ ਕਾਬਜ ਭਾਜਪਾ ਸਰਕਾਰ ਭਾਰਤੀ ਨੌਜਵਾਨਾਂ-ਵਿਦਿਆਰਥੀਆਂ ਨੂੰ ਚੰਗੀ ਸਿੱਖਿਆ, ਸਥਾਈ ਰੁਜ਼ਗਾਰ ਤੇ ਸੁਰੱਖਿਅਤ ਭਵਿੱਖ ਦੇਣ ਤੋਂ ਨਾਕਾਮ ਰਹੀ ਹੈ। ਉਲਟਾ ਭਾਰਤੀ ਸਰਕਾਰ ਧਾਰਮਿਕ-ਫਿਰਕੂ ਨਫ਼ਰਤ, ਘੱਟ ਗਿਣਤੀਆਂ ਉੱਤੇ ਅੱਤਿਆਚਾਰ, ਕਿਸਾਨਾਂ-ਮਜ਼ਦੂਰਾਂ-ਮੁਲਾਜ਼ਮਾਂ ਵਿਰੋਧੀ ਨੀਤੀਆਂ ਲਿਆਉਣ ਵਿੱਚ ਮਸ਼ਰੂਫ ਰਹੀ ਹੈ। ਜਿੱਥੇ ਭਾਰਤੀ ਹਾਕਮਾਂ ਦੀਆਂ ਗਲਤ ਨੀਤੀਆਂ ਤੋਂ ਤੰਗ ਨੌਜਵਾਨ-ਵਿਦਿਆਰਥੀ ਆਪਣਾ ਵਤਨ ਛੱਡਣ ਲਈ ਮਜਬੂਰ ਹੋਏ ਹਨ, ਉੱਥੇ ਵਿਦੇਸ਼ੀ ਸਰਕਾਰਾਂ ਨੇ ਵੀ ਪ੍ਰਵਾਸੀਆਂ ਤੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਮਜਬੂਰੀਆਂ ਦਾ ਲਾਹਾ ਲੈਂਦਿਆਂ ਉਹਨਾਂ ਨੂੰ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਸਸਤੀ ਲੇਬਰ ਦਾ ਸਾਧਨ ਬਣਾਕੇ ਉਹਨਾਂ ਦੀ ਲੁੱਟ ਕੀਤੀ ਹੈ। ਵਿਦੇਸ਼ਾਂ ਅੰਦਰ ਉਹਨਾਂ ਨੂੰ ਪੱਕੀ ਨਾਗਰਿਕਤਾ ਨਾ ਦੇ ਕੇ ਉਹਨਾਂ ਨੂੰ ਬਰਾਬਰ ਦੇ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਰੱਖਿਆ ਹੈ।




ਮਾਇਸੋ ਦੇ ਆਗੂ ਖੁਸ਼ਪਾਲ ਗਰੇਵਾਲ, ਵਰੁਣ ਖੰਨਾ ਤੇ ਮਨਦੀਪ ਨੇ ਕਿਹਾ ਕਿ ਕੈਨੇਡਾ ਵਿੱਚ ਪਿਛਲੇ ਕਈ ਦਿਨਾਂ ਤੋਂ ਨੌਜਵਾਨ-ਵਿਦਿਆਰਥੀ ਪੱਕੇ ਹੋਣ ਲਈ ਸੰਘਰਸ਼ ਕਰ ਰਹੇ ਹਨ। ਇਹਨਾਂ ਸੰਘਰਸ਼ਸ਼ੀਲ ਨੌਜਵਾਨਾਂ ਦੀਆਂ ਹੱਕੀ ਮੰਗਾਂ ਵੱਲ ਨਾ ਤਾਂ ਭਾਰਤ ਸਰਕਾਰ ਦੇ ਕਿਸੇ ਅਧਿਕਾਰੀ ਨੇ ਕੋਈ ਸਰੋਕਾਰ ਦਿਖਾਇਆ ਤੇ ਨਾ ਹੀ ਕੈਨੇਡਾ ਸਰਕਾਰ ਦੇ ਕਿਸੇ ਅਧਿਕਾਰਤ ਨੁਮਾਇੰਦੇ ਨੇ ਇਹਨਾਂ ਦੀ ਸਾਰ ਲਈ। ਉਲਟਾ ਦੋਵਾਂ ਦੇਸ਼ਾਂ ਦੇ ਹਾਕਮ ਹਰਦੀਪ ਸਿੰਘ ਨਿੱਝਰ ਦੇ ਕਤਲ ਉੱਤੇ ਸਿਆਸਤ ਕਰਕੇ ਸਿਆਸੀ ਲਾਹਾ ਲੈਣ ਵਿੱਚ ਰੁੱਝੇ ਹੋਏ ਹਨ। ਉਹਨਾਂ ਕਿਹਾ ਕਿ ਇਸ ਸਮੇਂ ਕੈਨੇਡਾ ਵਿੱਚ ਹੋਏ ਕਤਲ ਤੇ ਹਿੰਸਕ ਘਟਨਾਵਾਂ ਨੂੰ ਨਿਆਂਇਕ ਢੰਗ ਨਾਲ ਨਜਿੱਠਣ ਦੀ ਜ਼ਰੂਰਤ ਹੈ ਨਾ ਕਿ ਫੋਕੀਆਂ ਬਿਆਨਬਾਜ਼ੀ ਨਾਲ ਮਹੌਲ ਨੂੰ ਦਹਿਸ਼ਤਯਦਾ ਕਰਨ ਦੀ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਭੜਕਾਊ ਬਿਆਨਬਾਜ਼ੀ ਕਰਕੇ ਸਮਾਜਿਕ ਵੰਡੀਆਂ, ਸਹਿਮ ਤੇ ਨਫ਼ਰਤ ਪੈਦਾ ਨਹੀਂ ਕਰਨੀ ਚਾਹੀਦੀ। ਸਰਕਾਰੀ-ਦਫ਼ਤਰੀ ਕੰਮ-ਕਾਜ ਜੋ ਪਹਿਲਾਂ ਹੀ ਕੱਛੂ ਦੀ ਚਾਲ ਚੱਲ ਰਹੇ ਸਨ ਤੇ ਲੋਕਾਂ ਨੂੰ ਮਹੀਨਿਆਂ ਬੱਧੀ ਕਤਾਰਾਂ 'ਚ ਉਡੀਕ ਕਰਨੀ ਪੈਂਦੀ ਸੀ, ਹੁਣ ਦੋਵਾਂ ਦੇਸ਼ਾਂ ਵੱਲੋਂ ਵਾਪਸ ਬੁਲਾਏ ਗਏ ਕੂਟਨੀਤਿਕਾਂ ਕਾਰਨ ਲੋਕਾਂ ਨੂੰ ਮੁੜ ਲੰਬੀਆਂ ਲਾਈਨਾਂ ਵਿੱਚ ਲੱਗਕੇ ਆਪਣੇ ਦਫ਼ਤਰੀ ਕੰਮ, ਵੀਜ਼ੇ ਤੇ ਵਤਨਾਂ ਨੂੰ ਫੇਰੀ ਦੇ ਪ੍ਰੋਗਰਾਮ ਬਦਲਣੇ ਪੈਣਗੇ। ਉਹਨਾਂ ਕਿਹਾ ਕਿ ਇਸ ਸਮੇਂ ਮਹਿੰਗਾਈ, ਬੇਰੁਜਗਾਰੀ, ਟੈਕਸ ਬੋਝ, ਰਿਹਾਇਸ਼ੀ ਘਰਾਂ ਦੀ ਘਾਟ, ਨਸ਼ਾ, ਰਿਹਾਇਸ਼ੀ ਮਕਾਨਾਂ ਦੇ ਵੱਧਦੇ ਕਿਰਾਏ, ਕੱਚਿਆਂ ਨੂੰ ਪੱਕਾ ਦਰਜਾ ਦੇਣਾ, ਜੰਗਾਂ ਵਿੱਚ ਸਹਾਇਤਾ ਦੇਣੀ ਬੰਦ ਕਰਨਾ ਆਦਿ ਕੈਨੇਡਾ ਦੇ ਸਥਾਨਕ ਲੋਕਾਂ, ਪ੍ਰਵਾਸੀਆਂ ਤੇ ਕੌਮਾਂਤਰੀ ਵਿਦਿਆਰਥੀਆਂ ਦੇ ਸਾਂਝੇ ਤੇ ਹਕੀਕੀ ਮੁੱਦੇ ਹਨ, ਪਰੰਤੂ ਚੋਣਾਂ ਨੇੜੇ ਹੋਣ ਕਾਰਨ ਕੈਨੇਡਾ ਸਰਕਾਰ ਲੋਕਾਂ ਦਾ ਧਿਆਨ ਬੁਨਿਆਦੀ ਮੁੱਦਿਆਂ ਤੋਂ ਲਾਂਭੇ ਕਰਨ ਵਿੱਚ ਰੁੱਝੀ ਹੋਈ ਹੈ। ਇਸ ਸਮੇਂ ਮਾਇਸੋ ਵੱਲੋਂ ਬਰੈਂਪਟਨ ਵਿਖੇ ਨੌਜਵਾਨ ਵਿਦਿਆਰਥੀਆਂ ਦੇ ਸੰਘਰਸ਼ ਵਿੱਚ ਸ਼ਾਮਲ ਹੋਕੇ ਉਹਨਾਂ ਦੀਆਂ ਹੱਕੀ ਮੰਗਾਂ ਨਾਲ ਇੱਕਜੁੱਟਤਾ ਦਾ ਇਜ਼ਹਾਰ ਕੀਤਾ ਗਿਆ। ਮਾਇਸੋ ਵੱਲੋਂ ਆਪਣੀ ਇੱਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਮਨਦੀਪ ਨੇ ਕਿਹਾ ਕਿ ਕਰੋਨਾ ਤੇ ਯੂਕਰੇਨ, ਫ਼ਲਸਤੀਨ ਜੰਗ ਤੋਂ ਬਾਅਦ ਕੈਨੇਡਾ ਸਰਕਾਰ ਦੇ ਇਰਾਦੇ ਪ੍ਰਵਾਸੀ-ਵਿਦਿਆਰਥੀਆਂ ਪ੍ਰਤੀ ਸੰਜੀਦਾ ਨਹੀਂ ਰਹੇ ਹਨ। ਉਹਨਾਂ ਕਿਹਾ ਕਿ ਕੈਨੇਡਾ ਸਮੇਤ 'ਪੰਜ ਅੱਖਾਂ' (ਕੈਨੇਡਾ, ਅਮਰੀਕਾ, ਯੂਕੇ, ਆਸਟ੍ਰੇਲੀਆ, ਨਿਊਜ਼ੀਲੈਂਡ) ਵਾਲੇ ਦੇਸ਼ਾਂ ਵਿੱਚ ਪੈਦਾ ਹੋਏ ਆਰਥਿਕ ਸੰਕਟ ਦਾ ਬੋਝ ਪ੍ਰਵਾਸੀਆਂ ਖਾਸਕਰ ਕੱਚੇ ਕਾਮਿਆਂ ਉੱਤੇ ਲੱਦਕੇ ਸਥਾਨਕ ਵੋਟ ਬੈਂਕ ਨੂੰ ਭਰਮਾਇਆ ਜਾ ਰਿਹਾ ਹੈ। ਦੂਸਰਾ, ਵਿਤਕਰੇਬਾਜ਼ੀ ਵਾਲੀ ਇਮੀਗ੍ਰੇਸ਼ਨ ਨੀਤੀ ਤਹਿਤ ਪੱਛਮੀ ਸਹਿਯੋਗੀ ਮੁਲਕਾਂ ਦੇ ਪ੍ਰਵਾਸੀ ਤੇ ਸ਼ਰਨਾਰਥੀਆਂ ਨੂੰ ਖੁੱਲ੍ਹ ਦੇਕੇ ਫ਼ਲਸਤੀਨੀ ਤੇ ਕੱਚੇ ਏਸ਼ਿਆਈ ਲੋਕਾਂ ਨੂੰ ਕੈਨੇਡਾ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਕੱਚੇ ਜਾਂ ਅਸਥਾਈ ਕਾਮਿਆਂ (ਕਾਨੂੰਨੀ/ਗੈਰ ਕਾਨੂੰਨੀ) ਨੂੰ ਸਥਾਈ ਨਿਵਾਸੀਆਂ ਦਾ ਦਰਜਾ ਨਾ ਦੇਣਾ ਇੱਕ ਗੈਰ ਮਨੁੱਖੀ, ਗੈਰ ਬਰਾਬਰ, ਵਿਤਕਰੇ ਵਾਲਾ ਤੇ ਅਨੈਤਿਕ ਵਰਤਾਰਾ ਹੈ। ਕਿਸੇ ਮਨੁੱਖ ਤੋਂ ਉਸਦੇ 'ਦਰਜੇ' (ਸਟੇਟਸ) ਕਰਕੇ ਉਸਦੇ ਬਰਾਬਰ ਦੇ ਮਨੁੱਖੀ ਅਧਿਕਾਰ ਅਤੇ ਸੁਰੱਖਿਆ ਖੋਹਣੀ ਕਿਸੇ ਵੀ ਪੱਖ ਤੋਂ ਵਾਜਬ ਨਹੀਂ ਹੈ। ਇਹਨਾਂ ਅਧਿਕਾਰਾਂ ਨਾਲ ਉਸਦੀ ਸਿਹਤ, ਸਿੱਖਿਆ, ਰੁਜ਼ਗਾਰ, ਰਿਹਾਇਸ਼ ਤੇ ਸਮਾਜਿਕ ਸਨਮਾਨ ਦੀਆਂ ਬੁਨਿਆਦੀ ਜ਼ਰੂਰਤਾਂ ਜੁੜੀਆਂ ਹੁੰਦੀਆਂ ਹਨ। ਉਹਨਾਂ ਕਿਹਾ ਕਿ ਨਸਲੀ ਤੇ ਵਿਤਕਰੇ ਭਰੀ ਇਮੀਗ੍ਰੇਸ਼ਨ ਦੀ ਬਜਾਇ ਬਰਾਬਰ ਇਮੀਗ੍ਰੇਸ਼ਨ ਹੋਣੀ ਚਾਹੀਦੀ ਹੈ ਬਲਕਿ ਇਸਤੋਂ ਵੀ ਅੱਗੇ 'ਸਰਹੱਦ ਮੁਕਤ' (Open Border) ਸੰਸਾਰ ਦਾ ਸੰਕਲਪ ਹੋਣਾ ਚਾਹੀਦਾ ਹੈ ਜੋ ਵਿਸ਼ਵ ਭਾਈਚਾਰੇ 'ਚ ਆਪਸੀ ਸਹਿਣਸ਼ੀਲਤਾ, ਸਾਂਝੀਵਲਤਾ, ਸ਼ਾਂਤੀ ਤੇ ਏਕਤਾ ਦਾ ਅਧਾਰ ਬਣ ਸਕੇ। ਇਸ ਲਈ ਕੈਨੇਡਾ ਵਿੱਚ ਪ੍ਰਵਾਸੀ ਕੱਚੇ ਕਾਮਿਆਂ ਨੂੰ 'ਸਭ ਲਈ ਦਰਜੇ' (Status for all) ਦੀ ਮੰਗ ਨੂੰ ਲੈ ਕੇ ਸੰਘਰਸ਼ ਲੜ੍ਹਨਾ ਚਾਹੀਦਾ ਹੈ। ਕੈਨੇਡਾ ਸਰਕਾਰ ਦੀਆਂ ਗੈਰ ਯੋਜਨਾਬੱਧ ਆਰਥਿਕ ਤੇ ਇਮੀਗ੍ਰੇਸ਼ਨ ਨੀਤੀਆਂ ਕਰਕੇ ਦੇਸ਼ ਵਿੱਚ ਵੱਧਦੀ ਮਹਿੰਗਾਈ, ਵੱਧਦੇ ਰਿਹਾਇਸ਼ੀ ਕਿਰਾਏ, ਟੈਕਸਾਂ ਵਿੱਚ ਹੁੰਦਾ ਵਾਧਾ, ਨੌਕਰੀਆਂ ਦੇ ਘੱਟ ਰਹੇ ਮੌਕੇ ਆਦਿ ਵੱਡੀਆਂ ਸਮਾਜਿਕ ਸਮੱਸਿਆਵਾਂ ਖੜੀਆਂ ਹੋ ਰਹੀਆਂ ਹਨ। ਇਹਨਾਂ ਸਮੱਸਿਆਵਾਂ ਦਾ ਹੱਲ ਲਈ ਵੱਡੀ ਸਮਾਜਿਕ ਚੇਤਨਾ, ਏਕਤਾ ਅਤੇ ਸੰਘਰਸ਼ ਦੀ ਜਰੂਰਤ ਹੈ। ਮਾਈਸੋ ਕੈਨੇਡਾ ਅੰਦਰ ਵਿਦੇਸ਼ਾਂ ਵਿੱਚੋਂ ਪੜ੍ਹਨ ਅਤੇ ਰੁਜ਼ਗਾਰ ਪ੍ਰਾਪਤੀ ਦੀ ਆਸ ਉਮੀਦ ਲੈ ਕੇ ਆਏ ਵਿਦਿਆਰਥੀਆਂ ਅਤੇ ਹੋਰ ਲੋਕਾਂ ਦੀ ਮਦਦ ਦਾ ਯਤਨ ਕਰਦੀ ਰਹੇਗੀ।


## ਕੰਨਿਆਂ ਦੀ ਲੋੜ

ਰਾਮਗੜ੍ਹੀਆ ਲੜਕਾ, ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਣਕਾਰੀ ਲਈ +1-510-200-1772 'ਤੇ ਫੋਨ ਕਰੋ।

# ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਜਗਾਉਣ ਲਈ 22 ਨੂੰ ਮੋਹਾਲੀ 'ਚ ਗਰਜਣਗੇ ਪੈਂਨਸ਼ਨਰਜ਼ - ਆਗੂ

## ਕਿਸਾਨ ਆਗੂ ਡੱਲੇਵਾਲ ਵਲੋਂ ਮੁਲਾਜ਼ਮਾਂ ਨੂੰ ਮਿਲਦੀ ਪੈਨਸ਼ਨ ਬੰਦ ਕਰਨ ਦੇ ਦਿੱਤੇ ਬਿਆਨ ਦੀ ਕੀਤੀ ਨਿਖੇਧੀ

**ਫਗਵਾੜਾ (ਬੀ.ਕੇ. ਰੱਤੂ)–** ਪੰਜਾਬ ਸਰਕਾਰ ਨੇ ਪਿਛਲੇ ਢਾਈ ਸਾਲ ਦੇ ਵੱਧ ਸਮੇਂ ਤੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਪ੍ਰਤੀ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ। ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਨੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਅਤੇ ਲਾਗੂ ਕਰਨ ਲਈ ਧਾਰੀ ਸਾਜ਼ਿਸ਼ ਭਰੀ ਚੁੱਪ ਦਾ ਸਖ਼ਤ ਨੋਟਿਸ ਲੈਂਦਿਆਂ 18 ਸਤੰਬਰ ਨੂੰ ਪੂਰੇ ਪੰਜਾਬ ਵਿੱਚ ਜ਼ਿਲ੍ਹਾ ਪੱਧਰੀ ਐਕਸ਼ਨ ਕਰਦੇ ਹੋਏ 22 ਅਕਤੂਬਰ ਨੂੰ ਮੋਹਾਲੀ ਵਿਖੇ ਸੂਬਾ ਪੱਧਰੀ ਰੈਲੀ ਕਰਨ ਦੇ ਨੋਟਿਸ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਭੇਜੇ ਹੋਏ ਸਨ,ਪਰ ਰੈਲੀ ਕਰਨ ਦੇ ਭੇਜੇ ਨੋਟਿਸਾਂ ਪ੍ਰਤੀ ਮੁੱਖ ਮੰਤਰੀ ਸਾਹਿਬ ਪੰਜਾਬ ਨੇ ਰਤੀ ਭਰ ਵੀ ਗੰਭੀਰਤਾ ਨਹੀਂ ਦਿਖਾਈ,ਜਿਸ ਕਰਕੇ ਪੈਨਸ਼ਨਰਾਂ ਦੇ ਮਨਾਂ ਵਿੱਚ ਪੰਜਾਬ ਸਰਕਾਰ ਦੇ ਬੇਰੁਖੀ ਵਾਲੇ ਵਤੀਰੇ ਪ੍ਰਤੀ ਹੋਰ ਗੁੱਸਾ ਭੜਕਿਆ ਹੈ। ਪੰਜਾਬ ਸਰਕਾਰ ਨੂੰ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਗੂੜ੍ਹੀ ਨੀਂਦ ਤੋਂ ਜਗਾਉਣ ਲਈ 22 ਅਕਤੂਬਰ ਨੂੰ ਵਿਸ਼ਾਲ ਸੂਬਾਈ ਰੈਲੀ ਕਰਕੇ ਪੈਨਸ਼ਨਰਜ਼ ਮੋਹਾਲੀ ਵਿਖੇ ਗਰਜਣਗੇ। ਪੰਜਾਬ ਪੈਂਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਮਾਸਿਕ ਮੀਟਿੰਗ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਕਰਕੇ ਐਲਾਨ ਕੀਤਾ ਕਿ 22 ਅਕਤੂਬਰ ਦੀ ਮੋਹਾਲੀ ਪੈਨਸ਼ਨਰਜ਼ ਰੈਲੀ ਵਿੱਚ ਫ਼ਗਵਾੜਾ ਦੇ ਪੈਨਸ਼ਨਰ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਪੈਂਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਸਦੀਵੀ ਵਿਛੋੜਾ ਦੇ ਗਏ ਪ੍ਰੋਫੈਸਰ ਜੀ ਐੱਨ ਸਾਈਬਾਬਾ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਵਿੱਚ ਕਿਸਾਨ ਆਗੂ ਡੱਲੇਵਾਲ ਵਲੋਂ ਮੁਲਾਜ਼ਮਾਂ ਨੂੰ ਮਿਲਦੀ ਪੈਂਨਸ਼ਨ ਦਾ ਵਿਰੋਧ ਕਰਨ ਅਤੇ ਪੈਨਸਨ ਬੰਦ ਕਰਨ ਦੇ ਦਿੱਤੇ ਬਿਆਨ ਦੀ ਤਿੱਖੀ ਨਿਖੇਧੀ ਕਰਦਿਆਂ ਆਗੂਆਂ ਨੇ ਕਿਹਾ ਕਿ ਡੱਲੇਵਾਲ ਇਹੋ ਜਿਹੇ ਮੁਲਾਜ਼ਮ ਅਤੇ ਪੈਨਸ਼ਨਰਜ਼ ਵਿਰੋਧੀ ਬਿਆਨ ਦੇ ਕੇ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੀ ਬੋਲੀ ਹੀ ਬੋਲ ਰਹੇ ਹਨ, ਜਿਸ ਸਰਕਾਰ ਨੇ 2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ ਦੀ ਪੁਰਾਣੀ ਪੈਂਨਸ਼ਨ ਨੀਤੀ ਬੰਦ ਕੀਤੀ ਹੋਈ ਹੈ ਅਤੇ ਉਹ ਮੁਲਾਜ਼ਮ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਵਾਉਣ ਲਈ ਲਗਾਤਾਰ ਸੰਘਰਸ਼ਸ਼ੀਲ ਹਨ। ਮੀਟਿੰਗ ਦੀ ਜਾਣਕਾਰੀ ਜਾਰੀ ਰੱਖਦਿਆਂ ਦੱਸਿਆ ਕਿ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵਲੋਂ ਪੈਂਨਸ਼ਨ ਰੀਵਾਈਜ ਲਈ 2.59 ਦਾ ਗੁਣਾਂਕ ਲਾਗੂ ਕਰਵਾਉਣ,ਪੇ ਕਮਿਸ਼ਨ ਦਾ 66 ਮਹੀਨਿਆਂ ਦਾ ਬਕਾਇਆ ਲੈਣ,ਡੀ ਏ ਦੀਆਂ 12 ਪ੍ਰਤੀਸ਼ਤ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕਰਵਾਉਣ, ਮੈਡੀਕਲ ਭੱਤਾ 3000/- ਰੁਪਏ ਮਹੀਨਾ ਕਰਵਾਉਣ, ਕੈਸ਼ ਲੈੱਸ ਹੈੱਲਥ ਸਕੀਮ ਸੋਧ ਕੇ ਲਾਗੂ ਕਰਵਾਉਣ, ਪੈਨਸ਼ਨਰਾਂ ਤੇ ਲੱਗਾ 200/-ਰੁਪਏ ਮਹੀਨੇ ਦਾ ਜਜੀਆ ਟੈਕਸ ਬੰਦ ਕਰਵਾਉਣ ਆਦਿ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਵਾਉਣ ਲਈ 22 ਅਕਤੂਬਰ ਨੂੰ ਮੋਹਾਲੀ ਵਿਖੇ ਵਿਸ਼ਾਲ ਸੂਬਾਈ ਪੈਨਸ਼ਨਰਜ਼ ਰੈਲੀ ਕੀਤੀ ਜਾ ਰਹੀ ਹੈ। 22 ਅਕਤੂਬਰ ਦੀ ਸੂਬਾਈ ਰੈਲੀ ਵਿੱਚ ਫ਼ਗਵਾੜਾ ਦੇ ਪੈਨਸ਼ਨਰ ਵੀ ਵੱਧ ਚੜ੍ਹ ਕੇ ਸ਼ਾਮਲ ਹੋਣਗੇ। ਮੀਟਿੰਗ ਵਿੱਚ ਪਿਛਲੇ ਕੀਤੇ ਐਕਸ਼ਨਾਂ ਵਿੱਚ ਪਾਏ ਯੋਗਦਾਨ ਦਾ ਰਿਵਿਊ ਵੀ ਕੀਤਾ ਗਿਆ ਅਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਮੀਟਿੰਗ ਵਿੱਚ ਐਸੋਸੀਏਸ਼ਨ ਦੀ ਆਮਦਨ ਅਤੇ ਖਰਚ ਦੇ ਵੇਰਵੇ ਵੀ ਸ਼ਾਂਝੇ ਕੀਤੇ ਅਤੇ ਕੀਤੇ ਗਏ ਖਰਚਿਆਂ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ । ਮੀਟਿੰਗ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਜਿਹਨਾਂ ਮੈਂਬਰਾਂ ਦਾ ਅਕਤੂਬਰ ਵਿੱਚ ਜਨਮ ਦਿਨ ਹੈ, ਉਹਨਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਕਾਮਨਾ ਕੀਤੀ ਕਿ ਉਹਨਾਂ ਦੀ ਤੰਦਰੁਸਤੀ ਅਤੇ ਖੁਸ਼ੀਆਂ ਭਰਪੂਰ ਲੰਬੀ ਉਮਰ ਹੋਵੇ। ਸ਼੍ਰੀ ਮਤੀ ਅਨੁਰਾਗ ਸ਼ਰਮਾ ਵਲੋਂ ਆਪਣੇ 61 ਵੇਂ ਜਨਮ ਦਿਨ ਦੀ ਸੁਭਾਗੀ ਖ਼ੁਸ਼ੀ ਦੇ ਮੌਕੇ 'ਤੇ ਐਸੋਸੀਏਸ਼ਨ ਨੂੰ ਆਰਥਿਕ ਸਹਾਇਤਾ ਦੇਣ ਲਈ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ ਗਿਆ। ਮੀਟਿੰਗ ਵਿੱਚ ਪ੍ਰਧਾਨ ਮੋਹਣ ਸਿੰਘ ਭੱਟੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਸੀਨੀਅਰ ਮੀਤ ਪ੍ਰਧਾਨ ਸੀਤਲ ਰਾਮ ਬੰਗਾ, ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ,ਜੁਆਇੰਟ ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਜੁਆਇੰਟ ਪ੍ਰੈੱਸ ਸਕੱਤਰ ਗੁਰਦੀਪ ਜੱਸੀ, ਰਤਨ ਸਿੰਘ ਗੁਰਾਇਆ, ਹਰਭਜਨ ਲਾਲ ਕੌਲ,ਕੇ ਕੇ ਪਾਂਡੇ, ਬਲਬੀਰ ਸਿੰਘ ਭੁਲਾਰਾਈ, ਪਿਆਰਾ ਰਾਮ ਪਲਾਹੀ, ਸੁੱਚਾ ਰਾਮ, ਹਰੀ ਰਾਮ ਚੋਟ, ਸੁਖਦੇਵ ਸਿੰਘ, ਮਹਿੰਦਰ ਪਾਲ ਆਦਿ ਪੈਨਸ਼ਨਰ ਸਾਥੀ ਹਾਜ਼ਰ ਸਨ।




# ਓਕਲਾਹੋਮਾ ਵਿਚ ਦੋ ਧੜਿਆਂ ਵਿਚਾਲੇ ਹੋਈ ਗੋਲੀਬਾਰੀ ਵਿਚ 1 ਮੌਤ ਤੇ 12 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਦੇ ਓਕਲਾਹੋਮਾ ਸ਼ਹਿਰ ਵਿਚ ਇਕ ਪਾਰਟੀ ਦੌਰਾਨ ਦੋ ਧੜਿਆਂ ਵਿਚਾਲੇ ਕਿਸੇ ਗਲ ਨੂੰ ਲੈ ਕੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ ਘੱਟੋ ਘੱਟ 12 ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਇਕ ਸਮਾਗਮ ਵਿਚ ਸਥਾਨਕ ਸਮੇ ਅਨੁਸਾਰ ਅੱਧੀ ਰਾਤ ਤੋਂ ਬਾਅਦ 12.30 ਵਜੇ ਦੋ ਧੜਿਆਂ ਵਿਚਾਲੇ ਪਹਿਲਾਂ ਕਿਸੇ ਗਲ 'ਤੇ ਤਕਰਾਰ ਹੋਈ ਤੇ ਗਲ ਏਨੀ ਵਧ ਗਈ ਕਿ ਗੋਲੀਆਂ ਚੱਲ ਗਈਆਂ। ਉਕਲਾਹੋਮਾ ਪੁਲਿਸ ਵਿਭਾਗ ਦੇ ਸਾਰਜੈਂਟ ਜੋਨ ਸਕੂਟਾ ਅਨੁਸਾਰ ਦੋਨੋਂ ਧੜੇ ਪਾਰਟੀ ਵਾਲੇ ਕੇਂਦਰ ਦੇ ਪਿਛਵਾੜੇ ਚਲੇ ਗਏ ਜਿਥੇ ਗੋਲੀਆਂ ਦਾ ਵਟਾਂਦਰਾ ਹੋਇਆ।



ਇਕ ਵਿਅਕਤੀ ਦੀ ਗੋਲੀਆਂ ਵੱਜਣ ਕਾਰਨ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ 12 ਹੋਰ ਜਖਮੀ ਹੋ ਗਏ। ਜਿਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸਕੂਟਾ ਅਨੁਸਾਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਕੁਝ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਹੈ ਪਰੰਤੂ ਅਜੇ ਤਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।

# 'ਗ੍ਰਾਮ ਪੰਚਾਇਤ ਚੋਣਾਂ -2024'- ਜ਼ਿਲਾ ਸੰਗਰੂਰ ਵਿੱਚ 79.45 ਪ੍ਰਤੀਸ਼ਤ ਪੋਲਿੰਗ ਹੋਈ - ਜ਼ਿਲ੍ਹਾ ਚੋਣਕਾਰ ਅਫ਼ਸਰ

**ਸੰਗਰੂਰ, (ਦਲਜੀਤ ਕੌਰ)** ਜ਼ਿਲ੍ਹਾ ਸੰਗਰੂਰ 'ਚ ਗ੍ਰਾਮ ਪੰਚਾਇਤ ਚੋਣਾਂ-2024 ਦੌਰਾਨ ਵੋਟ ਪ੍ਰਤੀਸ਼ਤਤਾ 79.45 ਫੀਸਦ ਰਹੀ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣਕਾਰ ਅਫਸਰ- ਕਮ - ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਦੱਸਿਆ ਕਿ ਜ਼ਿਲੇ ਵਿੱਚ ਪੈਂਦੇ ਅੱਠ ਬਲਾਕਾਂ ਵਿੱਚ ਗ੍ਰਾਮ ਪੰਚ-ਾਇਤ ਚੋਣਾਂ ਦੌਰਾਨ ਕੁਲ 5 ਲੱਖ 25 ਹਜ਼ਾਰ 783 ਵੋਟਰਾਂ ਵੱਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਗਈ। ਉਹਨਾਂ ਨੇ ਜ਼ਿਲ੍ਹੇ ਦੇ ਸਮੂਹ ਵੋਟਰਾਂ, ਚੋਣ ਅਮਲੇ, ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਸ਼ਾਂਤਮਈ ਮਾਹੌਲ ਵਿੱਚ ਸਮੁੱਚੀ ਚੋਣ ਪ੍ਰਕਿਰਿਆ ਨੇਪਰੇ ਚੜ੍ਹਾਉਣ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ।



ਜ਼ਿਲ੍ਹਾ ਚੋਣਕਾਰ ਅਫ਼ਸਰ ਸ਼੍ਰੀ ਸੰਦੀਪ ਰਿਸ਼ੀ ਨੇ ਦੱਸਿਆ ਕਿ ਬਲਾਕ ਅੰਨਦਾਣਾ ਵਿੱਚ 80.54 ਪ੍ਰਤੀਸ਼ਤ, ਬਲਾਕ ਭਵਾਨੀਗੜ੍ਹ ਵਿੱਚ 77.59 ਪ੍ਰਤੀਸ਼ਤ, ਬਲਾਕ ਧੂਰੀ ਵਿੱਚ 79.77 ਪ੍ਰਤੀਸ਼ਤ, ਬਲਾਕ ਦਿੜਬਾ ਵਿੱਚ 79.40 ਪ੍ਰਤੀਸ਼ਤ, ਬਲਾਕ ਲਹਿਰਾਗਾਗਾ ਵਿੱਚ 80.74 ਪ੍ਰਤੀਸ਼ਤ , ਬਲਾਕ ਸੰਗਰੂਰ ਵਿੱਚ 80.46 ਪ੍ਰਤੀਸ਼ਤ, ਬਲਾਕ ਸ਼ੇਰਪੁਰ ਵਿੱਚ 76.52 ਪ੍ਰਤੀਸ਼ਤ ਅਤੇ ਬਲਾਕ ਸੁਨਾਮ ਵਿੱਚ 80.56 ਪ੍ਰਤੀਸ਼ਤ ਵੋਟਾਂ ਪਈਆਂ।

ਜ਼ਿਲਾ ਚੋਣਕਾਰ ਅਫ਼ਸਰ ਸ਼੍ਰੀ ਸੰਦੀਪ ਰਿਸ਼ੀ, ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਸਰਤਾਜ ਸਿੰਘ ਚਾਹਲ ਅਤੇ ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਸ੍ਰੀ ਸੁਖਚੈਨ ਸਿੰਘ ਪਾਪੜਾ ਨੇ ਜ਼ਿਲੇ ਦੇ ਸਮੁੱਚੇ ਵੋਟਰਾਂ ਦਾ ਸ਼ਾਂਤਮਈ ਵੋਟਿੰਗ ਪ੍ਰਕਿਰਿਆ ਲਈ ਧੰਨਵਾਦ ਕੀਤਾ। ਉਨਾਂ ਚੋਣ ਅਮਲੇ ਤੇ ਰਿਟਰਨਿੰਗ ਅਧਿਕਾਰੀਆਂ ਸਮੇਤ ਸਮੂਹ ਨਾਗਰਿਕਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਸਭ ਦੇ ਸਹਿਯੋਗ ਨਾਲ ਜ਼ਿਲਾ ਸੰਗਰੂਰ ਵਿਖੇ ਸਮੁੱਚਾ ਪੋਲਿੰਗ ਕਾਰਜ ਅਮਨ ਅਮਾਨ ਨਾਲ ਨੇਪਰੇ ਚੜ੍ਹਿਆ।

# ਨਾਬਾਲਗ ਕੁੜੀਆਂ ਦੀ ਸੇਵਾ ਸੰਭਾਲ ਲਈ ਮਾਪਿਆਂ ਦਾ ਕੈਂਪ

**ਲਹਿਰਾਗਾਗਾ, (ਦਲਜੀਤ ਕੌਰ)–** ਬੱਚੀਆਂ ਦੀ ਸਾਂਭ-ਸੰਭਾਲ, ਸਰੀਰਕ ਅਤੇ ਮਾਨਸਿਕ ਵਿਕਾਸ ਲਈ ਟ੍ਰੇਨਿੰਗ ਵਰਕਸ਼ਾਪ ਸਥਾਨਕ ਸੀਬਾ ਸਕੂਲ, ਲਹਿਰਾਗਾਗਾ ਵਿੱਚ ਲਾਈ ਗਈ। ਜਿਸ ਵਿਚ 9 ਸਾਲ ਤੋਂ 16 ਸਾਲ ਤੱਕ ਕੁੜੀਆਂ ਦੀਆਂ ਮਾਵਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਅਧੀਨ ਬੱਚੀਆਂ ਦੁਆਰਾ ਆਪਣੀ ਸਰੀਰਕ ਸੰਭਾਲ, ਕਸਰਤ, ਖੇਡਾਂ, ਡਾਂਸ ਆਦਿ ਗਤੀਵਿਧੀਆਂ ਅਤੇ ਮੂਡ ਸਵਿੰਗਜ਼ ਬਾਰੇ ਲੰਬੀ ਗੱਲਬਾਤ ਹੋਈ।ਸਕੂਲ ਪ੍ਰਬੰਧਕ ਕੰਵਲਜੀਤ ਢੀਂਡਸਾ ਨੇ ਧੀਆਂ ਦੀ ਗੱਲਬਾਤ ਧਿਆਨ ਨਾਲ ਸੁਣਨ, ਉਨ੍ਹਾਂ ਉੱਪਰ ਕਿਸੇ ਤਰ੍ਹਾਂ ਦਾ ਲੇਬਲ ਨਾ ਲਾਉਣ ਅਤੇ ਉਨ੍ਹਾਂ ਦੀ ਤਾਰੀਫ਼ ਕਰਨ ਲਈ ਕਿਹਾ। ਉਨ੍ਹਾਂ ਖਾਣ-ਪੀਣ ਦੀਆਂ ਆਦਤਾਂ, ਔਖੀਆਂ ਚੁਣੌਤੀਆਂ ਵੇਲੇ ਮਜ਼ਬੂਤ ਇਰਾਦੇ ਰੱਖਣਾ ਅਤੇ ਸਹੀ ਗਲਤ ਦੀ ਪਹਿਚਾਣ ਕਰਨ ਬਾਰੇ ਵਿਚਾਰ ਚਰਚਾ ਹੋਈ। ਮੈਡਮ ਪਿੰਕੀ ਸ਼ਰਮਾ ਨੇ ਮੰਚ ਸੰਚਾਲਣ ਕੀਤਾ ਅਤੇ ਮੈਡਮ ਅਮਨ ਢੀਂਡਸਾ ਨੇ ਸਾਰਿਆਂ ਦਾ ਧੰਨਵਾਦ ਕੀਤਾ।ਮਾਪਿਆਂ ਨੂੰ ਬੱਚੀਆਂ ਨਾਲ ਵੱਧ ਖੇਡਣ ਲਈ ਪ੍ਰੇਰਿਆ ਗਿਆ।



# ਪਿੰਡ ਸਹੂੰਗੜਾ ਦੇ ਵੋਟਰਾਂ ਨੇ 458 ਵੋਟਾਂ ਕੇ ਡਾਕਟਰ ਹਰਭਜਨ ਸਿੰਘ ਨੂੰ ਦੂਸਰੀ ਵਾਰ ਸਰਪੰਚ ਚੁਣਿਆ

**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪਿੰਡ ਸਹੂੰਗੜਾ ਦੀ ਸਰਪੰਚ ਦੀ ਚੋਣ ਦਾ ਦਿਲਖਿੱਚਵਾਂ ਨਜਾਰਾ ਸ਼ਾਮ ਆਖਰੀ ਵੋਟ ਪੈਣ ਤੱਕ ਬਣਿਆ ਰਿਹਾ। ਪਿਛਲੇ ਲਗਾਤਾਰ 20 ਸਾਲਾਂ ਤੋਂ ਜੱਟ ਵੋਟ ਦੀ ਬਹੁਗਿਣਤੀ ਹੋਣ ਦੇ ਬਾਵਜੂਦ ਵੀ ਸਰਪੰਚ ਐਸ ਸੀ ਬਰਾਦਰੀ ਦਾ ਚੁਣਿਆ ਜਾਣਾ ਜਿੱਥੇ ਐਸ ਸੀ ਬਰਾਦਰੀ ਲਈ ਵੱਡੇ ਮਾਣ ਵਾਲੀ ਗੱਲ ਹੈ। ਉਥੇ ਦੂਸਰੇ ਪਾਸੇ ਪਿੰਡ ਦੀ ਭਾਈਚਾਰਕ ਸਾਂਝ ਦੀਆਂ ਮਜਬੂਤ ਤੰਦਾਂ ਦਾ ਵੀ ਖੁਲਾਸਾ ਕਰਦੀ ਹੈ। ਵਿੱਚ ਐਸ ਬਰਾਦਰੀ ਤੋਂ ਪਹਿਲੀ ਮਹਿਲਾ ਸਰਪੰਚ ਦੇ ਰੂਪ ਵਿੱਚ ਸ਼੍ਰੀਮਤੀ ਜਸਵਿੰਦਰ ਕੌਰ ਪਤਨੀ ਡਾਕਟਰ ਹਰਭਜਨ ਸਿੰਘ, ਸੁਖਵਿੰਦਰ ਕੌਰ ਪਤਨੀ ਸੋਖਾ ਰਾਮ, ਡਾਕਟਰ ਹਰਭਜਨ ਸਿੰਘ ਪੁੱਤਰ ਸਗਲੀ ਰਾਮ, ਰਾਜਬਲਵਿੰਦਰ ਸਿੰਘ ਪੁੱਤਰ ਰਾਵਲ ਚੰਦ ਤੋਂ ਬਾਅਦ ਹੁਣ ਦੂਸਰੀ ਵਾਰ ਫਿਰ ਤੋਂ ਡਾਕਟਰ ਹਰਭਜਨ ਸਿੰਘ ਨੂੰ ਸਰਪੰਚ ਬਣਨ ਦਾ ਮੌਕਾ ਮਿਲਿਆ ਹੈ। ਇਸ ਚੋਣ ਵਿੱਚ ਆਪਣੇ ਨੇੜਲੇ ਵਿਰੋਧੀ ਲਖਵੀਰ ਸਿੰਘ ਸੋਨੀ ਠੇਕੇਦਾਰ ਤੋਂ 61 ਵੋਟਾਂ ਦੇ ਵੱਡੇ ਫਰਕ ਨਾਲ ਜੇਤੂ ਰਹੇ। ਲਖਵੀਰ ਸਿੰਘ ਸੋਨੀ ਨੂੰ ਕੁੱਲ ਪਈਆਂ 809 ਵੋਟਾਂ ਵਿੱਚੋਂ 397 ਵੋਟਾਂ ਪ੍ਰਾਪਤ ਹੋਈਆਂ ਤੇ ਡਾਕਟਰ ਹਰਭਜਨ ਸਿੰਘ ਨੂੰ ਆਪਣੇ ਠੰਡੇ ਮਿੱਠੇ ਸੁਭਾਅ ਤੇ ਨੇਕ ਚਰਿੱਤਰ ਦਾ ਹੋਣ ਕਰਕੇ 458 ਵੋਟਾਂ ਪ੍ਰਾਪਤ ਹੋਈਆਂ। 15 ਵੋਟਾ ਕੈਂਸਲ ਹੋਈਆਂ। ਇਸੇ ਤਰ੍ਹਾਂ ਹੀ ਪੰਚਾਂ ਦੀ ਚੋਣ ਵਿੱਚ ਰਸ਼ਪਾਲ ਸਿੰਘ ਪੱਪੂ ਨੇ ਗੁਰਮੇਲ ਸਿੰਘ ਨੂੰ ਹਰਾਇਆ, ਉਨਾ ਰਾਣੀ ਨੇ ਜਸਵਿੰਦਰ ਕੌਰ ਨੂੰ ਹਰਾਇਆ, ਅਜੀਤਪਾਲ ਸਿੰਘ ਨੇ ਮੋਹਣੀ ਕੌਰ ਨੂੰ ਹਰਾਇਆ, ਕੁਲਦੀਪ ਸਿੰਘ ਨੇ ਕਮਲਜੀਤ ਸਿੰਘ ਨੂੰ ਹਰਾਇਆ, ਗੁਰਪਾਲ ਕੌਰ, ਦਿਲਪ੍ਰੀਤ ਕੌਰ ਤੇ ਨਿਰਮਲ ਕੌਰ ਨਿਰਵਿਰੋਧ ਜੇਤੂ ਪੰਚ ਬਣਨ ਵਿਚ ਸਫਲ ਹੋਏ।



ਇਸ ਚੋਣ ਵਾਰੇ ਪਿੰਡ ਦੇ ਮੋਹਤਬਰਾਂ ਨੇ ਕੀ ਕਿਹਾ

ਸਾਬਕਾ ਸਰਪੰਚ ਤੇ ਨੰਬਰਦਾਰ ਸਤਨਾਮ ਸਿੰਘ ਖੇਲਾ -: ਇਹਨਾਂ ਕਿਹਾ ਕਿ ਪਿਛਲੀ ਵਾਰ 2017 ਵਿੱਚ ਸਾਡੇ ਇਸ ਜੇਤੂ ਉਮੀਦਵਾਰ ਨੂੰ ਜਾਣਬੁੱਝ ਕੇ ਹਰਾਇਆ ਗਿਆ ਸੀ। ਉਸ ਗੱਲ ਦਾ ਲੋਕਾਂ ਦੇ ਮਨਾਂ ਵਿੱਚ ਸਖਤ ਗੁੱਸਾ ਤੇ ਨਰਾਜਗੀ ਸੀ ਜੋ ਇਸ ਵਾਰ ਵੱਡੇ ਨੱਧਰ ਤੇ ਵੋਟਾਂ ਡਾਕਟਰ ਹਰਭਜਨ ਸਿੰਘ ਨੂੰ ਮਿਲੀਆਂ। ਸਾਡੇ ਪਿੰਡ ਦਾ ਹੀਰਾ ਬੰਦਾ ਹੈ ਸਰਪੰਚ ਡਾਕਟਰ ਹਰਭਜਨ ਸਿੰਘ।

ਕੀ ਕਿਹਾ ਸੰਤੋਖ ਸਿੰਘ ਖੇਲਾ ਨੇ -: ਇਹਨਾ ਕਿਹਾ ਕਿ ਡਾਕਟਰ ਹਰਭਜਨ ਸਿੰਘ ਅੰਮ੍ਰਿਤਧਾਰੀ ਗੁਰਸਿੱਖ ਹੈ ਕਿ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਸਮਰਪਿਤ ਇਨਸਾਨੀਅਤ ਵਾਲਾ ਇਨਸਾਨ ਹੈ। ਮਿਲਣਸਾਰ ਤੇ ਹਰ ਇਕ ਦੇ ਕੰਮ ਆਉਣ ਵਾਲਾ ਵਧੀਆ ਬੰਦਾ ਇਸ ਵਾਰ ਪਿੰਡ ਨੇ ਫਿਰ ਤੋਂ ਸਰਪੰਚ ਚੁਣਿਆ ਹੈ। ਸਾਨੂੰ ਇਸ ਨਵੇਂ ਸਰਪੰਚ ਤੋਂ ਪਿੰਡ ਦੇ ਵਿਕਾਸ ਦੀਆਂ ਢੇਰ ਸਾਰੀਆਂ ਉਮੀਦਾਂ ਹਨ।


ਬਲਾਕ ਸੰਮਤੀ ਮੈਂਬਰ ਬਲਵਿੰਦਰ ਕੌਰ ਤੇ ਪ੍ਰਧਾਨ ਹਰਨੇਕ ਸਿੰਘ ਨੇ ਕੀ ਕਿਹਾ- ਇਹਨਾਂ ਕਿਹਾ ਕਿ ਹਰਭਜਨ ਸਿੰਘ ਕਿੱਤੇ ਵਜੋਂ ਆਰ ਐਮ ਪੀ ਡਾਕਟਰ ਤੇ ਗੁਰਸਿੱਖ ਹੋਣ ਕਰਕੇ ਤੇ ਦੁਆਬੇ ਦੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਤਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਦੇ ਖਜਾਨਚੀ ਵਜੋਂ ਵੀ ਆਮ ਲੋਕਾਂ ਵਿੱਚ ਹਰਮਨ ਪਿਆਰੇ ਹਨ। ਬੇਹਦ ਮਿਲਣਸਾਰ ਤੇ ਹਰ ਸਮੇਂ ਕੰਮ ਆਉਣ ਵਾਲੇ ਵਧੀਆ ਇਨਸਾਨ ਹਨ।

ਠੇਕੇਦਾਰ ਦਿਲਬਾਗ ਸਿੰਘ ਨੇ ਕੀ ਕਿਹਾ- ਇਹਨਾਂ ਕਿਹਾ ਕਿ ਸਾਡੇ ਪਿੰਡ ਦੀ ਭਾਈਚਾਰਕ ਸਾਂਝ ਦੀ ਇਹ ਮਜਬੂਤ ਤੰਦ ਹੀ ਕਹੀ ਜਾ ਸਕਦੀ ਹੈ ਕਿ ਜੱਟ ਭਾਈਚਾਰੇ ਨੇ ਆਪਣੀ ਵਾਰੀ ਵੀ ਸਾਡੇ ਲੋਕਾਂ ਨੂੰ ਦੋ ਵਾਰ ਸਰਪੰਚ ਬਣਾ ਕੇ ਮਾਣ ਦਿੱਤਾ। ਜਾਤੀ ਵਖਰੇਵੇਂ ਦਾ ਸਾਡੇ ਪਿੰਡ ਨਾਲ ਦੂਰ ਦਾ ਵੀ ਕੋਈ ਵਾਹ ਵਾਸਤਾ ਨਹੀਂ ਹੈ।

ਕੀ ਕਿਹਾ ਨਵੇਂ ਸਰਪੰਚ ਡਾਕਟਰ ਹਰਭਜਨ ਸਿੰਘ ਨੇ - ਇਹਨਾ ਕਿਹਾ ਕਿ ਮੈਨੂੰ ਜੋ ਮਾਣ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੀਰਵਾਦ ਨਾਲ ਸੰਗਤ ਨੇ ਮਾਣ ਬਖਸ਼ਿਆ ਹੈ। ਮੈਂ ਉਹ ਮਾਣ ਕਦੀ ਵੀ ਟੁੱਟਣ ਨਹੀਂ ਦਿਆਂਗਾ। ਮੈਂ ਪਹਿਲਾਂ ਵਾਂਗ ਹੀ ਗੁਰੂ ਘਰ ਦਾ ਸੱਚਾ ਸ਼ਰਧਾਲੂ ਬਣਕੇ ਹਰ ਇਕ ਦੇ ਕੰਮ ਆਉਣ ਨੂੰ ਆਪਣਾ ਖੁਸ਼ ਨਸੀਬ ਸਮਝਾਂਗਾ। ਮੈਂ ਇਹ ਦੱਸਣਾ ਚਾਹੁੰਦਾ ਕਿ ਮੇਰੇ ਦਰ ਤੇ ਆਇਆ ਕੋਈ ਵੀ ਵੀਰ ਭੈਣ ਮੇਰੇ ਤੋਂ ਕਦੀ ਵੀ ਨਰਾਜ ਹੋ ਕੇ ਵਾਪਸ ਨਹੀਂ ਜਾਵੇਗਾ। ਮੇਰੇ ਕੋਲ ਕੋਈ ਅਹੁਦਾ ਹੋਵੇ ਜਾਂ ਨਾ ਹੋਵੇ ਮੈਂ ਸਦਾ ਹੀ ਸੇਵਾ ਵਿੱਚ ਹਾਜ਼ਰ ਰਹਾਂਗਾ।

### 15 ਅਕਤੂਬਰ ਜਨਮ ਦਿਨ ’ਤੇ ਵਿਸ਼ੇਸ਼

# ਭਾਰਤ ਦਾ ਮਹਾਨ ‘ਮਿਸ਼ਨ ਮੈਨ’ ਸੀ ਡਾਕਟਰ ਏ.ਪੀ.ਜੇ. ਅਬਦੁਲ ਕਲਾਮ



ਡਾਕਟਰ ਏ.ਪੀ.ਜੇ. ਅਬਦੁਲ ਕਲਾਮ, ਭਾਰਤ ਦੇ 11ਵੇਂ ਰਾਸ਼ਟਰਪਤੀ, ਇੱਕ ਪ੍ਰਸਿੱਧ ਵਿਗਿਆਨੀ ਅਤੇ ਸਿੱਖਿਆਵਾਨ ਸਨ। ਉਹਨਾਂ ਦਾ ਪੂਰਾ ਨਾਮ ਅਵੁਲ ਪਕੀਰ ਜੈਨੁਲਾਬਦੀਨ ਅਬਦੁਲ ਕਲਾਮ ਸੀ। ਉਹਨਾਂ ਦਾ ਜਨਮ 15 ਅਕਤੂਬਰ 1931 ਨੂੰ ਰਾਮੇਸਵਰਮ, ਤਾਮਿਲਨਾਡੂ ਵਿੱਚ ਹੋਇਆ ਸੀ। ਉਹਨਾਂ ਦੀ ਮੌਤ 27 ਜੁਲਾਈ 2015 ਨੂੰ ਸ਼ਿਲਾਂਗ, ਮੇਘਾਲਯਾ ਵਿੱਚ ਹੋਈ ਸੀ।

**ਸ਼ੁਰੂਆਤੀ ਜੀਵਨ ਅਤੇ ਸਿੱਖਿਆ:**

ਅਬਦੁਲ ਕਲਾਮ ਦਾ ਜਨਮ ਇੱਕ ਗਰੀਬ ਮਛੀਮਾਰ ਪਰਿਵਾਰ ਵਿੱਚ ਹੋਇਆ ਸੀ। ਉਹਨਾਂ ਨੇ ਆਪਣੀ ਪ੍ਰਾਰੰਭਿਕ ਸਿੱਖਿਆ ਰਾਮੇਸਵਰਮ ਵਿੱਚ ਹੀ ਪ੍ਰਾਪਤ ਕੀਤੀ। ਬਾਅਦ ਵਿੱਚ ਉਹਨਾਂ ਨੇ ਸੇਂਟ ਜੋਸਫ਼ ਕਾਲਜ, ਤਿਰੁਚਿਰਾਪੱਲੀ ਤੋਂ ਭੌਤਿਕ ਵਿਗਿਆਨ ਵਿੱਚ ਡਿਗਰੀ ਪ੍ਰਾਪਤ ਕੀਤੀ



ਅਤੇ ਮਦਰਾਸ ਇੰਸਟੀਚਿਊਟ ਆਫ਼ ਟੈਕਨੋਲੋਜੀ ਤੋਂ ਏਅਰੋਸਪੇਸ ਇੰਜੀਨੀਅਰਿੰਗ ਵਿੱਚ ਮਾਸਟਰਜ਼ ਕੀਤੀ।

**ਵਿਗਿਆਨਕ ਯਾਤਰਾ:**

ਅਬਦੁਲ ਕਲਾਮ ਨੇ ਆਪਣੀ ਵਿਗਿਆਨਕ ਯਾਤਰਾ ਦੀ ਸ਼ੁਰੂਆਤ ਡੀ.ਆਰ.ਡੀ.ਓ. (ਰੱਖਿਆ ਖੋਜ ਅਤੇ ਵਿਕਾਸ ਸੰਗਠਨ) ਵਿੱਚ ਕੀਤੀ। ਬਾਅਦ ਵਿੱਚ ਉਹਨਾਂ ਨੇ ਇਸਰੋ (ਭਾਰਤੀ ਅੰਤਰਿਕਸ਼ ਅਨੁਸੰਧਾਨ ਸੰਗਠਨ) ਵਿੱਚ ਸ਼ਾਮਲ ਹੋ ਕੇ ਭਾਰਤ ਦੇ ਮਿਸ਼ਨਰੀ ਪ੍ਰੋਗਰਾਮਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਹਨਾਂ ਨੂੰ ‘ਮਿਸ਼ਨ ਮੈਨ’ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਕਿਉਂਕਿ ਉਹਨਾਂ ਨੇ ਭਾਰਤ ਦੇ ਮਿਸ਼ਨ ਪ੍ਰੋਗਰਾਮਾਂ ਵਿੱਚ ਅਹਿਮ ਭੂਮਿਕਾ ਨਿਭਾਈ।

**ਰਾਸ਼ਟਰਪਤੀ ਦੇ ਰੂਪ ਵਿੱਚ ਯੋਗਦਾਨ:**

ਅਬਦੁਲ ਕਲਾਮ 2002 ਤੋਂ 2007 ਤੱਕ ਭਾਰਤ ਦੇ ਰਾਸ਼ਟਰਪਤੀ ਰਹੇ। ਉਹਨਾਂ ਦੇ ਰਾਸ਼ਟਰਪਤੀ ਕਾਲ ਦੇ ਦੌਰਾਨ, ਉਹਨਾਂ ਨੇ ਸਿੱਖਿਆ, ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਕਈ ਮਹੱਤਵਪੂਰਨ ਪਹਲਾਂ ਕੀਤੀਆਂ। ਉਹਨਾਂ ਨੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਕਈ ਲੈਕਚਰ ਦਿੱਤੇ ਅਤੇ ਕਿਤਾਬਾਂ ਲਿਖੀਆਂ।

**ਮੌਤ ਅਤੇ ਵਿਰਾਸਤ:** ਅਬਦੁਲ ਕਲਾਮ ਦੀ ਮੌਤ 27 ਜੁਲਾਈ 2015 ਨੂੰ ਸ਼ਿਲਾਂਗ ਵਿੱਚ ਹੋਈ ਜਦੋਂ ਉਹ ਇੱਕ ਲੈਕਚਰ ਦੇ ਰਹੇ ਸਨ। ਉਹਨਾਂ ਦੀ ਮੌਤ ਦੇ ਬਾਅਦ, ਭਾਰਤ ਨੇ ਇੱਕ ਮਹਾਨ ਵਿਗਿਆਨੀ ਅਤੇ ਪ੍ਰੇਰਕ ਵਿਅਕਤੀਗਤ ਨੂੰ ਖੋ ਦਿੱਤਾ। ਉਹਨਾਂ ਦੀ ਯਾਦ ਵਿੱਚ ਰਾਮੇਸਵਰਮ ਵਿੱਚ ਇੱਕ ਸਮਾਰਕ ਬਣਾਇਆ ਗਿਆ ਹੈ।

ਨਤੀਜਾ: ਅਬਦੁਲ ਕਲਾਮ ਦੀ ਜ਼ਿੰਦਗੀ ਅਤੇ ਯੋਗਦਾਨ ਸਾਨੂੰ ਸਿਖਾਉਂਦੇ ਹਨ ਕਿ ਕਿਵੇਂ ਇੱਕ ਗਰੀਬ ਪਰਿਵਾਰ ਦਾ ਬੱਚਾ ਵੀ ਮਹਾਨਤਾ ਦੀ ਉਚਾਈਆਂ ਨੂੰ ਛੂਹ ਸਕਦਾ ਹੈ। ਉਹਨਾਂ ਦੀ ਕਹਾਣੀ ਸਾਨੂੰ ਪ੍ਰੇਰਿਤ ਕਰਦੀ ਹੈ ਕਿ ਸਪਨੇ ਦੇਖੋ ਅਤੇ ਉਹਨਾਂ ਨੂੰ ਪੂਰਾ ਕਰਨ ਲਈ ਮਿਹਨਤ ਕਰੋ।

**ਖੋਜ ਯੋਗਦਾਨ:**

ਸੈਟੇਲਾਈਟ ਲਾਂਚ ਵਾਹਨ (SLV): ਡਾਕਟਰ ਕਲਾਮ ISRO ਵਿੱਚ ਪ੍ਰੋਜੈਕਟ ਡਾਇਰੈਕਟਰ ਸਨ, ਜਿੱਥੇ ਉਹਨਾਂ ਨੇ ਭਾਰਤ ਦੇ ਪਹਿਲੇ ਸਵਦੇਸ਼ੀ ਸੈਟੇਲਾਈਟ ਲਾਂਚ ਵਾਹਨ (ੱੜ-999) ਦੇ ਵਿਕਾਸ ਵਿੱਚ ਮੁੱਖ ਭੂਮਿਕਾ ਨਿਭਾਈ। ਇਹ ਭਾਰਤ ਦੇ ਅੰਤਰਿਕਸ਼ ਪ੍ਰੋਗਰਾਮ ਲਈ ਇੱਕ ਮਹੱਤਵਪੂਰਨ ਮੋੜ ਸੀ, ਜਿਸ ਨੇ ਦੇਸ਼ ਨੂੰ ਅੰਤਰਿਕਸ਼ ਯੁੱਗ ਵਿੱਚ ਦਾਖਲ ਕੀਤਾ।

ਇੰਟੀਗ੍ਰੇਟਿਡ ਗਾਈਡਡ ਮਿਸਾਈਲ ਡਿਵੈਲਪਮੈਂਟ ਪ੍ਰੋਗਰਾਮ (97੍ਹ4ਫ): ਡਾਕਟਰ ਕਲਾਮ ਨੇ 4੍ਹ4ੋਂ ਵਿੱਚ ਮੁੱਖ ਵਿਗਿਆਨਿਕ ਸਲਾਹਕਾਰ ਦੇ ਰੂਪ ਵਿੱਚ (ਿਘੰਧਫ) ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਪ੍ਰੋਗਰਾਮ ਦੇ ਤਹਿਤ ਕਈ ਮਹੱਤਵਪੂਰਨ ਮਿਸਾਈਲਾਂ ਦਾ ਵਿਕਾਸ ਕੀਤਾ ਗਿਆ, ਜਿਵੇਂ ਕਿ ਅਗਨੀ, ਪ੍ਰਿਥਵੀ, ਤ੍ਰਿਸ਼ੂਲ ਅਤੇ ਨਾਗ ਮਿਸਾਈਲਾਂ।

ਰੀਯੂਜ਼ੇਬਲ ਲਾਂਚ ਵਾਹਨ (SLV) ਡਾਕਟਰ ਕਲਾਮ ਦੀ ਦ੍ਰਿਸ਼ਟੀ ISRO ਦੇ ਵਿਕਾਸ ਤੱਕ ਵੀ ਫੈਲੀ ਹੋਈ ਸੀ, ਜਿਸਦਾ ਉਦੇਸ਼ ਸੈਟੇਲਾਈਟਾਂ ਨੂੰ ਅੰਤਰਿਕਸ਼ ਵਿੱਚ ਲਾਂਚ ਕਰਨ ਦੀ ਲਾਗਤ ਨੂੰ ਘਟਾਉਣਾ ਸੀ। (97M4P): ਤਕਨਾਲੋਜੀ ਸਪੇਸ ਯਾਤਰਾ ਨੂੰ ਹੋਰ ਆਰਥਿਕ ਅਤੇ ਸਥਾਈ ਬਣਾਉਣ ਵੱਲ ਇੱਕ ਕਦਮ ਹੈ। ਹੈਲਥਕੇਅਰ ਇਨੋਵੇਸ਼ਨਜ਼: ਅੰਤਰਿਕਸ਼ ਅਤੇ ਰੱਖਿਆ ਦੇ ਖੇਤਰ ਤੋਂ ਇਲਾਵਾ, ਡਾਕਟਰ ਕਲਾਮ ਨੇ ਹੈਲਥਕੇਅਰ ਇਨੋਵੇਸ਼ਨਜ਼ ’ਤੇ ਵੀ ਧਿਆਨ ਦਿੱਤਾ। ਉਹਨਾਂ ਨੇ ਸਸਤੇ ਹੈਲਥਕੇਅਰ ਹੱਲਾਂ ਦੀ ਵਕਾਲਤ ਕੀਤੀ ਅਤੇ ਪਿੰਡਾਂ ਵਿੱਚ ਮੈਡੀਕਲ ਢਾਂਚੇ ਨੂੰ ਸੁਧਾਰਨ ਲਈ ਪ੍ਰੋਜੈਕਟਾਂ ’ਤੇ ਕੰਮ ਕੀਤਾ।

ਸਿੱਖਿਆ ਪਹਲਾਂ: ਡਾਕਟਰ ਕਲਾਮ ਸਿੱਖਿਆ ਦੇ ਪ੍ਰਬਲ ਸਮਰਥਕ ਸਨ। ਉਹ ਸਿੱਖਿਆ ਦੀ ਬਦਲਣ ਵਾਲੀ ਤਾਕਤ ’ਤੇ ਵਿਸ਼ਵਾਸ ਕਰਦੇ ਸਨ ਅਤੇ ਵਿਦਿਆਰਥੀਆਂ ਅਤੇ ਨੌਜਵਾਨ ਪੇਸ਼ੇਵਰਾਂ ਨੂੰ ਪ੍ਰੇਰਿਤ ਕਰਨ ਲਈ ਬੇਹਦ ਮਿਹਨਤ ਕੀਤੀ। ਉਹਨਾਂ ਦੀਆਂ ਕਿਤਾਬਾਂ, ਜਿਵੇਂ ਕਿ "Wings of Fire" ਅਤੇ "Ignited Minds,"" ਸਿੱਖਿਆ ਅਤੇ ਰਾਸ਼ਟਰ ਨਿਰਮਾਣ ਪ੍ਰਤੀ ਉਹਨਾਂ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

ਵਿਰਾਸਤ ਅਤੇ ਪ੍ਰਭਾਵ: ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਦੇ ਖੋਜ ਅਤੇ ਨਵੀਨਤਾ ਨੇ ਭਾਰਤ ਦੇ ਵਿਗਿਆਨਕ ਅਤੇ ਤਕਨਾਲੋਜੀ ਖੇਤਰ ’ਤੇ ਅਮਿੱਟ ਛਾਪ ਛੱਡੀ ਹੈ। ਉਹਨਾਂ ਦੇ ਕੰਮ ਨੇ ਨਾ ਸਿਰਫ ਭਾਰਤ ਦੀਆਂ ਅੰਤਰਿਕਸ਼ ਅਤੇ ਰੱਖਿਆ ਯੋਗਤਾਵਾਂ ਨੂੰ ਅੱਗੇ ਵਧਾਇਆ ਹੈ, ਸਗੋਂ ਅਨੇਕਾਂ ਵਿਅਕਤੀਆਂ ਨੂੰ ਵਿਗਿਆਨ ਅਤੇ ਤਕਨਾਲੋਜੀ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ ਹੈ। ਉਹਨਾਂ ਦੀ ਵਿਰਾਸਤ ਭਵਿੱਖ ਦੀਆਂ ਪੀੜ੍ਹੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਆਪਣੇ ਲਕਸ਼ਾਂ ਨੂੰ ਪ੍ਰਾਪਤ ਕਰਨ ਲਈ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ।

**– ਹਰਜਿੰਦਰ ਸਿੰਘ ਬਸਿਆਲਾ**

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮਾਗਮ ਵਿੱਚ ਉਮੜੀਆਂ ਸੈਂਕੜੇ ਸੰਗਤਾਂ ਲੰਗਰ ਸੇਵਾ ਸਥਾਨ ਪੁਰਹੀਰਾਂ ਚ ਕਰਵਾਇਆ ਗਿਆ ਵਿਸ਼ਾਲ ਸਮਾਗਮ





**ਵੈਨਕੂਵਰ (ਕੁਲਦੀਪ ਚੁੰਬਰ)–** ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧੰਨ ਗੁਰੂ ਰਾਮਦਾਸ ਸਾਹਿਬ ਜੀ ਲੰਗਰ ਸੇਵਾ ਸਥਾਨ ਪੁਰਹੀਰਾਂ (ਹੁਸ਼ਿਆਰਪੁਰ) ਵਲੋਂ ਸਾਲਾਨਾ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਭੋਗ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਜਿਸ ਦੌਰਾਨ ਸ੍ਰੀ ਗੁਰਦੁਆਰਾ ਸਾਹਿਬ ਮਿੱਠਾ ਮਿੱਠਾ ਟਿਵਾਣਾ ਸਾਹਿਬ ਦੇ ਕੀਰਤਨੀ ਜਥਾ ਸੰਤ ਅਨੂਪ ਸਿੰਘ ਊਨਾ ਸਾਹਿਬ ਵਾਲੇ, ਭਾਈ ਜੋਗਿੰਦਰ ਸਿੰਘ ਰਿਆੜ, ਭਾਈ ਤਜਿੰਦਰ ਸਿੰਘ ਖੰਨੇ ਵਾਲੇ, ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਮਹਿਤਾਬ ਸਿੰਘ ਜਲੰਧਰ ਵਾਲੇ, ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸੁਰਦੀਪ ਸਿੰਘ ਯੂ।ਐਸ।ਏ। ਵਾਲੇ ਤੇ ਬੀਬੀ ਰਵਿੰਦਰ ਕੌਰ ਪਟਿਆਲਾ ਵਾਲਿਆਂ ਨੇ ਸੰਗਤਾਂ ਨੂੰ ਮਨੋਹਰ ਕਥਾ-ਕੀਰਤਨ ਰਾਹੀਂ ਨਿਹਾਲ ਕੀਤਾ । ਸਮਾਗਮ ਦੌਰਾਨ ਸਿੱਖ ਪੰਥ ਦੇ ਮਹਾਨ ਵਿਦਵਾਨ ਗਿਆਨੀ ਪਿੰਦਰਪਾਲ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਗੁਰੂ ਡੰਮ੍ਹ ਤੋਂ ਦੂਰ ਰਹਿ-ਦਿਆਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਆ-ਪਣੀਆਂ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਨੂੰ ਸਿੱਖਾਂ ਦੇ ਲਾਸਾਨੀ ਅਤੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਤੋਂ ਸਿੱਖੀ ਦਾ ਹੋਰ ਵੀ ਵੱਡੇ ਪੱਧਰ ਤੇ ਵਿਸਥਾਰ ਹੋ ਸਕੇ । ਉਹਨਾਂ ਨੂੰ ਕਿਹਾ ਕਿ ਗੁਰੂ ਸਾਹਿਬ ਜੀ ਦੇ ਉਪਦੇਸ਼ਾਂ ਸਬੰਧੀ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ, ਤਾਂ ਜੋ ਸਿੱਖ ਧਰਮ ਦੀ ਨੀਂਹ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ ਜਿਨਾਂ ਦਾ ਲੰਗਰ ਸੇਵਾ ਸਥਾਨ ਪੁਰਹੀਰਾਂ ਦੀ ਸਮੁੱਚੀ ਪ੍ਰਬੰਧਕ ਕਮੇਟੀ ਨੇ ਧੰ-ਨਵਾਦ ਕੀਤਾ। ਇਸ ਮੌਕੇ ਸਹਿਯੋਗੀ ਸੱਜਣਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ । ਜ਼ਿਕਰਯੋਗ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਥਾਨ ਪੁਰਹੀਰਾਂ ਵਿੱਚ ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਨਾਮ ਤੇ ਇਹ ਜੋ ਲੰਗਰ ਸਥਾਨ ਆਪਣੀਆਂ ਸੇਵਾਵਾਂ ਦੇ ਜਰੀਏ ਅੱਜ ਵਿਸ਼ਵ ਪੱਧਰ ਤੇ ਆਪਣਾ ਨਾਂਅ ਚਮਕਾਇਆ ਹੈ ਉਹ ਆਪਣੇ ਆਪ ਵਿੱਚ ਇੱਕ ਵੱਡੀ ਮਿਸਾਲ ਹੈ । ਇਹ ਸੰਸਥਾ ਜ਼ਿਲ੍ਹੇ ਅੰਦਰ ਮਹਾਨ ਸੇਵਾ ਕਰਕੇ ਹਰ ਲੋੜਵੰਦ ਦੀ ਮਦਦ ਕਰ ਰਹੀ ਹੈ।

# ਸਪੈਸ਼ਲ ਬੱਚਿਆਂ ਨੇ ਸਕੂਲ ਵਿੱਚ ਲਗਾਈ ਮੋਮਬੱਤੀਆਂ ਦੀ ਪ੍ਰਦਰਸ਼ਨੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦੇ ਸਪੈਸ਼ਲ ਬੱਚਿਆਂ ਵੱਲੋਂ ਦਾ ਟ੍ਰਿਨਟੀ ਸਕੂਲ ਅਸਲਪੁਰ ਵਿੱਚ ਮੋਮਬੱਤੀਆਂ ਦੀ ਪ੍ਰਦਰਸ਼ਨੀ ਲਗਾਈ ਗਈ, ਇਸ ਪ੍ਰਦਰਸ਼ਨੀ ਦਾ ਉਦਘਾਟਨ ਡਾਇਰੈਕਟਰ ਕਮ ਪ੍ਰਿੰਸੀਪਲ ਅਨੀਤਾ ਲਾਰੈਂਸ, ਸੀਨੀਅਰ ਹੈਡ ਮਾਸਟਰ ਅਜੀਤ ਪੌਲ, ਹੈਡ ਮਾਸਟਰ ਸੁਮਨ ਗਾਂਧੀ ਵੱਲੋਂ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਸਕੂਲ ਵਿੱਚ ਲਗਾਈ ਗਈ ਇਸ ਪ੍ਰਦਰਸ਼ਨੀ ਦੌਰਾਨ ਬੱਚਿਆਂ ਵੱਲੋਂ ਵੱਖ-ਵੱਖ ਪ੍ਰਕਾਰ ਦੀਆਂ ਬਣਾਈਆਂ ਗਈਆਂ ਮੋਮਬੱਤੀਆਂ ਦੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਖਰੀਦਦਾਰੀ ਕੀਤੀ ਗਈ। ਸਕੂਲ ਦੀ ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਪਿਛਲੇ 4 ਮਹੀਨੇ ਤੋਂ ਮੋਮਬੱਤੀਆਂ ਤਿਆਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਵੱਲੋਂ ਇਹ ਸੁਨੇਹਾ ਦੇਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਪੈਸ਼ਲ ਬੱਚੇ ਵੀ ਕਿਸੇ ਤੋਂ ਘੱਟ ਨਹੀਂ ਹਨ ਤੇ ਉਹ ਵੀ ਮੇਹਨਤ ਨਾਲ ਅੱਗੇ ਵੱਧ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਸਪੈਸ਼ਲ ਬੱਚਿਆਂ ਨੂੰ ਮੁੱਖ ਧਾਰਾ ਨਾਲ ਜੋੜਿਆ ਜਾਵੇ। ਇਸ ਮੌਕੇ ਅੰਜਨਾ, ਅਨੀਤਾ, ਰਜਨੀ ਆਦਿ ਵੀ ਮੌਜੂਦ ਰਹੇ।

# ਰਾਸ਼ਟਰੀ ਖੇਡਾਂ ਲਈ ਹੋਲੀ ਮਿਸ਼ਨ ਸਕੂਲ, ਲਹਿਰਾਗਾਗਾ ਦੀ ਟੀਮ ਰਵਾਨਾ



**ਲਹਿਰਾਗਾਗਾ, (ਦਲਜੀਤ ਕੌਰ):** ਹੋਲੀ ਮਿਸ਼ਨ ਇੰਟਰਨੈਸ਼ਨਲ ਸਕੂਲ, ਲਹਿਰਾਗਾਗਾ ਦੀ ਕੁੜੀਆਂ ਦੀ ਜੂਨੀਅਰ ਖੋ-ਖੋ ਟੀਮ ਕੋਚ ਚੰਦਨ ਮੰਗਲ ਦੀ ਅਗਵਾਈ ਹੇਠ ਕਰਨਾਲ (ਹਰਿਆਣਾ) ਵਿਖੇ ਹੋਣ ਵਾਲੀ ਸੀਬੀਐਸਈ ਨੈਸ਼ਨਲ ਖੋ-ਖੋ ਚੈਂਪੀਅਨਸ਼ਿਪ ਲਈ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਅਤੇ ਮੈਡਮ ਅਮਨ ਢੀਂਡਸਾ ਨੇ ਰਵਾਨਾ ਕੀਤੀ। ਇਸ ਟੀਮ ਨੇ ਕਲੱਸਟਰ-17 ਦੇ ਮੁਕਾਬਲਿਆਂ ਵਿੱਚ ਵਿਰੋਧੀ ਟੀਮਾਂ ਨੂੰ ਵੱਡੇ ਫਰਕ ਨਾਲ ਹਰਾਕੇ ਪਹਿਲਾ ਸਥਾਨ ਹਾਸਿਲ ਕੀਤਾ ਸੀ। ਖਿਡਾਰਨਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕੰਵਲਜੀਤ ਸਿੰਘ ਢੀਂਡਸਾ ਨੇ ਕਿਹਾ ਕਿ ਖੇਡਾਂ ਹਰੇਕ ਵਿਦਿਆਰਥੀ ਦੇ ਵਿਅਕਤੀਗਤ ਵਿਕਾਸ ਲਈ ਜ਼ਰੂਰੀ ਹਨ। ਇਕੱਲੇ ਸਰੀਰਕ ਵਿਕਾਸ ਲਈ ਹੀ ਨਹੀਂ, ਸਗੋਂ ਮਾਨਸਿਕ ਅਤੇ ਸਮਾਜਿਕ ਵਿਕਾਸ ਲਈ ਵੀ ਖੇਡਾਂ ਜ਼ਰੂਰੀ ਹਨ।

ਟੀਮ ਵਿੱਚ ਸ਼ਾਮਿਲ ਖਿਡਾਰਨਾਂ ਗੁਰਨੂਰ ਵੜੈਚ, ਸਵਰੀਨ ਸਰਾ, ਲਵਨੀਤ ਧਦਰਾ , ਮਹਿਕਪ੍ਰੀਤ ਕੌਰ, ਮਨਸੀਰਤ ਸਰਾ, ਮਾਨਵੀ ਵੜੈਚ, ਯੁਵਲੀਨ ਵੜੈਚ, ਹਰਕੀਰਤ ਗਿੱਲ, ਸਹਿਜਪ੍ਰੀਤ ਸਰਾ ਅਤੇ ਖੁਸ਼ਦੀਪ ਸਰਾ ਨੇ ਖੇਡ ਭਾਵਨਾ ਨਾਲ ਖੇਡਣ ਦਾ ਪ੍ਰਣ ਲਿਆ। ਇਸ ਮੌਕੇ ਮੈਡਮ ਹਰਪ੍ਰੀਤ ਕੌਰ ਵੀ ਹਾਜ਼ਰ ਸਨ।

# ਆਪ ਦੇ ਵਾਰਡ ਪ੍ਰਧਾਨ ਪੂਰਨ ਸਿੰਘ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਾਂਗਰਸ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਸਰਬੱਤ ਦਾ ਭਲਾ ਵੈਲਫੇਅਰ ਸੁਸਾਇਟੀ ਦੇ



ਚੇਅਰਮੈਨ ਡਾ. ਪੀ.ਐਸ. ਮਾਨ, ਜਨਰਲ ਸਕੱਤਰ ਦਵਿੰਦਰ ਕੌਰ ਮਾਨ ਅਤੇ ਸੁਸਾਇਟੀ ਦੇ ਅਹੁਦੇਦਾਰਾਂ ਤੋਂ ਇਲਾਵਾ ਵਾਰਡ ਨੰ: 27 ਤੋਂ 'ਆਪ' ਦੇ ਪ੍ਰਧਾਨ ਪੂਰਨ ਸਿੰਘ ਅਤੇ ਹੋਰ ਇਲਾਕਾ ਨਿਵਾਸੀ ਕਾਂਗਰਸ ਵਿਚ ਸ਼ਾਮਲ ਹੋਏ। ਉਹਨਾਂ ਨੂੰ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਸਿਰੋਪੇ ਭੇਂਟ ਕਰਕੇ ਕਾਂਗਰਸ ਵਿੱਚ ਸ਼ਾਮਲ ਕਰਵ-ਾਇਆ ਅਤੇ ਕਿਹਾ ਕਿ ਉਨ੍ਹਾਂ ਨੂੰ ਕਾਂਗਰਸ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਡਾ: ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਉਹ ਪਿਛਲੇ ਢਾਈ ਸਾਲਾਂ ਤੋਂ ਵਾਰਡ ਵਾਸੀਆਂ ਅਤੇ ਸ਼ਹਿਰ ਵਾਸੀਆਂ ਦੀ ਸੇਵਾ ਕਰਦੇ ਆ ਰਹੇ ਹਨ, ਉਹ ਸੇਵਾ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ ਅਤੇ ਵਾਰਡ ਵਾਸੀਆਂ ਨੂੰ ਹਰ ਸੰਭਵ ਸਹੂਲਤ ਮਿਲੇਗੀ ਅਤੇ ਉਹ 24 ਘੰਟੇ ਵਾਰਡ ਵਾਸੀਆਂ ਲਈ ਉਪਲਬਧ ਰਹਿਣਗੇ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਪਾਰਟੀ ਵਿੱਚ ਸੇਵਾ ਭਾਵਨਾ ਨਾਲ ਹੀ ਕੰਮ ਕਰਨਗੇ ਅਤੇ ਪਾਰਟੀ ਜੋ ਵੀ ਫੈਸਲਾ ਲਵੇਗੀ, ਉਨ੍ਹਾਂ ਨੂੰ ਪ੍ਰਵਾਨ ਹੋਵੇਗਾ। ਉਨ੍ਹਾਂ ਵਾਰਡ ਵਾਸੀਆਂ ਦਾ ਇਸ ਫੈਸਲੇ ਵਿੱਚ ਉਨ੍ਹਾਂ ਦਾ ਸਾਥ ਦੇਣ ਅਤੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਦਾ ਮਨੋਬਲ ਅਤੇ ਸਨਮਾਨ ਵਧਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਕਾਂਗਰਸੀ ਕੌਂਸਲਰ ਵੀ ਹਾਜ਼ਰ ਸਨ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦੇਸ਼ ਭਗਤ ਯੂਨੀਵਰਸਿਟੀ ਵਿੱਚ ਅੰਤਰ-ਰਾਸ਼ਟਰੀ ਬਾਲੜੀ ਦਿਵਸ ਮਨਾਇਆ



**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਦੇ ਐਗਰੀਕਲਚਰਲ ਕਲੱਬ ਆਫ਼ ਐਗਰੀਕਲਚਰ ਐਂਡ ਲਾਈਫ਼ ਸਾਇੰਸਿਜ਼ ਦੇ ਫੈਕਲਟੀ ਵੱਲੋਂ ਏਕ ਭਾਰਤ ਸ਼੍ਰੇਸ਼ਠ ਸੈਲ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਬਾਲੜੀ ਦਿਵਸ 'ਤੇ ਮਾਹਿਰ ਭਾਸ਼ਣ ਕਰਵਾਇਆ ਗਿਆ। ਇਹ ਸਮਾਗਮ ਆਨਲਾਈਨ ਰਾਹੀਂ ਕਰਵਾਇਆ ਗਿਆ। ਇਸ ਮੌਕੇ ਰਿਸੋਰਸ ਪਰਸਨ ਸਾਕਸ਼ੀ ਚੌਹਾਨ, ਰਿਸਰਚ ਐਸੋਸੀਏਟ, ਵਣ ਖੋਜ ਸੰਸਥਾ, ਦੇਹਰਾਦੂਨ, ਉੱਤਰਾਖੰਡ ਸਨ।

ਡਾ: ਅਵਿਨਾਸ਼ ਭਾਟੀਆ (ਸਹਾਇਕ ਪ੍ਰੋਫੈਸਰ), ਦੇਸ਼ ਭਗਤ ਯੂਨੀ-ਵਰਸਿਟੀ ਨੇ ਰਿਸੋਰਸ ਪਰਸਨ ਅਤੇ ਸਾਰੇ ਭਾਗੀਦਾਰਾਂ ਦਾ ਸਵਾਗਤ ਕੀਤਾ। ਇਸ ਮੌਕੇ ਬੁਲਾਰਿਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਔਰਤਾਂ ਵਿਚਕਾਰ ਮਜ਼ਬੂਤ ਦੋਸਤੀ ਬਿਹਤਰ ਮਾਨਸਿਕ ਸਿਹਤ, ਖੁਸ਼ੀ ਅਤੇ ਆਪਸੀ ਸਾਂਝ ਦੀ ਭਾਵਨਾ ਦਾ ਕਾਰਨ ਬਣ ਸਕਦੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਵੀ ਚਰਚਾ ਕੀਤੀ ਕਿ ਕਿਵੇਂ ਦੋਸਤੀ ਔਰਤਾਂ ਨੂੰ ਆਪਣੇ ਟੀਚਿਆਂ ਅਤੇ ਅਭਿਲਾਸ਼ਾਵਾਂ ਦਾ ਪਿੱਛਾ ਕਰਨ ਲਈ ਸ਼ਕਤੀ ਪ੍ਰਦਾਨ ਕਰ ਸਕਦੀ ਹੈ ਅਤੇ ਰੁਕਾਵਟਾਂ ਨੂੰ ਪਾਰ ਕਰਨ ਅਤੇ ਸਿਹਤਮੰਦ ਸਬੰਧਾਂ ਨੂੰ ਵਧਾਉਣ ਲਈ ਰਣਨੀਤੀਆਂ ਪ੍ਰਦਾਨ ਕੀਤੀਆਂ ਗਈਆਂ ਸਨ।

ਪ੍ਰੋਗਰਾਮ ਵਿੱਚ ਲਗਭਗ 20 ਪ੍ਰਤੀਭਾਗੀ ਸ਼ਾਮਲ ਹੋਏ। ਇਸ ਸਮਾਗਮ ਦਾ ਮੁੱਖ ਉਦੇਸ਼ ਮਾਨਸਿਕ ਤੰਦਰੁਸਤੀ ਅਤੇ ਲੜਕੀਆਂ ਨੂੰ ਉਤਸ਼ਾਹਿਤ ਕਰਨ ਲਈ ਮਜ਼ਬੂਤ ਔਰਤ ਦੀ ਮਹੱਤਤਾ ਨੂੰ ਵਧਾਉਣਾ ਅਤੇ ਇੱਕ ਦੂਜੇ ਦੇ ਜੀਵਨ ਵਿੱਚ ਬਾਲੜੀ ਦੇ ਸਕਾਰਾਤਮਕ ਪ੍ਰਭਾਵ ਨੂੰ ਪਛਾਣਨਾ। ਅੰਤ ਵਿੱਚ ਮਿਸ ਸ਼ਿਵਾਂਗੀ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਪ੍ਰੋ (ਡਾ.) ਐਚ.ਕੇ ਸਿੱਧੂ, ਡੀਨ ਐਗਰੀਕਲਚਰ ਐਂਡ ਲਾਈਫ ਸਾਇੰਸਿਜ਼ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਹ ਪਲੇਟਫਾਰਮ ਪ੍ਰਦਾਨ ਕੀਤਾ।

# ਗਾਇਕ ਫਤਹਿਜੀਤ ਦੇ ਸਿੰਗਲ ਟ੍ਰੈਕ "ਚੰਨ ਚੰਨ ਦੇ" ਵੀਡੀਓ ਨੂੰ ਮਿਲਿਆ ਭਰਵਾਂ ਹੁੰਗਾਰਾ



**ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬੀ ਸੰਗੀਤ ਜਗਤ ਵਿੱਚ ਆਪਣੇ ਗੀਤਾਂ ਰਾਹੀ ਦਰਸ਼ਕਾਂ ਦੇ ਦਿਲਾਂ ਵਿੱਚ ਥਾਂ ਬਣਾਉਣ ਵਾਲੇ ਗਾਇਕ ਫਤਹਿਜੀਤ ਦਾ ਗੀਤ "ਚੰਨ ਚੰਨ" ਪੇਸ਼ਕਾਰ ਗੁਰਵਿੰਦਰ ਸਿੰਘ ਪ੍ਰੋਡਿਊਸਰ ਅਭੀਸ਼ੇਕ ਅਤੇ ਰੋਜ਼ੀ ਤੇ ਐਫ ਐਂਡ ਜੀ ਰਿਕਾਰਡਜ਼ ਵਲੋਂ ਰਿਲੀਜ਼ ਗਿਆ ਸੀ । ਜਿਸ ਦੇ ਵੀਡੀਓ ਨੂੰ ਯੂ ਟਿਊਬ ਤੇ ਦਰਸ਼ਕਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ। ਜਿਸ ਦਾ ਵੀਡੀਓ ਇੰਗਲੈਂਡ ਦੀਆਂ ਵੱਖ-ਵੱਖ ਲੋਕੇਸ਼ਨਜ਼ ਤੇ ਸ਼ੂਟ ਕੀਤਾ ਗਿਆ ਹੈ । ਜਾਣਕਾਰੀ ਦਿੰਦਿਆਂ ਗਾਇਕ ਫਤਹਿਜੀਤ ਨੇ ਦੱਸਿਆ ਕਿ ਇਸ ਸਿੰਗਲ ਟ੍ਰੈਕ ਦਾ ਸੰਗੀਤ ਗੋਲਡੀ ਈ ਗਿੱਲ ਵਲੋਂ ਤਿਆਰ ਕੀਤਾ ਗਿਆ ਹੈ ਤੇ ਜਿਸਨੂੰ ਉਸ ਵਲੋਂ ਖੁਦ ਕਲਮਬੱਧ ਕੀਤਾ ਗਿਆ ਹੈ।

# ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਦੀ ਕਾਨਫਰੰਸ 16 ਅਤੇ 17 ਅਕਤੂਬਰ ਨੂੰ

**ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਵਲੋਂ ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਤਹਿਤ ਜ਼ਿਲ੍ਹਾ ਸੰਗਰੂਰ ਦੇ ਮਸਤੂਆਣਾ ਸਾਹਿਬ ਵਿਖੇ 16 ਅਤੇ 17 ਅਕਤੂਬਰ ਨੂੰ ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਸਾਹਿਤਕ ਕਾਨਫਰੰਸ ਕਾਰਵਾਈ ਜਾ ਰਹੀ ਹੈ।ਅੱਜ ਪੰਜਾਬ ਭਵਨ ਸਰੀ ਵਿਖੇ ਬਾਲ ਸਾਹਿਤਕ ਕਾਨਫਰੰਸ ਸਬੰਧੀ , ਪੰਜਾਬ ਭਵਨ ਸਰੀ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ,ਉੱਘੇ ਲੋਕ ਗਾਇਕ ਸਰਬਜੀਤ ਸਿੰਘ ਚੀਮਾਂ ਅਤੇ ਸਤੀਸ਼ ਜੌੜਾ ਵਲੋਂ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਤੇ ਗਾਇਕ ਸਰਬਜੀਤ ਸਿੰਘ ਚੀਮਾਂ ਨੇ ਕਿਹਾ ਕਿ ਸੁੱਖੀ ਬਾਠ ਜੀ ਨੇ ਮਾਂ ਬੋਲੀ ਪੰਜਾਬੀ ਨੂੰ ਸਿਰ ਦਾ ਤਾਜ ਬਣਾ ਕੇ ਰੱਖਿਆ ਹੋਇਆ ਹੈ, ਜਿਸ ਤਰ੍ਹਾਂ ਦੇ ਮਾਂ ਬੋਲੀ ਪੰਜਾਬੀ ਲਈ ਕੀਤੇ ਜਾ ਰਹੇ ਉਪਰਾਲੇ ਪੰਜਾਬੀ ਬੱਚਿਆਂ ਲਈ ਕਾਰਗਰ ਸਾਬਤ ਹੋਣਗੇ।



ਉਨ੍ਹਾਂ ਕਿਹਾ ਕਿ ਸੁੱਖੀ ਬਾਠ ਵਲੋਂ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਮਸਤੂਆਣਾ ਸਾਹਿਬ ਵਿਖੇ ਕਰਵਾਈ ਜਾ ਰਹੀ ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਸਾ-ਹਤਕ ਕਾਨਫਰੰਸ ਵਿੱਚ ਬੱਚਿਆਂ ਸੁੱਖੀ ਬਾਠ ਜੀ ਵਲੋਂ ਆਪਣੇ ਪਿਤਾ ਸਵ। ਸ। ਅਰਜਨ ਸਿੰਘ ਬਾਠ ਜੀ ਦੀ ਯਾਦ ਵਿੱਚ ਲੱਖਾਂ ਰੁਪਏ ਦੇ ਇਨਾਮ ਦੇ ਕੇ ਨਿਵਾਜਿਆ ਜਾਵੇਗਾ।ਉਨ੍ਹਾਂ ਕਿਹਾ ਕਿ ਬੱਚਿਆਂ ਲਈ ਐਵਾਰਡ ਸਮਾਗਮ ਪਹਿਲੀ ਵਾਰ ਹੋਣ ਜਾ ਰਿਹਾ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਮਿਸਾਲ ਹੋਵੇਗਾ। ਸਰਬਜੀਤ ਸਿੰਘ ਚੀਮਾਂ ਨੇ ਕਿਹਾ ਕਿ ਆਓ ਪੰਜਾਬੀਓ ਰਲ ਕੇ ਸਾਰੇ ਸੁੱਖੀ ਬਾਠ ਵਲੋਂ ਬੱਚਿਆਂ ਲਈ ਕਾਰਵਾਈ ਜਾ ਰਹੀ ਅੰਤਰਰਾਸ਼ਟਰੀ ਕਾਨਫਰੰਸ ਦਾ ਹਿੱਸਾ ਬਣੀਏ।

# ਕਨੇਡਾ 'ਚ ਹੱਕੀ ਮੰਗਾਂ ਲਈ ਜੂਝਦੇ ਨੌਜਵਾਨਾਂ ਦੇ ਹੱਕ 'ਚ ਨਿੱਤਰੀ ਦੇਸ਼ ਭਗਤ ਕਮੇਟੀ

**ਜਲੰਧਰ-** ਕਨੇਡਾ ਸ਼ਹਿਰ ਬਰੈਂਪਟਨ ਦੀ 295 ਕੁਈਨ ਸਟਰੀਟ 'ਤੇ ਲੰਮੇ ਅਰਸੇ ਤੋਂ ਆਪਣੇ ਹੱਕਾਂ ਲਈ ਦਿਨ ਰਾਤ ਪੱਕਾ ਮੋਰਚਾ ਲਗਾ ਕੇ ਵਿਖਾਵਾ ਕਰਦੇ ਆ ਰਹੇ ਪੋਸਟ ਗਰੈਜੂਏਟ ਵਰਕ ਪਰਮਿਟ ਹੋਲਡਰਾਂ ਅਤੇ ਕਿਸੇ ਵੇਲੇ ਵੀ ਉਜਾੜੇ ਦੀ ਨੰਗੀ ਲਟਕਦੀ ਤਲਵਾਰ ਦੇ ਸਹਿਮ ਹੇਠ ਦਿਨ ਕਟੀ ਕਰਦੇ ਆ ਰਹੇ ਸਮੂਹ ਅੰਤਰ ਰਾਸ਼ਟਰੀ ਕਾਮਿਆਂ ਦੇ ਹੱਕ ਵਿੱਚ ਅੱਜ ਇੱਕ ਵਾਰ ਫੇਰ ਦੇਸ਼ ਭਗਤ ਯਾਦਗਾਰ ਕਮੇਟੀ ਨੇ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਹੈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਮੂਹ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਜ਼ਬਾਤ ਅਤੇ ਸਰੋਕਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਦੇਸ਼ ਬਦੇਸ਼ ਸਭਨਾਂ ਥਾਵਾਂ ਤੋਂ ਗ਼ਦਰੀ ਦੇਸ਼ ਭਗਤਾਂ ਦੇ ਵਾਰਸਾਂ ਨੂੰ ਇੱਕ ਆਵਾਜ਼ ਹੋ ਕੇ ਹੱਕੀ ਮੰਗਾਂ ਦੇ ਸਮਰਥਨ ਵਿੱਚ ਖੜ੍ਹੇ ਹੋਣ ਦੀ ਲੋੜ ਹੈ। ਕਮੇਟੀ ਨੇ ਮੰਗ ਕੀਤੀ ਹੈ ਕਿ ਵਿਖਾਵਾਕਾਰੀਆਂ ਦੀਆਂ ਪ੍ਰਮੁੱਖ ਚਾਰ ਮੰਗਾਂ ਅਨੁਸਾਰ; 2024-25 ਵਿੱਚ ਖ਼ਤਮ ਹੋ ਰਹੇ ਵਰਕ ਪਰਮਿਟਾਂ ਦਾ ਵਕਫ਼ਾ ਵਧਾਇਆ ਜਾਏ, ਐੱਲ.ਐੱਮ.ਆਈ.ਏ.




ਅਧਾਰਤ ਲੁੱਟ ਖ਼ਤਮ ਕੀਤੀ ਜਾਏ, ਪੱਕੇ ਨਿਵਾਸੀਆਂ ਲਈ ਸਾਫ਼, ਸਪੱਸ਼ਟ, ਪਾਰਦਰਸ਼ਤ ਇਨਸਾਫ਼ ਦਾ ਰਾਹ ਖੋਲ੍ਹਿਆ ਜਾਏ ਅਤੇ ਸਮੂਹ ਅੰਤਰ-ਰਾਸ਼ਟਰੀ ਵਿਦਿਆਰਥੀਆਂ ਨੂੰ ਪੰਜ ਸਾਲ ਦਾ ਵਰਕ ਪਰਮਿਟ ਤੁਰੰਤ ਦਿੱਤਾ ਜਾਏ। ਕਮੇਟੀ ਨੇ ਕਿਹਾ ਕਿ ਇਹ ਕੇਹਾ ਵਿਸ਼ਵੀਕਰਣ ਹੈ ਜਿੱਥੇ ਕਾਰਪੋਰੇਟ ਸਾਮਰਾਜੀ ਜਗਤ ਬਹੁ-ਕੌਮੀ ਕੰਪਨੀਆਂ ਨੂੰ ਕੁੱਲ ਦੁਨੀਆਂ ਵਿੱਚ ਆਪਣਾ ਮੱਕੜਜਾਲ ਵਿਛਾਉਣ ਦੀ ਖੁੱਲ੍ਹ ਹੈ ਪਰ ਵਿਦਿਆਰਥੀਆਂ, ਨੌਜਵਾਨਾਂ ਸਮੂਹ ਕਾਮਿਆਂ ਨੂੰ ਕਿਰਤ ਕਰਨ ਉਪਰ ਵੰਨ-ਸੁਵੰਨੇ ਕਾਨੂੰਨਾਂ ਰਾਹੀਂ ਪਾਬੰਦੀਆਂ ਮੜ੍ਹਨ ਅਤੇ ਉਜਾੜੇ ਮੂੰਹ ਧੱਕਿਆ ਜਾ ਰਿਹਾ ਹੈ। ਕਮੇਟੀ ਨੇ ਸੰਘਰਸ਼ ਕਰਦੇ ਨੌਜਵਾਨਾਂ ਨੂੰ ਵੀ ਪੂਰੀ ਸੂਝ-ਬੂਝ; ਹਰ ਵੰਨਗੀ ਦੀਆਂ ਸੌੜੀਆਂ ਵਲਗਣਾਂ ਤੋਂ ਚੌਕੰਨੇ ਰਹਿੰਦਿਆਂ ਗ਼ਦਰੀ ਦੇਸ਼ ਭਗਤਾਂ ਦੀ ਸੋਚ ਅਨੁਸਾਰ ਆਪਣੇ ਮਾਰਗ 'ਤੇ ਦ੍ਰਿੜ੍ਹ ਰਹਿਣ ਅਤੇ ਵੱਧ ਤੋਂ ਵੱਧ ਲੋਕਾਂ ਦੀ ਵਿਸ਼ਾਲ ਹਮਾਇਤ ਜਿੱਤਣ ਲਈ ਬਹੁਤ ਹੀ ਜ਼ਿੰਮੇਵਾਰਾਨਾ ਅਤੇ ਜਾਬਤਾਬੱਧ ਸੰਘਰਸ਼ ਦਾ ਪਰਚਮ ਬੁਲੰਦ ਰੱਖਣ ਦੀ ਲੋੜ ਹੈ। ਕਮੇਟੀ ਨੇ ਕਿਹਾ ਕਿ ਉਹ ਗ਼ਦਰੀ ਬਾਬਿਆਂ ਦੇ ਮੇਲੇ 'ਚ ਵੀ ਵਿਸ਼ੇਸ਼ ਮਤੇ ਰਾਹੀਂ ਆਵਾਜ਼ ਉਠਾਏਗੀ।

# ਮਾਨਸਿਕ ਬੀਮਾਰੀਆਂ ਵੀ ਦੂਸਰੀਆਂ ਬੀਮਾਰੀਆਂ ਵਾਂਗ ਹੀ ਇਲਾਜ਼ਯੋਗ ਹਨ - ਡਾ ਹਰਬੰਸ ਕੌਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਹੁਕਮਾਂ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਿਪਟੀ ਮੈਡੀਕਲ ਕਮਿਸ਼ਨਰ ਡਾ ਹਰਬੰਸ ਕੌਰ ਦੀ ਅਗਵਾਈ ਹੇਠ ਮੈਨੇਜਰ ਇੰਦਰਵੀਰ ਸਿੰਘ ਦੇ ਸਹਿਯੋਗ ਨਾਲ ਫੂਡ ਐਂਡ ਕਰਾਫਟ ਇੰਸਟੀਚਿਊਟ ਐਨਐੱਫਸੀਆਈ ਵਿਖੇ ਮਾਨਸਿਕ ਸਿਹਤ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਮਹਿਮਾ ਮਿਨਹਾਸ ਮੈਡੀਕਲ ਅਫ਼ਸਰ, ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਤੋਂ ਨਿਸ਼ਾ ਰਾਣੀ ਮੈਨੇਜਰ, ਪ੍ਰਸ਼ਾਂਤ ਆਦਿਆਂ ਕਾਊਸਲਰ, ਤਾਨੀਆ ਕਾਊਸਲਰ ਅਤੇ ਇੰਸਟੀਚਿਊਟ ਦੇ ਅਧਿਕਾਰੀ ਕਰਮਚਾਰੀ ਅਤੇ ਵਿਦਿਆਰਥੀ ਹਾਜ਼ਿਰ ਸਨ। ਇਸ ਮੌਕੇ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਮੈਡੀਕਲ ਕਮਿਸ਼ਨਰ ਡਾ ਹਰਬੰਸ ਕੌਰ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਵਲੋਂ ਮਾਨਸਿਕ ਸਿਹਤ ਬਾਰੇ ਲੋਕਾਂ ਵਿੱਚ ਜਾਗਰੁਕਤਾ ਪੈਦਾ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਇਹ ਦਿਵਸ ਇਸ ਸਾਲ ਦੇ ਥੀਮ 'ਮੈਂਟਲ ਹੈਲਥ ਐਟ ਵਰਕ'' ਭਾਵ ਕਾਰਜ ਸਥਲ ਤੇ ਮਾਨਸਿਕ




ਸਿਹਤ ਤਹਿਤ ਮਨਾਇਆ ਜਾ ਰਿਹਾ ਹੈ। ਅੱਜ ਕਲ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਹਰ ਵਿਅਕਤੀ ਕਿਸੇ ਨਾ ਕਿਸੇ ਵਜ੍ਹਾ ਕਰਕੇ ਮਾਨਸਿਕ ਤਣਾਅ ਚ ਰਹਿੰਦਾ ਹੈ। ਮਾਨਸਿਕ ਸਿਹਤ ਸਾਰੇ ਲੋਕਾਂ ਲਈ ਬੁਨਿਆਦੀ ਮਨੁੱਖੀ ਅਧਿਕਾਰ ਹੈ। ਉਹਨਾਂ ਕਿਹਾ ਕਿ ਚੰਗੀ ਮਾਨਸਿਕ ਸਿਹਤ ਸਾਡੀ ਸਮੁੱਚੀ ਸਿਹਤ ਅਤੇ ਤੰਦਰੁਸਤੀ ਲਈ ਬਹੁਤ ਜ਼ਰੂਰੀ ਹੈ। ਫਿਰ ਵੀ ਵਿਸ਼ਵ ਪੱਧਰ 'ਤੇ ਅੱਠਾਂ ਵਿੱਚੋਂ ਇੱਕ ਵਿਅਕਤੀ ਮਾਨਸਿਕ ਸਿਹਤ ਦੀਆਂ ਪ੍ਰਤੀਕੂਲ ਪ੍ਰਸਥਿਤੀਆਂ ਨਾਲ ਜੀਅ ਰਿਹਾ ਹੈ, ਜੋ ਉਹਨਾਂ ਦੀ ਸਰੀਰਕ ਸਿਹਤ, ਉਹਨਾਂ ਦੀ ਤੰਦਰੁਸਤੀ, ਉਹ ਦੂਜਿਆਂ ਨਾਲ ਕਿਵੇਂ ਜੁੜਦੇ ਹਨ, ਨੂੰ ਪ੍ਰਭਾਵਿਤ ਕਰਦੀਆਂ ਹਨ। ਮਾਨਸਿਕ ਬੀਮਾਰੀਆਂ ਪ੍ਰਤੀ ਸਾਡਾ ਸਮਾਜ ਅਜੇ ਏਨਾ ਜਾਗਰੂਕ ਨਹੀਂ ਹੋਇਆ। ਮਾਨਸਿਕ ਬੀਮਾਰੀ ਵੀ ਦੂਸਰੀਆਂ ਸਰੀਰਕ ਬੀਮਾਰੀਆਂ ਵਾਂਗ ਹੀ ਹੈ ਤੇ ਇਸ ਦਾ ਇਲਾਜ਼ ਹੋ ਸਕਦਾ ਹੈ।

ਸਕਰਾਤਮਿਕ ਸੋਚ ਇਸ ਬਿਮਾਰੀ ਨਾਲ ਲੜਣ ਦਾ ਸਭ ਤੋਂ ਵੱਡਾ ਹੱਥਿਆਰ ਹੈ। ਆਪਣੇ ਆਪ ਨੂੰ ਇਕੱਲਿਆ ਰੱਖਣਾ, ਹਰ ਦਮ ਸੋਚ ਵਿਚਾਰ ਚ ਰਹਿਣਾ, ਕਿਸੇ ਨਾਲ ਵੀ ਗੱਲ ਕਰਨ ਨੂੰ ਦਿਲ ਨਾ ਕਰਣਾ, ਹਰ ਵੇਲੇ ਮਾੜੀ ਸੋਚ ਰੱਖਣਾ, ਚਿੜਚਿੜਾਪਣ, ਸੁਸਾਇਡ ਮਾਨਸਿਕਤਾ, ਗੁੱਸਾ ਜਿਆਦਾ ਆਉਣਾ, ਮਾਨਸਿਕ ਤੌਰ 'ਤੇ ਜੇਕਰ ਅਜਿਹੀਆ ਆਲਾਮਤਾ ਵੇਖਣ ਨੂੰ ਮਿਲੇ ਤਾ ਮਾਹਿਰ ਡਾਕਟਰਾਂ ਕੋਲ ਜਾ ਕੇ ਇਲਾਜ ਕਰਵਾਇਆ ਜਾਵੇ

# ਫੁੱਟਬਾਲ ਆਈ ਲੀਗ 15 ਨਵੰਬਰ ਤੋਂ ਮਾਹਿਲਪੁਰ ਵਿੱਚ ਹੋਵੇਗੀ- ਬਜਾਜ ਤੇ ਸੰਘਾ

**ਮਾਹਿਲਪੁਰ (ਮਾਨ)-** ਇਸ ਸਾਲ ਫੁਟਬਾਲ ਆਈ ਲੀਗ ਦੇ ਮੁਕਾਬਲੇ 15 ਨਵੰਬਰ ਤੋਂ ਮਾਹਿਲਪੁਰ ਵਿੱਚ ਸ਼ੁਰੂ ਹੋ ਰਹੇ ਹਨ ਲ ਮਿਨਰਵਾ ਕਲੱਬ ਦੇ ਮਾਲਕ ਰਣਜੀਤ ਸਿੰਘ ਬਜਾਜ ਨੇ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੀ ਮੀਟਿੰਗ ਵਿੱਚ ਇਹ ਜਾਣਕਾਰੀ ਦਿੱਤੀ ਲ ਉਹਨਾਂ ਅੱਗੇ ਕਿਹਾ ਕਿ ਮਾਹਿਲਪੁਰ ਵਿੱਚ ਸਰਕਾਰੀ ਸੈਕੰਡਰੀ ਸਕੂਲ ਦੇ ਪਿੱਛੇ ਉਸਾਰੇ ਗਏ ਸਟੇਡੀਅਮ ਨੂੰ ਕੌਮੀ ਪੱਧਰ ਦੀ ਰੰਗਤ ਦਿੱਤੀ ਜਾ ਰਹੀ ਹੈਲ ਜਿਸ ਵਿੱਚ ਕੌਮਾਂਤਰੀ ਪੱਧਰ ਦੇ ਮੁਕਾਬਲੇ ਆਯੋਜਿਤ ਕੀਤੇ ਜਾਇਆ ਕਰਨਗੇ ਲ ਉਹਨਾਂ ਅੱਗੇ ਕਿਹਾ ਕਿ ਫੁਟਬਾਲ ਦੀ ਨਰਸਰੀ ਨੂੰ ਹਰਿਆ ਭਰਿਆ ਬਣਾਉਣ ਦੇ ਉਦੇਸ਼ ਨਾਲ ਮਿਨਰਵਾ ਕਲੱਬ ਵੱਲੋਂ ਗਰਾਸ ਰੂਟ ਫੁਟਬਾਲ ਅਕੈਡਮੀ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਵਿੱਚ ਕੌਮੀ ਪੱਧਰ ਦੇ ਕੋਚ ਖਿਡਾਰੀਆਂ ਨੂੰ ਕੋਚਿੰਗ ਦੇਣਗੇ। ਉਹਨਾਂ ਇਹ ਜ਼ਿੰਮੇਵਾਰੀ ਮਾਹਿਲਪੁਰ ਇਲਾਕੇ ਦੇ ਕੌਮਾਂਤਰੀ ਫੁਟਬਾਲਰ ਅਤੇ ਕੋਚ ਹਰਮਨਜੋਤ ਸਿੰਘ ਖਾਬੜਾ ਨੂੰ ਸੌਂਪਦਿਆਂ ਮਾਣ ਮਹਿਸੂਸ ਕੀਤਾ। ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਆਖਿਆ ਕਿ ਕਲੱਬ ਵੱਲੋਂ ਪਿਛਲੇ ਕਈ ਸਾਲਾਂ ਤੋਂ ਇਹ ਯਤਨ ਕੀਤੇ ਜਾ ਰਹੇ ਸਨ ਕਿ ਮਾਹਿਲਪੁਰ ਵਿੱਚ ਕੌਮਾਂਤਰੀ ਪੱਧਰ ਦੇ ਫੁਟਬਾਲ ਮੁਕਾਬਲੇ ਹੋਣ ਜਿਸ ਦੀ ਜਿੰਮੇਵਾਰੀ ਹੁਣ ਮਿਨਰਵਾ ਕਲੱਬ ਨੇ ਚੁੱਕ ਲਈ ਹੈ। ਹੁਣ ਇਸ ਧਰਤੀ ਦੇ ਖਿਡਾਰੀ ਕੌਮੀ ਅਤੇ ਕੌਮਾਂਤਰੀ ਫੁਟਬਾਲ ਵਿੱਚ ਆਪਣੇ ਜੌਹਰ ਦਿਖਾ ਕੇ ਓਲੰਪੀਅਨ ਜਰਨੈਲ ਸਿੰਘ ਬਣਨਗੇ। ਇਸ ਅਕੈਡਮੀ ਦੇ ਸ਼ੁਰੂ ਹੋਣ ਨਾਲ ਮਾਹਿਲਪੁਰ ਦੇ ਖਿਡਾਰੀ ਪ੍ਰੋਫੈਸ਼ਨਲ ਪੱਧਰ ਤੇ ਸ਼ਾਨਦਾਰ ਪ੍ਰਾਪਤੀਆਂ ਕਰਨ ਦੇ ਸਮਰੱਥ ਹੋਣਗੇ ਅਤੇ ਭਾਰਤੀ ਟੀਮ ਵਿੱਚ ਮਾਹਿਲਪੁਰ ਦੇ ਨਾਮ ਨੂੰ ਚਮਕਾਉਣਗੇ ਲ ਉਹਨਾਂ ਪੂਰੇ ਇਲਾਕੇ ਅਤੇ ਕਲੱਬ ਵੱਲੋਂ ਰਣਜੀਤ ਸਿੰਘ ਬਜਾਜ ਦਾ ਸਨਮਾਨ ਕਰਦਿਆਂ ਕਿਹਾ ਕਿ ਅਜਿਹੇ ਸੱਚੇ ਸੁੱਚੇ ਸਪੂਤ ਭਾਰਤ ਨੂੰ ਲੋੜੀਂਦੇ ਹਨ। ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਅਤੇ ਜਨਰਲ ਸਕੱਤਰ ਡਾ. ਪਰਮਪ੍ਰੀਤ ਕੈਂਡੋਵਾਲ ਨੇ ਸਟੇਡੀਅਮ ਦੀਆਂ ਤਿਆਰੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਿਆਂ ਕਿਹਾ ਕਿ ਦੋ ਹਫਤਿਆਂ ਅੰਦਰ ਇਹ ਸਟੇਡੀਅਮ ਹਰ ਪੱਖੋਂ ਮੁਕੰਮਲ ਹੋ ਜਾਵੇਗਾ।



ਮਾਸਟਰ ਬਲਿੰਦਰ ਸਿੰਘ ਨੇ ਕੋਚਿੰਗ ਸਟਾਫ ਦੀ ਰਿਹਾਇਸ਼ ਦੇ ਪ੍ਰਬੰਧਾਂ ਨੂੰ ਸਿਰੇ ਚੜ੍ਹਾਇਆ ਲ ਇਹਨਾਂ ਉਪਰਾਲਿਆਂ ਵਾਸਤੇ ਵਿੰਗ ਕਮਾਂਡਰ ਐਚ ਐਸ ਢਿੱਲੋਂ ਨੇ ਰਣਜੀਤ ਸਿੰਘ ਬਜਾਜ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

ਇਸ ਮੌਕੇ ਇਹ ਜਾਣਕਾਰੀ ਵੀ ਦਿੱਤੀ ਗਈ ਕਿ ਇਸ ਆਈ ਲੀਗ ਦੀ ਐਂਟਰੀ ਫੀਸ ਕੋਈ ਨਹੀਂ ਹੋਵੇਗੀ ਜਦ ਕਿ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਇਹ ਮੁਕਾਬਲੇ ਐਂਟਰੀ ਫੀਸ ਨਾਲ ਦੇਖੇ ਜਾਂਦੇ ਹਨ। ਇਸ ਲਈ ਕੌਮਾਂਤਰੀ ਪੱਧਰ ਦੇ ਫੁੱਟਬਾਲ ਦਾ ਆਨੰਦ ਮਾਣਣ ਦਾ ਇਲਾਕਾ ਨਿਵਾਸੀਆਂ ਲਈ ਇਹ ਸੁਨਹਿਰੀ ਮੌਕਾ ਹੈ। ਮਿਨਰਵਾ ਕਲੱਬ ਵੱਲੋਂ ਸਟੇਡੀਅਮ ਦੀ ਸਮੁੱਚੀ ਜ਼ਿੰਮੇਵਾਰੀ ਸੰਭਾਲ ਲਈ ਗਈ ਹੈ ਤੇ ਉਹਨਾਂ ਦੀ ਕੋਸ਼ਿਸ਼ ਹੈ ਕਿ ਇਸ ਸਟੇਡੀਅਮ ਦਾ ਨਾਮ ਕੋਚ ਅਲੀ ਹਸਨ ਸਟੇਡੀਅਮ ਰੱਖਿਆ ਜਾਵੇ।

ਇਸ ਉਦੇਸ਼ ਦੀ ਪੂਰਤੀ ਵਾਸਤੇ ਕਲੱਬ ਵੱਲੋਂ ਵੀ ਵਿਸ਼ੇਸ਼ ਉਪਰਾਲੇ ਜਾਰੀ ਹਨ। ਇਸ ਮੌਕੇ ਖੇਡ ਲੇਖਕ ਅਤੇ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਕਿਹਾ ਕਿ ਇਸ ਈਵੈਂਟ ਨਾਲ ਮਾਹਿਲਪੁਰ ਦੇ ਇਤਿਹਾਸ ਵਿੱਚ ਇੱਕ ਨਵੇਂ ਅਧਿਆਏ ਦਾ ਆਰੰਭ ਹੋ ਜਾਵੇਗਾ। ਦਹਾਕਿਆਂ ਪਹਿਲਾਂ ਜੋ ਫੁਟਬਾਲ ਦੀ ਸ਼ਾਨ ਕਾਇਮ ਸੀ ਉਹ ਮੁੜ ਕਾਇਮ ਹੋ ਜਾਵੇਗੀ। ਉਹਨਾਂ ਆਪਣੀਆਂ ਪੁਸਤਕਾਂ ਦਾ ਸੈੱਟ ਕਲੱਬ ਪ੍ਰਧਾਨ ਨੂੰ ਭੇਟ ਕੀਤਾ।

ਇਸ ਮੀਟਿੰਗ ਵਿੱਚ ਕਲੱਬ ਦੇ ਐਗਜੈਕਟਿਵ ਮੈਂਬਰ ਅੱਛਰ ਕੁਮਾਰ ਜੋਸ਼ੀ, ਸੁਰਜ ਭਾਨ ਹਾਂਡਾ, ਅਮਰੀਕ ਸਿੰਘ, ਪ੍ਰਿੰ. ਜਗਮੋਹਣ ਸਿੰਘ, ਪ੍ਰਿੰ. ਸੁਖਇੰਦਰ ਸਿੰਘ ਮਿਨਹਾਸ, ਪ੍ਰਿੰ. ਹਰਜਿੰਦਰ ਸਿੰਘ ਗਿੱਲ, ਤਰਲੋਚਨ ਸਿੰਘ ਸੰਧੂ, ਹਰਮਨਜੋਤ ਸਿੰਘ ਖਾਬੜਾ, ਤਕਦੀਰ ਸਿੰਘ ਬੈਂਸ, ਬੀ ਐਸ ਬਾਗਲਾ, ਗੁਰਨਾਮ ਸਿੰਘ, ਠੇਕੇਦਾਰ ਜਗਜੀਤ ਸਿੰਘ, ਜਮਸ਼ੇਰ ਸਿੰਘ ਤੰਬੜ, ਰਾਜੂ ਚੰਡੀਗੜ੍ਹ ਅਤੇ ਸੁਖਮਨ ਸਿੰਘ ਖੜੌਦੀ ਆਦਿ ਹਾਜ਼ਰ ਹੋਏ।

# ਸਾਬਕਾ ਅਧਿਆਪਕ ਆਗੂ ਦੇ ਇਕਲੌਤੇ ਨੌਜਵਾਨ ਪੁੱਤਰ ਦੀ ਸੜਕ ਹਾਦਸੇ ਦੌਰਾਨ ਮੌਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੀਤੀ ਰਾਤ ਰਾਮਪੁਰ ਬਿਲੜੋ ਦੇ ਭੱਠੇ ਕੋਲ ਕਾਰ ਦੇ ਬੇਕਾਬੂ ਹੋਣ ਕਾਰਨ ਇੱਟਾਂ ਦੇ ਚੱਕਿਆਂ ਨਾਲ ਕਾਰ ਦੇ ਟਕਰਾਉਣ ਨਾਲ ਸਾਬਕਾ ਅਧਿਆਪਕ ਆਗੂ ਅਤੇ ਸੇਵਾਮੁਕਤ ਬਲਾਕ ਸਪੋਰਟਸ ਅਫ਼ਸਰ ਰਾਜ ਕੁਮਾਰ ਡੋਗਰਪੁਰ ਦੇ ਇਕਲੌਤੇ ਨੌਜਵਾਨ ਪੁੱਤਰ ਅੰਮ੍ਰਿਤ ਦੀ ਦਰਦਨਾਕ ਮੌਤ ਹੋਣ



'ਤੇ ਵੱਖ ਵੱਖ ਜੱਥੇਬੰਦੀਆ ਵਲੋ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਆਗੂਆ ਨੇ ਦੱਸਿਆ ਕਿ ਅਜੇ ਕੁਝ ਦਿਨ ਪਹਿਲਾ ਹੀ ਮ੍ਰਿਤਕ ਨੌਜਵਾਨ ਇਟਲੀ ਤੋ ਆਇਆ ਸੀ ਅਤੇ ਜਲਦੀ ਹੀ ਕੇਨੈਡਾ ਜਾਣਾ ਸੀ ਪਰ ਰਾਤ ਦੇ ਭਿਆਨਕ ਹਾਦਸੇ ਨੇ ਪਰਿਵਾਰ ਨੂੰ ਨਾ ਸਹਿਣਯੋਗ ਘਾਟਾ ਪਾਇਆ। ਇਸ ਸਮੇਂ ਦੁੱਖ ਪ੍ਰਗਟਾਉਣ ਵਾਲਿਆ ਵਿੱਚ ਡੈਮੋਕ੍ਰੈਟਿਕ ਟੀਚਰਜ਼ ਫਰੰਟ, ਡਾ ਬੀ ਆਰ ਅੰਬੇਡਕਰ ਮਿਸ਼ਨ ਟਰੱਸਟ, ਜੀਵਨ ਜਾਗ੍ਰਿਤੀ ਮੰਚ, ਕਿਰਤੀ ਕਿਸਾਨ ਯੂਨੀਅਨ ਅਤੇ ਤਰਕਸ਼ੀਲ ਸੁਸਾਇਟੀ ਦੇ ਹੰਸ ਰਾਜ ਗੜਸ਼ੰਕਰ, ਸੁਖਦੇਵ ਡਾਨਸੀਵਾਲ, ਡਾ. ਅਵਤਾਰ ਸਿੰਘ, ਸੋਹਣ ਸਿੰਘ ਸੂੰਨੀ, ਪ੍ਰਿੰਸੀਪਲ ਡਾਕਟਰ ਬਿਕਰ ਸਿੰਘ, ਡਾ. ਰਜਿੰਦਰ ਸਿੰਘ, ਡਾ. ਨਿਰਮਲ ਸਿੰਘ, ਰਣਬੀਰ ਬੱਬਰ, ਸਤਨਾਮ ਸਿੰਘ ਖਾਨਪੁਰ, ਪੀ ਐਲ ਸੂਦ, ਡਾ।ਸੋਨੀਆ, ਮੁਲਖ ਰਾਜ, ਸਤਪਾਲ ਕਲੇਰ, ਜਰਨੈਲ ਸਿੰਘ, ਕਾ।ਹਰਮੇਸ਼ ਢੇਸੀ, ਕੁਲਵਿੰਦਰ ਸਿੰਘ ਚਾਹਲ, ਨਰੇਸ਼ ਕੁਮਾਰ, ਮਾ. ਸ਼ੁਭਾਸ਼, ਮਾ. ਰਾਜ ਕੁਮਾਰ, ਸਤਪਾਲ ਮਿਨਹਾਸ, ਪ੍ਰਦੀਪ ਕੁਮਾਰ ਗੁਰੂ, ਸਤਨਾਮ ਸਿੰਘ ਸੂੰਨੀ, ਡਾ ਨਿਰਮਲ ਰਾਓ, ਦਿਲਾਵਰ ਸਿੰਘ, ਕਮਲਜੀਤ ਸਿੰਘ, ਸੰਦੀਪ ਬਡੇਸਰੋਂ, ਬਲਜੀਤ ਸਿੰਘ, ਰਮੇਸ਼ ਮਲਕੋਵਾਲ, ਮਨਜੀਤ ਸਿੰਘ ਬੰਗਾ, ਹਰੀ ਲਾਲ ਨਫਰੀ, ਹਰਦੇਵ ਰਾਏ, ਡਾ. ਜੋਗਿੰਦਰ ਕੁੱਲੇਵਾਲ ਅਤੇ ਗੁਰਨਾਮ ਸਿੰਘ ਆਦਿ ਸ਼ਾਮਲ ਸਨ।

# ਜੱਸੀ ਬੰਗਾ ਤੇ ਹੋਰਾਂ ਦੇ ਸਹਿਯੋਗ ਨਾਲ ਸਰਬ ਨੌਜਵਾਨ ਸਭਾ ਨੇ ਕਰਵਾਇਆ 8 ਜੋੜਿਆਂ ਦਾ ਸਮੂਹਿਕ ਆਨੰਦ ਕਾਰਜ

**ਵੈਨਕੂਵਰ (ਕੁਲਦੀਪ ਚੁੰਬਰ)–** ਪ੍ਰਵਾਸੀ ਭਾਰਤੀ ਜੱਸੀ ਬੰਗਾ ਯੂਐਸਏ ਹੋਰ ਪ੍ਰਵਾਸੀ ਭਾਰਤੀਆਂ, ਸਰਬ ਨੌਜਵਾਨ ਸਭਾ ਅਤੇ ਸਰਬ ਨੌਜਵਾਨ ਵੈਲਫੇਅਰ ਸੋਸ-





ਾਇਟੀ (ਰਜਿ.) ਫਗਵਾੜਾ ਵਲੋਂ ਚੜ੍ਹਦੀ ਕਲਾ ਸਿੱਖ ਆਰਗੇਨਾਈਜੇਸ਼ਨ ਯੂ।ਕੇ, ਦੇ ਸਹਿਯੋਗ ਨਾਲ ਸਭਾ ਦੇ ਮੁੱਖ ਸਰਪ੍ਰਸਤ ਸਤਪਾਲ ਲਾਂਬਾ ਦੇ ਅਸ਼ੀਰਵਾਦ ਅਤੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਦੇਖ-ਰੇਖ ਹੇਠ 34ਵੇਂ ਸਲਾਨਾ ਸਮਾਗਮ ਤਹਿਤ ਅੱਠ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦਾ ਸਮੂਹਿਕ ਆਨੰਦ ਕਾਰਜ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਵਿਆਹ ਸਮਾਗਮ ਵਿੱਚ ਨਵ-ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦੇਣ ਲਈ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਅਨੀਤਾ ਕੈਂਥ ਤੋਂ ਇਲਾਵਾ ਦਸੂਹਾ ਦੇ ਵਿਧਾਇਕ ਕਰਮਬੀਰ ਸਿੰਘ ਘੁੰਮਣ, ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਐੱਸ.ਸੀ. ਕਮਿਸ਼ਨ ਦੇ ਸਾਬਕਾ ਕੌਮੀ ਚੇਅਰਮੈਨ ਵਿਜੇ ਸਾਂਪਲਾ, ਉਦਯੋਗਪਤੀ ਕੇ। ਦੇ। ਸਰਦਾਨਾ, ਆਮ ਆਦਮੀ ਪਾਰਟੀ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ, ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ, ਪਾਵਰਕਾਮ ਦੇ ਉਪ ਮੁੱਖ ਇੰਜੀਨੀਅਰ ਪਵਨ ਕੁਮਾਰ ਬੀਸਲਾ ਅਤੇ ਏ.ਡੀ.ਸੀ. ਫਗਵਾੜਾ ਅਨੁਪਮ ਕਲੇਰ ਵਿਸ਼ੇਸ਼ ਤੌਰ 'ਤੇ ਹਾਜ਼ਰ ਆਏ। ਸਮੂਹ ਪਤਵੰਤਿਆਂ ਨੇ ਨਵ-ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ।ਇਸ ਦੌਰਾਨ ਨਵ-ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦੇਣ ਲਈ ਸੰਤ ਸਮਾਜ ਤੋਂ ਸੰਤ ਗੁਰਚਰਨ ਸਿੰਘ ਨਿਰਮਲ ਕੁਟੀਆ ਛੰਬ ਵਾਲੀ ਪੰਡਵਾ, ਸਾਈਂ ਪੱਪਲ ਸ਼ਾਹ ਭਰੋਮਜਾਰਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਤੋਂ ਇਲਾਵਾ ਪ੍ਰਵਾਸੀ ਭਾਰਤੀ ਸੁਰਿੰਦਰ ਮਹੇ ਯੂ।ਐਸ।ਏ।, ਹਰਜਿੰਦਰ ਕੁਮਾਰ ਕੰਡਾ ਫਰਾਂਸ, ਵਿਪਨ ਚੁੰਬਰ ਅਮਰੀਕਾ, ਗੁਰਦੇਵ ਸਿੰਘ ਬੰਨਿੰਗ ਯੂ।ਕੇ ਅਤੇ ਬੈਲਜੀਅਮ ਤੋਂ ਪਲਵਿੰਦਰ ਕੌਰ ਭੋਗਲ ਨੇ ਵੀ ਆਪਣੀ ਵਿਸ਼ੇਸ਼ ਹਾਜ਼ਰੀ ਦਰਜ ਕਰਵਾ ਕੇ ਸਮਾਗਮ ਦੀ ਰੌਣਕ ਵਧਾਈ। ਨਵ ਵਿਆਹੇ ਜੋੜਿਆਂ ਨੂੰ ਸਰਟੀਫਿਕੇਟਾਂ ਤੋਂ ਇਲਾਵਾ ਸੁੰਦਰ ਤੋਹਫ਼ੇ, ਗਹਿਣੇ, ਸ਼ਗਨ ਅਤੇ ਘਰੇਲੂ ਸਮਾਨ ਭੇਂਟ ਕੀਤਾ ਗਿਆ। ਮੰਚ ਦਾ ਸੰਚਾਲਨ ਲੈਕਚਰਾਰ ਹਰਜਿੰਦਰ ਗੋਗਨਾ ਨੇ ਕੀਤਾ। ਸਮਾਜ ਸੇਵਕ ਜੱਸੀ ਬੰਗਾ ਨੇ ਇਨ੍ਹਾਂ ਸਮਾਜ ਸੇਵੀ ਅਤੇ ਧਰਮ ਪ੍ਰਚਾਰ ਦੇ ਕੰਮਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਰਤ ਅਤੇ ਪੰਜਾਬ ਦੀ ਵਿਰਾਸਤ ਮੁਤਾਬਕ ਸਾਨੂੰ ਇਸ ਤਰ੍ਹਾਂ ਦੇ ਕਾਰਜ ਵੱਧ ਤੋਂ ਵੱਧ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਪ੍ਰਵਾਸੀ ਭਾਰਤੀ ਹਮੇਸ਼ਾ ਹੀ ਵੱਧ ਚੜ੍ਹਕੇ ਅੱਗੇ ਆਏ ਹਨ ਅਤੇ ਭਵਿੱਖ ਵਿਚ ਵੀ ਇਨ੍ਹਾਂ ਕਾਰਜਾਂ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ।

# ਪੰਜਾਬੀ ਯੂਨੀਵਰਸਿਟੀ ਦਾ ਸੰਗਰੂਰ ਜੋਨ ਯੁਵਕ ਮੇਲਾ ਅਮਿੱਟ ਪੈੜਾਂ ਛੱਡਦਾ ਹੋਇਆ ਸੰਪੰਨ

## ਅਕਾਲ ਡਿਗਰੀ ਕਾਲਜ ਮਸਤੂਆਣਾ ਬਣਿਆ ਓਵਰਆਲ ਚੈਂਪੀਅਨ

ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਚੱਲ ਰਿਹਾ ਯੁਵਕ ਮੇਲਾ ਅੱਜ ਇੱਥੇ ਅਮਿੱਟ ਪੈੜਾਂ ਛੱਡਦਾ ਹੋਇਆ ਸੰਪੰਨ ਹੋ ਗਿਆ ਹੈ। ਮੇਲੇ ਦੇ ਤੀਸਰੇ ਅਤੇ ਆਖਰੀ ਦਿਨ ਚਾਰੇ ਪਾਸੇ ਠਾਠਾਂ ਮਾਰਦਾ ਇਕੱਠ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਿਹਾ ਸੀ। ਪ੍ਰਿੰਸੀਪਲ ਡਾ। ਅਮਨਦੀਪ ਕੌਰ ਦੀ ਯੋਗ ਅਗਵਾਈ ਅਤੇ ਡਾ. ਹਰਜਿੰਦਰ ਸਿੰਘ ਯੂਥ ਕੋਆਰਡੀਨੇਟਰ ਦੀ ਰਹਿਨੁਮਾਈ ਹੇਠ ਅਕਾਲ ਡਿਗਰੀ ਕਾਲਜ ਮਸਤੂਆਣਾ ਨੇ ਯੁਵਕ ਮੇਲੇ ਵਿੱਚ ਸਭ ਤੋਂ ਵੱਧ ਆਈਟਮਾਂ ਵਿੱਚ ਜਿੱਤ ਦਰਜ ਕਰਕੇ ਓਵਰਆਲ ਟਰਾਫੀ ਤੇ ਕਬਜਾ ਕੀਤਾ। ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਸ੍ਰ. ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਮੇਲੇ ਵਿੱਚ ਹਿੱਸਾ ਲੈ ਰਹੇ ਵਿਦਿਆਰਥੀਆਂ ਨੂੰ ਆਸ਼ਿਰਵਾਦ ਦਿੰਦਿਆਂ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਉਹਨਾਂ ਕਿਹਾ ਕਿ ਵਿਦਿਆਰਥੀਆਂ ਨੂੰ ਇਹਨਾਂ ਮੇਲਿਆਂ ਵਿੱਚ ਵਧ-ਚੜ੍ਹਕੇ ਭਾਗ ਲੈਣਾ ਚਾਹੀਦਾ ਹੈ ਇਸ ਨਾਲ਼ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਸੰਭਵ ਹੁੰਦਾ ਹੈ। ਮੇਲੇ ਦੇ ਵਿਸ਼ੇਸ਼ ਮਹਿਮਾਨ ਸ੍ਰ. ਸਰਤਾਜ ਸਿੰਘ ਚਾਹਲ ਐਸ।ਐਸ।ਪੀ। ਸੰਗਰੂਰ ਵੱਲੋਂ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਮੇਲਿਆਂ ਦੇ ਮਹੱਤਵ ਦੇ ਨਾਲ਼ ਨਾਲ਼ ਸਾਈਬਰ ਕਰਾਇਮ ਸੰਬੰਧੀ ਵੀ ਜਾਣਕਾਰੀ ਦਿੱਤੀ।



ਇਸ ਤੋਂ ਪਹਿਲਾਂ ਅਕਾਲ ਕਾਲਜ ਕੌਂਸਲ ਦੇ ਸਕੱਤਰ ਸ੍ਰ। ਜਸਵੰਤ ਸਿੰਘ ਖਹਿਰਾ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਸਮੂਹ ਮਹਿਮਾਨਾਂ ਅਤੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ।

ਅੱਜ ਦੇ ਮੁਕਾਬਲਿਆਂ ਵਿੱਚ ਲੜਕੀਆਂ ਦਾ ਲੋਕ ਨਾਚ ਗਿੱਧਾ ਮੁੱਖ ਆਕਰਸ਼ਣ ਰਿਹਾ। ਗਿੱਧੇ ਦੇ ਮੁਕਾਬਲਿਆਂ ਵਿੱਚ ਅਕਾਲ ਡਿਗਰੀ ਕਾਲਜ ਮਸਤੂਆਣਾ ਨੇ ਪਹਿਲਾ, ਸਰਕਾਰੀ ਕਾਲਜ ਸੰਗਰੂਰ ਨੇ ਦੂਜਾ ਅਤੇ ਰਿਪੁਦੱਮਨ ਕਾਲਜ ਨਾਭਾ ਨੇ ਤੀਜਾ ਸਥਾਨ ਹਾਸਲ ਕੀਤਾ।

ਸਕਿੱਟ ਦੇ ਮੁਕਾਬਲਿਆਂ ਵਿੱਚ ਸੁਨਾਮ ਨੇ ਪਹਿਲਾ, ਮਸਤੂਆਣਾ ਨੇ ਦੂਜਾ, ਅਕਾਲ ਕਾਲਜ ਆਫ ਐਜੂਕੇਸ਼ਨ ਨੇ ਤੀਜਾ, ਮਾਇਮ ਵਿੱਚ ਸਰਕਾਰੀ ਕਿਰਤੀ ਕਾਲਜ ਨੇ ਪਹਿਲਾ, ਸਰਕਾਰੀ ਕਾਲਜ ਸੁਨਾਮ ਨੇ ਦੂਜਾ ਅਤੇ ਡਿਗਰੀ ਕਾਲਜ ਮਸਤੂਆਣਾ ਨੇ ਤੀਜਾ ਸਥਾਨ ਹਾਸਲ ਕੀਤਾ। ਵਾਦ-ਵਿਵਾਦ ਵਿੱਚ ਰਣਬੀਰ ਕਾਲਜ ਪਹਿਲਾ, ਸਰਕਾਰੀ ਕਾਲਜ ਮਲੇਰਕੋਟਲਾ ਦੂਜਾ ਅਤੇ ਤਾਰਾ ਵਿਵੇਕ ਕਾਲਜ ਨੇ ਤੀਜਾ ਸਥਾਨ ਹਾਸਲ ਕੀਤਾ। ਭਾਸ਼ਣ ਵਿੱਚ ਡਿਗਰੀ ਕਾਲਜ ਨੇ ਪਹਿਲਾ, ਸਰਕਾਰੀ ਕਾਲਜ ਨਾਭਾ ਨੇ ਦੂਜਾ ਅਤੇ ਅਕਾਲ ਕਾਲਜ ਫਾਰ ਵੂਮੈਨ ਨੇ ਤੀਜਾ, ਕਵਿਤਾ ਉਚਾਰਨ ਵਿੱਚ ਸਰਕਾਰੀ ਕਾਲਜ ਮ ਲੇਰਕੋਟਲਾ ਨੇ ਪਹਿਲਾ, ਤਾਰਾ ਵਿਵੇਕ ਕਾਲਜ ਨੇ ਦੂਜਾ ਅਤੇ ਡਿਗਰੀ ਕਾਲਜ ਮਸਤੂਆਣਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਯੁਵਕ ਮੇਲੇ ਵਿੱਚ ਅਕਾਲ ਡਿਗਰੀ ਕਾਲਜ ਨੇ ਸਭ ਤੋਂ ਵੱਧ ਨੰਬਰ ਲੈ ਕੇ ਓਵਰਆਲ ਪਹਿਲਾ ਸਥਾਨ ਪ੍ਰਾਪਤ ਕੀਤਾ। ਸਰਕਾਰੀ ਰਿਪੁਦੱਮਨ ਕਾਲਜ ਨਾਭਾ ਨੇ ਦੂਜਾ ਅਤੇ ਸਰਕਾਰੀ ਕਾਲਜ ਸੁਨਾਮ ਤੀਜੇ ਸਥਾਨ ਤੇ ਰਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਕੌਂਸਲ ਮੈਂਬਰ ਸ੍ਰ. ਗੁਰੰਜਟ ਸਿੰਘ ਦੁੱਗਾਂ, ਸ੍ਰ ਗਮਦੂਰ ਸਿੰਘ ਬਹਾਦਰਪੁਰ, ਸ੍ਰ. ਮਨਜੀਤ ਸਿੰਘ ਕੋਚ ਸਾਹਿਬ, ਪ੍ਰਿੰਸੀਪਲ ਗੁਰਬੀਰ ਸਿੰਘ, ਸ੍ਰ. ਸੁਖਵਿੰਦਰ ਸਿੰਘ ਭੱਠਲ, ਪ੍ਰਿੰਸੀਪਲ ਸੁਖਦੀਪ ਕੌਰ, ਪ੍ਰਿੰਸੀਪਲ ਗੀਤਾ ਠਾਕੁਰ, ਅਤੇ ਪ੍ਰਿੰਸੀਪਲ ਮੇਜਰ ਸਿੰਘ ਸ਼ਾਮਲ।

**– ਜਗਸੀਰ ਲੌਂਗੋਵਾਲ**

# ਭਾਕਿਯੂ ਡਕੌਂਦਾ ਨੇ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ 14 ਵੀ ਬਰਸੀ ਜੋਸ਼ੋ ਖਰੋਸ਼ ਨਾਲ ਮਨਾਈ



**ਚੱਕ ਅਲੀਸ਼ੇਰ/ਮਾਨਸਾ, (ਦਲਜੀਤ ਕੌਰ)** ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਕੁਰਕੀਆਂ ਨੂੰ ਬੰਨ ਲਾਉਣ ਵਾਲੇ ਜ਼ਮੀਨੀ ਘੋਲਾਂ ਦੇ ਪਹਿਲੇ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ 14 ਵੀ ਬਰਸੀ ਪਿੰਡ ਚੱਕ ਅਲੀਸ਼ੇਰ ਵਿੱਖੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਦੀ ਅਗਵਾਈ ਹੇਠ ਮਨਾਈ। ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ ਜੀਵਨੀ ਤੇ ਸੰਖੇਪ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਸਾਥੀ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਆਪਣੇ ਸਾਥੀਆਂ ਉਸ ਘਟਨਾ ਵਿੱਚ ਆੜਤੀਏ ਦੀ ਗੋਲੀ ਨਾਲ ਫੱਟੜ ਹੋਣ ਵਾਲੇ ਜਿੰਦਾ ਸ਼ਹੀਦ ਲਛਮਣ ਸਿੰਘ ਚੱਕ ਅਲੀਸ਼ੇਰ, ਤਰਸੇਮ ਸਿੰਘ ਚੱਕ ਅਲੀਸ਼ੇਰ ਨਾਲ ਪਿੰਡ ਬੀਰੋਕੇ ਖੁਰਦ ਦੇ ਗਰੀਬ ਕਿਸਾਨ ਭੋਲਾ ਸਿੰਘ ਦੀ ਕੁਰਕੀ ਰੋਕਣ ਗਏ ਸਨ ਜਿੰਨਾਂ ਦਾ ਟਕਰਾਅ ਪੁਲੀਸ ਸਿਆਸੀ ਆੜਤੀਏ ਗੁੰਡਾ ਗੱਠਜੋੜ ਨਾਲ ਹੋਇਆ ਜਿਸ ਵਿੱਚ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਆੜਤੀਏ ਦੀ ਗੋਲੀ ਨਾਲ ਸ਼ਹੀਦ ਹੋ ਗਿਆ ਦੂਜੇ ਸਾਥੀ ਫੱਟੜ ਹੋ ਗਏ ।ਉਸ ਸਮੇਂ ਜੱਥੇਬੰਦੀ ਨੇ ਤਿੱਖਾ ਸੰਘਰਸ਼ ਲੜ ਪੁਲੀਸ ਸਿਆਸੀ ਆੜਤੀਏ ਗੁੰਡਾ ਗੱਠ ਜੋੜ ਨੂੰ ਸਲਾਖਾਂ ਪਿੱਛੇ ਧਕਿਆ ਅਤੇ ਉਸ ਸਮੇਂ ਤੋਂ ਹੀ ਸ਼ਹੀਦ ਦੀ ਬਰਸੀ ਜੱਥੇਬੰਦੀ ਜੋਸ਼ੋ ਖਰੋਸ਼ ਨਾਲ ਮਨਾਉਦੀ ਆਉਂਦੀ ਹੈ। ਸੂਬਾ ਪ੍ਰੈਸ ਸਕੱਤਰ ਇੰਦਰਪਾਲ ਸਿੰਘ ਨੇ ਕਿਹਾ ਕੀ ਆਉਣ ਵਾਲੇ ਸਾਉਣੀ ਦੇ ਸੀਜ਼ਨ ਦੌਰਾਨ ਸਰਕਾਰ ਦੇ ਨੱਕਮੇ ਪ੍ਰਬੰਧਾਂ ਦੇ ਖਿਲਾਫ ਸੰਯੁਕਤ ਮੋਰਚਾ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਚੰਡੀਗੜ੍ਹ ਰਿਹਾਇਸ਼ ਤੇ ਮਿਲਣ ਗਿਆ ਸੀ ਜਿਸ ਨੂੰ ਅਣਗੋਲਿਆ ਕਰ ਮੁੱਖ ਮੰਤਰੀ ਨੇ ਮਿਲਣ ਦਾ ਲਾਰਾ ਲਾ ਪੰਜਾਬ ਭਵਨ ਵਿੱਚ ਸੰਯੁਕਤ ਮੋਰਚੇ ਦੇ ਆਗੂਆਂ ਨੂੰ ਬਿਠਾ ਦਿੱਤਾ ਪਰ ਜਦ ਸੰਯੁਕਤ ਮੋਰਚਾ ਪੰਜਾਬ ਭਵਨ ਤੋਂ ਬਾਹਰ ਆਉਣ ਤੋਂ ਮੁਨਕਰ ਹੋ ਗਿਆ ਤਾਂ ਖੇਤੀ ਮੰਤਰੀ ਅਤੇ ਖਰੀਦ ਅਮਲਾ ਭੇਜਿਆ ਸੰਯੁਕਤ ਮੋਰਚੇ ਨੂੰ ਵਿਸ਼ਵਾਸ ਦਵਾਉਣ ਲਈ ਪਰ ਸੰਯੁਕਤ ਮੋਰਚਾ ਖਰੀਦ ਸ਼ੁਰੂ ਹੋਣ ਤੱਕ ਉਥੇ ਬੈਠਾ ਰਿਹਾ ਮੰਡੀਆਂ ਚ ਖਰੀਦ ਸ਼ੁਰੂ ਤੇ ਦੇਰ ਸ਼ਾਮ ਖਰੀਦ ਸ਼ੁਰੂ ਹੋਣ ਤੋਂ ਬਾਅਦ ਪੰਜਾਬ ਭਵਨ ਵਿੱਚੋ ਉਠਿਆ ਅਤੇ ਚੇਤਾਵਨੀ ਦਿੱਤੀ ਅਗਰ ਮੰਡੀਆਂ ਵਿੱਚ ਸੁਚੇਜੇ ਪ੍ਰਬੰਧ ਨਾ ਹੋਏ ਤਾਂ ਸੰਯੁਕਤ ਮੋਰਚਾ ਸਰਕਾਰ ਖਿਲਾਫ ਤਿੱਖਾ ਸੰਘਰਸ਼ ਅਰੰਭੇ ਗਾ ਪਰ ਸਰਕਾਰ ਅੱਜ ਵੀ ਟੱਸ ਤੋਂ ਮੱਸ ਨਹੀਂ ਹੋਈ ਮੰਡੀਆਂ ਵਿੱਚ ਝੋਨਾ ਰੁੱਲ ਰਿਹਾ ਹੈ ਜਿਸਦੇ ਖਿਲਾਫ ਸੰਯੁਕਤ ਮੋਰਚਾ ਆੜਤੀਆ ਦੇ ਸਹਿਯੋਗ ਨਾਲ ਸੰਘਰਸ਼ ਅਰੰਭੇ ਗਾ। ਸੂਬਾ ਖਜਾਨਚੀ ਰਾਮ ਸਿੰਘ ਮਟੋਰਡਾ ਨੇ ਕਿਹਾ ਕਿ ਪਰਾਲੀ ਵਾਲੇ ਮਸਲੇ ਤੇ ਅਗਰ ਸਰਕਾਰ ਨੇ 5000 ਰੁਪਏ ਪ੍ਰਤੀ ਮੁਆਵਜਾ ਨਾ ਦਿੱਤਾ ਤਾਂ ਗਰੀਬ ਕਿਸਾਨੀ ਤੇ ਆਰਥਿਕ ਬੋਝ ਪਵੇਗੀ ਜਿਸ ਨੂੰ ਜੱਥੇਬੰਦੀ ਕਦੇ ਬਰਦਾਸਤ ਨਹੀਂ ਕਰੇਗੀ।

ਇਸ ਸਮੇਂ ਸਮਾਗਮ ਨੂੰ ਸੂਬਾ ਆਗੂ ਬਲਵੀਰ ਕੌਰ, ਸੂਬਾ ਆਗੂ ਲਛਮਣ ਸਿੰਘ ਚੱਕ ਅਲੀਸ਼ੇਰ, ਬਲਦੇਵ ਸਿੰਘ ਭਾਈ ਰੂਪਾ, ਸਿਕੰਦਰ ਸਿੰਘ ਭੂਰੇ, ਮਹਿੰਦਰ ਸਿੰਘ ਭੈਣੀ ਬਾਘਾ, ਇਕਬਾਲ ਸਿੰਘ ਮਾਨਸਾ, ਸੁਖਦੇਵ ਸਿੰਘ ਫ਼ਰੀਦਕੋਟ, ਧਰਮਿੰਦਰ ਸਿੰਘ ਕਪੂਰਥਲਾ, ਸਤਨਾਮ ਸਿੰਘ ਮਾਨ, ਗੁਰਮੇਲ ਸਿੰਘ ਢੱਕਡਬਾ, ਜਗਮੇਲ ਸਿੰਘ ਪਟਿਆਲਾ ਭਾਗ ਸਿੰਘ ਮਰਖਾਈ ਆਦਿ ਰਾਜ ਮਹਿੰਦਰ ਸਿੰਘ ਕੋਟਭਾਰਾ, ਸਤਪਾਲ ਸਿੰਘ ਵਰ੍ਹੇ ਨੇ ਸੰਬੋਧਨ ਕੀਤਾ।

# ਛੋਟੇ ਅਪਰਾਧਾਂ ਨੂੰ ਨੱਥ ਪਾਉਣਾ ਤੇ ਨਸ਼ਿਆਂ ਦਾ ਖਾਤਮਾ ਪੰਜਾਬ ਪੁਲਿਸ ਲਈ ਪ੍ਰਮੁੱਖ ਤਰਜੀਹ: ਡੀਜੀਪੀ

ਸੂਬੇ ਵਿੱਚ ਛੋਟੇ ਅਪਰਾਧਾਂ 'ਤੇ ਕਾਬੂ ਪਾਉਣ ਅਤੇ ਨਸ਼ਿਆਂ ਦੇ ਖਾਤਮੇ ਸਬੰਧੀ ਪੰਜਾਬ ਪੁਲਿਸ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਸਾਰੇ ਫੀਲਡ ਅਧਿਕਾਰੀਆਂ ਨੂੰ ਨਾਗਰਿਕਾਂ ਦੀ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਅਪਰਾਧਾਂ ਖਾਸ ਕਰਕੇ ਜਬਰੀ ਵਸੂਲੀ ਦੀਆਂ ਕਾਲਾਂ, ਲੁੱਟ-ਖੋਹ, ਚੋਰੀ, ਅਤੇ ਚੋਰੀ ਦੇ ਇਰਾਦੇ ਨਾਲ ਘੁਸਪੈਠ ਦੀਆਂ ਵਾਰਦਾਤਾਂ ਨੂੰ ਨੱਥ ਪਾਉਣ ਅਤੇ ਵਿਕਰੀ ਦੇ ਪੱਧਰ 'ਤੇ ਨਸ਼ਿਆਂ ਵਿਰੁੱਧ ਕਾਰਵਾਈ ਕਰਨ ਲਈ ਸਾਰੇ ਤੰਤਰਾਂ ਦੀ ਵਰਤੋਂ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪੁਲਿਸ ਕਰਮਚਾਰੀਆਂ ਨੂੰ ਬਿਨ੍ਹਾਂ ਕਿਸੇ ਦੇਰੀ ਤੋਂ ਲੁੱਟ-ਖੋਹ ਸਮੇਤ ਛੋਟੇ ਅਪਰਾਧਾਂ ਵਿੱਚ ਤੁਰੰਤ ਐਫਆਈਆਰ ਦਰਜ ਕਰਨੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਦੀ ਸੂਰਤ ਵਿੱਚ ਸਬੰਧਤ ਅਧਿਕਾਰੀਆਂ, ਚਾਹੇ ਐਸਐਸਪੀ, ਡੀਐਸਪੀ ਜਾਂ ਐਸਐਚਓ ਹੋਵੇ, ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਡੀਜੀਪੀ ਗੌਰਵ ਯਾਦਵ ਜਿਹਨਾਂ ਦੇ ਨਾਲ ਡੀਆਈਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ ਸ਼ਾਮਲ ਸਨ, ਪੰਚਾਇਤੀ ਚੋਣਾਂ ਤੋਂ ਪਹਿਲਾ ਕਾਰਗੁਜ਼ਾਰੀ



ਅਤੇ ਅਮਨ-ਕਾਨੂੰਨ ਦੀ ਸਥਿਤੀ ਦਾ ਜਾਇਜ਼ਾ ਲੈਣ ਪੁਲਿਸ ਲਾਈਨ ਸੰਗਰੂਰ ਵਿਖੇ ਪਟਿਆਲਾ ਰੇਂਜ ਦੇ ਸਮੂਹ ਅਧਿਕਾਰੀਆਂ- ਪਟਿਆਲਾ, ਮਲੇਰਕੋਟਲਾ, ਸੰਗਰੂਰ ਅਤੇ ਬਰਨਾਲਾ- ਨਾਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਐਸਐਸਪੀ ਪਟਿਆਲਾ ਨਾਨਕ ਸਿੰਘ, ਐਸਐਸਪੀ ਸੰਗਰੂਰ ਸਰਤਾਜ ਚਾਹਲ, ਐਸਐਸਪੀ ਬਰਨਾਲਾ ਸੰਦੀਪ ਮਲਿਕ ਅਤੇ ਐਸਐਸਪੀ ਮਾਲੇਰਕੋਟਲਾ ਗਗਨ ਅਜੀਤ ਸਿੰਘ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਇਸ ਟੀਚੇ ਦੀ ਪ੍ਰਾਪਤੀ ਲਈ ਸੂਬੇ ਭਰ ਵਿੱਚ ਲੁੱਟ-ਖੋਹ ਅਤੇ ਨਸ਼ਿਆਂ ਦੀ ਵਿਕਰੀ ਦੇ ਹੌਟਸਪੌਟਸ 'ਤੇ ਕਲੋਜ਼ਡ ਸਰਕਟ ਟੈਲੀਵਿਜ਼ਨ (ਸੀ।ਸੀ।ਟੀ।ਵੀ।) ਕੈਮਰਿਆਂ ਦੀ ਗਿਣਤੀ ਵਧਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸਲ ਸਮੇਂ ਦੀ ਨਿਗਰਾਨੀ ਲਈ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ 'ਤੇ ਕੰਟਰੋਲ ਰੂਮ ਸਥਾਪਿਤ ਕੀਤੇ ਜਾ ਰਹੇ ਹਨ। ਡੀਜੀਪੀ ਨੇ ਐਸਐਸਪੀਜ਼ ਨੂੰ ਅਜਿਹੇ ਅਪਰਾਧੀਆਂ ਨਾਲ ਸਖ਼ਤੀ ਨਾਲ ਨਜਿੱਠਣ ਅਤੇ ਨਸ਼ੀਲੇ ਪਦਾਰਥਾਂ ਦੇ ਸਪਲਾਇਰਾਂ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਹਾਸਲ ਕੀਤੀਆਂ ਜਾਇਦਾਦਾਂ ਨੂੰ ਫ੍ਰੀਜ਼ ਕਰਨ ਲਈ ਐਨਡੀਪੀਐਸ ਦੀ ਧਾਰਾ 68ਐਫ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨੂੰ ਨਵੀਂ ਸ਼ੁਰੂ ਕੀਤੀ 'ਸੇਫ਼ ਪੰਜਾਬ ਐਂਟੀ ਡਰੱਗ ਹੈਲਪਲਾਈਨ -9779100200' ਰਾਹੀਂ ਪ੍ਰਾਪਤ ਹੋਈਆਂ ਸੂਚਨਾਵਾਂ 'ਤੇ ਤੁਰੰਤ ਕਾਰਵਾਈ ਕਰਨ ਲਈ ਵੀ ਕਿਹਾ। ਇਸ ਹੈਲਪਲਾਈਨ ਰਾਹੀਂ ਨਾਗਰਿਕ ਗੁਪਤ ਰੂਪ ਵਿੱਚ ਨਸ਼ਾ ਤਸਕਰਾਂ ਸਬੰਧੀ ਰਿਪੋਰਟ ਕਰ ਸਕਦੇ ਹਨ। ਪੰਚਾਇਤੀ ਚੋਣਾਂ ਤੋਂ ਪਹਿਲਾਂ ਡੀਜੀਪੀ ਗੌਰਵ ਯਾਦਵ ਨੇ ਸੂਬੇ ਭਰ 'ਚ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਸੁਤੰਤਰ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

# ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ

ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਵਲੋਂ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ। ਅੱਜ ਬਾਬੂ ਕਾਂਸ਼ੀ ਰਾਮ ਦੇ ਜਨਮ ਸਥਾਨ ਪਿੰਡ ਪ੍ਰਿਥੀਪੁਰ ਬੁੰਗਾ ਜਿਲ੍ਹਾ ਰੂਪਨਗਰ ਵਿੱਚ ਵੱਖ ਵੱਖ ਸਮਾਜਿਕ ਆਗੂਆਂ ਸਾਹਿਬ ਕਾਂਸ਼ੀ ਰਾਮ ਦੇ ਭੈਣ ਬੀਬੀ ਸਵਰਨ ਕੌਰ, ਸਤਵਿੰਦਰਜੀਤ ਸਿੰਘ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਰਵਿੰਦਰ ਸਿੰਘ, ਐਡਵੋਕੇਟ ਲਖਵੀਰ ਸਿੰਘ ਖੁਆਸਪੁਰਾ, ਭੁਪਿੰਦਰ ਕੌਰ ਐਡਵੋਕੇਟ ਕੁਲਦੀਪ ਚੰਦ, ਤੀਰਥ ਸਿੰਘ ਸਮਰਾ, ਪ੍ਰੀਤਮ ਦਾਸ ਮੱਲ, ਨਿਰਪਿੰਦਰ ਸਿੰਘ ਆਦਿ ਨੇ ਸਾਹਿਬ ਕਾਂਸ਼ੀ ਰਾਮ ਦੇ ਬੁੱਤ ਤੇ ਫੁੱਲਾਂ ਦੇ ਹਾਰ ਪਾਕੇ ਸ਼ਰਧਾਂਜ਼ਲੀ ਭੇਂਟ ਕੀਤੀ ਅਤੇ ਵਿਚਾਰ ਵਟਾਂਦਰਾ ਕੀਤਾ। ਸਤਵਿੰਦਰਜੀਤ ਸਿੰਘ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਨੇ ਅਪਣੇ ਸੁੱਖਾਂ ਨੂੰ ਤਿਆਗਕੇ ਸਮਾਜ ਦੇ ਰਹਿਵਰਾਂ ਵਲੋਂ ਸ਼ੁਰੂ ਕੀਤੇ ਗਏ ਮਿਸ਼ਨ ਨੂੰ ਅੱਗੇ ਤੋਰਿਆ। ਐਡਵੋਕੇਟ ਕੁਲਦੀਪ ਚੰਦ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਨੇ ਦੇਸ਼ ਦੀ ਬਹੁਤੀ ਅਬਾਦੀ ਜੋ ਕਿ ਵੱਖ ਵੱਖ ਜਾਤਾਂ ਵਿੱਚ ਵੰਡੀ ਹੋਈ ਸੀ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਦੀ ਮੁਹਿੰਮ ਚਲਾਈ ਅਤੇ ਉਨ੍ਹਾਂ ਨੇ ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਡਾਕਟਰ ਭੀਮ ਰਾ? ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ



ਸੱਚ ਕਰ ਦਿਖਾਇਆ। ਉਨ੍ਹਾਂ ਕਿਹਾ ਕਿ ਸਾਹਿਬ ਵਲੋਂ ਅਪਣੀ ਕਿਤਾਬ 'ਚਮਚਾ ਯੁੱਗ' ਵਿੱਚ ਜੋ ਵੱਖ ਵੱਖ ਤਰਾਂ ਦੇ ਚਮਚਿਆਂ ਦਾ ਜਿਕਰ ਕੀਤਾ ਗਿਆ ਹੈ ਉਨ੍ਹਾਂ ਚਮਚਿਆਂ ਕਾਰਨ ਹੀ ਅੱਜ ਸਮਾਜ ਦੀ ਹਾਲਤ ਖਸਤਾ ਹੋ ਰਹੀ ਹੈ। ਤੀਰਥ ਸਿੰਘ ਸਮਰਾ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਵਲੋਂ ਚਲਾਈ ਗਈ ਜਾਗਰੂਕਤਾ ਮੁਹਿੰਮ ਕਾਰਨ ਹੀ ਦਲਿਤਾਂ ਦਾ ਸਵੈਮਾਣ ਵਧਿਆ ਅਤੇ ਸਾਹਿਬ ਵਲੋਂ ਤਿਆਰ ਕੀਤੀ ਗਈ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ ਨੂੰ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਰਾਜ ਕਰਨ ਦਾ ਮੌਕਾ ਮਿਲਿਆ। ਸਾਹਿਬ ਕਾਂਸ਼ੀ ਰਾਮ ਦੇ ਭੈਣ ਬੀਬੀ ਸਵਰਨ ਕੌਰ ਨੇ ਕਿਹਾ ਕਿ ਸਾਹਿਬ ਵਲੋਂ ਚਲਾਈ ਗਈ ਮੁਹਿੰਮ ਵਿੱਚ ਪਿਛਲੇ ਕਈ ਸਾਲਾਂ ਤੋਂ ਖੜੋਤ ਆਈ ਹੈ ਅਤੇ ਇਸ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਅਤੇ ਘਰ ਘਰ ਪਹੁੰਚਾਣ ਲਈ ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਸਮੂਹ ਜੁਝਾਰੂ ਸਾਥੀਆਂ ਅਤੇ ਹੋਰ ਹਮ ਖਿਆਲੀ ਸੰਗਠਨਾਂ ਨਾਲ ਮਿਲਕੇ ਕੰਮ ਕਰ ਰਿਹਾ ਹੈ।

ਉਨ੍ਹਾਂ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਸਮਾਜਿਕ ਪਰਿਵਰਤਨ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਨੋਜਵਾਨਾ ਨੂੰ ਵੱਧ ਤੋਂ ਵੱਧ ਨਾਲ ਜੋੜ੍ਹਿਆ ਜਾਵੇ। ਹਾਜਰ ਸਮੂਹ ਆਗੂਆਂ ਨੇ ਸਾਹਿਬ ਕਾਂਸ਼ੀ ਰਾਮ ਦੇ ਮਿਸ਼ਨ ਨੂੰ ਅੱਗੇ ਲਿਜਾਉਣ ਲਈ ਹਰ ਤਰਾਂ ਦਾ ਸਹਿਯੋਗ ਕਰਨ ਦਾ ਭਰੋਸਾ ਦਿਤਾ। ਇਸ ਮੌਕੇ ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਵਲੋਂ ਵੱਖ ਵੱਖ ਆਗੂਆਂ ਨੂੰ ਸਨਮਾਨਿਤ ਕੀਤਾ ਗਿਆ।

# ਮਜ਼ਦੂਰ ਆਗੂ ਨੂੰ ਧੱਕੇ ਮਾਰਨ ਵਾਲੇ ਐਸ ਐਚ ਓ ਸਮਾਲਸਰ ਦਿਲਬਾਗ ਸਿੰਘ ਖਿਲਾਫ ਜਥੇਬੰਦੀਆ ਦਾ ਵਫਦ ਐਸਐਸਪੀ ਹੈਡਕੁਆਰਟਰ ਨੂੰ ਮਿਲਿਆ

**ਮੋਗਾ (ਸਤਨਾਮ ਸਿੰਘ ਸਹੂੰਗੜਾ)-** ਪੇਂਡੂ ਮਜ਼ਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਮਨਜੀਤ ਸਿੰਘ ਬੁੱਘੀਪੁਰਾ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ ਨੇ ਕਿਹਾ ਟੈਪੂ ਚਾਲਕ ਜਗਦੀਸ਼ ਸਿੰਘ ਉਰਫ ਬਿੱਟੂ ਵੈਰੋਕੇ ਦੀਆ ਲੱਤਾ ਬਾਹਾਂ ਤੋੜਨ ਵਾਲਿਆ ਸ਼ਰਾਰਤੀ ਅਨਸਰਾ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਲਈ ਜੱਥੇਬੰਦੀਆ ਸਮਾਲਸਰ ਵਿਖੇ ਸਾਂਤ ਮਈ ਰੋਸ ਪ੍ਰਦਰਸ਼ਨ ਕਰ ਰਹੀਆ ਸੀ ਥਾਣਾ ਮੁਖੀ ਦਿਲਬਾਗ ਸਿੰਘ ਸਮਾਲਸਰ ਥਾਣੇ ਵਿੱਚੋ ਨਿਕਲਿਆ ਤੇ ਧਰਨਾਕਾਰੀਆ ਨੂੰ ਧਮਕਾਉਣ ਲੱਗਿਆ ਜਿਸ ਵਿੱਚ ਪੇਂਡੂ ਮਜਦੂਰ ਦੇ ਸੂਬਾ ਆਗੂ ਮੰਗਾ ਸਿੰਘ ਵੈਰੋਕੇ ਦੇ ਗਲ ਵਿੱਚ ਹੱਥ ਪਾਇਆ ਅਤੇ ਧਰਨਾਕਾਰੀਆਂ ਦੀ ਖਿੱਚ ਧੂਹ ਕੀਤੀ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ।ਜਿਸ ਦੇ ਖਿਲਾਫ ਅੱਜ ਸੀਨੀਅਰ ਪੁਲਿਸ ਕਪਤਾਨ ਮੋਗਾ ਨੂੰ ਥਾਣਾ ਸਮਾਲਸਰ ਦੇ ਮੁਖੀ ਦਿਲਬਾਗ ਸਿੰਘ ਖਿਲਾਫ ਦਰਖਾਸਤ ਦਰਜ ਕਰਵਾਈ ਅਤੇ ਐਸ ਪੀ ਗੁਰਸ਼ਰਨਜੀਤ ਸਿੰਘ ਸੰਧੂ ਨਾਲ ਮੀਟਿੰਗ ਵੀ ਕੀਤੀ।ਜਿਸ ਵਿੱਚ ਉਹਨਾ ਨੇ ਇਨਸਾਫ ਦਿਵਾਉਣ ਦੀ ਗੱਲ ਕੀਤੀ।

ਨੌਜਵਾਨ ਭਾਰਤ ਸਭਾ ਦੇ ਆਗੂ ਕਰਮਜੀਤ ਸਿੰਘ ਮਾਣੂਕੇ ਕਿ ਨੇ ਕਿਹਾ ਕਿ ਪੁਲਿਸ ਤੋ ਲੋਕਾ ਨੂੰ ਇਨਸਾਫ ਦੀ ਝਾਕ ਹੁੰਦੀ ਹੈ ਪਰੰਤੂ ਜਦੋ ਪੁਲਿਸ ਹੀ ਸਿਆਸਤਦਾਨਾ ਦੀ ਕਠਪੁਤਲੀ ਬਣ ਜਾਵੇ ਫਿਰ ਇਨਸਾਫ ਦੀ ਮੰਗ ਲੋਕ ਕਿਸ ਤੋਂ ਕਰਨ। ਥਾਣਾ ਸਮਾਲਸਰ ਦੇ ਮੁਖੀ ਦਿਲਬਾਗ ਸਿੰਘ ਵੱਲੋ ਸਿਆਸੀ ਦਬਾਅ ਤੋ



ਬਾਅਦ ਲਿਆ ਫੈਸਲਾ ਜੋ ਲੋਕ ਆਗੂਆ ਦੇ ਗਲ ਪਿਆ ਖਿਚ ਧੂਹ ਕੀਤੀ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਜਿਸ ਤੋ ਸਾਫ ਪਤਾ ਲੱਗਦਾ ਹੈ ਪੁਲਿਸ ਵੀ ਸਿਆਸੀ ਹੱਥਾ ਵਿੱਚ ਖੇਡ ਰਹੀ ਜਦੋ ਇਨਸਾਫ ਨਹੀ ਮਿਲਦਾ ਤਾ ਮਜਬੂਰਨ ਲੋਕ ਧਰਨੇ-ਪ੍ਰਦਰਸ਼ਨ ਕਰਨ ਵਾਸਤੇ ਮਜਬੂਰ ਹੁੰਦੇ ਹਨ। ਅੱਜ ਕਿਸਾਨ ਮਜ਼ਦੂਰ ਨੌਜਵਾਨ ਜਥੇਬੰਦੀਆਂ ਵੱਲੋਂ ਥਾਣਾ ਮੁਖੀ ਸਮਾਲਸਰ ਦਿਲਬਾਗ ਸਿੰਘ ਦੀ ਬਰਖਾਸਤ ਦੀ ਮੰਗ ਨੂੰ ਲੈ ਕੇ ਅਤੇ ਮਜ਼ਦੂਰ ਆਗੂ ਮੰਗਾ ਸਿੰਘ ਵੈਰੋਕੇ ਨੂੰ ਧੱਕਾ ਮੁੱਕੀ ਕਰਕੇ ਖਿੱਚ ਧੂਹ ਕਰਨ ਵਾਲੇ ਐਸ ਐਚ ਓ ਸਮਾਲਸਰ ਖਿਲਾਫ ਐਸਸੀ ਐਸਟੀ ਤਹਿਤ ਪਰਚਾ ਦਰਜ ਕਰਨ ਦੀ ਮੰਗ ਕੀਤੀ ਜੇਕਰ ਪ੍ਰਸ਼ਾਸਨ ਵੱਲੋਂ ਥਾਣਾ ਮੁਖੀ ਦਿਲਬਾਗ ਸਿੰਘ ਖਿਲਾਫ ਕੋਈ ਪੁਖਤਾ ਕਾਰਵਾਈ ਨਾ ਕੀਤੀ ਤਾਂ ਜਥੇਬੰਦੀਆਂ ਵੱਲੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਉਪਰੰਤ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਜਰਨਲ ਸਕੱਤਰ ਚਮਕੌਰ ਸਿੰਘ ਰੋਡੇ, ਹਰਬੰਸ ਸਿੰਘ ਰੋਡੇ ,ਨਿਰਭੈ ਸਿੰਘ ਰੋਡੇ, ਟੈਪੂ ਯੂਨੀਅਨ ਦੇ ਆਗੂ ਕੁਲਦੀਪ ਡੇਮਰੂ, ਜਸਮੇਲ ਸਿੰਘ ਰਾਜੇਆਣਾ ਮੋਹਣ ਸਿੰਘ ਡਾਲਾ ਗੁਰਪ੍ਰੀਤ ਸਿੰਘ ਰੋਡੇ ਆਦਿ ਹਾਜ਼ਰ ਸਨ।

# ਟ੍ਰਿਪਲ ਐਮ ਇੰਸਟੀਚਿਊਟ ਵੱਲੋਂ ਰਤਨ ਟਾਟਾ ਨੂੰ ਸ਼ਰਧਾਂਜਲੀ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਸ਼ਹਿਰ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਟ੍ਰਿਪਲ ਐਮ ਇੰਸਟੀਚਿਊਟ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਦੇਸ਼ ਦੇ ਉੱਘੇ ਉਦਯੋਗਪਤੀ ਰਤਨ ਟਾਟਾ ਨੂੰ ਉਨ੍ਹਾਂ ਦੇ ਵਿਚਾਰਾਂ ਅਤੇ ਯੋਗਦਾਨ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ 'ਤੇ ਪ੍ਰੋਗਰਾਮ ਵਿੱਚ ਕਈ ਨਾਮਵਰ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਪ੍ਰਮੁੱਖ ਸਨ ਸ਼੍ਰੀ ਅਵਿਨਾਸ਼ ਰਾਏ ਖੰਨਾ, ਸ਼੍ਰੀ ਅਨਿਲ ਸ਼ਰਮਾ (ਸਪੋਰਟਸ ਅਥਾਰਟੀ ਆਫ ਇੰਡੀਆ), ਪ੍ਰੋ. ਐਸ. ਕੇ. ਸ਼ਰਮਾ, ਡਾ: ਪੰਕਜ ਸ਼ਰਮਾ, ਮਨੋਜ ਸ਼ਰਮਾ ਅਤੇ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਪ੍ਰੋ. ਮਨੋਜ ਕਪੂਰ ਹਾਜ਼ਰ ਸਨ। ਸਮਾਗਮ ਦੌਰਾਨ, ਅਵਿਨਾਸ਼ ਰਾਏ ਖੰਨਾ ਨੇ ਰਤਨ ਟਾਟਾ ਦੇ ਜੀਵਨ ਤੋਂ ਪ੍ਰੇਰਨਾਦਾਇਕ ਉਦਾਹਰਣਾਂ ਪੇਸ਼ ਕੀਤੀਆਂ। ਖਾਸ ਤੌਰ 'ਤੇ ਉਦਯੋਗ ਵਿੱਚ ਉਨ੍ਹਾਂ ਦੇ ਨੈਤਿਕ ਅਤੇ ਮਾਨ-ਵਤਾਵਾਦੀ ਯੋਗਦਾਨ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਇਸ ਬਾਰੇ ਵੀ ਗੱਲ ਕੀਤੀ ਕਿ ਕਿਵੇਂ ਟਾਟਾ ਜੀ ਨੇ ਭਾਰਤ ਦੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਨੌਜਵਾਨ ਪੀੜ੍ਹੀ ਲਈ ਇੱਕ ਰੋਲ ਮਾਡਲ ਪੇਸ਼ ਕੀਤਾ। ਇਸ ਮੌਕੇ ਪ੍ਰੋ। ਮਨੋਜ ਕਪੂਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਰਤਨ ਟਾਟਾ ਦੇ ਗੁਣਾਂ ਨੂੰ ਅਪਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਰਤਨ ਟਾਟਾ ਨੇ ਨੈਨੋ ਕਾਰ ਵਰਗੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਯੋਜਨਾਵਾਂ ਬਣਾਈਆਂ। ਇਸ ਕਾਰ ਦਾ ਉਦੇਸ਼ ਉਨ੍ਹਾਂ ਲੋਕਾਂ ਲਈ ਇੱਕ ਕਿਫਾਇਤੀ ਵਿਕਲਪ ਪ੍ਰਦਾਨ ਕਰਨਾ ਸੀ ਜੋ ਆਪਣਾ ਵਾਹਨ ਨਹੀਂ ਖਰੀਦ ਸਕਦੇ ਸਨ। ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਮੌਨ ਧਾਰਨ ਕਰਕੇ ਆਪਣੇ ਨਾਇਕ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਸ ਕਾਰਨ ਪ੍ਰੋਗਰਾਮ ਵਿੱਚ ਸਕਾਰਾਤਮਕ ਊਰਜਾ ਦਾ ਮਾਹੌਲ ਬਣਿਆ ਰਿਹਾ। ਪ੍ਰੋਗਰਾਮ ਦੀ ਸਮਾਪਤੀ ਰਤਨ ਟਾਟਾ ਦੇ ਆਦਰਸ਼ਾਂ ਨੂੰ ਜੀਵਨ ਵਿੱਚ ਅਪਣਾਉਣ ਦੀ ਸਹੁੰ ਦੇ ਨਾਲ ਹੋਈ, ਜਿਸ ਨੇ ਹਾਜ਼ਰ ਸਾਰੇ ਲੋਕਾਂ ਨੂੰ ਪ੍ਰੇਰਿਤ ਕੀਤਾ।



# ਡਾ. ਹਿਮਾਨੀ ਨੇ ਆਪਣੇ ਜਨਮ ਦਿਨ 'ਤੇ ਸਾਂਝੀ ਰਸੋਈ 'ਚ ਪਾਇਆ 20 ਹਜ਼ਾਰ ਰੁਪਏ ਦਾ ਯੋਗਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਪ੍ਰਧਾਨਗੀ ਹੇਠ ਸਾਂਝੀ ਰੋਸਈ ਬਹੁਤ ਹੀ ਸਫਲਤਾ ਪੂਰਵਕ ਢੰਗ ਨਾਲ ਚੱਲ ਰਹੀ ਹੈ। ਇੱਥੇ ਹਰ ਰੋਜ ਲੱਗਭਗ 500 ਤੋਂ 550 ਲੋਕ ਦੁਪਹਿਰ ਦੇ ਖਾਣੇ ਦਾ ਆਨੰਦ ਮਾਣਦੇ ਹਨ। ਸਾਂਝੀ ਰਸੋਈ ਵਿਖੇ ਮਾਤਰ 10 ਰੁਪਏ ਵਿੱਚ ਦੁਪਹਿਰ ਦਾ ਖਾਣਾ ਜਿਸ ਵਿੱਚ ਦਾਲ, ਸਬਜੀ, ਚਾਵਲ, ਚਪਾਤੀਆਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਇਥੇ ਹਰ ਰੋਜ ਖਾਣੇ ਦਾ ਨਵਾਂ ਮੈਨਯੂ ਹੁੰਦਾ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਸਾਂਝੀ ਰਸੋਈ ਵਿਖੇ ਸ਼ਹਿਰ ਵਾਸੀ ਆ ਕੇ ਆਪਣਾ ਜਨਮਦਿੰਨ, ਮੈਰਿਜ ਐਨਵਰਸਰੀ ਜਾਂ ਯਾਦ ਸਬੰਧੀ ਦਿੰਨ ਮਨਾ ਸਕਦੇ ਹਨ। ਇਸ ਤਹਿਤ ਹਰ ਰੋਜ ਬਹੁਤ ਸਾਰੇ ਲੋਕ ਰੋਜਾਨਾ ਸਾਂਝੀ ਰਸੋਈ ਵਿਖੇ ਆਪਣੇ ਮਹੱਤਵਪੂਰਨ ਦਿੰਨ ਮਨਾਉਂਦੇ ਹਨ। ਇਸ ਦੀ ਲਗਾਤਾਰਤਾ ਵਿੱਚ ਡਾ। ਹਿਮਾਨੀ ਪੁੱਤਰੀ ਡਾ. ਕਿਰਨਜੀਤ ਕੁਮਾਰ ਵਾਸੀ ਟੈਗੋਰ ਨਗਰ ਹੁਸ਼ਿਆਰਪੁਰ ਨੇ ਸਾਂਝੀ ਰਸੋਈ ਨੂੰ 20 ਹਜ਼ਾਰ ਰੁਪਏ ਦਾਨ ਵਜੋਂ ਦਿੱਤੇ। ਇਸ ਮੌਕੇ ਰੈਡ ਕਰਾਸ ਕਾਰਜਕਾਰਣੀ ਕਮੇਟੀ ਦੇ ਮੈਂਬਰਜ਼ ਰਾਜੀਵ ਬਜਾਜ ਅਤੇ ਰੈਡ ਕਰਾਸ ਹਸਪਤਾਲ ਭਲਾਈ ਸੈਕਸ਼ਨ ਦੇ ਮੈਬਰਜ਼ ਰਾਕੇਸ਼ ਕਪਿਲਾ, ਕੁਮਕੁਮ ਸੂਦ, ਸ਼੍ਰੀਮਤੀ ਸੀਮਾ ਬਜਾਜ ਅਤੇ ਸਰਬਜੀਤ ਵੀ ਮੌਜੂਦ ਸਨ।

# ਸਰਵਪੱਖੀ ਵਿਕਾਸ, ਭਾਈਚਾਰਕ ਏਕਤਾ ਤੇ ਫਿਰਕੂ ਸਦਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ, ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ - ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਚਾਇਤੀ ਚੋਣਾਂ ਦੇਸ਼ ਵਿੱਚ ਲੋਕਤੰਤਰੀ ਪ੍ਰਣਾਲੀ ਦੀ ਨੀਂਹ ਹਨ, ਜਿਸ ਦਾ ਮੰਤਵ ਲੋਕਾਂ ਨੂੰ ਹੇਠਲੇ ਪੱਧਰ ਤੱਕ ਲੋਕਤੰਤਰ ਦਾ ਹਿੱਸਾ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਪਿੰਡਾਂ ਦੇ ਸਰਵਪੱਖੀ ਵਿਕਾਸ, ਭਾਈਚਾਰਕ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਮਜਬੂਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਵਿੱਚ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ। ਉਹ ਅੱਜ ਆਪਣੇ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ, ਇਸ ਦੌਰਾਨ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ ਤੋਂ ਇਲਾਵਾ ਹਰਪ੍ਰੀਤ ਸਿੰਘ ਧਾਮੀ ਵੀ ਹਾਜ਼ਰ ਸਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ 1405 ਪੰਚਾਇਤਾਂ ਵਿੱਚੋਂ 266 ਪੰਚਾਇਤਾਂ ਅਤੇ 54 ਸਰਪੰਚ ਸਰਬਸੰਮਤੀ ਨਾਲ ਚੁਣੇ ਗਏ ਹਨ। ਖਾਸ ਕਰਕੇ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ, ਜਿਸ ਵਿੱਚ ਦੋ ਬਲਾਕ (ਹੁਸ਼ਿਆਰਪੁਰ-1 ਅਤੇ ਭੂੰਗਾ) ਆਉਂਦੇ ਹਨ, ਵਿੱਚ ਸਭ ਤੋਂ ਵੱਧ 61 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ, ਜਿਨ੍ਹਾਂ ਵਿੱਚ ਸਰਪੰਚ ਅਤੇ ਪੰਚ ਸਾਰੇ ਸਰਬਸੰਮਤੀ ਨਾਲ ਚੁਣੇ ਗਏ ਹਨ। ਇਸ ਤੋਂ ਇਲਾਵਾ ਇਸ ਹਲਕੇ ਵਿੱਚ 10 ਸਰਪੰਚ ਵੀ ਸਰਬਸੰਮਤੀ ਨਾਲ ਚੁਣੇ ਗਏ ਹਨ।



ਜੇਕਰ ਦੇਖਿਆ ਜਾਵੇ ਤਾਂ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਵਿੱਚ ਕੁੱਲ 71 ਸਰਪੰਚ ਸਰਬਸੰਮਤੀ ਨਾਲ ਚੁਣੇ ਗਏ ਹਨ। ਇਸ ਦੌਰਾਨ ਉਨ੍ਹਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਵਧਾਈ ਵੀ ਦਿੱਤੀ।

ਡਾ। ਰਵਜੋਤ ਸਿੰਘ ਨੇ ਦੱਸਿਆ ਕਿ ਹਲਕਾ ਸ਼ਾਮਚੁਰਾਸੀ ਦਾ ਪਿੰਡ ਲੰਮੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ, ਜਿੱਥੇ 50 ਸਾਲਾਂ ਤੋਂ ਲਗਾਤਾਰ 10 ਵਾਰ ਸਰਬਸੰਮਤੀ ਨਾਲ ਪੰਚਾਇਤ ਚੁਣੀ ਗਈ ਹੈ ਅਤੇ ਇਸ ਵਾਰ ਵੀ ਇਹ ਪਰੰਪਰਾ 11ਵੀਂ ਵਾਰ ਵੀ ਇਹ ਪ੍ਰੰਪਰਾ ਜਾਰੀ ਹੈ । ਇਸੇ ਤਰ੍ਹਾਂ ਪਿੰਡ ਸਿੰਗੜੀਵਾਲਾ ਵਿੱਚ ਲਗਾਤਾਰ ਛੇਵੀਂ ਵਾਰ ਸਰਬਸੰਮਤੀ ਨਾਲ ਪੰਚਾਇਤ ਦਾ ਗਠਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਮੰਨਣਾ ਹੈ ਕਿ ਪੰਚਾਇਤਾਂ ਵਿੱਚ ਸਰਬਸੰਮਤੀ ਨਾਲ ਉਮੀਦਵਾਰ ਚੁਣਨ ਨਾਲ ਪਿੰਡਾਂ ਦਾ ਵਿਕਾਸ ਹੁੰਦਾ ਹੈ।

# ਔਰਤਾਂ ’ਤੇ ਜ਼ਬਰ, ਫਲਸਤੀਨੀ ਅਤੇ ਆਦਿਵਾਸੀਆਂ ਖਿਲਾਫ਼ ਹਮਲੇ ਬੰਦ ਕਰਨ ਲਈ ਦੇਸ਼ ਭਗਤਾਂ ਉਠਾਈ ਆਵਾਜ਼

ਜਲੰਧਰ- ਦੇਸ਼ ਭਗਤ ਯਾਦਗਾਰ ਕਮੇਟੀ ਨੇ ਆਜ਼ਾਦੀ ਲਈ ਜੂਝਣ ਵਾਲੇ ਦੇਸ਼ ਭਗਤਾਂ ਦੇ ਮੁਲਕ ਅਤੇ ਦੁਨੀਆਂ ਅੰਦਰ ਦਿਨ-ਬ-ਦਿਨ ਬਣ ਰਹੇ ਚਿੰਤਾਜਨਕ ਹਾਲਾਤ ਓ¹ਪਰ ਗੰਭੀਰ ਵਿਚਾਰ-ਚਰਚਾ ਓ¹ਪਰੰਤ ਪਾਸ ਕੀਤੇ ਮਹੱਤਵਪੂਰਣ ਮਤਿਆਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਅਤੇ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ।

ਜ਼ਿਕਰਯੋਗ ਕਿ ਇਕ ਮੁਹਿੰਮ ਦੇ ਰੂਪ ਵਿਚ ਇਹਨਾਂ ਮਸਲਿਆਂ ’ਤੇ ਸਿਖ਼ਰ ਵਾਰਤਾ ਅਲਗ-ਅਲਗ ਮਾਧਿਅਮਾਂ ਰਾਹੀਂ 7, 8, 9 ਨਵੰਬਰ ਨੂੰ ਹੋ ਰਹੇ ਗ਼ਦਰੀ ਬਾਬਿਆਂ ਦੇ ਮੇਲੇ ’ਚ ਕੀਤੀ ਜਾ ਰਹੀ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਲੁਧਿਆਣਾ ਵਿਖੇ 6 ਵਰਿਆਂ ਦੀ ਭਰ ਬਾਲੜੀ ਨਾਲ ਜ਼ਬਰ ਜਨਾਹ ਕਰਨ ਉਪਰੰਤ ਤੀਜੀ ਮੰਜ਼ਲ ਤੋਂ ਹੇਠਾਂ ਸੁੱਟਕੇ ਮਾਰ ਮੁਕਾਉਣ ਦੀ ਵਹਿਸ਼ੀਆਨਾ ਵਾਰਦਾਤ ਰੌਂਗਟੇ ਖੜੇ ਕਰਦੀ ਕਿ ਕੀ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਵਰਗੀਆਂ ਅਨੇਕਾਂ ਔਰਤਾਂ ਨੇ ਆਜ਼ਾਦੀ ਸੰਗਰਾਮ ਵਿਚ ਮੁਸੀਬਤਾਂ ਦੇ ਝੱਖੜ ਇਸ ਕਰਕੇ ਝੱਲੇ ਸੀ ਕਿ ਸਾਨੂੰ ਅਜੇਹੇ ਸ਼ਰਮਨਾਕ ਰਾਜ ਪ੍ਰਬੰਧ ਵਿੱਚ ਜ਼ਲੀਲ ਹੋਣਾ ਪਵੇਗਾ।



ਮੁਲਕ ਭਰ ਵਿੱਚ ਵਾਪਰ ਰਹੀਆਂ ਅਜੇਹੀਆਂ ਘਟਨਾਵਾਂ ਦੇ ਮੱਦੇ ਨਜ਼ਰ ਦੇਸ਼ ਭਗਤ ਯਾਦਗਾਰ ਕਮੇਟੀ ਨੇ ਗ਼ਦਰੀ ਬਾਬਿਆਂ ਦੇ ਮੇਲੇ ’ਚ 8 ਨਵੰਬਰ ਸਵੇਰੇ 9 ਵਜੇ ‘ਔਰਤ ਦੀ ਸਮਾਜਕ ਬਰਾਬਰੀ; ਸਥਿਤੀ ਤੇ ਚੁਣਤੀਆਂ’ ਵਿਸ਼ੇ ਉਪਰ ਚਰਚਾ ਅਤੇ ਉਚੇਚੇ ਤੌਰ ’ਤੇ ਵਿਦਿਆਰਥੀਆਂ ਦਾ ਭਾਸ਼ਣ ਮੁਕਾਬਲਾ ਰੱਖਿਆ ਤਾਂ ਜੋ ਔਰਤਾਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਲਈ ਮੈਦਾਨ ’ਚ ਨਿਤਰਨ ਦੀ ਜਾਂਚ ਸਿੱਖਣ। ਇਸ ਸਬੰਧੀ ਕਮੇਟੀ ਅਤੇ ਇਸ ਸੈਸ਼ਨ ਦੇ ਕਨਵੀਨਰ ਪ੍ਰੋ. ਗੋਪਾਲ ਬੁੱਟਰ ਵਿੱਦਿਅਕ ਸੰਸਥਾਵਾਂ ਵਿੱਚ ਹੁਣ ਤੋਂ ਮੁਹਿੰਮ ਲਾਮਬੰਦ ਕਰਨ ਲਈ ਜੁਟ ਰਹੇ ਹਨ।

ਇੱਕ ਹੋਰ ਮਤੇ ਰਾਹੀਂ ਕਮੇਟੀ ਨੇ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਦਾ ਸਪੱਸ਼ਟ ਐਲਾਨ ਸੀ ਕਿ ਗ਼ਦਰੀਆਂ ਦਾ ਵਾਰਸ ਉਹੀ ਕਹਾਉਣ ਦਾ ਹੱਕਦਾਰ ਜੋ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਲੋਕਾਂ ਦੀ ਆਜ਼ਾਦੀ, ਜਮਹੂਰੀਅਤ ਅਤੇ ਸਵੈ-ਮਾਣ ਨੂੰ ਦਰੜੇ ਜਾਣ ਖਿਲਾਫ਼ ਆਵਾਜ਼ ਬੁਲੰਦ ਕਰੇਗਾ। ਇਸ ਕਰਕੇ ਫ਼ਲਸਤੀਨੀ ਲੋਕਾਂ ਦਾ ਨਸਲਘਾਤ ਕਰ ਰਹੇ ਅਮਰੀਕੀ ਇਸਰਾਇਲੀ ਹਾਕਮਾਂ ਨੂੰ ਤੁਰੰਤ ਹਮਲੇ ਰੋਕਣ ਅਤੇ ਆਦਿਵਾਸੀਆਂ ਖੇਤਰਾਂ ਅੰਦਰ ਜੰਗਲ, ਜਲ, ਜ਼ਮੀਨ ਦੀ ਰਾਖੀ ਲਈ ਆਵਾਜ਼ ਉਠਾਉਂਦੇ ਆਦਿਵਾਸੀਆਂ ਉਪਰ ਅਰਧ-ਸੈਨਿਕਾਂ ਬਲਾਂ ਵੱਲੋਂ ਬੋਲੇ ਜਾ ਰਹੇ ਜਾਨ-ਲੇਵਾ ਹਮਲੇ ਅਤੇ ਹੱਕ, ਸੱਚ, ਇਨਸਾਫ਼ ਦੀ ਸੰਘੀ ਨੱਪਣ ਦੀਆਂ ਭਾਜਪਾ ਹਕੂਮਤ ਵੱਲੋਂ ਸ਼ਰੇਆਮ ਧਮਕੀਆਂ ਖਿਲਾਫ਼ ਨਿਰੰਤਰ ਆਵਾਜ਼ ਬੁਲੰਦ ਕਰਨ ਲਈ ਸਮੂਹ ਗ਼ਦਰੀ ਵਾਰਸ ਸੰਸਥਾਵਾਂ ਨੂੰ ਅੱਗੇ ਆਉਣ ਦੀ ਲੋੜ ਹੈ।

# ਡਾ. ਇੰਦਰਜੀਤ ਸਿੰਘ ਵਾਸੂ ਦੀ ਪੁਸਤਕ “ਗੁਰਮਤਿ : ਸੰਪੂਰਨ ਜੀਵਨ ਦਾ ਮਾਰਗ” ਨੂੰ ਡਾ. ਐੱਮ. ਐਸ. ਰੰਧਾਵਾ ਪੁਰਸਕਾਰ ਲਈ ਚੁਣੇ ਜਾਣ ਤੇ ਸਕੇਪ ਸਾਹਿਤਕ ਸੰਸਥਾ ਦੇ ਸਮੂਹ ਮੈਂਬਰਾਂ ਕੀਤਾ ਖੁਸ਼ੀ ਦਾ ਪ੍ਰਗਟਾਵਾ

**ਫਗਵਾੜਾ (ਬੀ. ਕੇ. ਰੱਤੂ)** ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਪੰਜਾਬ ਰਾਹੀਂ ਹਰ ਸਾਲ ਪੰਜਾਬੀ, ਹਿੰਦੀ ਅਤੇ ਉਰਦੂ ਦੀਆਂ ਪੁਸਤਕਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰ ਤਹਿਤ ਵਿਭਾਗ ਵੱਲੋਂ ਸਾਲ 2023 ਦੇ ਵੱਖ-ਵੱਖ ਵੰਨਗੀਆਂ ਨਾਲ਼ ਸੰਬੰਧਤ 10 ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਕੇਪ ਸਾਹਿਤਕ ਸੰਸਥਾ ਲਈ ਬੜੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਸਕੇਪ ਸਾਹਿਤਕ ਸੰਸਥਾ ਫਗਵਾੜਾ ਦੇ ਸੀਨੀਅਰ ਮੈਂਬਰ ਡਾ: ਇੰਦਰਜੀਤ ਸਿੰਘ ਵਾਸੂ ਦੀ ਧਾਰਮਿਕ ਪੁਸਤਕ “ਗੁਰਮਤਿ : ਸੰਪੂਰਨ ਜੀਵਨ ਦਾ ਮਾਰਗ” ਨੂੰ ਡਾ: ਐੱਮ.ਐੱਸ. ਰੰਧ-ਾਵਾ ਪੁਰਸਕਾਰ (ਗਿਆਨ ਸਾਹਿਤ) ਲਈ ਚੁਣਿਆ ਗਿਆ ਹੈ। ਸੰਸਥਾ ਦੇ ਸਰਪ੍ਰਸਤ ਪ੍ਰਿੰ. ਗੁਰਮੀਤ ਸਿੰਘ ਪਲਾਹੀ, ਪ੍ਰਧਾਨ ਕਮਲੇਸ਼ ਸੰਧੂ, ਜਨਰਲ ਸਕੱਤਰ ਪਰਵਿੰਦਰਜੀਤ ਸਿੰਘ ਅਤੇ ਹੋਰ ਸੀਨੀਅਰ ਮੈਂਬਰ ਸਾਹਿਬਾਨ ਰਵਿੰਦਰ ਚੋਟ, ਕਰਮਜੀਤ ਸਿੰਘ ਸੰਧੂ, ਬਲਦੇਵ ਰਾਜ ਕੋਮਲ, ਮਨੋਜ ਫਗਵਾੜਵੀ, ਅਸ਼ੋਕ ਟਾਂਡੀ, ਸੋਹਣ ਸਹਿਜਲ, ਜਰਨੈਲ ਸਿੰਘ ਸਾਖੀ, ਜਸਵਿੰਦਰ ਫਗਵਾੜਾ, ਗੁਰਨਾਮ ਬਾਵਾ, ਦਲਜੀਤ ਮਹਿਮੀ ਕਰਤਾਰਪੁਰ, ਬਲਬੀਰ ਕੌਰ ਬੱਬੂ ਸੈਣੀ, ਰਵਿੰਦਰ ਚੋਟ, ਸੁਖਦੇਵ ਸਿੰਘ ਗੰਢਵਾਂ, ਮਨਦੀਪ ਸਿੰਘ, ਕੁਲਦੀਪ ਸਿੰਘ, ਹਰਬੰਸ ਸਿੰਘ, ਸੋਨਿਕਾ ਰਾਣੀ, ਸੁਖਵਿੰਦਰ ਕੌਰ, ਲਾਲੀ ਕਰਤਾਰਪੁਰੀ, ਸ਼ਾਮ ਸਰਗੂੰਦੀ, ਪ੍ਰੀਤ ਕੌਰ ਪ੍ਰੀਤੀ, ਹਰਜਿੰਦਰ ਸਿੰਘ, ਉਰਮਲਜੀਤ ਸਿੰਘ ਵਾਲੀਆ, ?ਮ ਪ੍ਰਕਾਸ਼ ਸੰਦਲ,ਸਾਹਿਬਾ ਜੀਟਨ ਕੌਰ, ਸਿਮਰਤ ਕੌਰ ਵੱਲੋਂ ਡਾ: ਇੰਦਰਜੀਤ ਸਿੰਘ ਵਾਸੂ ਦੀ ਇਸ ਪ੍ਰਾਪਤੀ ਉੱਤੇ ਖੁਸ਼ੀ ਅਤੇ ਮਾਣ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਹਨਾਂ ਨੂੰ ਉਹਨਾਂ ਦੀ ਪੁਸਤਕ ਨੂੰ “ਗੁਰਮਤਿ : ਸੰਪੂਰਨ ਜੀਵਨ ਦਾ ਮਾਰਗ” ਨੂੰ ਡਾ: ਐੱਮ.ਐੱਸ. ਰੰਧਾਵਾ (ਗਿਆਨ ਸਾਹਿਤ) ਪੁਰਸਕਾਰ ਲਈ ਚੁਣੇ ਜਾਣ ‘ਤੇ ਮੁਬਾਰਕਾਂ ਦਿੱਤੀਆਂ ਗਈਆਂ। ਦਲਜੀਤ ਮਹਿਮੀ ਕਰਤਾਰਪੁਰ ਨੇ ਕਿਹਾ ਕਿ ਡਾ: ਇੰਦਰਜੀਤ ਸਿੰਘ ਵਾਸੂ ਨੇ ਉਹਨਾਂ ਨਾਲ਼ ਗੱਲਬਾਤ ਦੌਰਾਨ ਦੱਸਿਆ ਸੀ ਕਿ ਇਸ ਕਿਤਾਬ ਦੀ ਸਿਰਜਣਾ ਪਿੱਛੇ ਉਹਨਾਂ ਦੀ 50 ਸਾਲ ਦੀ ਮਿਹਨਤ ਹੈ ਪਰ ਉਹ ਇਸ ਮਿਹਨਤ ਨੂੰ ਤਪੱਸਿਆ ਹੀ ਕਹਿਣਗੇ। ਡਾਕਟਰ ਵਾਸੂ ਸਾਹਿਤ ਸਿਰਜਣਾ ਲਈ ਮਜਬੂਤ, ਸਿਰੜੀ ਅਤੇ ਅਣਥੱਕ ਯੋਧੇ ਹਨ ਅਤੇ ਅਤੇ ਸਕੇਪ ਸਾਹਿਤਕ ਸੰਸਥਾ ਨੂੰ ਉਹਨਾਂ ਦੀ ਇਸ ਪ੍ਰਾਪਤੀ ਤੇ ਮਾਣ ਹੈ ਤੇ ਅਸੀਂ ਸਾਰੇ ਉਹਨਾਂ ਨੂੰ ਇਸ ਪ੍ਰਾਪਤੀ ਉੱਤੇ ਹਾਰਦਿਕ ਵਧਾਈ ਦਿੰਦੇ ਹਾਂ।




# ਨਿਪੁੰਨ ਸ਼ਰਮਾ ਨੈਸ਼ਨਲ ਪੱਧਰ ਦੇ ਗਾਇਕੀ ਮੁਕਾਬਲੇ 'ਚੋਂ ਅੱਵਲ ਮਿਲਿਆ 5100 ਰੁਪਏ ਕੈਸ਼ ਅਵਾਰਡ ਤੇ ਪ੍ਰਮਾਣ ਪੱਤਰ





ਮਲਟੀ ਟੇਲੈਂਟ ਰਿਐਲਿਟੀ ਸ਼ੌਅ ਵੱਲੋਂ ਕਰਵਾਏ ਗਏ ਨੈਸ਼ਨਲ ਪੱਧਰ ਦੇ ਗਾਇਕੀ ਮੁਕਾਬਲੇ 'ਕਿਸਮੇਂ ਕਿਤਨਾ ਹੈ ਦਮ' ਵਿੱਚੋਂ ਹੁਸ਼ਿਆਰਪੁਰ ਦੇ ਵਿਦਿਆਰਥੀ ਨਿਪੁੰਨ ਸ਼ਰਮਾ ਨੇ ਸੈਂਕੜੇ ਦੇ ਲਗਭਗ ਵਿਦਿਆਰਥੀਆਂ ਨੂੰ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਨਾਂ ਰੋਸ਼ਨ ਕੀਤਾ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਵਿਦਿਆਰਥੀ ਨਿਪੁੰਨ ਸ਼ਰਮਾ ਸੰਗੀਤਕ ਬਾਰੀਕੀਆਂ ਨੂੰ ਸਮਝਣ ਵਾਲਾ ਹੋਣਹਾਰ ਵਿਦਿਆਰਥੀ ਹੈ। ਇਸ ਤੋਂ ਪਹਿਲਾਂ ਨਿਪੁੰਨ ਸ਼ਰਮਾ ਨੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਰਵਾਏ ਗਏ ਜ਼ਿਲ੍ਹਾ ਪੱਧਰੀ ਕਵਿਤਾ ਗਾਇਨ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ ਅਤੇ ਹੁਣ ਉਹ ਭਾਸ਼ਾ ਵਿਭਾਗ ਦੇ ਰਾਜ ਪੱਧਰੀ ਮੁਕਾਬਲੇ ਦੀ ਤਿਆਰੀ ਕਰ ਰਿਹਾ ਹੈ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿਤਲ ਜੀ ਨੇ ਰਿਐਲਿਟੀ ਸ਼ੌਅ ਵੱਲੋਂ ਨਿਪੁੰਨ ਸ਼ਰਮਾ ਨੂੰ ਮਿਲੇ 5100 ਰੁਪਏ ਕੈਸ਼ ਅਵਾਰਡ, ਪ੍ਰਮਾਣ ਪੱਤਰ ਅਤੇ ਮੋਮੈਂਟੋ ਨਾਲ ਸਨਮਾਨਤ ਕਰਕੇ ਵਧਾਈ ਦਿੰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਸਹਾਇਕ ਕਿਰਿਆਵਾਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀ ਨੂੰ ਆਪਣੀ ਪ੍ਰਤਿਭਾ ਨੂੰ ਖੋਜਣਾ, ਨਿਖਾਰਨਾ ਅਤੇ ਆਪਣੇ ਜਨੂੰਨ ਨੂੰ ਅੱਗੇ ਵਿਧਾਉਣ ਵਿੱਚ ਉਤਸ਼ਾਹ ਮਿਲਦਾ ਹੈ। ਉਹ ਜ਼ਿੰਦਗੀ ਵਿੱਚ ਸੋਚੀ ਮੰਜ਼ਿਲ ਨੂੰ ਆਸਾਨੀ ਨਾਲ ਪ੍ਰਾਪਤ ਕਰਦਾ ਹੈ। ਉਨ੍ਹਾਂ ਇਸ ਮੌਕੇ ਵਿਦਿਆਰਥੀ ਨਿਪੁੰਨ ਸ਼ਰਮਾ ਵੱਲੋਂ ਰਿਐਲਿਟੀ ਸ਼ੌਅ ਵਿੱਚ ਪੇਸ਼ ਕੀਤੀ ਰਚਨਾ ਵੀ ਸੁਣੀ ਅਤੇ ਉਸ ਦੀ ਸੁਰੀਲੀ ਆਵਾਜ਼ ਦੀ ਦਾਦ ਦਿੰਦਿਆਂ ਹੋਰ ਮਿਹਨਤ ਕਰਨ ਦੀ ਤਾਕੀਦ ਕੀਤੀ । ਇਸ ਮੌਕੇ ਭਾਸ਼ਾ ਵਿਭਾਗ ਵੱਲੋਂ ਵੀ ਨਿਪੁੰਨ ਸ਼ਰਮਾ ਨੂੰ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਜ਼ਿਲ੍ਹਾ ਐੱਨ।ਆਈ।ਸੀ। ਅਫ਼ਸਰ ਪ੍ਰਦੀਪ ਸਿੰਘ, ਮਿਊਜਿਕ ਟੀਚਰ ਪ੍ਰੇਮ ਚੰਦ, ਨਰਿੰਦਰ ਕੁਮਾਰ, ਜਸਪ੍ਰੀਤ ਸਿੰਘ, ਤਜਿੰਦਰ ਸਿੰਘ, ਰਾਜਨ ਸੋਹਲ, ਰਾਜੇਸ਼ ਕੁਮਾਰ, ਵਰਿੰਦਰ ਸਿੰਘ ਆਦਿ ਹਾਜ਼ਰ ਸਨ।

# ਅੰਤਰਰਾਸ਼ਟਰੀ ਬਾਲੜੀ ਦਿਵਸ ਮੁਹਿੰਮ ਤਹਿਤ ਆਂਗਣਵਾੜੀ ਸੈਂਟਰ ਬੰਗਾ ਬਲਾਕ ਅਧੀਨ ਮਨਾਇਆ ਬੱਚੀਆਂ ਦਾ ਜਨਮ ਦਿਨ




**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)-** ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਅਤੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਬੇਟੀ ਬਚਾ? ਬੇਟੀ ਪੜ੍ਹਾ?' ਮੁਹਿੰਮ ਤਹਿਤ ਜ਼ਿਲ੍ਹਾ ਪ੍ਰੋਗਰਾਮ ਦਫ਼ਤਰ ਵੱਲੋਂ ਮਿਤੀ 2 ਅਕਤੂਬਰ ਤੋਂ 11 ਅਕਤੂਬਰ ਤੱਕ ਅੰਤਰਰਾਸ਼ਟਰੀ ਬਾਲੜੀ ਦਿਵਸ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਦੇ ਤਹਿਤ ਬੰਗਾ ਬਲਾਕ ਦੇ ਕਜਲਾ ਰੋਡ ਦੇ ਵਾਰਡ ਨੰਬਰ 6 ਅਧੀਨ ਆਂਗਨਵਾੜੀ ਸੈਂਟਰ ਇਕ ਵਿਖੇ ਛੋਟੀਆਂ ਬੱਚੀਆਂ ਦਾ ਜਨਮ ਦਿਨ ਕ੍ਰੇਕ ਕੱਟ ਕੇ ਮਨਾਇਆ ਗਿਆ ਅਤੇ ਬੱਚੀਆਂ ਦੀਆਂ ਮਾਤਾਵਾਂ ਨੂੰ ਬੇਟੀ ਬਚਾ? ਬੇਟੀ ਪੜ੍ਹਾ? ਸਕੀਮ ਸਬੰਧੀ ਜਾਣੂ ਕਰਵ-ਾਇਆ ਗਿਆ। ਪ੍ਰੋਗਰਾਮ ਦੌਰਾਨ ਬਾਲ ਸੁਰੱਖਿਆ ਯੂਨਿਟ ਤੋਂ ਮੌਜੂਦ ਸੰਤੋਸ਼ ਡੀ ? ਵੱਲੋਂ ਬੱਚਿਆਂ ਨਾਲ ਸੰਬੰਧਤ ਪੋਕਸੋ ਐਕਟ ਅਤੇ ਸਪੋਂਸਰਸ਼ਿਪ ਅਤੇ ਫੋਸਟਰ ਕੇਅਰ ਸਕੀਮ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਬੱਚਿਆਂ ਨਾਲ ਜੁੜੀ ਹਰ ਤਰ੍ਹਾਂ ਦੀ ਸਮੱਸਿਆ ਲਈ ਚਾਈਲਡ ਲਾਈਨ ਨੰਬਰ 1098 'ਤੇ ਜਾਣਕਾਰੀ ਦੇਣ ਦੀ ਅਪੀਲ ਕੀਤੀ ਗਈ ਅਤੇ ਬਾਲ ਭਿੱਖਿਆ, ਬਾਲ ਮਜ਼ਦੂਰੀ, ਬਾਲ ਵਿਆਹ ਨਾ ਕਰਵਾਉਣ ਸੰਬੰਧੀ ਅਪੀਲ ਕੀਤੀ। ਸੂਪ੍ਰਿਆ ਠਾਕੁਰ, ਕੋਆਰਡੀਨੇਟਰ ਵੋਮੈਨ ਹੱਬ ਵੱਲੋਂ ਲੜਕੀਆਂ ਲਈ ਸਰਕਾਰ ਵੱਲੋਂ ਦਿੱਤੀਆਂ ਸੁਵਿਧਾਵਾਂ ਬਾਰੇ ਦੱਸਿਆ ਗਿਆ ਅਤੇ ਹਿਮਸਿਖਾ, ਵਨ ਸਟਾਪ ਸੈਂਟਰ ਵੱਲੋਂ ਔਰਤਾਂ ਲਈ ਇਕ ਹੀ ਛੱਤ ਥੱਲੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਜਿਵੇ ਕਿ ਮੈਡੀਕਲ, ਪੁਲਿਸ ਸੁਵਿਧਾ, ਕਾਉਂ-ਸਲਿੰਗ, ਖਾਣਾ ਆਦਿ ਬਾਰੇ ਦੱਸਿਆ ਗਿਆ। ਅੰਤ ਵਿਚ ਬੱਚਿਆ ਨੂੰ ਬੇਬੀ ਕਿੱਟਾਂ ਦਿੱਤੀਆਂ ਗਈਆ। ਪ੍ਰੋਗਰਾਮ ਦੌਰਾਨ ਸੰਬਧਤ ਬਲਾਕ ਦੇ ਦੇ ਸੁਪਰਵਾਈਜ਼ਰ ਹਰਕੰਵਲ ਕੌਰ ਅਤੇ ਕੁਲਵਿੰਦਰ ਕੌਰ ਦੇ ਨਾਲ-ਨਾਲ ਆਂਗਨਵਾੜੀ ਵਰਕਰਾਂ ਵੀ ਹਾਜ਼ਰ ਸਨ।

# ਕੇਨਰਾ ਬੈਂਕ ਗੜ੍ਹਦੀਵਾਲਾ ਬ੍ਰਾਂਚ ਵੱਲੋਂ ਸਰਕਾਰੀ ਸਕੂਲ ਢੋਲਵਾਹਾ ਨੂੰ ਪੱਖੇ ਅਤੇ ਸਟੇਸ਼ਨਰੀ ਦਾ ਸਮਾਨ ਦਿੱਤਾ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)- ਕੇਨਰਾ ਬੈਂਕ ਗੜ੍ਹਦੀਵਾਲਾ ਬ੍ਰਾਂਚ ਦੇ ਮੈਨੇਜਰ ਮੋਹਿਤ ਮਹਿਤਾ ਅਤੇ ਉਨ੍ਹਾਂ ਦੀ ਟੀਮ, ਜਿਸ ਵਿੱਚ ਲਵਜੀਤ ਸਿੰਘ, ਅਮਰੀਕ ਸਿੰਘ ਅਤੇ ਸੁਖਦੇਵ ਸਿੰਘ ਸ਼ਾਮਲ ਸਨ, ਨੇ ਸਰਕਾਰੀ ਪ੍ਰਾਇਮਰੀ ਸਕੂਲ ਢੋਲਵਾਹਾ ਦਾ ਦੌਰਾ ਕੀਤਾ ਅਤੇ ਉੱਥੋਂ ਦੇ ਵਿਦਿਆਰਥੀਆਂ ਨੂੰ ਪੱਖੇ ਅਤੇ ਸਟੇਸ਼ਨਰੀ ਦਾ ਸਮਾਨ ਦਿੱਤਾ। ਇਹ ਪਹਿਲ ਕੈਨਰਾ ਬੈਂਕ ਗੜ੍ਹਦੀਵਾਲਾ ਬ੍ਰਾਂਚ ਦੀ ਸਮਾਜਿਕ ਜ਼ਿੰਮੇਵਾਰੀ ਦੇ ਹਿੱਸੇ ਵਜੋਂ ਕੀਤੀ ਗਈ ਹੈ, ਜੋ ਪਹਿਲਾਂ ਵੀ ਕਈ ਗਤੀਵਿਧੀਆਂ ਦਾ ਆਯੋਜਨ ਕਰ ਚੁੱਕੀ ਹੈ। ਸ੍ਰੀ ਮਹਿਤਾ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਸਿੱਖਿਆ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਬੱਚਿਆਂ ਨੂੰ ਵੱਡੇ ਸੁਪਨੇ ਲੈਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ।



ਸਕੂਲ ਸਟਾਫ਼ ਨੇ ਕੇਨਰਾ ਬੈਂਕ ਦਾ ਇਸ ਉਦਾਰ ਉਪਰਾਲੇ ਲਈ ਧੰਨਵਾਦ ਕੀਤਾ। ਸਕੂਲ ਦੀ ਸਾਬਕਾ ਅਧਿਆਪਕਾ ਕਿਰਨ ਬਾਲਾ ਨੇ ਕੇਨਰਾ ਬੈਂਕ ਦੀ ਸਮਾਜਿਕ ਜ਼ਿੰਮੇਵਾਰੀ ਦੀ ਸ਼ਲਾਘਾ ਕੀਤੀ। ਮਿਸਟਰ ਮਹਿਤਾ ਯੂਟਿਊਬ ਚੈਨਲ "ਬੈਂਕ ਅਫਸਰ" ਵੀ ਚਲਾਉਂਦੇ ਹਨ, ਜਿਸਦੇ 1800 ਤੋਂ ਵੱਧ ਗਾਹਕ ਹਨ। ਇਸ ਚੈਨਲ 'ਤੇ ਉਹ ਬੈਂਕਿੰਗ, ਵਿੱਤ ਅਤੇ ਪ੍ਰੇਰਕ ਵਿਸ਼ਿਆਂ 'ਤੇ ਜਾਣਕਾਰੀ ਸਾਂਝੀ ਕਰਦਾ ਹੈ।

# ਅਰਪਨ ਸੋਸਾਇਟੀ ਨੇ ਕਾਮਨਹੈਲਥ ਨਾਲ ਮਿਲਕੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਸਮਾਪਨ ਦਿਵਸ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ

ਅਰਪਨ ਸੋਸਾਇਟੀ ਵਲੋਂ ਕਾਮਨਹੈਲਥ ਨਾਲ ਮਿਲਕੇ ਇਲਾਕੇ ਵਿੱਚ ਅੰਤਰਰਾਸ਼ਟਰੀ ਸੁਰੱਖਿਅਤ ਗਰਭਸਮਾਪਨ ਦਿਵਸ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ ਗਿਆ। ਇਸ ਸਬੰਧੀ ਮੀਡੀਆਕਰਮੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਨੌਜਵਾਨਾਂ ਲਈ ਜਾਗਰੁਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਅਰਪਨ ਸੰਸਥਾ ਦੇ ਡਾਇਰੈਕਟਰ ਅਤੇ ਕਾਮਨਹੈਲਥ ਮੈਂਬਰ ਕੁਲਦੀਪ ਚੰਦ, ਸ਼ੋਸ਼ਲ ਵਰਕਰ ਸਤੀਸ਼ ਕੁਮਾਰ ਮੱਲੀ, ਮੈਡਮ ਮਧੂ, ਬਲਜੀਤ ਕੌਰ, ਰਜਨੀ ਦੇਵੀ ਆਦਿ ਨੇ ਮਹਿਲਾਵਾਂ ਦੇ ਸਿਹਤ ਸਬੰਧੀ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਅਤੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਸਮਾਪਨ ਦਿਵਸ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਹਰ ਸਾਲ 28 ਸਤੰਬਰ ਨੂੰ ਅੰਤਰਰਾਸ਼ਟਰੀ ਸੁਰੱਖਿਅਤ ਗਰਭਸਮਾਪਨ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਸਬੰਧੀ ਜਾਗਰੁਕਤਾ ਲਈ ਤਿਆਰ ਕੀਤੀਆਂ ਗਈਆਂ ਰਿਪੋਰਟਾਂ ਅਤੇ ਆਰਟੀਕਲ ਦੀਆਂ ਕਾਪੀਆਂ ਦਿਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ੍ਹ ਗਰਭਸਮਾਪਨ ਹੁੰਦੇ ਹਨ। ਭਾਰਤ ਵਿੱਚ ਹਰ ਸਾਲ ਲੱਗਭੱਗ 1.56 ਕਰੋੜ ਗਰਭਸਮਾਪਨ ਹੁੰਦੇ ਹਨ ਜਿਨ੍ਹਾਂ ਵਿੱਚੋਂ 56 ਫਿਸਦੀ ਗਰਭਸਮਾਪਨ ਅਸੁਰੱਖਿਅਤ ਹੁੰਦੇ ਹਨ, ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 8.5 ਫਿਸਦੀ ਮੌਤਾਂ ਅਸੁਰੱਖਿਅਤ ਗਰਭਸਮਾਪਨ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਸਮਾਪਨ ਕਾਰਨ ਲੱਗਭੱਗ 10 ਮਹਿਲਾਵਾਂ ਦੀ ਮੌਤ ਹੁੰਦੀ ਹੈ। ਭਾਰਤ ਵਿੱਚ ਲੱਗਭੱਗ 20 ਫਿਸਦੀ ਜਨਤਕ ਸਿਹਤ ਅਦਾਰਿਆਂ ਵਿੱਚ, ਲੱਗਭੱਗ 53 ਫਿਸਦੀ ਪ੍ਰਾਇਵੇਟ ਸਿਹਤ ਕੇਂਦਰਾਂ ਵਿੱ ਅਤੇ ਲੱਗਭੱਗ 27 ਫਿਸਦੀ ਗਰਭਸਮਾਪਨ ਘਰਾਂ ਵਿੱਚ ਹੀ ਕੀਤੇ ਜਾਂਦੇ ਹਨ। ਗਰਭਸਮਾਪਨ ਕਰਵਾਉਣ




ਵਾਲੀਆਂ ਲੱਗਭੱਗ 19 ਫਿਸਦੀ ਮਹਿਲਾਵਾਂ ਨੂੰ ਗਰਭਸਮਾਪਨ ਤੋਂ ਬਾਦ ਕਈ ਤਰਾਂ ਦੀਆਂ ਸਮੱਸਿਆਵਾਂ ਪੇਸ਼ ਆਈਆਂ ਹਨ। ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਲੱਗਭੱਗ 9.2 ਲੱਖ ਮਹਿਲਾਵਾਂ ਜੋ ਗਰਭਸਮਾਪਨ ਕਰਵਾਉਣਾ ਚਾਹੁੰਦੀਆਂ ਸਨ ਨੂੰ ਇਹ ਸੇਵਾਵਾਂ ਨਹੀਂ ਮਿਲੀਆਂ ਹਨ। ਭਾਰਤ ਵਿੱਚ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰਖਿੱਅਤ ਗਰਭਸਮਾਪਨ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਭਾਰਤ ਵਿੱਚ ਗਰਭਸਮਾਪਨ ਦੀ ਸਹੂਲਤ ਸਬੰਧੀ ਬਣਾਇਆ ਗਿਆ ਐਮਟੀਪੀ ਐਕਟ 1971 ਨੂੰ ਲਾਗੂ ਹੋਇਆ ਅਤੇ ਇਸ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ। ਗਰਭਸਮਾਪਨ ਨੂੰ ਸਰਕਾਰ ਦੇ ਜਨਤਕ ਰਾਸ਼ਟਰੀ ਸਿਹਤ ਬੀਮਾ ਫੰਡ, ਆਯੂਸ਼ਮਾਨ ਭਾਰਤ ਅਤੇ ਕਰਮਚਾਰੀਆਂ ਦੇ ਰਾਜ ਬੀਮਾ ਦੁਆਰਾ 100% ਕਵਰ ਕੀਤਾ ਜਾਂਦਾ ਹੈ।

ਭਾਰਤ ਵਿੱਚ ਗਰਭਸਮਾਪਨ ਕਾਨੂੰਨ ਦੇ ਬਾਵਜੂਦ ਸੇਵਾਵਾਂ ਤੱਕ ਪਹੁੰਚ ਵਿੱਚ ਰੁਕਾਵਟ ਆਉਂਦੀ ਹੈ ਅਤੇ ਬਹੁਤ ਸਾਰੀਆਂ ਔਰਤਾਂ ਪਰਿਵਾਰ ਦੇ ਡਰ ਕਾਰਨ ਗਰਭਸਮਾਪਨ ਦੇ ਅਸੁਰੱਖਿਅਤ ਤਰੀਕਿਆਂ ਦਾ ਸਹਾਰਾ ਲੈਂਦੀਆਂ ਹਨ। ਭਾਰਤ ਵਿੱਚ ਕਈ ਵਾਰ ਮਹਿਲਾਵਾਂ ਅਤੇ ਸਮਾਜਿਕ ਸੰਗਠਨਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ ਕਨੂੰਨੀ ਤੌਰ ਤੇ ਹੀ ਗਰਭਸਮਾਪਨ ਕਰਵਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਉਨ੍ਹਾਂ ਨੇ ਐਮ ਟੀ ਪੀ ਐਕਟ ਅਧੀਨ ਮਿਲਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਅਪੀਲ ਕੀਤੀ ਕਿ ਜਰੂਰਤ ਪੈਣ ਤੇ ਸਿਰਫ ਸੁਰੱਖਿਅਤ ਗਰਭਸਮਾਪਨ ਹੀ ਕਰਵਾਇਆ ਜਾਵੇ ਅਤੇ ਇਹ ਮਹੱਤਵਪੂਰਨ ਜਾਣਕਾਰੀ ਹਰ ਪਰਿਵਾਰ ਤੱਕ ਪਹੁੰਚਾਈ ਜਾਵੇ ਤਾਂ ਜੋ ਜਰੂਰਤ ਪੈਣ ਤੇ ਇਸ ਸਹੂਲਤ ਦਾ ਲਾਭ ਮਿਲ ਸਕੇ ਅਤੇ ਮਹਿਲਾਵਾਂ ਦੀ ਸਿਹਤ ਸੁਰਖਿੱਅਤ ਰਹਿ ਸਕੇ। ਇਸ ਮੌਕੇ ਸੋਸ਼ਲ ਵਰਕਰ ਬਲਬਿੰਦਰ ਲਾਖਾ ਅਤੇ ਹਾਜਰ ਲੜਕੀਆਂ ਨੇ ਵੀ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਅਮਨਦੀਪ, ਰਜਨੀ ਬਾਲਾ, ਜਯੋਤੀ, ਸ਼ਿਲਪਾ, ਪੂਨਮ, ਸ਼ਿੰਦੋ, ਮੁਖਤਿਆਰ ਕੌਰ, ਊਸ਼ਾ, ਮਨਜੀਤ ਕੌਰ, ਰੀਤੂ, ਵੀਰੋ, ਅਨੀਤਾ, ਜੋਤੀ, ਕੰਚਨ, ਸੁਦੇਸ਼, ਕਾਜਲ, ਗੁਰਪ੍ਰੀਤ ਕੌਰ, ਜਗਦੀਪ ਕੌਰ, ਸ਼ਿਖਾ ਰਾਣੀ, ਮਨਪ੍ਰੀਤ ਕੌਰ, ਪ੍ਰਿਯੰਕਾ, ਕੰਚਨ, ਚਰਨਜੀਤ ਕੌਰ, ਅਨੂੰ, ਨਾਜੀਆ ਆਦਿ ਹਾਜਰ ਸਨ।

# ਹਰਿਆਣਾ ਵਿੱਚ ਭਾਰਤੀ ਜਨਤਾ ਪਾਰਟੀ ਦਾ ਮਾਸਟਰ ਸਟਰੋਕ : ਤੀਜੀ ਸਰਕਾਰ ਬਣਾਈ



ਉਜਾਗਰ ਸਿੰਘ
91-94178 13072

ਭਾਰਤੀ ਜਨਤਾ ਪਾਰਟੀ ਨੇ ਹਰਿਆਣਾ ਵਿੱਚ ਲਗਾਤਾਰ ਤੀਜੀ ਵਾਰ ਸਰਕਾਰ ਬਣਾ ਕੇ ਮਾਸਟਰ ਸਟਰੋਕ ਮਾਰਿਆ ਹੈ। ਐਂਟੀਇਨਕਬੈਂਸੀ ਹੋਣ ਦੇ ਬਾਵਜੂਦ ਵਿਧਾਨ ਸਭਾ ਦੀ ਚੋਣ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਡਬਲ ਇੰਜਣ ਸਰਕਾਰ ਬਣਾਉਣ ਨੂੰ ਹਰਿਆਣਾ ਦੇ ਵੋਟਰਾਂ ਨੇ ਤਰਜੀਹ ਦਿੱਤੀ ਹੈ ਕਿਉਂਕਿ ਅਜੇ ਕੇਂਦਰ ਵਿੱਚ ਵੀ ਚਾਰ ਸਾਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਰਹੇਗੀ। ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਕਾਂਟੇ ਦੀ ਟੱਕਰ ਸੀ ਪ੍ਰੰਤੂ ਭਾਰਤੀ ਜਨਤਾ ਪਾਰਟੀ ਨੇ ਚੋਣ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਭਾਵੇਂ ਲੋਕ ਸਭਾ ਦੀ ਚੋਣ ਦੀ ਤਰ੍ਹਾਂ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ 'ਤੇ ਵੋਟਾਂ ਨਹੀਂ ਮੰਗੀਆਂ ਗਈਆਂ। ਪ੍ਰੰਤੂ ਆਰ ਐਸ ਐਸ ਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਰਣਨੀਤੀਕਾਰਾਂ ਦੀ ਰਣਨੀਤੀ ਪਾਰਟੀ ਲਈ ਵਰਦਾਨ ਸਾਬਤ ਹੋਈ। 2019 ਦੀਆਂ ਵਿਧਾਨ ਸਭਾ ਚੋਣਾ ਵਿੱਚ 68.1 ਫ਼ੀ ਸਦੀ ਦੇ ਮੁਕਾਬਲੇ 2024 ਵਿੱਚ ਫ਼ੀ ਸਦੀ ਘੱਟ ਕੇ 67.9 ਰਹਿ ਗਈ ਹੈ। ਭਾਰਤੀ ਜਨਤਾ ਪਾਰਟੀ ਨੂੰ 40.5 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ ਅਤੇ ਸੀਟਾਂ ਦੀ ਗਿਣਤੀ 2019 ਵਿੱਚ 40 ਤੋਂ ਵੱਧ ਕੇ 48 ਹੋ ਗਈ ਹੈ। ਕਾਂਗਰਸ ਪਾਰਟੀ ਨੂੰ 39.3 ਫ਼ੀ ਸਦੀ ਵੋਟਾਂ ਪੋਲ ਹੋਈਆਂ ਤੇ ਸੀਟਾਂ 2019 ਦੇ 31 ਤੋਂ ਵੱਧ ਕੇ 37 ਹੋ ਗਈ। 2019 ਵਿੱਚ 18 ਆਜ਼ਾਦ ਉਮੀਦਵਾਰ ਜਿੱਤੇ ਸਨ ਪ੍ਰੰਤੂ 2024 ਵਿੱਚ ਸਿਰਫ ਤਿੰਨ ਸਵਿਤ੍ਰੀ ਜਿੰਦਲ, ਦੇਵੇਂਦਰ ਕਾਦੀਆਂ ਅਤੇ ਰਾਜੇਸ਼ ਜੂਨ ਜਿੱਤੇ ਹਨ।  ਹਰਿਆਣਾ ਦੇ ਤਿੰਨ ਰੀਜਨ ਉੱਤਰੀ ਵਿੱਚ 38 ਸੀਟਾਂ ਹਨ ਜਿਨ੍ਹਾਂ ਵਿੱਚੋਂ ਭਾਰਤੀ ਜਨਤਾ ਪਾਰਟੀ 13 ਤੇ ਕਾਂਗਰਸ ਨੇ 22 ਸੀਟਾਂ ਜਿੱਤੀਆਂ, ਦੱਖਣੀ  ਰੀਜਨ ਵਿੱਚ 23 ਸੀਟਾਂ ਹਨ, ਜਿਨ੍ਹਾਂ ਵਿੱਚੋਂ ਭਾਰਤੀ ਜਨਤਾ ਪਾਰਟੀ ਨੇ 17 ਤੇ ਕਾਂਗਰਸ ਪਾਰਟੀ ਨੇ 6 ਸੀਟਾਂ ਜਿੱਤੀਆਂ ਹਨ ਅਤੇ ਜਾਟ ਲੈਂਡ ਰੀਜਨ ਵਿੱਚ 29 ਸੀਟਾਂ ਵਿੱਚੋਂ ਭਾਰਤੀ ਜਨਤਾ ਪਾਰਟੀ ਨੇ 18, ਕਾਂਗਰਸ ਨੇ 9 ਸੀਟਾਂ ਤੇ ਦੋ ਸੀਟਾਂ ਇਨੈਲੋ ਜਿੱਤ ਗਈ ਹੈ। ਮਈ 2024 ਦੀਆਂ ਲੋਕ ਸਭਾ ਚੋਣਾ ਤੋਂ ਇੱਕ ਮਹੀਨਾ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਓ ਬੀ ਸੀ ਭਾਈਚਾਰੇ ਦੇ ਨਾਇਬ ਸਿੰਘ ਸੈਣੀ ਨੂੰ ਮਨੋਹਰ ਲਾਲ ਖੱਟਰ ਦੀ ਥਾਂ ਮੁੱਖ ਮੰਤਰੀ ਬਣਾ ਕੇ ਓ ਬੀ ਸੀ ਦੀਆਂ ਵੋਟਾਂ ਵਟੋਰਨ ਦਾ ਪੱਤਾ ਖੇਡਿਆ ਸੀ। ਜਿਹੜਾ ਲੋਕ ਸਭਾ ਅਤੇ ਹੁਣ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸਾਰਥਿਕ ਸਾਬਤ ਹੋਇਆ ਹੈ। ਕਾਂਗਰਸ ਪਾਰਟੀ ਨੇ ਹਮੇਸ਼ਾ ਜਾਟ ਮੁੱਖ ਮੰਤਰੀ ਬਣਾਉਣ ਨੂੰ ਤਰਜੀਹ ਦਿੱਤੀ ਹੈ। ਇਸ ਵਾਰੀ ਵੀ ਇੱਕ ਕਿਸਮ ਨਾਲ ਭੁਪਿੰਦਰ ਸਿੰਘ  ਹੁੱਡਾ ਨੂੰ ਮੁੱਖ ਮੰਤਰੀ ਪ੍ਰਾਜੈਕਟ ਕੀਤਾ ਜਾ ਰਿਹਾ ਸੀ। ਕੁਮਾਰੀ ਸ਼ੈਲਜਾ ਦੇ ਨਰਾਜ਼ ਹੋਣ ਨਾਲ ਅਨੁਸੂਚਿਤ ਜਾਤੀਆਂ ਦੀਆਂ ਵੋਟਾਂ ਕਾਂਗਰਸ ਤੋਂ ਦੂਰ ਹੋ ਗਈਆਂ। ਇਸ ਕਰਕੇ ਜਾਟਾਂ ਤੋਂ ਬਿਨਾ ਬਾਕੀ ਸਾਰੀਆਂ ਸਮੁਦਾਇ ਜਾਟਾਂ ਦੇ ਵਿਰੁੱਧ ਭਾਰਤੀ ਜਨਤਾ ਪਾਰਟੀ ਵਲ ਉਲਟ ਗਈਆਂ। ਇੱਥੋਂ ਤੱਕ ਕਿ ਜਾਟ ਲੈਂਡ ਦੀਆਂ 29 ਸੀਟਾਂ ਵਿੱਚੋਂ ਭਾਰਤੀ ਜਨਤਾ ਪਾਰਟੀ 18 ਸੀਟਾਂ ਜਿੱਤ ਗਈ। ਇਸ ਤੋਂ ਇਲਾਵਾ ਸਿਰਸਾ ਡੇਰੇ ਦੇ ਮੁੱਖੀ ਰਾਮ ਰਹੀਮ ਨੂੰ ਐਨ ਚੋਣਾ ਤੋਂ ਪਹਿਲਾਂ ਪੈਰੋਲ ਦੇਣ ਕਰਕੇ ਡੇਰੇ ਦੇ ਸ਼ਰਧਾਲੂ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਵੋਟਾਂ ਪਾ ਗਏ।  ਕਾਂਗਰਸ ਪਾਰਟੀ ਓਵਰ ਕਾਨਫੀਡੈਂਸ ਵਿੱਚ ਮਾਰੀ ਗਈ। ਉਹ ਐਂਟੀ ਇਨਕੂਬੈਂਸੀ ਕਰਕੇ ਆਸ ਲਾਈ ਬੈਠੀ ਸੀ ਕਿ ਵੋਟਰ ਕਾਂਗਰਸ ਪਾਰਟੀ ਨੂੰ ਵੋਟਾਂ ਪਾਉਣਗੇ। ਹੈਰਾਨੀ ਦੀ ਗੱਲ ਹੈ ਕਿ ਕਿਸਾਨਾਂ ਦੀ ਨਰਾਜ਼ਗੀ, ਅਗਨੀਵੀਰ ਦਾ ਵਿਰੋਧ, ਬੇਰੁਜ਼ਗਾਰੀ ਅਤੇ ਪਹਿਲਵਾਨਾਂ ਨਾਲ ਦੁਰ-ਵਿਵਹਾਰ ਵਰਗੇ ਮੁੱਦਿਆਂ ਦਾ ਕਾਂਗਰਸ ਪਾਰਟੀ ਲਾਭ ਨਹੀਂ ਉਠਾ ਸਕੀ ਸਗੋਂ ਕਿਸਾਨ ਭਾਰਤੀ ਜਨਤਾ ਪਾਰਟੀ ਦੀ ਮਦਦ ਕਰ ਗਏ। ਕਾਂਗਰਸ ਦੀ ਗਲਤੀ ਰਹੀ ਕਿ ਉਸਨੇ ਸੀ.ਪੀ.ਐਮ. ਤੋਂ ਬਿਨਾ ਕਿਸੇ ਪਾਰਟੀ ਨਾਲ ਸਮਝੌਤਾ ਨਹੀਂ ਕੀਤਾ। ਦੂਜੀਆਂ ਪਾਰਟੀਆਂ ਵੀ ਕਾਂਗਰਸ ਦੀਆਂ ਜੜਖ਼ਾਂ ਵਿੱਚ ਬੈਠ ਗਈਆਂ। ਉਨਖ਼ਾਂ ਨੇ ਕਾਂਗਰਸ ਪਾਰਟੀ ਦੀਆਂ ਵੋਟਾਂ ਕੱਟ ਦਿੱਤੀਆਂ, ਜਿਸਦਾ ਸਿੱਧਾ ਲਾਭ ਭਾਰਤੀ ਜਨਤਾ ਪਾਰਟੀ ਨੂੰ ਹੋਇਆ। 45 ਵਿਧਾਨ ਸਭਾ ਸੀਟਾਂ ਤੇ ਕਾਂਗਰਸ ਦੂਜੇ ਨੰਬਰ ਤੇ ਆਈ ਹੈ ਤੇ 12 ਸੀਟਾਂ ਤੇ ਆਜ਼ਾਦ ਉਮੀਦਵਾਰ ਤੀਜੇ ਨੰਬਰ ਤੇ ਆਏ ਹਨ। ਜੇਕਰ ਕਾਂਗਰਸ ਪਾਰਟੀ ਦੂਜੀਆਂ ਪਾਰਟੀਆਂ ਨਾਲ ਸਮਝੌਤਾ ਕਰ ਲੈਂਦੀ ਤਾਂ ਘੱਟੋ ਘੱਟ 12 ਸੀਟਾਂ ਹੋਰ ਕਾਂਗਰਸ ਦੀ ਝੋਲੀ ਵਿੱਚ ਪੈ ਸਕਦੀਆਂ ਸਨ। ਭਾਰਤੀ ਜਨਤਾ ਪਾਰਟੀ ਭਾਵੇਂ ਚੋਣਾਂ ਜਿੱਤ ਗਈ ਹੈ ਪ੍ਰੰਤੂ ਉਨਖ਼ਾਂ ਨੂੰ ਉਦੋਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਸਰਕਾਰ ਦੇ 8 ਮੰਤਰੀ ਅਤੇ ਵਿਧਾਨ ਸਭਾ ਦਾ ਸਪੀਕਰ ਚੋਣ ਹਾਰ ਗਏ, ਜਿਨ੍ਹਾਂ ਵਿੱਚ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ, ਵਿਤ ਮੰਤਰੀ ਜੇ.ਪੀ. ਦਲਾਲ, ਸੰਜੇ ਸਿੰਘ,  ਖੇਤੀਬਾੜੀ ਮੰਤਰੀ ਕੰਵਰ ਪਾਲ ਗੁਜਰ, ਸਿਹਤ ਮੰਤਰੀ ਡਾ.ਕੰਵਲ ਗੁਪਤਾ, ਰਣਜੀਤ ਸਿੰਘ ਚੌਟਾਲਾ, ਸਥਾਨਕ ਸਰਕਾਰ ਰਾਜ ਮੰਤਰੀ ਸੁਭਾਸ਼ ਸੁਧਾ ਅਤੇ ਰਾਜ ਮੰਤਰੀ ਮਹੀਪਾਲ ਢਾਂਡਾ ਸ਼ਾਮਲ ਹਨ। 90 ਮੈਂਬਰੀ ਵਿਧਾਨ ਸਭਾ ਲਈ 2 ਕਰੋੜ ਵੋਟਰਾਂ ਨੇ ਆਪਣੀਆਂ ਵੋਟਾਂ ਦੇ ਹੱਕ ਦਾ ਇਸਤੇਮਾਲ ਕੀਤਾ। ਭਾਰਤੀ ਜਨਤਾ ਪਾਰਟੀ, ਕਾਂਗਰਸ, ਇਨੈਲੋ ਤੇ ਬੀ.ਐਸ.ਪੀ ਗਠਜੋੜ, ਆਮ ਆਦਮੀ ਪਾਰਟੀ, ਜੇ.ਪੀ.ਪੀ ਤੇ ਆਜ਼ਾਦ ਸਮਾਜ ਗੱਠਜੋੜ ਚੋਣਾ ਲੜੇ ਸਨ। ਕੁਲ 1031 ਉਮੀਦਵਾਰਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿੱਚ 101 ਔਰਤਾਂ, 464 ਆਜ਼ਾਦ ਉਮੀਦਵਾਰ ਸਨ।  13 ਇਸਤਰੀਆਂ ਜਿਨ੍ਹਾਂ ਵਿੱਚੋਂ 7 ਕਾਂਗਰਸ, 5 ਬੀ.ਜੇ.ਪੀ ਅਤੇ ਇਕ ਆਜ਼ਾਦ ਚੋਣ ਜਿੱਤ ਗਈਆਂ ਹਨ। ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੋਵੇਂ 89-89 ਸੀਟਾਂ 'ਤੇ ਚੋਣ ਲੜੇ ਸਨ। ਕਾਂਗਰਸ ਨੇ ਇੱਕ ਭਿਵਾਨੀ ਦੀ ਸੀਟ ਸੀ.ਪੀ.ਐਮ.ਲਈ ਛੱਡ ਦਿੱਤੀ ਸੀ। ਭਾਰਤੀ ਜਨਤਾ ਪਾਰਟੀ ਨੇ ਸਿਰਸਾ ਸੀਟ ਹਰਿਆਣਾ ਲੋਕ ਹਿਤ ਪਾਰਟੀ ਦੇ ਗੋਪਾਲ ਕਾਂਡਾ ਲਈ ਛੱਡੀ ਸੀ। ਗੋਪਾਲ ਕਾਂਡਾ ਚੋਣ ਹਾਰ ਗਏ ਹਨ। ਇਨੈਲੋ ਅਤੇ ਬੀ.ਐਸ.ਪੀ. ਦੇ ਗਠਜੋੜ ਨੇ ਵੀ 89 ਸੀਟਾਂ ਤੋਂ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 51 ਸੀਟਾਂ ਤੇ ਇਨੈਲੋ ਨੇ ਉਮੀਦਵਾਰ ਖੜਖ਼ੇ ਕੀਤੇ ਸਨ। 2014 ਵਿੱਚ ਭਾਰਤੀ ਜਨਤਾ ਪਾਰਟੀ ਨੇ 90 ਵਿੱਚੋਂ 47 ਸੀਟਾਂ ਜਿੱਤ ਕੇ ਪੂਰਨ ਬਹੁਮਤ ਪ੍ਰਾਪਤ ਕੀਤਾ ਸੀ। ਉਦੋਂ 68.1 ਫ਼ੀ ਸਦੀ ਵੋਟਾਂ ਪੋਲ ਹੋਈਆਂ ਸਨ। 2019 ਵਿੱਚ ਭਾਰਤੀ ਜਨਤਾ ਪਾਰਟੀ ਨੇ 40 ਜਿੱਤੀਆਂ ਸਨ ਜੋ ਪੂਰਨ ਬਹੁਮਤ ਤੋਂ 6 ਸੀਟਾਂ ਘੱਟ ਸਨ ਤੇ 36.49 ਫ਼ੀ ਸਦੀ ਵੋਟਾਂ ਮਿਲੀਆਂ ਸਨ। ਭਾਰਤੀ ਜਨਤਾ ਪਾਰਟੀ ਨੇ ਚੌਧਰੀ ਦੇਵੀ ਲਾਲ ਦੇ ਪੋਤਰੇ ਦੁਸ਼ਯੰਤ ਚੌਟਾਲਾ ਦੀ ਜਨ ਨਾਇਕ ਪਾਰਟੀ



ਨਾਲ ਰਲ ਕੇ ਸਾਂਝੀ ਸਰਕਾਰ ਬਣਾਈ ਸੀ, ਜਨ ਨਾਇਕ ਪਾਰਟੀ ਦੇ ਦਸ ਵਿਧਾਇਕ ਸਨ ਤੇ 14.80 ਫ਼ੀ ਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਕਾਂਗਰਸ ਨੂੰ 31 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ ਤੇ 28.08 ਫ਼ੀ ਸਦੀ ਵੋਟਾਂ ਮਿਲੀਆਂ ਸਨ। ਇਸ ਵਾਰ ਸਰਕਾਰ ਭਾਵੇਂ ਭਾਰਤੀ ਜਨਤਾ ਪਾਰਟੀ ਬਣਾ ਰਹੀ ਹੈ ਪ੍ਰੰਤੂ ਕਾਂਗਰਸ ਅਤੇ  ਭਾਰਤੀ ਜਨਤਾ ਪਾਰਟੀ ਆਪਣੀ ਵੋਟ ਫ਼ੀ ਸਦੀ ਵਧਾਉਣ ਵਿੱਚ ਸਫਲ ਹੋ ਗਈਆਂ ਹਨ। ਦੋਵੇਂ ਵਾਰ ਮਨੋਹਰ ਲਾਲ ਖੱਟਰ ਹਰਿਆਣਾ ਦੇ ਮੁੱਖ ਮੰਤਰੀ ਬਣੇ ਸਨ ਪ੍ਰੰਤੂ ਦੂਜੀ ਵਾਰ ਦੁਸ਼ਯੰਤ ਚੌਟਾਲਾ ਉਪ ਮੁੱਖ ਮੰਤਰੀ ਬਣਾਏ ਗਏ ਸਨ। 2024 ਦੇ ਸ਼ੁਰੂ ਵਿੱਚ ਦੋਹਾਂ ਪਾਰਟੀਆਂ ਦਾ ਸਮਝੌਤਾ ਟੁੱਟ ਗਿਆ। ਐਂਟੀ ਇਕੁਵੈਂਸੀ ਫੈਕਟਰ ਤੋਂ ਮੁਕਤੀ ਪਾਉਣ ਲਈ ਭਾਰਤੀ ਜਨਤਾ ਪਾਰਟੀ ਨੇ ਨਾਇਬ ਸਿੰਘ ਸੈਣੀ ਨੂੰ ਮਨੋਹਰ ਲਾਲ ਖੱਟਰ ਦੀ ਥਾਂ ਮੁੱਖ ਮੰਤਰੀ ਬਣਾ ਦਿੱਤਾ ਜਿਸ ਕਰਕੇ ਭਾਰਤੀ ਜਨਤਾ ਪਾਰਟੀ ਸਰਕਾਰ ਬਣਾਉਣ ਵਿੱਚ ਸਫਲ ਰਹੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਯੋਗੀ ਅਦਿਤਿਆ ਨਾਥ ਅਤੇ ਜੇ.ਪੀ ਨੱਢਾ ਨੇ ਹਰਿਆਣਾ ਵਿੱਚ ਧੂੰਆਂ ਧਾਰ ਚੋਣ ਪ੍ਰਚਾਰ ਕੀਤਾ ਸੀ। ਦੂਜੇ ਪਾਸੇ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਅਤੇ ਮਲਿਕ ਅਰਜਨ ਖੜਗੇ ਚੋਣ ਪ੍ਰਚਾਰ ਕਰਦੇ ਰਹੇ। ਭਾਰਤੀ ਜਨਤਾ ਪਾਰਟੀ ਵਿੱਚ ਅਤੇ ਕਾਂਗਰਸ ਪਾਰਟੀ ਦੇ ਨੇਤਾਵਾਂ ਨੂੰ ਟਿਕਟਾਂ ਨਾ ਮਿਲਣ ਕਰਕੇ ਬਗਾਬਤ ਵੀ ਹੋਈ ਪ੍ਰੰਤੂ ਭਾਰਤੀ ਜਨਤਾ ਪਾਰਟੀ ਫਿਰ ਵੀ ਬਹੁਮਤ ਲੈਣ ਵਿੱਚ ਸਫ਼ਲ ਹੋ ਗਈ। ਭਾਰਤੀ ਜਨਤਾ ਪਾਰਟੀ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿਜ ਅਤੇ ਕਾਂਗਰਸ ਦੀ ਕੁਮਾਰੀ ਸ਼ੈਲਜਾ ਵੀ ਨਾਰਾਜ਼ ਚਲੇ ਆ ਰਹੇ ਸਨ। ਹਰਿਆਣਾ ਦੇ ਤਿੰਨ ਲਾਲ, ਸਾਬਕਾ ਮੁੱਖ ਮੰਤਰੀਆਂ ਚੌਧਰੀ ਬੰਸੀ ਲਾਲ, ਚੌਧਰੀ ਦੇਵੀ ਲਾਲ ਅਤੇ ਚੌਧਰੀ ਭਜਨ ਲਾਲ ਦੇ ਪਰਿਵਾਰ ਵੱਖ-ਵੱਖ ਪਾਰਟੀਆਂ ਵੱਲੋਂ ਚੋਣ ਮੈਦਾਨ ਵਿੱਚ ਸੀ। ਹਰਿਆਣਾ ਦੇ ਤਿੰਨੋ ਲਾਲ ਪਰਿਵਾਰਾਂ ਚੌਧਰੀ ਦੇਵੀ ਲਾਲ, ਭਜਨ ਲਾਲ ਅਤੇ ਬੰਸੀ ਲਾਲ ਦੇ ਪਰਿਵਾਰਾਂ ਦੇ ਮੈਂਬਰ ਵੀ ਵਿਧਾਨਕਾਰ ਬਣ ਚੁੱਕੇ ਹਨ। 90 ਵਿਧਾਨ ਸਭਾ ਸੀਟਾਂ ਦੀ ਗਿਣਤੀ ਲਈ 93 ਥਾਵਾਂ ਤੇ ਗਿਣਤੀ ਕੀਤੀ ਗਈ ਹੈ। ਭਾਰਤੀ ਜਨਤਾ ਪਾਰਟੀ ਨੇ 48 ਵਿੱਚੋਂ 22 ਨਵੀਆਂ ਸੀਟਾਂ ਪਹਿਲੀ ਵਾਰ ਜਿੱਤੀਆਂ ਹਨ। ਕਾਂਗਰਸ ਪਾਰਟੀ ਆਪਣੀਆਂ ਪੁਰਾਣੀਆਂ ਸੀਟਾਂ ਵਿੱਚੋਂ ਅੱਧੀਆਂ ਸੀਟਾਂ ਹਾਰ ਗਈ ਹੈ। 10 ਪੋਲਿੰਗ ਸਟੇਸ਼ਨ ਏਲਨਾਬਾਦ, ਲੋਹਾਰੂ, ਸਧੌਰਾ, ਜਗਾਧਰੀ, ਡੱਬਵਾਲੀ, ਹਥੀਨ, ਟੋਹਾਨਾ, ਨਾਰਨੌਦ, ਕਿਲਿਆਂਵਾਲੀ ਅਤੇ ਆਦਮਪੁਰ ਵਿੱਚ 75.47 ਫ਼ੀ ਸਦੀ ਤੋਂ ਵੱਧ ਪੋਲਿੰਗ ਹੋਈ। ਏਲਨਾਵਾਦ ਵਿੱਚ ਸਭ ਤੋਂ ਵੱਧ 80.61 ਫ਼ੀ ਸਦੀ ਪੋਲਿੰਗ ਹੋਈ। ਏਲਨਾਵਾਦ ਤੋਂ ਇਨੈਲੋ ਦੇ ਅਭੈ ਚੌਟਾਲਾ ਚੋਣ ਲੜੇ ਸਨ। 53 ਫ਼ੀ ਸਦੀ ਸੀਟਾਂ 'ਤੇ 70 ਫ਼ੀ ਸਦੀ ਤੋਂ ਵੱਧ ਪੋਲਿੰਗ ਹੋਈ ਸੀ ਅਤੇ 11 ਹਲਕਿਆਂ ਵਿੱਚ 75 ਫ਼ੀ ਸਦੀ ਤੋਂ ਵੱਧ ਪੋਲਿੰਗ ਹੋਈ ਸੀ। ਸਿਰਸਾ ਹਲਕੇ ਵਿੱਚ ਸਭ ਤੋਂ ਵੱਧ 75.36 ਫ਼ੀ ਸਦੀ ਅਤੇ ਫਤੇਹਬਾਦ ਸਭ ਤੋਂ ਘੱਟ 74.77 ਫ਼ੀ ਸਦੀ ਵੋਟਾਂ ਪੋਲ ਹੋਈਆਂ ਸਨ। 2014 ਵਿੱਚ 76.2 ਫ਼ੀ ਸਦੀ ਪੁਲਿੰਗ ਹੋਈ ਸੀ। ਇਸ ਵਾਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਗਠਜੋੜ ਨਹੀਂ ਹੋ ਸਕਿਆ ਜਿਸ ਕਰਕੇ ਦੋਵੇਂ ਪਾਰਟੀਆਂ ਵੱਖ ਵੱਖ ਚੋਣ ਲੜੀਆਂ ਸਨ। ਆਮ ਆਦਮੀ ਪਾਰਟੀ ਦੇ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਚੋਣ ਹਾਰ ਗਏ ਹਨ ਅਤੇ ਉਨਖ਼ਾਂ ਸਾਰਿਆਂ ਦੀਆਂ ਜਮਾਨਤਾਂ ਜ਼ਬਤ ਹੋ ਗਈਆਂ ਹਨ। ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਜਿਹੜੇ ਹਰਿਆਣਾ ਦੇ ਰਹਿਣ ਵਾਲੇ ਹਨ, ਉਹ ਵੀ ਚੋਣ ਲੜੇ ਸੀ ਪ੍ਰੰਤੂ ਉਹ ਕਾਂਗਰਸ ਦੇ ਉਮੀਦਵਾਰ ਮਨਦੀਪ ਸਿੰਘ ਚੱਠਾ ਤੋਂ ਚੋਣ ਹਾਰ ਗਏ ਹਨ। ਗੁਰਨਾਮ ਸਿੰਘ ਚੜੂਨੀ ਨੂੰ ਸਿਰਫ 1200 ਦੇ ਕਰੀਬ ਵੋਟਾਂ ਪਈਆਂ ਹਨ। ਸਾਰੇ ਚੋਣ ਸਰਵੇ ਝੂਠੇ ਸਾਬਤ ਹੋ ਗਏ ਹਨ। ਭਾਰਤੀ ਜਨਤਾ ਪਾਰਟੀ ਦੇ ਜਿੱਤਣ ਤੋਂ ਬਾਅਦ ਸੰਭੂ ਬਾਰਡਰ ਖੁਲਖ਼ਣ ਦੀ ਆਸ ਖ਼ਤਮ ਹੋ ਗਈ ਹੈ। ਕਾਂਗਰਸ ਪਾਰਟੀ ਨੂੰ ਜ਼ਬਰਦਸਤ ਝਟਕਾ ਲੱਗਿਆ ਹੈ ਕਿਉਂਕਿ ਉਹਨਾਂ ਦੀ ਪਾਰਟੀ ਦੇ ਪ੍ਰਧਾਨ ਓਦੈ ਭਾਨ ਚੋਣ ਹਾਰ ਗਏ ਹਨ। ਕਾਂਗਰਸ ਦੇ ਪ੍ਰਮੁੱਖ ਨੇਤਾ ਕਰਨ ਸਿੰਘ ਦਲਾਲ, ਕੁਲਦੀਪ ਸ਼ਰਮਾ, ਬਿਸ਼ਨ ਲਾਲ ਸੈਣੀ ਅਤੇ ਅਮਿਤ ਸਿਹਾਗ ਚੋਣ ਹਾਰ ਗਏ ਹਨ। ਰੀਜਨਲ ਪਾਰਟੀਆਂ ਦਾ ਹਰਿਆਣਾ ਵਿੱਚ ਸਫਾਇਆ ਹੋ ਗਿਆ ਹੈ। ਜੇ.ਪੀ.ਪੀ. ਦੇ ਮੁਖੀ ਦੁਸ਼ਯੰਤ ਚੌਟਾਲਾ ਵੀ ਚੋਣ ਹਾਰ ਗਏ ਹਨ। 10 ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀਆਂ ਤੋਂ ਵੱਧ ਵੋਟਾਂ ਨੋਟਾ ਨੂੰ ਪਈਆਂ ਹਨ। ਆਮ ਆਦਮੀ ਪਾਰਟੀ ਨੂੰ ਸਿਰਫ਼ 1.79 ਫੀ ਸਦੀ ਜਦੋਂ ਕਿ ਬਸਪਾ ਨੂੰ 1.84 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ।

# 211 ਨੋਬੇਲ ਇਨਾਮ ਜਿੱਤਣ ਵਾਲੀ ਯਹੂਦੀ ਕੌਮ ਦੀਆਂ ਜੜਾਂ ਇਸਰਾਈਲ ਦੀ ਧਰਤੀ ਵਿੱਚ ਬਹੁਤ ਗਹਿਰੀਆਂ ਹਨ

ਕੁਝ ਪੁਰਾਤਨ ਘਟਨਾਵਾਂ ਅਜਿਹੀਆਂ ਹਨ ਜੋ ਇਸਰਾਈਲ, ਫਲਸਤੀਨ ਝਗੜੇ ਨੂੰ ਜੜ ਤੋਂ ਸਮਝਣ ਵਿੱਚ ਕਾਰਗਰ ਸਾਬਿਤ ਹੋ ਸਕਦੀਆਂ ਹਨ :-

ਪਹਿਲੀ – ਪੈਗੰਬਰ ਅਬਰਾਹਮ ਨੇ 1800 ਈ.ਪੂ. ਵਿੱਚ ਮੈਸੋਪੋਟਾਮੀਆਂ ਦੇ ਉਰ (ਇਰਾਕ) ਵਿੱਚ ਇੱਕ ਮੂਰਤੀਆਂ ਬਣਾਉਣ ਵਾਲੇ ਦੇ ਘਰ ਜਨਮ ਲਿਆ। ਬਚਪਨ ਵਿੱਚ ਹੀ ਉਹ ਆਪਣੇ ਪਿਤਾ ਸਾਹਮਣੇ ਮੂਰਤੀ ਦੀ ਸ਼ਕਤੀ ਉੱਪਰ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਮੂਰਤੀਆਂ ਤੋੜੀਆਂ ਵੀ ਸਨ। ਉਨ੍ਹਾਂ ਨੇ ਇੱਕ ਨਿਰਾਕਾਰ ਈਸ਼ਵਰ ਦਾ ਮੱਤ ਪੇਸ਼ ਕੀਤਾ। ਫਿਰ ਉਨ੍ਹਾਂ ਨੇ ਦੇਖਿਆ ਕਿ ਉਰ ਬੇਬੀਲੋਨ ਸਾਮਰਾਜ ਦਾ ਭਾਗ ਹੈ, ਜਿੱਥੇ ਲੋਕ ਮੈਸੋਪੈਟਾਮੀਆਂ ਸੱਭਿਅਤਾ ਦੇ ਪ੍ਰਭਾਵ ਅਧੀਨ ਹਨ, ਜਿਨ੍ਹਾਂ ਦਾ ਪ੍ਰਕ੍ਰਿਤੀ ਅਤੇ ਕਲਾ ਨਾਲ਼ ਅਥਾਹ ਪਿਆਰ ਅਤੇ ਲਗਾਵ ਹੈ, ਇਸ ਲਈ ਇੱਥੇ ਉਨ੍ਹਾਂ ਦਾ ਸਿਧਾਂਤ ਕੰਮ ਨਹੀਂ ਕਰਨਾ। ਉਹ ਇੱਕ ਅਜਿਹੇ ਇਲਾਕੇ ਦੀ ਭਾਲ ਵਿੱਚ ਸਨ, ਜੋ ਕਿਸੇ ਸ਼ਕਤੀਸ਼ਾਲੀ ਸਾਮਰਾਜ ਵਿੱਚ ਨਾ ਹੋ ਕੇ ਜਾਣਿਆ ਪਹਿਚਾਣਿਆ ਵੀ ਨਾ ਹੋਵੇ। ਉਨ੍ਹਾਂ ਨੇ ਮੌਜੂਦਾ ਇਸਰਾਈਲ ਦਾ ਇਲਾਕਾ ਚੁਣਿਆ, ਜਿੱਥੇ ਉਸ ਵੇਲੇ ਕੇਨਾਨ ਸੱਭਿਅਤਾ ਦਾ ਰਾਜ ਸੀ, ਜੋ ਭਾਵੇਂ ਮੂਰਤੀ ਪੂਜਾ ਅਤੇ ਪ੍ਰਕ੍ਰਿਤੀ ਵਿੱਚ ਵਿਸਵਾਸ਼ ਕਰਦੀ ਸੀ, ਪਰ ਇੰਨੀ ਸ਼ਕਤੀਸ਼ਾਲੀ ਨਹੀਂ ਸੀ। ਇਸ ਵਿੱਚ ਇਸਰਾਈਲ, ਲੈਬਨਾਨ, ਸੀਰੀਆ ਅਤੇ ਜੋਰਡਨ ਦੇ ਇਲਾਕੇ ਆਉਂਦੇ ਸਨ। ਅਬਰਾਹਮ ਦੀ ਪਹਿਲੀ ਪਤਨੀ ਸਾਰਾ ਦੀ ਕੁੱਖੋਂ ਇਸਾਕ ਦਾ ਜਨਮ ਹੋਇਆ ਅਤੇ ਇਸਾਕ ਦਾ ਪੁੱਤਰ ਯਾਕੂਬ ਸੀ। ਯਾਕੂਬ ਦਾ ਹੀ ਦੂਸਰਾ ਨਾਮ ਇਸਰਾਈਲ ਸੀ। ਇਸਰਾਈਲ ਦਾ ਅਰਥ ਹੈ, ਈਸ਼ਵਰ ਨਾਲ਼ ਯੁੱਧ ਕਰਨ ਵਾਲਾ। ਯਾਕੂਬ ਤੋਂ ਹੀ ਇਸ ਇਲਾਕੇ ਦਾ ਨਾਮ ਇਸਰਾਈਲ ਪਿਆ। ਇਸ ਗੱਲ ਤੇ ਧਿਆਨ ਦੇਵੋ, ਇਹ ਗੱਲ 1800 ਈ।ਪੂ। ਦੀ ਹੈ। ਯਾਕੂਬ ਦੇ ਬਾਰਾਂ ਪੁੱਤਰਾਂ ਚੋਂ ਇੱਕ ਦਾ ਨਾਮ ਜੂਡਾਹ ਸੀ, ਜਿੱਥੋਂ ਯਹੂਦੀ ਸ਼ਬਦ ਦੀ ਉਤਪਤੀ ਹੁੰਦੀ ਹੈ।

ਦੂਜੀ ਘਟਨਾ ਹੈ – ਪੈਗੰਬਰ ਦੀ ਮੂਸਾ ਦੀ, ਪੈਗੰਬਰ ਮੂਸਾ ਦਾ ਜਨਮ ਯਹੂਦੀ ਪਰਿਵਾਰ ਵਿੱਚ ਹੋਇਆ ਅਤੇ ਪਾਲਣ-ਪੋਸ਼ਣ ਮਿਸਰ ਦੇ ਰਾਜੇ ਰਾਮੇਸਿਸ ਦੂਜੇ ਦੇ ਰਾਜ ਮਹਿਲਾਂ ਚ ਹੋਇਆ। ਉਸ ਵੇਲੇ ਰਾਮੇਸਿਸ ਦੂਜਾ ਯਹੂਦੀਆਂ ਤੋਂ ਗੁਲਾਮਾ ਵਾਲਾ ਕੰਮ ਲੈਂਦਾ ਸੀ, ਯਹੂਦੀਆਂ ਦੀ ਹਾਲਤ ਬਹੁਤ ਭੈੜੀ ਸੀ। ਜਦੋਂ ਮੂਸੇ ਨੂੰ ਆਪਣਾ ਯਹੂਦੀ ਹੋਣ ਦਾ ਪਤਾ ਚੱਲਿਆ ਤਾਂ ਉਹ ਆਪਣੀ ਕੌਮ ਦੇ ਸਾਰੇ ਗੁਲਾਮਾਂ ਨੂੰ ਨਾਲ਼ ਲੈ ਕੇ ਇਸਰਾਈਲ ਵੱਲ ਚੱਲ ਪਿਆ। ਇਹ ਵੀ ਦੱਸਿਆ ਜਾਂਦਾ ਹੈ ਕਿ ਮਿਸਰ ਵਿੱਚ ਪੈਂਦੇ ਸਿਨਾਈ ਪੈਨੀਸੁਲਾ ਵਿੱਚ ਪੈਂਦੀ ਹੋਰੇਬ ਚੋਟੀ ਤੋਂ ਪੈਗੰਬਰ ਮੂਸੇ ਨੂੰ ਰੋਸ਼ਨੀ ਦੀ ਕਿਰਨ ਪ੍ਰਾਪਤ ਹੋਈ ਸੀ। ਇਸਰਾਈਲ ਦੇ ਲੋਕਾਂ ਨੇ ਮੂਸੇ ਨੂੰ ਆਪਣਾ ਪੈਗੰਬਰ ਮੰਨ ਲਿਆ। ਇਹ ਸਮਾਂ ਸੀ 1391-1271 ਈ। ਪੂ। ਦਾ। ਪੈਗੰਬਰ ਮੂਸੇ ਨੇ ਵਿਧੀਵਤ ਯਹੂਦੀ ਧਰਮ ਦੀ ਨੀਂਹ ਰੱਖ ਦਿੱਤੀ ਅਤੇ ਆਪਣੀ ਕੌਮ ਨੂੰ ਇੱਕ ਲਿਖਤ ਉਲਡ ਟੈਸਟਾਮੈਂਟ (ਪੁਰਾਣਾ ਅਹਿਦ-ਨਾਮਾ) ਦਿੱਤਾ। ਉਸਨੇ ਨਿਰਾਕਾਰ ਈਸ਼ਵਰ ਨੂੰ ਯਹੋਵਾ ਕਹਿ ਕੇ ਪੁਕਾਰਿਆ।

ਇਹ ਦਸ ਨੇਮ ਹਨ :

1. ਮੂਰਤੀ ਪੂਜਾ ਦੀ ਮਨਾਹੀ
2. ਰੱਬ ਦਾ ਨਾਮ ਅਕਾਰਥ ਨਹੀਂ ਲੈਣਾ। ਰੱਬ ਨਿੱਜੀ ਸੋਚ ਹੈ, ਰੱਬ ਨੀਤੀਵਾਨ ਯਹੋਵਾ ਹੈ।
3. ਮਾਤਾ-ਪਿਤਾ ਦਾ ਸਤਿਕਾਰ ਕਰਨਾ।
4. ਚੋਰੀ ਨਹੀਂ ਕਰਨੀ।
5. ਗੁਆਂਢੀ ਦੀ ਝੂਠੀ ਗਵਾਹੀ ਨਹੀਂ ਦੇਣੀ।
6. ਵਿਭਚਾਰ ਨਹੀਂ ਕਰਨਾ।
7. ਕਿਸੇ ਦਾ ਖ਼ੂਨ ਨਹੀਂ ਕਰਨਾ।
8. ਗੁਆਂਢੀ ਦੀ ਕਿਸੇ ਚੀਜ ਦਾ ਲੋਭ ਨਹੀਂ ਕਰਨਾ।
9. ਕਿਸੇ ਨੂੰ ਗੁਲਾਮ ਨਹੀਂ ਰੱਖਣਾ।
10. ਸੱਤਵਾਂ ਦਿਨ ਪਵਿੱਤਰ ਦਿਨ ਹੈ, ਇਸ ਲਈ ਇਹ ਅਰਾਮ ਕਰਨ ਦਾ ਦਿਨ ਹੋਵੇਗਾ।

ਇਹ ਦਸ ਨੇਮ ਹੀ ਯਹੂਦੀ ਧਰਮ ਨੂੰ ਇੱਕ ਨਿਰਾਕਾਰ ਈਸ਼ਵਰ ਵਾਦ ਦੀ ਨਿਰਪੇਖ ਸੋਚ ਤੋਂ ਸਾਪੇਖਤਾ ਵੱਲ ਲੈ ਕੇ ਜਾਂਦੇ ਹਨ।

ਤੀਜਾ ਬਿੰਦੂ ਹੈ ਹਿਬਰੂ ਭਾਸ਼ਾ – ਪੁਰਾਣੇ ਅਹਿਦਨਾਮੇ ਦਾ ਵੱਡਾ ਭਾਗ ਹਿਬਰੂ ਭਾਸ਼ਾ ਵਿੱਚ ਲਿਖਿਆ ਗਿਆ ਹੈ, ਇਸਦੇ ਕੁਝ ਪਾਠ ਅਰਾਮਿਕ ਭਾਸ਼ਾ ਵਿੱਚ ਹਨ। ਹਿਬਰੂ ਭਾਸ਼ਾ ਇੱਕ ਬਹੁਤ ਹੀ ਪ੍ਰਾਚੀਨ ਭਾਸ਼ਾ ਹੈ, ਇਹ ਮਿਸਰੀ ਅਤੇ ਕੇਨੇਨਾਈਟ ਭਾਸ਼ਾ ਦਾ ਸੁਮੇਲ ਹੈ ਅਤੇ ਇਸ ਖੇਤਰ ਚੋਂ ਉਪਜੀ ਇੱਕੋ-ਇੱਕ ਸੱਭਿਆਚਾਰਕ ਭਾਸ਼ਾ ਹੈ। ਇਸਰਾਈਲ ਅਤੇ ਦੁਨੀਆਂ ਦੇ ਕਿਸੇ ਭਾਗ ਵਿੱਚ ਵੱਸਦੇ ਯਹੂਦੀ ਹਿਬਰੂ ਭਾਸ਼ਾ ਨੂੰ ਉਨ੍ਹਾਂ ਹੀ ਪਵਿੱਤਰ ਮੰਨਦੇ ਹਨ, ਜਿਨ੍ਹਾਂ ਆਪਣੇ ਦੇਵਤਿਆਂ ਨੂੰ। ਜਦੋਂ ਕਿ ਇਸੇ ਖੇਤਰ ਵਿੱਚ ਰਹਿਣ ਵਾਲੇ ਫਿਲਸਤੀਨੀ ਅਰਬੀ ਭਾਸ਼ਾ ਬੋਲਦੇ ਹਨ। ਯੋਰੋਸਲਮ, 1918 ਵਿੱਚ ਹਿਬਰੂ ਯੂਨੀਵਰਸਿਟੀ ਦੀ ਸਥਾਪਨਾ ਲਈ ਪ੍ਰਮੁੱਖ ਯਹੂਦੀ ਵਿਗਿਆਨੀ ਅਲਵਰਟ ਆਈਨਸਟਾਈਨ ਨੇ ਆਪਣਾ ਪ੍ਰਮੁੱਖ ਯੋਗਦਾਨ ਪਾਇਆ ਸੀ।

ਚੌਥੀ ਘਟਨਾ – 1000 ਈ.ਪੂ. ਵਿੱਚ ਯੋਰੋਸਲਮ ਦੇ ਰਾਜਾ ਡੇਵਿਡ ਤੋਂ ਬਾਅਦ ਰਾਜਾ ਸੋਲੋਮਨ ਹੋਏ ਹਨ, ਜਿਨ੍ਹਾਂ ਨੇ ਯੋਰੋਸਲਮ ਵਿੱਚ ਪਹਿਲਾ ਮੰਦਿਰ ਬਣਾਇਆ ਸੀ। ਪਰ ਬੈਬੀਲੋਨ ਦੇ ਰਾਜੇ ਨੇਬੂਛਦਨੇਜਾਰ ਨੇ ਯੋਰੋਸਲਮ ਤੇ ਕਬਜਾ ਕਰਕੇ 566 ਈ.ਪੂ. ਵਿੱਚ ਇਹ ਮੰਦਿਰ ਢਾਹ ਦਿੱਤਾ। ਯਹੂਦੀ ਆਪਣੇ ਰਾਜੇ ਡੇਵਿਡ ਦੇ ਰਾਜ ਨੂੰ ਇਸਰਾਈਲ ਦਾ ਸੁਨਹਿਰੀ ਕਾਲ ਕਹਿੰਦੇ ਹਨ। ਉਸ ਨੇ ਕੇਨਾਨ ਰਾਜ ਦੀਆਂ ਸਰਹੱਦਾਂ ਨੂੰ ਮੁੜ ਸਥਾਪਿਤ ਕਰ ਦਿੱਤਾ ਸੀ। ਉਸਨੇ ਯੋਰੋਸਲਮ ਨੂੰ ਇਸਰਾਈਲ ਦੀ ਰਾਜਧਾਨੀ ਬਣਾਇਆ। ਮੌਜੂਦਾ ਇਸਰਾਈਲ ਦੇ ਪ੍ਰਧਾਨ ਮੰਤਰੀ ਨੇ ਇਸਰਾਈਲ ਦਾ ਇੱਕ ਨਕਸ਼ਾ ਜਾਰੀ ਕੀਤਾ ਹੈ, ਇਹ ਨਕਸ਼ਾ ਰਾਜਾ ਡੇਵਿਡ ਦੀਆਂ ਸਰਹੱਦਾਂ ਨੂੰ ਪ੍ਰਗਟ ਕਰਦਾ ਹੈ। ਰਾਜਾ ਡੇਵਿਡ ਤੋਂ ਬਾਅਦ ਉਸਦਾ ਪੁੱਤਰ ਸੋਲੋਮੋਨ ਗੱਦੀ ਉੱਪਰ ਬੈਠਿਆ ਸੀ।

ਰਾਜਾ ਸੋਲੋਮੋਨ ਦੀ ਮੌਤ ਤੋਂ ਬਾਅਦ ਯਹੂਦੀ ਰਾਜ ਕਮਜੋਰ ਹੋ ਗਿਆ ਅਤੇ ਦੋ ਭਾਗਾਂ ਵਿੱਚ ਵੰਡਿਆ ਗਿਆ। ਉੱਤਰੀ ਭਾਗ ਇਸਰਾਈਲ ਸੀ ਅਤੇ ਦੱਖਣੀ ਭਾਗ ਜੁਡਾਹ ਸੀ। ਯੋਰੋਸਲਮ ਜੁਡਾਹ ਰਾਜ ਦੀ ਰਾਜਧਾਨੀ ਸੀ। ਇਸਰਾਈਲ ਦੀ ਰਾਜਧਾਨੀ ਸਮਾਰੀਆ ਸੀ।

516 ਈ.ਪੂ. ਬੈਬੀਲੋਨ ਤੋਂ ਪਰਤ ਕੇ ਆਏ ਯਹੂਦੀਆਂ ਨੇ, ਯੂਡੀਆ ਦੇ ਪਰਸ਼ੀਅਨ ਗਵਰਨਰ ਜੇਰੂਬਾਬੇਲ ਦੀ ਸਹਿਮਤੀ ਨਾਲ਼ ਦੂਜਾ ਮੰਦਰ ਬਣਾਇਆ ਸੀ। ਇਸ ਮੰਦਰ ਨੂੰ ਹਿਰੋਡਜ ਟੈਂਪਲ ਵੀ ਕਿਹਾ ਜਾਂਦਾ ਸੀ। ਇਹ ਮੰਦਰ ਯੋਰੋਸਲਮ ਦੀ ਨੀਮ ਪਹਾੜੀ ਮੌਰੀਆ ਤੇ ਸਥਿਤ ਸੀ। 100 ਈ.ਪੂ. ਵਿੱਚ ਰੋਮਨ ਅਤੇ ਯਹੂਦੀ ਸੇਨਾਵਾਂ ਵਿਚਕਾਰ ਯੁੱਧ ਹੋਇਆ, ਰੋਮਨ ਸੇਨਾਵਾਂ ਨੇ ਯੋਰੋਸਲਮ ਤੇ ਕਬਜਾ ਕਰਕੇ ਦੂਜਾ ਮੰਦਰ ਢਾਹ ਦਿੱਤਾ। ਇਸ ਮੰਦਰ ਦੀ ਇੱਕ ਪ੍ਰਾਚੀਨ ਕੰਧ ਬਚੀ ਹੈ, ਜਿਸ ਨੂੰ ਪੱਛਮੀ ਕੰਧ ਕਿਹਾ ਜਾਂਦਾ ਹੈ। ਹੁਣ ਯਹੂਦੀ ਇਸ ਕੰਧ ਨੂੰ ਹੀ ਸ਼ੀਸ਼ ਝੁਕਾਉਂਦੇ ਹਨ।




ਪੰਜਵੀਂ ਸਦੀ ਈ. ਪੂ. ਗ੍ਰੀਕ ਫਿਲਾਸਫਰ ਹੈਰੋਡੋਟਸ ਦੀ ਲਿਖਤ ਵਿੱਚ ਸੀਰੀਆ ਦੇ ਇੱਕ ਜਿਲ੍ਹੇ ਦਾ ਨਾਮ ਫਿਲਸਤੀਆ ਵਰਤਿਆ ਗਿਆ ਹੈ। ਪਰ ਇੱਕ ਸਰਵਤੰਤਰ ਰਾਜ ਦੇ ਤੌਰ ਤੇ ਪ੍ਰਾਚੀਨ ਸਮੇਂ ਵਿੱਚ ਫਲਸਤੀਨ ਦਾ ਨਾਮ ਨਹੀਂ ਮਿਲਦਾ।

ਚੌਥੀ ਘਟਨਾ – ਦੋ ਭਾਗਾਂ ਵਿੱਚ ਟੁੱਟਣ ਕਾਰਨ ਇੱਥੋਂ ਹੀ ਸੰਯੁਕਤ ਇਸਰਾਈਲ (ਜੁਡੀਆ) ਕਮਜ਼ੋਰ ਪੈਣ ਦੀ ਸ਼ੁਰੂਆਤ ਹੋ ਗਈ। 100 ਈ.ਪੂ. ਸੰਯੁਕਤ ਜੁਡੀਆ ਖੇਤਰ ਉੱਪਰ ਰੋਮਨ ਸਾਮਰਾਜ ਨੇ ਆਪਣੀ ਸੱਤਾ ਸਥਾਪਿਤ ਕਰ ਲਈ। ਜੁਡੀਆ ਖੇਤਰ ਉੱਪਰ ਰੋਮਨ ਸਾਮਰਾਜ ਦੇ ਅਧੀਨ ਹੋ ਕੇ ਗਵਰਨਰ ਹੀਰੋਡ ਇੱਕ ਯਹੂਦੀ (ਹੈਰੋਦੇਸ ਏਂਟੀਪਸ) ਗੱਦੀ ਤੇ ਬੈਠਿਆ। ਹੈਰੋਦੇਸ ਏਂਟੀਪਸ ਉਹੀ ਗਵਰਨਰ ਸੀ, ਜਿਸਨੇ ਜੀਸਸ ਕ੍ਰਾਈਸਟ ਨੂੰ ਸੂਲੀ ਤੇ ਟੰਗਣ ਦਾ ਹੁਕਮ ਦਿੱਤਾ ਸੀ। ਬਾਅਦ ਵਿੱਚ ਹੈਰੋਦੇਸ ਏਂਟੀਪਸ ਨੂੰ ਰੋਮਨ ਸਾਮਰਾਜ ਨੇ ਜੁਡੀਆ ਰਾਜ ਦਾ ਖੁਦ ਮੁਖਤਿਆਰ ਰਾਜਾ ਥਾਪ ਦਿੱਤਾ। ਕੁਝ ਲਿਖਤਾਂ ਚ ਇਹ ਵੀ ਕਿਹਾ ਗਿਆ ਹੈ, ਹੈਰੋਦੇਸ਼ ਜੁਡੀਆ ਦੇ ਉੱਤਰੀ ਰਾਜ (ਗੈਲਿਲੀ) ਦਾ ਗਵਰਨਰ ਸੀ, ਜਦੋਂ ਕਿ ਦੱਖਣੀ ਰਾਜ ਜੁਡਾਹ ਦਾ ਗਵਰਨਰ ਪੋਂਟੀਅਸ ਪੀਲੇਟ (ਪਿਲਾਤੂਸ) ਇੱਕ ਯਹੂਦੀ ਸੀ, ਜਿਸ ਨੇ ਜੀਸਸ ਕ੍ਰਾਈਸਟ ਨੂੰ ਸੂਲੀ ਤੇ ਟੰਗਣ ਦਾ ਹੁਕਮ ਦਿੱਤਾ ਸੀ।

ਧਰਤੀ ਉੱਪਰ ਵਿਕਸਤ ਹੋਈਆਂ ਪ੍ਰਾਚੀਨ ਸੱਭਿਆਤਾਵਾਂ ਦਾ ਇੱਕ ਵਿਲੱਖਣ ਅਤੇ ਮੁੱਢਲਾ ਗੁਣ ਇਹ ਸੀ ਕਿ ਉਹ ਕੇਵਲ ਪ੍ਰਾਕ੍ਰਿਤੀ ਦੇ ਤੱਤਾਂ ਦੀ ਮਾਨਤਾ ਅਤੇ ਪੂਜਾ ਕਰਦੇ ਸਨ। ਸੱਭਿਆਤਾਵਾਂ ਦੇ ਲੋਕਾਂ ਨੇ ਜੋ ਦੇਖਿਆ ਜਾਂ ਆਪਣੇ ਜੀਵਨ ਵਿੱਚ ਮਹਿਸੂਕ ਕੀਤਾ ਕੇਵਲ ਉਸ ਵਿੱਚ ਹੀ ਉਨ੍ਹਾਂ ਨੇ ਵਿਸਵਾਸ਼ ਕੀਤਾ। ਉਹਨਾਂ ਦੇ ਮਨਾਂ ਵਿੱਚ ਨਿਰਾਕਾਰ ਈਸ਼ਵਰ ਦੀ ਮਾਨਤਾ ਲਈ ਕੋਈ ਥਾਂ ਨਹੀਂ ਸੀ, ਨਾਂ ਹੀ ਉਨ੍ਹਾਂ ਨੂੰ ਇਸ ਦੀ ਲੋੜ ਸੀ। ਨਿਰਾਕਾਰ ਈਸ਼ਵਰ ਦੀ ਮਾਨਤਾ ਨੂੰ ਸਾਂਖਿਆ ਦਰਸ਼ਨ ਦੇ ਪਿਤਾਮਾ ਕਪਿਲ ਮੁਨੀ ਨੇ ਮਨੁੱਖਤਾ ਲਈ ਇੱਕ ਬੁਰਾਈ ਦੱਸਿਆ ਹੈ।

ਪੈਗੰਬਰ ਅਬਰਾਹਮ ਨੇ ਸੋਚਿਆ ਨਹੀਂ ਹੋਵੇਗਾ, ਕਿ ਉਸ ਦੁਆਰਾ ਇਜਾਦ ਕੀਤੀ ਨਿਰਾਕਾਰ ਈਸ਼ਵਰ ਦੀ ਸੋਚ ਵਿੱਚੋਂ ਅਜਿਹੇ ਵਿਰੋਧੀ ਈਸ਼ਵਰੀ ਮੱਤ ਪੈਦਾ ਹੋਣਗੇ, ਜੋ ਉਸ ਦੀ ਕੌਮ ਲਈ ਸਦਾ ਲਈ ਨਾਸੂਰ ਬਣ ਜਾਣਗੇ।

ਜੀਸਸ ਵਰ੍ਹਾ ਸ਼ੁਰੂ ਹੋਣ ਸਾਰ ਜੀਸਸ ਕ੍ਰਾਈਸਟ ਨੇ ਨਿਰਾਕਾਰ ਈਸ਼ਵਰ ਦੇ ਮੱਤ ਨੰ ਅਧਾਰ ਬਣਾਕੇ ਅਤੇ ਪੁਰਾਣੇ ਅਹਿਦਨਾਮੇ ਨਾਲ਼ ਨਵਾਂ ਅਹਿਦਨਾਮਾ ਜੋੜ ਕੇ ਇੱਕ ਨਵਾਂ ਈਸਾਈ ਮੱਤ ਚਲਾ ਦਿੱਤਾ, ਜਿਹੜਾ ਇਸਰਾਈਲ ਤੋਂ ਪੱਛਮ ਵਾਲੇ ਪਾਸੇ, ਆਪਣੇ ਕੂਲ ਤੋਂ ਬਾਹਰ ਸਾਰੇ ਯੂਰੋਪ ਉੱਪਰ ਫੈਲ ਗਿਆ। ਪਰ ਯਹੂਦੀ ਮੱਤ ਆਪਣੇ ਕੁਲ ਤੱਕ ਹੀ ਸੀਮਤ ਰਿਹਾ।

ਕਿਤੇ ਈਸਾਈਆਂ ਵਿੱਚ ਇਹ ਟੀਸ ਵੀ ਘਰ ਕਰ ਚੁੱਕੀ ਸੀ, ਕਿ ਯਹੂਦੀਆਂ ਨੇ ਸਾਡੇ ਪੈਗੰਬਰ ਜੀਸਸ ਨੂੰ ਸੂਲੀ ਤੇ ਟੰਗਿਆ ਸੀ, ਇਸ ਲਈ ਯੂਰੋਪ ਵਿੱਚ ਯਹੂਦੀ ਨਫਰਤ ਦੇ ਪਾਤਰ ਬਣ ਚੁੱਕੇ ਸਨ।

6ਵੀਂ ਸਦੀ ਵਿੱਚ ਅਰਬ ਦੇਸ਼ ਵਿੱਚ ਹਜਰਤ ਮਹੁੰਮਦ ਸਾਹਿਬ ਹੋਏ, ਉਨ੍ਹਾ ਨੇ ਵੀ ਅਬਰਾਹਮ ਨੂੰ ਪੈਗੰਬਰ ਮੰਨਦੇ ਹੋਏ, ਉਨ੍ਹਾਂ ਵੱਲੋਂ ਦਿੱਤੇ ਨਿਰਾਕਾਰ ਈਸ਼ਵਰੀ ਸਿਧਾਂਤ ਨੂੰ ਲੈ ਕੇ ਉਸ ਨੂੰ ਪੂਰੀ ਤਰਾਂ ਨਿਰਪੇਖ ਬਣਾ ਕੇ ਲੋਕਾਂ ਦੇ ਸਨਮੁੱਖ ਪੇਸ਼ ਕੀਤਾ। ਉਨ੍ਹਾਂ ਨੇ ਪੰਥ ਵਿੱਚ ਰਾਜਨੀਤਿਕ ਸ਼ਕਤੀ ਦਾ ਮੇਲ ਕਰਕੇ ਇਸਨੂੰ ਤੇਜੀ ਨਾਲ਼ ਵਧਾਇਆ। ਇਸ ਮੁਸਲਿਮ ਮਤ ਦਾ ਵਿਸਥਾਰ ਅਰਬ ਦੇ ਚਾਰੇ ਪਾਸੇ ਹੋਇਆ, ਇਸ ਦੇ ਵਿਸਥਾਰ ਵਿੱਚ ਸ਼ਕਤੀ ਦਾ ਜਿਆਦਾ ਸਹਾਰਾ ਲਿਆ ਗਿਆ। 6-7 ਵੀਂ ਸਦੀ ਵਿੱਚ ਇਹ ਪੰਥ ਇਸਰਾਈਲ ਵੱਲ ਵੀ ਪਹੁੰਚ ਗਿਆ। ਸਮਾਰੀਆ (ਹੁਣ ਪੱਛਮੀ ਕਿਨਾਰਾ) ਦੇ ਲੋਕਾਂ ਨੇ ਇਸ ਮੱਤ ਨੂੰ ਆਪਣਾ ਲਿਆ। ਸਮਾਰੀਆ ਦੇ ਲੋਕਾਂ ਨੇ ਆਪਣੇ ਆਪ ਨੂੰ ਯਹੂਦੀ ਮੱਤ ਨਾਲੋਂ ਵੱਖ ਕਰ ਲਿਆ ਤੇ ਉਨ੍ਹਾਂ ਦੇ ਇਲਾਕੇ ਦਾ ਨਾਮ ਫਿਲਸਤੀਆ ਹੋ ਗਿਆ। ਦੋਵੇਂ ਕੌਮਾਂ ਵਿੱਚ ਸਦਾ ਲਈ ਝਗੜੇ ਦੀ ਬੁਨਿਆਦ ਰੱਖੀ ਗਈ। ਝਗੜੇ ਦੀ ਬੁਨਿਆਦ ਨੂੰ ਹੋਰ ਪੱਕਾ ਕਰਦਿਆ, ਯਹੂਦੀਆਂ ਦੇ ਢਾਹੇ ਹੋਏ ਮੰਦਰਾਂ ਕੋਲ 700 ਈ। ਵਿੱਚ ਅਲ-ਅਕਸ਼ਾ ਮਸਜਿਦ ਬਣਾਈ ਗਈ। ਉਸ ਵੇਲੇ ਇਸ ਖੇਤਰ ਉੱਪਰ ਮੁਸਲਿਮ ਖਲੀਫਿਆਂ ਦਾ ਰਾਜ ਸਥਾਪਿਤ ਹੋ ਚੁੱਕਾ ਸੀ, ਅਤੇ ਇਸ ਸਾਰੇ ਇਲਾਕੇ ਨੂੰ ਫਲਸਤੀਨ ਦਾ ਨਾਮ ਦਿੱਤਾ ਗਿਆ।

ਇਸ ਇਲਾਕੇ ਉੱਪਰ ਖਲੀਫਿਆ ਦਾ ਰਾਜ ਸਥਾਪਿਤ ਹੋਣ ਨਾਲ਼ ਯਹੂਦੀਆਂ ਦਾ ਯੂਰੋਪ ਵੱਲ ਪਲਾਇਨ ਸ਼ੁਰੂ ਹੋ ਜਾਂਦਾ ਹੈ। ਇਸ ਪਲਾਇਨ ਨੇ ਪੂਰੀ ਤਰਾਂ ਜੋਰ ਉਸ ਵੇਲੇ ਫੜ ਲਿਆ ਜਦੋਂ 1517 ਈ. ਵਿੱਚ ਇੱਥੇ ਤੁਰਕੀ ਦੇ ਆਟੋਮਨ ਸਾਮਰਾਜ ਨੇ ਕਬਜਾ ਕਰ ਲਿਆ। ਉਨ੍ਹਾਂ ਨੇ ਫਿਲਸਤੀਨ ਨੂੰ ਸੀਰੀਆ ਰਾਜ ਦਾ ਭਾਗ ਬਣਾ ਲਿਆ। ਉਨ੍ਹਾਂ ਦਾ ਇਹ ਕਬਜਾ 1917 ਤੱਕ ਰਿਹਾ। ਇੱਕ ਵੀ ਘਟਨਾ ਅਜਿਹੀ ਨਹੀਂ ਮਿਲਦੀ ਕਿ ਫਿਲਸਤੀਨ ਦੇ ਮੁਸਲਿਮ ਵਸਨੀਕਾਂ ਨੇ ਆਟੋਮਨ ਸਾਮਰਾਜ ਤੋਂ ਆਪਣੀ ਅਜ਼ਾਦੀ ਦੀ ਗੱਲ ਕੀਤੀ ਹੋਵੇ। ਉਨ੍ਹਾ ਵਿੱਚ ਰਾਸ਼ਟਰ ਭਗਤੀ ਦੀ ਪੂਰੀ ਤਰਾਂ ਅਣਹੋਂਦ ਰਹੀ। ਮੁਸਲਿਮ ਵੱਸੋਂ ਪੱਛਮੀ ਕੰਢੇ ਤੱਕ ਹੀ ਸੀਮਤ ਰਹੀ, ਬਾਕੀ ਇਲਾਕਾ ਉਜਾੜ ਹੀ ਬਣਿਆ ਰਿਹਾ।

ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਬ੍ਰਿਟਿਸ਼ ਸਾਮਰਾਜ ਨੇ ਯੋਰੋਸਲਮ ਅਤੇ ਸਮੁੱਚੇ ਫਿਲਸਤੀਨ ਉੱਪਰ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ਬ੍ਰਿਟਿਸ਼ ਸਾਮਰਾਜ ਦੇ ਇਸ ਅਧਿਕਾਰ ਨੇ ਯਹੂਦੀ ਮਨਾਂ ਵਿੱਚ ਆਪਣੇ ਸੁਤੰਤਰ ਦੇਸ਼ ਦੀ ਲੋਅ ਜਗਾ ਦਿੱਤੀ।

ਯੂਰੋਪ ਵਿੱਚ ਚੱਲੀ "ਪੁਨਰ ਜਾਗਰਣ" ਦੀ ਲਹਿਰ ਨੇ ਯੂਰੋਪ ਦੇ ਯਹੂਦੀਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਇਸੇ ਕਾਰਨ ਯੂਰੋਪ ਦੇ ਯਹੂਦੀ ਜਨ ਮਾਨਸ ਨੇ ਵਿਦਿਅਕ, ਤਕਨਾਲੋਜੀ ਅਤੇ ਆਰਥਿਕ ਪੱਧਰ ਉੱਪਰ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ। ਕਿੰਨੀ ਹੈਰਾਨੀ ਜਨਕ ਗੱਲ ਹੈ, ਕਿ 1901 ਤੋਂ ਸ਼ੁਰੂ ਹੋਏ ਨੋਬੇਲ ਇਨਾਮਾਂ ਵਿੱਚ ਅੱਜ ਇਕੱਲੇ ਯਹੂਦੀਆਂ ਵੱਲੋਂ ਪ੍ਰਾਪਤੀ ਦਾ 27 ਪ੍ਰਤੀਸ਼ਤ ਭਾਗ ਬਣਿਆ ਹੋਇਆ ਹੈ। ਜਦੌ ਕਿ ਸੰਸਾਰ ਵਿੱਚ ਇਹਨਾਂ ਦੀ ਅਬਾਦੀ ਮਸਾਂ 2 ਪ੍ਰਤੀਸ਼ਤ ਹੈ। ਹੁਣ ਤੱਕ 211 ਯਹੂਦੀ ਇਹ ਵੱਕਾਰੀ ਪੁਰਸਕਾਰ ਲੈ ਚੁੱਕੇ ਹਨ। ਭੌਤਿਕ ਵਿਗਿਆਨ ਦੇ ਖੇਤਰ ਵਿੱਚ 56, ਅਰਥ ਸ਼ਾਸ਼ਤਰ ਦੇ ਖੇਤਰ ਵਿੱਚ 38, ਸਾਹਿਤ ਲਈ 16, ਸ਼ਾਂਤੀ ਲਈ 9, ਮੈਡੀਸਨ ਦੇ ਖੇਤਰ ਵਿੱਚ 56 ਅਤੇ ਰਸਾਇਣ ਵਿਗਿਆਨ ਦੇ ਖੇਤਰ ਵਿੱਚ 36 ਨੋਬੇਲ ਪੁਰਕਸਾਰ ਲੈ ਚੁੱਕੇ ਹਨ। ਜੇਕਰ ਧਰਤੀ ਲਈ ਇੱਕ ਕੁਦਰਤੀ ਸੂਰਜ ਹੈ, ਤਾਂ ਯਹੂਦੀਆਂ ਵੱਲੋਂ ਦਿੱਤਾ ਦੂਜਾ ਸੂਰਜ ਅਲਬਰਟ ਆਈਨਸਟਾਈਨ ਹੈ। ਜਿਨ੍ਹਾ ਨੇ ਭੌਤਿਕ ਵਿਗਿਆਨ ਵਿੱਚ ਸਾਪੇਖਤਾ ਦਾ ਅਮਰ ਸਿਧਾਂਤ ਦਿੱਤਾ।

ਯੂਰੋਪ ਵਿੱਚ ਯਹੂਦੀ ਵਪਾਰ ਸਮੇਤ ਹਰ ਇੱਕ ਖੇਤਰ ਵਿੱਚ ਅੱਗੇ ਸਨ। 19 ਅਗਸਤ 1934 ਨੂੰ ਅਡੋਲਫ ਹਿਟਲਰ ਜਰਮਨੀ ਦੇ ਚਾਂਸਲਰ ਤੋਂ ਰਾਸ਼ਟਰਪਤੀ ਬਣ ਗਿਆ। ਅਡੋਲਫ ਹਿਟਲਰ ਅੰਨ੍ਹੇ ਰਾਸ਼ਟਰਵਾਦ ਦੇ ਰਾਹ ਤੇ ਤੁਰ ਪਿਆ, ਜਿਸ ਵਿੱਚ ਉਸਨੇ ਆਪਣੇ ਰਾਸ਼ਟਰਵਾਦ ਵਿੱਚ ਨਸਲਵਾਦ ਨੂੰ ਸ਼ਾਮਿਲ ਕਰ ਲਿਆ। ਉਸਨੇ ਜਰਮਨ ਨਸਲ ਨੂੰ ਉੱਤਮ ਆਰੀਆ ਨਸਲ ਦਾ ਖਿਤਾਬ ਦਿੱਤਾ। ਯਹੂਦੀਆਂ ਪ੍ਰਤੀ ਨਫਰਤੀ ਗੱਲਾਂ ਉਸਦੇ ਮਨ ਵਿੱਚ ਘਰ ਕਰ ਗਈਆਂ, ਪਰ ਉਸਨੂੰ ਮੁੱਖ ਸ਼ਿਕਵਾ ਇਹੋ ਸੀ ਕਿ ਯਹੂਦੀ ਇੰਗਲੈਂਡ ਦੀ ਜਿੱਤ ਵਿੱਚ ਆਪਣੀ ਚਾਹਤ ਅਤੇ ਹਿੱਤ ਰੱਖਦੇ ਹਨ। ਯਹੂਦੀਆਂ ਨੂੰ ਇਹ ਆਸ ਵੀ ਸੀ ਕਿ ਇੰਗਲੈਂਡ ਉਹਨਾ ਨੂੰ ਉਨ੍ਹਾਂ ਦੀ ਮਾਤ ਭੂਮੀ ਇਸਰਾਈਲ ਦੇਵੇਗਾ। ਹਿਟਲਰ ਨੇ ਯਹੂਦੀਆਂ ਨੂੰ ਮਾਰਨ ਲਈ ਤਸੀਹੇ ਕੈਂਪ ਬਣਾ ਦਿੱਤੇ, ਹਿਟਲਰ ਵੱਲੋਂ ਇੱਕੋ ਵੇਲੇ ਕਈ ਸੈਂਕੜੇ ਯਹੂਦੀਆਂ ਨੂੰ ਮਾਰਨ ਦੀਆਂ ਘਟਨਾਵਾਂ ਨੂੰ ਹੋਲੋਕਾਸਟ ਦਾ ਨਾਮ ਦਿੱਤਾ ਗਿਆ। ਹਿਟਲਰ ਨੇ 60 ਲੱਖ ਦੇ ਲਗਭਗ ਯਹੂਦੀਆਂ ਨੂੰ ਮਾਰ ਦਿੱਤਾ। 1939 ਵਿੱਚ ਦੂਸਰਾ ਵਿਸ਼ਵ ਯੁੱਧ ਸ਼ੁਰੂ ਹੋਣ ਸਾਰ ਯਹੂਦੀ ਫਿਲਸਤੀਨ ਵਿੱਚ ਆ ਕੇ ਵਸਣ ਲੱਗ ਪਏ ਸਨ। ਉਸੇ ਵੇਲੇ ਇਸਰਾਈਲ ਦੀ ਸਥਾਪਨਾ ਲਈ ਸਾਰੇ ਯੂਰੋਪ ਅਤੇ ਅਮਰੀਕਾ ਦੇ ਯਹੂਦੀਆਂ ਨੇ ਆਪਣਾ ਪੂਰਾ ਜੋਰ ਲਗਾ ਦਿੱਤਾ। ਇਸ ਮਕਸਦ ਲਈ ਫੈਸਲਾਕੁਨ ਮੋੜ ਉਸ ਵੇਲੇ ਆਇਆ ਜਦੋਂ, ਨਿਊਯਾਰਕ ਵਿੱਚ 11 ਮਈ 1944 ਈ। ਨੂੰ ਡੇਵਿਡ ਬੇਨਗੁਰੀਓਨ ਦੀ ਅਗਵਾਈ ਵਿੱਚ ਇੱਕ ਸਭਾ ਬੁਲਾਈ ਗਈ, ਜਿਸ ਵਿੱਚ ਤਿੰਨ ਮੁੱਖ ਮੰਗਾਂ ਰੱਖੀਆਂ ਗਈਆਂ ਜਿਸਨੂੰ ਬਾਲਟੀਮੋਰ ਪ੍ਰੋਗਰਾਮ ਕਿਹਾ ਜਾਂਦਾ ਹੈ। ਇਹ ਤਿੰਨ ਮੰਗਾਂ ਸਨ (1) ਫਿਲਸਤੀਨ ਵਿੱਚ ਯਹੂਦੀ ਰਾਜ ਦੀ ਸਥਾਪਨਾ (2) ਯਹੂਦੀ ਸੈਨਾ ਦਾ ਗਠਨ (3) ਯਹੂਦੀਆਂ ਦੇ ਫਿਲਸਤੀਨ ਵਿੱਚ ਵਸਣ ਦੀ ਪੂਰੀ ਸੁਤੰਤਰਤਾ। ਅਮਰੀਕਾ ਅਤੇ ਇੰਗਲੈਂਡ ਦੂਸਰੇ ਵਿਸ਼ਵਯੁੱਧ ਦੇ ਜੇਤੂ ਬਣੇ। ਫਿਲਸਤੀਨ ਉੱਪਰ ਪਹਿਲਾਂ ਹੀ ਅੰਗ੍ਰੇਜੀ ਹਕੂਮਤ ਦਾ ਰਾਜ ਸੀ। ਸੰਯੁਕਤ ਰਾਸ਼ਟਰ ਵੀ ਹੋਂਦ ਵਿੱਚ ਆ ਚੁੱਕਾ ਸੀ। ਬ੍ਰਿਟੇਨ ਨੇ ਅਪ੍ਰੈਲ 1947 ਵਿੱਚ ਇਸਰਾਈਲ ਦਾ ਮੁੱਦਾ ਸੰਯੁਕਤ ਰਾਸ਼ਟਰ ਵਿੱਚ ਪੇਸ਼ ਕੀਤਾ।



ਅਮਰ ਗਰਗ ਕਲਮਦਾਨ
98143-41746

ਸੰਯੁਕਤ ਰਾਸ਼ਟਰ ਵੱਲੋਂ ਇਸ ਮਸਲੇ ਦੇ ਹੱਲ ਲਈ 11 ਦੇਸ਼ਾਂ ਦੀ ਇੱਕ ਕਮੇਟੀ ਬਣਾਈ ਗਈ। ਇਸ ਵਿੱਚ ਕੈਨੇਡਾ, ਸਵੀਡਨ, ਗਵੇਟਮਾਲਾ, ਯੋਗੋਸਲਾਵੀਆ, ਈਰਾਨ, ਭਾਰਤ, ਹਾਲੈਂਡ, ਪੇਰੂ, ਯੁਰੁਗਵੇ, ਚੈਕੋਸਲੋਵਾਕੀਆ ਅਤੇ ਆਸਟ੍ਰੇਲੀਆ ਦੇਸ਼ ਸ਼ਾਮਲ ਸਨ। ਇਸ ਕਮੇਟੀ ਨੇ ਫਿਲਸਤੀਨ ਵੰਡ ਦੀ ਰੂਪ-ਰੇਖਾ ਪੇਸ਼ ਕੀਤੀ, ਯੋਰੋਸਲਮ ਨੂੰ ਅੰਤਰ ਰਾਸ਼ਟਰੀ ਕੰਟਰੋਲ ਵਿੱਚ ਰੱਖਣ ਦਾ ਸੁਝਾਅ ਦਿੱਤਾ ਗਿਆ। ਇਸਤੋਂ ਉਲਟ ਭਾਰਤ, ਈਰਾਨ ਅਤੇ ਯੋਗੋਸਲਾਵੀਆ ਨੇ ਯਹੂਦੀ ਅਤੇ ਅਰਬ ਰਾਜਾਂ ਦੀ ਫੈਡਰਲ ਸਰਕਾਰ ਦਾ ਪ੍ਰਸਤਾਵ ਰੱਖਿਆ। ਭਾਵ ਵੰਡ ਨੂੰ ਅਸਵੀਕਾਰ ਕਰ ਦਿੱਤਾ। ਕਾਫੀ ਵਾਦ-ਵਿਵਾਦ ਪਿੱਛੋਂ 29 ਨਵੰਬਰ 1947 ਈ। ਨੂੰ ਯੂ.ਐਨ. ਦੀ ਜਨਰਲ ਅਸੈਂਬਲੀ ਨੇ ਬਹੁਮਤ ਦੀ ਯੋਜਨਾ ਨੂੰ ਸਵੀਕਾਰ ਕਰ ਲਿਆ ਅਤੇ ਵੰਡ ਦੇ ਪੱਖ ਵਿੱਚ ਫੈਸਲਾ ਕੀਤਾ। ਜਿਸ ਵਿੱਚ 56 ਪ੍ਰਤੀਸ਼ਤ ਭੂਮੀ ਯਹੂਦੀ ਦੇਸ਼ ਨੂੰ ਦਿੱਤੀ ਗਈ ਸੀ ਅਤੇ 44 ਪ੍ਰਤੀਸ਼ਤ ਭੂਮੀ ਫਿਲਸਤੀਨ ਨੂੰ। ਭਾਰਤ ਨੇ 17 ਸਤੰਬਰ 1950 ਨੂੰ ਇਸਰਾਈਲ ਨੂੰ ਆਪਣੀ ਮਾਨਤਾ ਦੀ ਘੋਸ਼ਣਾ ਕਰ ਦਿੱਤੀ ਅਤੇ ਯਹੂਦੀ ਏਜੰਸੀ ਨੇ ਆਪਣਾ ਇਮੀਗ੍ਰੇਸ਼ਨ ਦਫਤਰ ਮੁੰਬਈ ਵਿਖੇ ਖੋਲ ਦਿੱਤਾ, ਜਿਹੜਾ ਬਾਅਦ ਵਿੱਚ ਸਫਾਰਤ ਖਾਨੇ ਵਿੱਚ ਬਦਲ ਗਿਆ।

14 ਮਈ 1948 ਨੂੰ ਡੇਵਿਡ ਬੇਨਗੁਰੀਓਨ ਨੇ ਇਸਰਾਈਲ ਦੀ ਸਥਾਪਨਾ ਦੀ ਘੋਸ਼ਣਾ ਕਰ ਦਿੱਤੀ, ਉਸੇ ਵੇਲੇ ਸੰਯੁਕਤ ਰਾਜ ਅਮਰੀਕ ਨੇ ਇਸਰਾਈਲ ਨੂੰ ਮਾਨਤਾ ਦੇ ਦਿੱਤੀ। ਡੇਵਿਡ ਬੇਨਗੁਰੀਓਨ ਇਸਰਾਈਲ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ। ਜਦੋਂ ਕਿ ਫਿਲਸਤੀਨੀਆਂ ਨੇ ਅਰਬਾਂ ਦੀ ਸ਼ਹਿ ਤੇ ਵੰਡ ਨੂੰ ਮੰਨਜ਼ੂਰ ਨਹੀਂ ਕੀਤਾ, ਜਿਸ ਕਾਰਨ ਸਵਤੰਤਰ ਦੇਸ਼ ਫਿਲਸਤੀਨ ਹੋਂਦ ਵਿੱਚ ਆਉਣ ਤੋਂ ਖੁੰਜ ਗਿਆ।

1948 ਦਾ ਅਰਬ ਇਸਰਾਈਲ ਯੁੱਧ – 15 ਮਈ 1948 ਨੂੰ ਫਿਲਸਤੀਨੀਆਂ ਅਤੇ ਯਹੂਦੀਆਂ ਵਿਚਕਾਰ ਘਰੇਲੂ ਜੰਗ ਚੱਲ ਪਈ, ਜਿਹੜੀ ਅਰਬ-ਇਸਰਾਈਲ ਯੁੱਧ ਵਿੱਚ ਬਦਲ ਗਈ। ਮਿਸਰ, ਇਰਾਕ, ਜਾਰਡਨ, ਲੈਬਨਾਨ ਅਤੇ ਸੀਰੀਆ ਇਕੱਲੇ ਇਸਰਾਈਲ ਨਾਲ਼ ਭਿੜ ਪਏ। ਜਿਸਦਾ ਨਤੀਜਾ ਇਹ ਨਿਕਲਿਆ ਕਿ ਇਸਰਾਈਲ ਨੇ ਵੰਡ ਚ ਨਿਰਧਾਰਿਤ ਕੀਤੀ ਫਿਲਸਤੀਨ ਦੀ ਭੂਮੀ ਤੇ ਹੋਰ ਕਬਜਾ ਕਰ ਲਿਆ, ਗਾਜਾ ਪੱਟੀ ਉਪਰ ਮਿਸਰ ਨੇ ਕਬਜਾ ਕਰ ਲਿਆ ਅਤੇ ਫਿਲਸਤੀਨ ਦੀ ਮੁੱਖ ਭੂਮੀ ਪੱਛਮੀ ਕਿਨਾਰੇ ਤੇ ਜਾਰਡਨ ਨੇ ਕਬਜਾ ਕਰ ਲਿਆ। ਫਿਲਸਤੀਨੀਆਂ ਨੇ ਆਪਣੀ ਅਜਾਦੀ ਦਾ ਘੋਲ ਕਦੇ ਅਰਬਾਂ ਦੇ ਖਿਲਾਫ਼ ਨਹੀਂ ਲੜਿਆ।

1967 ਦਾ ਅਰਬ ਇਸਰਾਈਲ 6 ਦਿਨਾਂ ਯੁੱਧ – ਇਸਰਾਈਲ ਮਿਸਰ ਤੋਂ ਇਹ ਚਾਹੁੰਦਾ ਸੀ ਕਿ ਦੂਸਰੇ ਦੇਸ਼ਾਂ ਵਾਂਗ ਉਸਨੂੰ ਵੀ ਸਵੇਜ ਨਹਿਰ ਤੋਂ ਆਪਣੇ ਜਹਾਜ ਲੰਘਾਉਣ ਦੀ ਖੁੱਲ੍ਹ ਹੋਵੇ। ਮਿਸਰ ਨੇ ਇਸਰਾਈਲ ਦੇ ਜਹਾਜਾਂ ਉੱਪਰ ਰੋਕ ਲਗਾ ਦਿੱਤੀ ਸੀ। ਯੁੱਧ ਵਿੱਚ ਇਸਰਾਈਲ ਨੇ ਅਰਬਾਂ ਨੂੰ ਹਰਾ ਦਿੱਤਾ ਅਤੇ ਆਪਣੇ ਦੇਸ਼ ਦੇ ਖੇਤਰਫਲ ਨੂੰ ਚਾਰ ਗੁਣਾ ਵਧਾ ਲਿਆ। ਇਸਰਾਈਲ ਨੇ ਮਿਸਰ ਤੋਂ ਸਨਾਈ ਪੈਨਿਸੁਲਾ ਅਤੇ ਗਾਜਾ ਪੱਟੀ ਹਥਿਆ ਲਈ, ਜਾਰਡਨ ਤੌਂ ਪੂਰਬੀ ਯੋਰੋਸਲਮ ਤੇ ਪੱਛਮੀ ਕਿਨਾਰਾ ਅਤੇ ਸੀਰੀਆ ਤੋਂ ਗੋਲਨ ਹਾਈਟਸ ਖੋ ਲਈ। 1979 ਵਿੱਚ ਮਿਸਰ ਨਾਲ਼ ਹੋਏ ਸ਼ਾਂਤੀ ਸਮਝੌਤੇ ਵਿੱਚ ਇਸਰਾਈਲ ਨੇ ਸਨਾਈ ਪੈਨਿਸੁਲਾ ਮਿਸਰ ਨੂੰ ਵਾਪਸ ਕਰ ਦਿੱਤਾ।

ਕਾਲਾ ਸਿਤੰਬਰ – 1967 ਦੇ ਯੁੱਧ ਤੋਂ ਬਾਅਦ ਲੱਖਾਂ ਦੀ ਗਿਣਤੀ ਵਿੱਚ ਫਿਲਸਤੀਨੀ ਜਾਰਡਨ ਵਿੱਚ ਚਲੇ ਗਏ। ਜਿਨ੍ਹਾ ਨੂੰ ਸ਼ਰਨਾਰਥੀਆਂ ਦੇ ਤੌਰ ਤੇ ਤੰਬੂਆਂ ਵਿੱਚ ਰੱਖਿਆ ਗਿਆ। ਵਾਸਫੀ ਤਾਲ ਨੂੰ 1970 ਵਿੱਚ ਜਾਰਡਨ ਦਾ ਪ੍ਰਧਾਨ ਮੰਤਰੀ ਨਿਉਕਤ ਕੀਤਾ ਗਿਆ। ਜਿਸਨੇ ਸਮਝਦਾਰੀ ਅਤੇ ਸਖ਼ਤੀ ਨਾਲ਼ ਫਿਲਸਤੀਨੀਆਂ ਦੀ ਜਾਰਡਨ ਦੇ ਖਿਲਾਫ਼ ਬਗਾਵਤ ਨੂੰ ਹੱਲ ਕੀਤਾ ਸੀ। ਜਾਰਡਨ ਦੇ ਰਾਜੇ ਅਤੇ ਪ੍ਰਧਾਨ ਮੰਤਰੀ ਨੇ ਪਾਕਿਸਤਾਨ ਦੀ ਮਿਲਟਰੀ ਤੋਂ ਫਿਲਸਤੀਨੀਆਂ ਦੀ ਬਗਾਵਤ ਨੂੰ ਕੁਚਲਨ ਲਈ ਮਦਦ ਮੰਗੀ। ਪਾਕਿਸਤਾਨ ਦਾ ਉਸ ਵੇਲੇ ਬ੍ਰੀਗੇਡੀਅਰ ਜਿਆਉਲਹਕ (ਜਿਹੜਾ ਬਾਅਦ ਵਿੱਚ ਪਾਕਿਸਤਾਨ ਦਾ ਰਾਸ਼ਟਰਪਤੀ ਬਣਿਆ) ਉਸਦੀ ਡਿਊਟੀ ਜਾਰਡਨ ਵਿੱਚ ਸੀ। ਸਾਲ 1970 ਦਾ ਸਿਤੰਬਰ ਮਹੀਨਾ ਚੜ੍ਹ ਚੁੱਕਾ ਸੀ, ਜਿਆਉਲਹਕ ਨੇ ਸੈਨਿਕ ਸ਼ਕਤੀ ਨਾਲ਼ ਬਹੁਤ ਸਾਰੇ ਫਿਲਸਤੀਨੀ ਜੱਥੇਬੰਦੀ ਪੀ.ਐੈਲ.ਓ ਦੇ ਲੜਾਕੇ ਮਾਰ ਦਿੱਤੇ ਅਤੇ ਫਿਲਸਤੀਨੀਆ ਨੂੰ ਪੱਛਮੀ ਕਿਨਾਰੇ ਵੱਲ ਧੱਕ ਦਿੱਤਾ। ਇਸ ਕਾਲੇ ਸਿਤੰਬਰ ਵਿੱਚ ਲਗਭਗ 25000 ਫਿਲਸਤਨੀਨੀ ਮਾਰੇ ਗਏ ਸਨ। 28 ਨਵੰਬਰ 1971 ਨੂੰ ਜਾਰਡਨ ਦੇ ਪ੍ਰਧਾਨ ਮੰਤਰੀ ਵਾਸਫੀ ਤਾਲ ਨੂੰ ਕਾਲੇ ਸਿਤੰਬਰ ਦਾ ਬਦਲਾ ਲੈਣ ਲਈ ਪੀ.ਐੈਲ.ਓ[ ਦੇ ਲੜਾਕਿਆਂ ਨੇ ਮਾਰ ਦਿੱਤਾ। ਇਸਤੋਂ ਪਹਿਲਾਂ 20 ਜੁਲਾਈ 1951 ਨੂੰ ਇੱਕ ਫਿਲਸਤੀਨੀ ਨੇ ਜਾਰਡਨ ਦੇ ਰਾਜੇ ਅਬਦੁੱਲਾ ਨੂੰ ਉਸ ਵੇਲੇ ਮਾਰ ਦਿੱਤਾ ਸੀ, ਜਦੋਂ ਉਹ ਯੋਰੋਸਲਮ ਵਿਖੇ ਅਲ-ਅਕਸਾ ਮਸਜਿਦ ਵਿੱਚ ਗਏ ਹੋਏ ਸਨ।

ਇਸਰਾਈਲ ਅਤੇ ਫਿਲਸਤੀਨ ਵਿੱਚ ਓਸਲੋ

**(ਬਾਕੀ ਅਗਲੇ ਸਫੇ 'ਤੇ)**

# ਪੰਜਾਬੀਓ, ਜਾਗੋ. ਜਾਗੋ.. ਆਮ ਆਦਮੀ ਪਾਰਟੀ ਦਾ ਸੁਪਰੀਮੋ ਪੰਜਾਬ ਤੇ ਕਬਜਾ ਕਰਨ ਲਈ ਆ ਰਿਹਾ ਹੈ!

## ਸ੍ਰੀ ਕੇਜਰੀਵਾਲ ਨੂੰ ਉਸ ਦੇ ਆਪਣੇ ਪ੍ਰਾਂਤ ਹਰਿਆਣੇ ਵਿੱਚ ਮਿਲੀ ਨਮੋਸ਼ੀਜਨਕ ਹਾਰ

ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦਾ ਮੁੱਖ ਮੰਤਰੀ ਸ੍ਰੀ ਕੇਜਰੀਵਾਲ ਪਿਛਲੇ ਕਾਫੀ ਸਮੇਂ ਤੋਂ ਆਪਣੇ ਆਪ ਨੂੰ ਹੀਣਾ ਮਹਿਸੂਸ ਕਰਦਾ ਆ ਰਿਹਾ ਸੀ ਕਿ ਭਾਵੇਂ ਮੈਂ ਦਿੱਲੀ ਦਾ ਮੁੱਖ ਮੰਤਰੀ ਹਾਂ ਪਰ ਮੇਰੀ ਮੁੱਖ ਮੰਤਰੀ ਦੀ ਔਕਾਤ ਤਾਂ ਦੋ ਚਾਰ ਨਗਰ ਨਿਗਮਾਂ ਦੇ ਇਕੱਠ ਨਾਲ ਬਣੀ ਹੋਈ ਦਿੱਲੀ ਜਿਨੀ ਹੀ ਹੈ ਕਿਉਂਕਿ ਦਿੱਲੀ ਦੇ ਬਹੁਤ ਸਾਰੇ ਅਧਿਕਾਰ ਤਾਂ ਕੇਂਦਰ ਕੋਲ ਹਨ ।ਉਹ ਇੰਝ ਭਾਸ ਰਿਹਾ ਹੈ ਕਿ ਜਦੋਂ ਦਾ ਸ੍ਰ ਭਗਵੰਤ ਸਿੰਘ ਮਾਨ ਇਕ ਪੂਰੇ ਪ੍ਰਾਂਤ ਪੰਜਾਬ ਦਾ ਮੁੱਖ ਮੰਤਰੀ ਬਣਿਆ ਹੈ। ਉਹ ਉਸ ਦੀਆਂ ਅੱਖਾਂ ਵਿੱਚ ਰੜਕਦਾ ਆ ਰਿਹਾ ਹੈ ਕਿ ਆਮ ਆਦਮੀ ਪਾਰਟੀ ਦਾ ਸੁਪਰੀਮੋ ਮੈਂ ਹੋਵਾਂ ਪਰ ਮੈਂ ਤਾਂ ਅਧੂਰੇ ਪ੍ਰਾਤ ਦਾ ਮੁੱਖ ਮੰਤਰੀ ਹਾਂ। ਮੇਰੇ ਸਾਹਮਣੇ ਕੋਈ ਹੋਰ ਪ੍ਰਾਂਤਕ ਪੱਧਰ ਦਾ ਛੋਟਾ ਜਿਹਾ ਆਗੂ ਸ੍ਰ ਭਗਵੰਤ ਸਿੰਘ ਮਾਨ ਪੂਰੇ ਪ੍ਰਾਂਤ ਪੰਜਾਬ ਦੀ ਜਿੰਮੇਵਾਰੀ ਕਿਵੇਂ ਸਾਂਭ ਲਵੇ? ਕਿਵੇਂ ਨਾ ਕਿਵੇਂ ਉਸ ਕੋਲੋਂ ਗੱਦੀ ਨੂੰ ਹਥਿਆ ਕਿ ਆਪ ਖੁੱਦ ਪੰਜਾਬ ਦਾ ਮੁੱਖ ਮੰਤਰੀ ਬਣਿਆ ਜਾਵੇ। ਇਸ ਇਰਾਦੇ ਨਾਲ ਉਸ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਕਈ ਪ੍ਰਕਾਰ ਦੇ ਯਤਨ ਕੀਤੇ ਕਦੇ ਮਨੀਸ਼ ਸਿਸੋਦੀਆ ਕਦੇ ਰਾਘਵ ਚੱਢਾ ਰਾਹੀਂ ਆਪਣੇ ਮੁੱਖ ਮੰਤਰੀ ਬਣਨ ਦੇ ਨਾਂ ਨੂੰ ਪ੍ਰਚਾਰਦੇ ਰਹੇ ਤਾਂ ਕਿ ਪੰਜਾਬੀਆਂ ਦੇ ਮਨਾਂ ਨੂੰ ਜਾਣਿਆ ਜਾ ਸਕੇ। ਪਰ ਪਾਰਟੀ ਨੂੰ ਚੋਣਾਂ ਵਿੱਚ ਹਰ ਵਾਰ ਪੰਜਾਬੀਆਂ ਦੇ ਹਥੋਂ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ ਕਿਉਂ ਕਿ ਪੰਜਾਬੀਆਂ ਨੇ ਕਦੇ ਵੀ ਦਿੱਲੀ ਵਾਲਿਆਂ ਦੇ ਹੱਕ ਵਿੱਚ ਹਾਂ ਦਾ ਹੁੰਗਾਰਾ ਨਾ ਭਰਿਆ। ਪੰਜਾਬੀਆਂ ਨੇ ਉਹਨਾਂ ਚਿਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਪਲ੍ਹੇ ਕੁਝ ਨਹੀਂ ਪਾਇਆ ਜਿਨਾ ਚਿਰ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਕਿਸੇ ਆਗੂ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਪੇਸ਼ ਨਹੀਂ ਕੀਤਾ। ਪੰਜਾਬੀਆਂ ਨੂੰ ਇਹ ਵੀ ਪਤਾ ਹੈ ਕਿ ਸ੍ਰੀ ਕੇਜਰੀਵਾਲ ਨੇ ਪਹਿਲਾਂ ਵੀ ਪੰਜਾਬ ਵਿੱਚ ਕਿਸੇ ਵੀ ਆਗੂ ਨੂੰ ਬਤੌਰ ਮੁੱਖ ਮੰਤਰੀ ਉਭਰਣ ਨਹੀਂ ਦਿੱਤਾ ਜਿਹੜਾ ਵੀ ਉਭਰਦਾ ਹੋਇਆ ਉਸ ਦੇ ਸਾਹਮਣੇ ਆਇਆ ਉਸ ਨੂੰ ਪਾਰਟੀ ਵਿੱਚੋਂ ਛਾਂਗ ਦਿੱਤਾ ਗਿਆ। ਚਾਹੇ ਉਹ ਸੁੱਚਾ ਸਿੰਘ ਛੋਟੇ ਪੁਰ ਸੀ, ਚਾਹੇ ਗੁਰਪ੍ਰੀਤ ਘੁੱਗੀ ਸੀ ।ਕੌਣ ਨਹੀਂ ਜਾਣਦਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਆਗੂ ਸ੍ਰ ਸੁਖਪਾਲ ਸਿੰਘ ਖਹਿਰਾ ਨੂੰ ਬਣਾਇਆ ਸੀ ਜਿਸ ਨੇ ਬਹੁਤ ਹੀ ਸ਼ਾਨਦਾਰ ਢੰਗ ਨਾਲ ਵਿਰੋਧੀ ਧਿਰ ਦੇ ਆਗੂ ਵਜੋਂ ਭੂਮਿਕਾ ਨਿਭਾਹੀ। ਜਦੋਂ ਸ੍ਰੀ ਕੇਜਰੀਵਾਲ ਨੇ ਇਹ ਮਹਿਸੂਸ ਕੀਤਾ ਕਿ ਕਿਧਰੇ ਸੁਖਪਾਲ ਖਹਿਰਾ ਪਾਰਟੀ ਵਿੱਚ ਮੋਹਰੀ ਸਥਾਨ ਨਾ ਹਾਸਲ ਕਰ ਲਵੇ ਉਸ ਨੂੰ ਮੱਖਣ ਵਿੱਚੋਂ ਵਾਲ ਵਾਂਗੂੰ ਪਾਰਟੀ ਵਿੱਚੋਂ ਬਾਹਰ ਕੱਢ ਮਾਰਿਆ। ਕਿਥੇ ਹਨ ਪਾਰਟੀ ਨੂੰ ਖੜਾ ਕਰਨ ਵਾਲੇ ਬ੍ਰਿਜ ਭੂਸ਼ਨ, ਪ੍ਰਸ਼ਾਂਤ ਭੂਸ਼ਨ, ਡਾ ਧਰਮਵੀਰ ਗਾਂਧੀ ਵਗੈਰਾ ਵਗੈਰਾ ਬੜੀ ਲੰਮੀ ਲਿਸਟ ਅਜਿਹੇ ਆਗੂਆਂ ਦੀ ਬਣ ਜਾਵੇਗੀ ਜਿਸ ਜਿਸ ਨੂੰ ਸ੍ਰੀ ਕੇਜਰੀਵਾਲ ਨੇ ਪਾਰਟੀ ਵਿੱਚੋਂ ਬਾਹਰ ਨਹੀਂ ਕੀਤਾ। ਪੰਜਾਬ ਦੇ ਲੋਕ ਇਹ ਵੀ ਜਾਣਦੇ ਹਨ ਕਿ 2022 ਦੀਆਂ ਚੋਣਾਂ ਤੋਂ ਕਾਫੀ ਪਹਿਲਾਂ ਸ੍ਰ ਭਗਵੰਤ ਸਿੰਘ ਵੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਦੀ ਨੀਤੀ ਨੂੰ ਵੇਖਦੇ ਹੋਏ ਘਰ ਬੈਠ ਗਏ ਸਨ ਉਨਾਂ ਨੇ ਪਾਰਟੀ ਦੀਆਂ ਸਾਰੀਆਂ ਸਰਗਰਮੀਆਂ ਛੱਡ ਦਿੱਤੀਆਂ ਸਨ। ਫਿਰ ਕਿਧਰੇ ਜਾ ਕੇ ਕੇਂਦਰ ਦੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਦੇ ਖਾਨੇ ਗੱਲ ਪਈ ਤਾਂ ਉਨਾਂ ਨੇ ਸ੍ਰ ਭਗਵੰਤ ਸਿੰਘ ਮਾਨ ਦਾ ਨਾਂ ਬਤੌਰ ਪੰਜਾਬ ਦੇ ਮੁੱਖ ਮੰਤਰੀ ਹੋਣ ਦਾ ਸੋਚਿਆ ਤੇ ਫਿਰ ਉਸ ਦੇ ਨਾਂ ਦਾ ਐਲਾਨ ਕੀਤਾ। ਜਿਉਂ ਹੀ 2022 ਦੀਆਂ ਚੋਣਾਂ ਵਿੱਚ ਸ੍ਰ ਭਗਵੰਤ ਸਿੰਘ ਮਾਨ ਦੇ ਨਾਂ ਨੂੰ ਬਤੌਰ ਪੰਜਾਬ ਦੇ ਮੁੱਖ ਮੰਤਰੀ ਹੋਣ ਵਜੋਂ ਐਲਾਨਿਆ ਪੰਜਾਬੀਆਂ ਨੇ 117 ਵਿੱਚੋਂ 92 ਵਿਧਾਨ ਸਭਾ ਮੈਂਬਰ ਜਿੱਤਾ ਕੇ ਪਾਰਟੀ ਦੀ ਝੋਲ਼ੀ ਵਿੱਚ ਪਾਏ।ਸ੍ਰ ਭਗਵੰਤ ਸਿੰਘ ਮਾਨ ਨੇ ਮੁੱਖ ਮੰਤਰੀ ਬਣਨ ਉਪਰੰਤ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ, ਨੌਜੁਆਨਾਂ ਨੂੰ ਵੱਡੇ ਪੱਧਰ ਤੇ ਰੁਜਗਾਰ ਦੇਣ ਕਿ ਵਿਦੇਸ਼ਾਂ ਦੇ ਅੰਗਰੇਜ ਤੇ ਅੰਗਰੇਜਣੀਆਂ ਪੰਜਾਬ ਵਿੱਚ ਨੌਕਰੀ ਕਰਨ ਆਉਣਗੀਆਂ, ਭ੍ਰਿਸ਼ਟਾਚਾਰ ਖਤਮ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆ ਹੋਈਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਆਦਿ ਆਦਿ ਦੇ ਬੜੇ ਵਾਅਦੇ ਪੰਜਾਬੀਆਂ ਨਾਲ ਕੀਤੇ।ਪੰਜਾਬ ਦੇ ਲੋਕਾਂ ਨੂੰ ਲਗਦਾ ਸੀ ਕਿ ਇਹ ਪਾਰਟੀ ਰਵਾਇਤੀ ਪਾਰਟੀਆਂ ਤੋਂ ਨਿਵੇਕਲੀ ਹੋਵੇਗੀ ਪਰ ਬੜੀ ਜਲਦੀ ਇਹ ਭਰਮ ਵੀ ਲੋਕਾਂ ਦੇ ਮਨਾਂ ਵਿੱਚੋਂ ਲਹਿ ਗਿਆ।ਜਦੋਂ ਇਸ ਸਰਕਾਰ ਦੇ ਤੌਰ ਤਰੀਕੇ ਵੀ ਰਵਾਇਤੀ ਪਾਰਟੀਆਂ ਵਾਲੇ ਦਿਸਣੇ ਸ਼ੁਰੂ ਹੋ ਗਏ ਆਪਣੇ ਆਪ ਨੂੰ ਕਟੱੜ ਈਮਾਨਦਾਰ ਦਸਣ ਵਾਲੀ ਪਾਰਟੀ ਵਿੱਚ ਵੀ ਰਵਾਇਤੀ ਪਾਰਟੀਆਂ ਦੇ ਵੱਡੀ ਗਿਣਤੀ ਵਿੱਚ ਭ੍ਰਿਸ਼ਟ ਆਗੂਆਂ ਨੂੰ ਸ਼ਾਮਲ ਕਰ ਲਿਆ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ



ਤੋਂ ਪੰਜਾਬ ਦੇ ਲੋਕਾਂ ਨੂੰ ਬੜੀ ਆਸ ਸੀ ਕਿ ਇਹ ਆਗੂ ਪੰਜਾਬ ਦੇ ਲੋਕਾਂ ਨੂੰ ਵਧੀਆ ਸਰਕਾਰ ਦੇਣ ਦੇ ਨਾਲ ਲੋਕਾਂ ਦੇ ਕੰਮ ਕਰੇਗਾ ਪਰ ਲੋਕਾਂ ਦਾ ਭੁਲੇਖਾ ਉਸ ਵੇਲੇ ਦੂਰ ਹੋ ਗਿਆ ਜਦੋਂ ਇਸ ਨੇ ਜਿੱਤਣ ਉਪਰੰਤ ਦਿੱਲੀ ਜਾ ਕੇ ਸ੍ਰੀ ਕੇਜਰੀਵਾਲ ਦੇ ਪੈਰੀਂ ਹੱਥ ਲਾ ਕੇ ਇਹ ਦਸ ਦਿੱਤਾ ਕਿ ਉਹ ਕੇਜਰੀਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲੇਗਾ, ਹੋਇਆ ਵੀ ਇਸੇ ਤਰਾਂ ।ਪੰਜਾਬ ਦੇ ਲੋਕਾਂ ਨੇ ਦੇਖਿਆ ਕਿ ਸ੍ਰ ਭਗਵੰਤ ਸਿੰਘ ਮਾਨ ਕਿਵੇਂ ਜਿੱਤਣ ਉਪਰੰਤ ਸ੍ਰੀ ਕੇਜਰੀਵਾਲ ਦੇ ਪੈਰਾਂ ਨੂੰ ਹੱਥ ਲਗਾ ਕੇ ਪੰਜਾਬੀ ਦੇ ਮਾਨ ਸਨਮਾਨ ਨੂੰ ਖਤਮ ਕਰਾ ਰਿਹਾ ਹੈ ਉਨਾ ਦਾ ਕਹਿਣਾ ਸੀ ਸ੍ਰ ਮਾਨ ਨੂੰ ਜਿਤਾਇਆ ਤਾਂ ਪੰਜਾਬ ਦੇ ਲੋਕਾਂ ਨੇ ਹੈ ਪਰ ਇਹ ਕਰ ਕੁਝ ਹੋਰ ਹੀ ਰਿਹਾ ਹੈ! ਦੂਸਰਾ ਇਸ ਨੇ ਪੰਜਾਬ ਦੀ ਪੱਤ ਸੰਗਰੂਰ ਦੀਆਂ ਲੋਕ ਸਭਾ ਚੋਣਾਂ ਵੇਲੇ ਰੋਲੀ ਜਦੋਂ ਇਕ ਕਾਰ ਨਾਲ ਬਸ ਦੇ ਕੰਡਕਟਰ ਦੀ ਤਰਾਂ ਲਟਕਦਿਆਂ ਹੋਇਆਂ ਪੰਜਾਬ ਦੇ ਮੁੱਖ ਮੰਤਰੀ ਨੂੰ ਪੰਜਾਬੀਆਂ ਨੇ ਵੇਖਿਆ। ਸ੍ਰੀ ਕੇਜਰੀਵਾਲ ਕਾਰ ਤੇ ਖੜ੍ਹੇ ਹੋ ਕੇ ਹੱਥ ਹਿਲਾ ਰਿਹਾ ਸੀ। ਪੰਜਾਬ ਦੇ ਲੋਕਾਂ ਨੇ ਸਖਤ ਗੁੱਸੇ ਦਾ ਪ੍ਰਗਟਾਵਾ ਕਰਦਿਆਂ ਸ੍ਰ ਮਾਨ ਨੂੰ ਸੰਗਰੂਰ ਦੀ ਲੋਕ ਸਭਾ ਚੋਣ ਵਿੱਚ ਪਾਰਟੀ ਦੇ ਉਮੀਦਵਾਰ ਨੂੰ ਹਰਾ ਕੇ ਸੰਦੇਸ਼ ਦੇ ਦਿਤਾ ਸੀ ਕਿ ਪੰਜਾਬੀ ਦਿੱਲੀ ਵਾਲਿਆਂ ਦੀ ਈਨ ਮੰਨਣ ਵਾਲੇ ਨਹੀਂ ਉਹ ਆਪਣੀ ਨਿਵੇਕਲੀ ਪਛਾਣ ਰੱਖਦੇ ਹਨ । ਪਰ ਭਗਵੰਤ ਸਿੰਘ ਮਾਨ ਨੂੰ ਉਦੋਂ ਵੀ ਸਮਝ ਨਾ ਆਈ ।ਸ੍ਰੀ ਕੇਜਰੀਵਾਲ ਨੇ ਰਾਜ ਸਭਾ ਦੇ ਮੈਂਬਰ ਸਾਰੇ ਦੇ ਸਾਰੇ ਉਹ ਬਣਾ ਦਿੱਤੇ ਜਿਨਾਂ ਦਾ ਪੰਜਾਬ ਨਾਲ ਕੋਈ ਵਾਹ ਵਾਸਤਾ ਨਹੀਂ ਸੀ ਜਿਵੇਂ ਪੰਜਾਬ ਵਿੱਚ ਕੋਈ ਸੂਝਵਾਨ ਆਗੂ ਹੀ ਨਾ ਹੋਵੇ! ਸ੍ਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ, ਮੰਤਰੀਆਂ ਸਮੇਤ 91 ਵਿਧਾਨ ਸਭਾ ਦੇ ਸਾਰੇ ਦੇ ਸਾਰੇ ਮੈਂਬਰ ਡੂੰਨ ਵਟਾ ਬਣੀ ਰਹੇ। ਕਿਸੇ ਦੇ ਮੂੰਹੋਂ ਇਸ ਹੋ ਰਹੇ ਵਰਤਾਰੇ ਵਿਰੁੱਧ ਇਕ ਲਫਜ ਵੀ ਨਾ ਨਿਕਲਿਆ ।ਇਥੇ ਹੀ ਬਸ ਨਹੀਂ ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਸਾਰੇ ਮੰਤਰੀਆਂ ,ਪੰਜਾਬ ਦੇ ਸਕੱਤਰਾਂ ਤਕ ਸਭ ਨਾਲ ਦਿੱਲੀ ਦੀ ਆਈ. ਟੀ. ਸੈੱਲ਼ ਦੀ ਟੀਮ ਦਾ ਇਕ ਇਕ ਸਕੱਤਰ ਲਗਾ ਦਿੱਤਾ ਗਿਆ ਤਾਂ ਕਿ ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਤਕ ਪੰਜਾਬ ਵਿੱਚ ਕੀ ਹੋ ਰਿਹਾ ਹੈ ਉਸ ਦੇ ਇਕ ਇਕ ਮਿੰਟ ਦੀ ਰੀਪੋਰਟ ਉਸ ਨੂੰ ਮਿਲਦੀ ਰਹੇ। ਇਸ ਵੇਲੇ ਵੀ ਪੰਜਾਬ ਦੀ ਇਹ ਸਾਰੀ ਫੌਜ ਚੁੱਪ ਵੱਟੀ ਬੈਠੀ ਰਹੀ। ਪੰਜਾਬ ਵਿੱਚ ਉਹ ਸਾਰੀਆਂ ਸਕੀਮਾਂ ਚਾਹੇ ਮੁੱਫਤ ਬਿਜਲੀ ਦੇਣ ਦਾ ਸੁਆਲ ਸੀ ਚਾਹੇ ਔਰਤਾਂ ਨੂੰ ਮੁਫਤ ਬੱਸ ਸਰਵਿਸ ਦੇਣ ਦਾ ਸੀ ਜਾਂ ਫਿਰ ਧੜਾ ਧੜ 25-25 ਬਿਸਤਰਿਆਂ ਦੇ ਹਸਪਤਾਲਾਂ ਵਿੱਚ ਜਿਥੇ ਲੋਕਾਂ ਨੂੰ ਕਿਤੇ ਵੱਧ ਸਿਹਤ ਸਹੂਲਤਾਂ ਮਿਲਦੀਆਂ ਸਨ ਉਨਾਂ ਨੂੰ ਬੰਦ ਕਰਾ ਕੇ ਅਕਾਲੀ ਸਰਕਾਰ ਵੇਲੇ ਬਣਾਏ ਬਹੁਤ ਸਾਰੇ 'ਸੇਵਾ ਕੇਂਦਰਾਂ' ਤੇ ਰੰਗ ਰੋਗਨ ਕਰਾ ਕੇ ਮੁੱਖ ਮੰਤਰੀ ਸ੍ਰ ਭਗਵੰਤ ਮਾਨ ਨੇ ਆਪਣੀ ਫੋਟੋ ਲਗਾ ਕੇ "ਮੁਹੱਲਾ ਕਲੀਨਕ" ਬਣਾ ਦਿੱਤੇ ਗਏ ਜਿਸ ਦਾ ਕਈ ਥਾਵਾਂ ਤੇ ਲੋਕਾਂ ਨੇ ਜੋਰਦਾਰ ਵਿਰੋਧ ਵੀ ਕੀਤਾ ਪਰ ਉਨਾਂ ਸਭ ਨੂੰ ਡੰਡੇ ਦੇ ਜੋਰ ਨਾਲ ਦਬਾ ਦਿੱਤਾ ਗਿਆ। ਇਹੋ ਕੁਝ ਕੁ ਸਰਕਾਰੀ ਸਕੂਲਾਂ ਤੇ ਰੰਗ ਰੋਗਣ ਕਰਕੇ ਵਧੀਆ ਸਕੂ਼ਲ ਬਣਾਏ ਜਾਣ ਤੇ ਕੀਤਾ ਗਿਆ ਜਦੋਂ ਕਿ ਲੋੜ ਤਾਂ ਇਸ ਗੱਲ ਦੀ ਸੀ ਕਿ ਸਮੁੱਚੇ ਪੰਜਾਬ ਦੀ ਵਿਦਿਆ ਤੇ ਸਿਹਤ ਪ੍ਰਣਾਲੀ ਸੁਧਾਰੀ ਜਾਂਦੀ। ਨਾ ਮਾਤਰ ਕੰਮ ਹੋਣ ਤੇ ਬਿਨ ਮਤਲਬ ਵੱਡੇ ਵੱਡੇ ਇਸ਼ਤਿਹਾਰ ਅਖਬਾਰਾਂ ਤੇ ਟੀ ਵੀ ਚੈਨਲਾਂ ਤੇ ਦੇ ਕੇ ਕਰਜਾਈ ਹੋ ਚੁੱਕੇ ਪੰਜਾਬ ਨੂੰ ਹੋਰ ਕਰਜੇ ਦੀ ਜਕੜ੍ਹ ਵਿੱਚ ਜਕੜਿਆ ਗਿਆ। ਰਹਿੰਦੀ ਖੂੰਹਦੀ ਕਸਰ ਪਾਰਟੀ ਸੁਪਰੀਮੋ ਨੇ ਭਾਰਤ ਵਿੱਚ ਹੋਈਆਂ ਆਮ ਆਦਮੀ ਪਾਰਟੀ ਦੀਆਂ ਚੋਣਾਂ ਵਿੱਚ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਮਾਨ ਨੂੰ ਪੰਜਾਬ ਸਰਕਾਰ ਦੇ ਚੋਪਰ ਵਿੱਚ ਨਾਲ ਲਿਜਾ ਕੇ ਪੰਜਾਬ ਤੇ ਹੋਰ ਆਰਥਕ ਬੋਝ ਪਾਇਆ। ਸ਼ਾਬਾਸ਼ੇ ਮੁੱਖ ਮੰਤਰੀ ਪੰਜਾਬ ਅਤੇ ਇਸ ਦੇ ਮੰਤਰੀਆਂ ਤੇ ਵਿਧਾਨ ਸਭਾ ਮੈਂਬਰਾਂ ਦੀ ਫੌਜ ਦੇ! ਸਭ ਨੇ ਖਾਮੋਸ਼ੀ ਧਾਰੀ ਰੱਖੀ।ਲੋਕਾਂ ਵਿੱਚ ਨਰਾਜਗੀ ਦਾ ਪੈਦਾ ਹੋਣਾ ਕੁਦਰਤੀ ਸੀ ਕਿ ਜਿਸ ਸਰਕਾਰ ਤੋਂ ਪੰਜਾਬ ਦੇ ਲੋਕਾਂ ਨੇ ਵੱਡੀ ਆਸ ਰੱਖੀ ਸੀ ਉਸ ਦੇ ਪੱਲਿਓਂ ਨਿਰਾਸ਼ਾ ਹੀ ਪਈ। ਲੋਕਾਂ ਨੇ ਅਨੁਭਵ ਕਰ ਲਿਆ ਕਿ ਸ੍ਰ ਭਗਵੰਤ ਸਿੰਘ ਮਾਨ ਦਿੱਲੀ ਵਾਲਿਆਂ ਦੇ ਚੁੰਗਲ ਵਿੱਚੋਂ ਨਿਕਲ ਸਕਣ ਦੀ ਸਮਰਥਾ ਨਹੀਂ ਰੱਖਦੇ ਨਾ ਹੀ ਉਸ ਦੀ ਏਡੀ ਵੱਡੀ ਮੰਤਰੀਆਂ ਜਾਂ ਵਿਧਾਨ ਸਭਾ ਮੈਂਬਰਾਂ ਦੀ ਫੌਜ ਤੋਂ ਆਸ ਕੀਤੀ ਜਾ ਸਕਦੀ ਹੈ। ਇਸ ਦੀ ਇਕ ਹੋਰ ਤਾਜਾ ਮਿਸਾਲ ਸ੍ਰ ਭਗਵੰਤ ਸਿੰਘ ਮਾਨ ਜਦੋਂ ਉਹ ਬਿਮਾਰ ਹੋਣ ਕਾਰਨ ਫੋਟਸ ਹਸਪਤਾਲ ਵਿੱਚ ਦਾਖਲ ਹੋਏ ਉਨਾ ਦਾ ਹਾਲ ਚਾਲ ਜਾਣਨ ਲਈ , ਨਾ ਕੋਈ ਮੰਤਰੀ, ਨਾ ਹੀ ਕੇਂਦਰੀ ਜਾਂ ਪੰਜਾਬ ਪਾਰਟੀ ਦਾ ਕੋਈ ਆਗੂ ਪਤਾ ਕਰਨ ਆਇਆ ਹੋਰ ਤੇ ਹੋਰ ਕਿਸੇ ਨੇ ਸੋਸਲ ਮੀਡੀਆ ਤੇ ਵੀ ਉਸ ਦੀ ਨਰੋਈ ਸਿਹਤ ਦੀ ਕਾਮਨਾ ਤਕ ਨਹੀਂ ਸੀ ਕੀਤੀ ਕਿਉਂ ਕਿ ਉਨਾਂ ਨੂੰ ਪਤਾ ਸੀ ਕਿ ਕੇਜਰੀਵਾਲ ਹੁਣ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਹ ਕੇ ਆਪ ਪੰਜਾਬ ਦਾ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ। ਜਿਸ ਦੀ ਮਿਸਾਲ ਸ੍ਰੀ ਵੈਭਵ ਕੁਮਾਰ ਨੂੰ ਮੁੱਖ ਮੰਤਰੀ ਦਾ ਓ .ਐਸ. ਡੀ ਬਣਾਉਣ ਦੀ ਚਰਚਾ ਕੁਝ ਮੀਡੀਏ ਤੇ ਸੋਸਲ ਮੀਡੀਏ ਤੇ ਹੁੰਦੀ ਵੇਖੀ ਗਈ ।ਇਸ ਦਾ ਭਾਂਡਾ ਉਦੋਂ ਫੁੱਟਿਆ ਜਦੋਂ ਪੰਜਾਬ ਕਾਂਗਰਸ ਦਾ ਇਕ ਵਿਧਾਇਕ ਸ੍ਰ. ਪਰਗਟ ਸਿੰਘ ਜਿਹੜਾ ਕਿ ਪੰਜਾਬ ਦੀਆਂ ਗਲਤ ਪਾਲਸੀਆਂ ਦੀ ਰੱਜ ਕੇ ਨਿਖੇਧੀ ਕਰਦਾ ਸੀ ਉਸ ਨੇ ਅਨੁਭਵ ਕੀਤਾ ਪੰਜਾਬ ਤਾਂ ਦੁੱਖ ਵੇਲੇ ਆਪਣੇ ਸਾਰੇ ਗੁੱਸੇ ਗਿੱਲੇ ਭੁੱਲਾ ਕੇ ਕਿਸੇ ਦੁਸ਼ਮਣ ਤਕ ਦੀ ਵੀ ਸਾਰ ਲੈਣ ਵਾਲਾ ਹੈ। ਜਦੋਂ ਉਹ ਉਨਾਂ ਨੂੰ ਮਿਲਣ ਗਿਆ ਤਾਂ ਉਸ ਨੇ ਵੇਖਿਆ ਕਿ ਮੁੱਖ ਮੰਤਰੀ ਨੂੰ ਮਿਲਣ ਵਿੱਚ ਕਿਸੇ ਤਰਾਂ ਦੀ ਕੋਈ ਔਖ ਨਹੀਂ ਆਈ ਜਿਸ ਨੇ ਸਪਸ਼ਟ ਕਰ ਦਿੱਤਾ ਕਿ ਸ੍ਰ ਭਗਵੰਤ ਮਾਨ ਨੂੰ ਪਾਰਟੀ ਮੰਤਰੀਆਂ ਜਾਂ ਆਗੂਆਂ ਦਾ ਨਾ ਮਿਲਣ ਦਾ ਕਾਰਨ ਬਹੁਤ ਹੀ ਉੱਚ ਆਗੂ ਦੇ ਗੁੱਪਤ ਆਦੇਸ਼ਾਂ ਕਰਕੇ ਹੋ ਰਿਹਾ ਹੈ।



ਜੰਗ ਸਿੰਘ
+1 415 603 7380

ਲੋਕਾਂ ਵਿੱਚੋਂ ਇਸ ਭਰਮ ਨੂੰ ਦੂਰ ਕਰਨ ਲਈ ਫਿਰ ਝੱਟ ਸ੍ਰ ਮਾਨ ਨੂੰ ਪਾਰਟੀ ਦੇ ਮੰਤਰੀਆਂ ਤੇ ਆਗੂਆਂ ਦੇ ਮਿਲਣ ਦਾ ਤਾਂਤਾ ਜਿਹਾ ਲਗ ਗਿਆ।ਕੁਝ ਟੀ ਵੀ ਚੈਨਲਾਂ ਵਾਲੇ ਤਾਂ ਇਹ ਵੀ ਕਹਿਣ ਤੋਂ ਸੰਕੋਚ ਨਹੀਂ ਕਰ ਰਹੇ ਸਨ ਕਿ ਸ੍ਰੀ ਕੇਜਰੀਵਾਲ ਜੋ ਕਿ ਆਮ ਆਦਮੀ ਦੇ ਸੁਪਰੀਮੋ ਹਨ ਇਨਾਂ ਦੇ ਪਿਛੋਕੜ੍ਹ ਦੀ ਰਾਜਨੀਤਕ ਸੋਚ ਤੇ ਜੇਕਰ ਨਜਰਸਾਨੀ ਕਰੀਏ ਤਾਂ ਪ੍ਰਤੱਖ ਝੱਲਕ ਨਜਰ ਆਉਂਦੀ ਹੈ ਕਿ ਉਸ ਦਾ ਨਜਰੀਆ ਮੁਸਲਿਮ ਵਿਰੋਧੀ ਰਿਹਾ ਹੈ ਜੋ ਕੁਝ ਮੋਦੀ ਸਰਕਾਰ ਕਰਦੀ ਰਹੀ ਹੈ ਚਾਹੇ ਜੰਮੂ ਕਸ਼ਮੀਰ ਦੀ ਧਾਰਾ 370 , 35 ਏ ਨੂੰ ਖਤਮ ਕਰਨ ਦਾ ਸੁਆਲ ਸੀ, ਜਾਂ ਫਿਰ ਜਹੀਨ ਬਾਗ ਦਾ ਮਸਲਾ ਸੀ, ਜਾਂ ਫਿਰ ਐਨ. ਆਰ. ਸੀ. ਕਾਨੂੰਨ ਦਾ ਮਸਲਾ ਸੀ ਜਾਂ ਫਿਰ ਘੱਟ ਗਿਣਤੀਆਂ ਤੇ ਹੋਏ ਹਮਲਿਆਂ ਦਾ ਸੀ।

ਆਮ ਆਦਮੀ ਪਾਰਟੀ ਨੇ ਭਾਜਪਾ ਦੀ ਰੱਜ ਕੇ ਪਿੱਠ ਠੋਕੀ ਹੈ ਇਸੇ ਕਰਕੇ ਕੁਝ ਚੈਨਲ ਇਸ ਪਾਰਟੀ ਨੂੰ ਭਾਜਪਾ ਦੀ ਬੀ ਟੀਮ ਕਹਿਣ ਤੋਂ ਸੰਕੋਚ ਨਹੀਂ ਕਰ ਰਹੇ ।ਉਹ ਤਾਂ ਇਹ ਵੀ ਕਹਿਣ ਲਗ ਪਏ ਹਨ ਕਿ ਆਮ ਆਦਮੀ ਪਾਰਟੀ ਦਾ ਸੁਪਰੀਮੋ ਆਪਣੀ ਪਾਰਟੀ ਦੀ ਆੜ ਵਿੱਚ ਪੰਜਾਬ ਨੂੰ ਭਾਜਪਾ ਦੇ ਹਵਾਲੇ ਕਰਨਾ ਚਾਹੁੰਦਾ ਹੈ।

ਦਿੱਲੀ ਵਾਲਿਆਂ ਦਾ ਪੰਜਾਬ ਵਿੱਚ ਮੁੱਖ ਮੰਤਰੀ ਦਾ ਓ ਐਸ ਡੀ ਲਗਾਉਣਾ ਤੇ ਜੋ ਕੁਝ ਸ੍ਰ ਭਗਵੰਤ ਮਾਨ ਨਾਲ ਸਲੂਕ ਕੀਤਾ ਜਾ ਰਿਹਾ ਹੈ ਉਸ ਤੋਂ ਲਗਦਾ ਹੈ ਕਿ ਉਸ ਨੂੰ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਤੋਂ ਹਟਾ ਕੇ ਉਸ ਤੇ ਆਪ ਮੁੱਖ ਮੰਤਰੀ ਦੀ ਕੁਰਸੀ ਤੇ ਬਹਿ ਕੇ ਆਪਣੇ ਮਿਥੇ ਹੋਏ ਤਰੀਕੇ ਨਾਲ ਪੰਜਾਬ ਨੂੰ ਚਲਾਉਣਾ ਚਾਹੁੰਦਾ ਹੈ। ਕਿਉਂ ਕਿ ਪਾਰਟੀ ਦੇ ਸੁਪਰੀਮੋ ਨੇ ਪਾਰਟੀ ਦੀ ਜੋ ਦਸ਼ਾ ਹਰਿਆਣੇ ਸਮੇਤ ਭਾਰਤ ਦੇ ਹੋਰ ਸੂਬਿਆਂ ਵਿੱਚ ਹੋ ਰਹੀ ਹੈ ਉਸ ਨੇ ਆਮ ਆਦਮੀ ਪਾਰਟੀ ਦੇ ਵਕਾਰ ਨੂੰ ਭਾਰੀ ਸੱਟ ਮਾਰੀ ਹੈ ਸ੍ਰੀ ਕੇਜਰੀਵਾਲ ਨੂੰ ਲਗਣ ਲਗ ਪਿਆ ਹੈ ਕਿ ਭਵਿੱਖ ਵਿੱਚ ਸਾਰੇ ਭਾਰਤ ਵਿੱਚ ਉਸ ਦੀ ਪਾਰਟੀ ਕਿਸੇ ਵੀ ਪ੍ਰਾਂਤ ਵਿੱਚ ਅਗੇ ਆਉਣ ਵਾਲੀ ਨਹੀਂ ਇਸ ਲਈ ਅਗਲੀਆਂ ਵਿਧਾਨ ਸਭਾ ਦੀਆਂ ਚੋਣਾਂ ਨੂੰ ਹੋਣ ਨੂੰ ਹਾਲੇ ਢਾਈ ਸਾਲ ਦਾ ਸਮਾਂ ਪਿਆ ਹੈ ਕਿਉਂ ਨਾ ਸ੍ਰ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਪਦ ਤੋਂ ਹਟਾ ਕੇ ਪੂਰੇ ਪ੍ਰਾਂਤ ਪੰਜਾਬ ਦੇ ਮੁੱਖ ਮੰਤਰੀ ਬਣ ਕੇ ਆਪਣੇ ਸੁਪਨੇ ਨੂੰ ਸਾਕਾਰ ਕਰ ਲਿਆ ਜਾਵੇ।

ਪਰ ਸ੍ਰੀ ਕੇਜਰੀਵਾਲ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਬਹਾਦਰ ਲੋਕ ਕਿਸੇ ਹਾਲਤ ਵਿੱਚ ਵੀ ਉਸ ਨੂੰ ਬਰਦਾਸ਼ਤ ਨਹੀਂ ਕਰਨਗੇ।

# 211 ਨੋਬੇਲ ਇਨਾਮ ਜਿੱਤਣ ਵਾਲੀ ਯਹੂਦੀ ਕੌਮ ਦੀਆਂ ਜੜਾਂ ਇਸਰਾਈਲ ਦੀ ਧਰਤੀ ਵਿੱਚ ਬਹੁਤ ਗਹਿਰੀਆਂ ਹਨ

**(ਸਫਾ 21 ਦੀ ਬਾਕੀ)**

ਸਮਝੌਤੇ – ਨਾਰਵੇ ਦੇ ਉਸਲੋ ਵਿੱਚ ਦੋਵਾਂ ਵਿਚਕਾਰ ਕਿਸੇ ਸਮਝੌਤ ਤੇ ਪਹੁੰਚਣ ਲਈ ਗੱਲਬਾਤ ਚੱਲਦੀ ਰਹੀ। ਦੋਵਾਂ ਵਿਚਕਾਰ ਉਸਲੋ 1 ਸਮਝੌਤਾ ਵਾਸ਼ਿੰਗਟਨ ਡੀ.ਸੀ. ਵਿੱਚ 1993 ਵਿੱਚ ਹੋਇਆ, ਅਤੇ ਉਸਲੋ ੀੀ ਸਮਝੌਤਾ ਤਾਬਾ–ਮਿਸਰ ਚ 1995 ਵਿੱਚ ਹੋਇਆ। ਸਮਝੌਤਿਆ ਦਾ ਮੁੱਖ ਮੁੱਦਾ ਇੱਕ ਦੂਜੇ ਨੂੰ ਮਾਨਤਾ ਦੇਣਾ ਸੀ। ਪਰ ਫਿਲਸਤੀਨ ਦੀਆਂ ਖਾੜਕੂ ਜੱਥੇਬੰਦੀਆਂ ਨੇ ਉਸਲੋ ਸਮਝੌਤਿਆਂ ਦੀ ਵਿਰੋਧਤਾ ਕੀਤੀ। ਓਸਲੋ I ਅਤੇ II ਸਮਝੌਤੇ ਕਰਨ ਵਾਲੇ ਇਸਰਾਈਲੀ ਪ੍ਰਧਾਨ ਮੰਤਰੀ ਯਿਤਜਕ ਰਬੀਨ ਨੂੰ ਇਸਰਾਈਲ ਵਿੱਚ ਹੀ ਇੱਕ ਯਹੂਦੀ ਨੇ ਮਾਰ ਦਿੱਤਾ। ਇਤਿਹਾਸਿਕ ਉਸਲੋ 1 ਸਮਝੌਤੇ ਕਾਰਨ ਇਸਰਾਈਲ ਦੇ ਵਿਦੇਸ਼ ਮੰਤਰੀ ਸੀਮੋਨ ਪੈਰੇਸ ਪ੍ਰਧਾਨ ਮੰਤਰੀ ਯਿਤਜਕ ਰਬੀਨ ਅਤੇ ਫਿਲਸਤੀਨ ਦੇ ਆਗੂ ਯਾਸਰ ਅਰਾਫਾਤ ਨੂੰ ਸਾਂਝੇ ਤੌਰ ਤੇ 1994 ਦਾ ਨੋਬੇਲ ਸ਼ਾਂਤੀ ਪੁਰਸਕਾਰ ਮਿਲਿਆ ਸੀ।

2005 ਵਿੱਚ ਇਸਰਾਈਲ ਨੇ ਸਵੈ ਇੱਛਾ ਨਾ਼ਲ ਗਾਜਾ ਪੱਟੀ ਫਿਲਸਤੀਨ ਨੂੰ ਸੋਂਪ ਦਿੱਤੀ । ਫਿਲਸਤੀਨ ਦੀ ਮੁੱਖ ਧਰਤੀ ਪੱਛਮੀ ਕਿਨਾਰੇ ਉੱਪਰ ਯਾਸਰ ਅਰਾਫਾਤ ਦੀ ਪਾਰਟੀ ਪੀ।ਐੱਲ।ਓ ਦਾ ਰਾਜ ਕਾਇਮ ਹੋ ਗਿਆ ਅਤੇ ਗਾਜਾ ਪੱਟੀ ਜਿਹੜੀ ਕਿ ਪੱਛਮੀ ਕਿਨਾਰੇ ਤੋਂ ਹਟਵੀਂ ਹੈ, ਉੱਪਰ ਹਮਾਸ ਖਾੜਕੂ ਜੱਥੇਬੰਦੀ ਦਾ ਕਬਜਾ ਹੋ ਗਿਆ।

ਅਕਤੂਬਰ 2023 ਤੋਂ ਅੰਤਰਰਾਸ਼ਟਰੀ ਵਿਰੋਧਤਾਈਆਂ ਕਾਰਨ ਅਤੇ ਅੱਤਵਾਦੀ ਸੰਗਠਨਾਂ ਦੇ ਮਨਸੂਬਿਆਂ ਕਾਰਨ ਇਸਰਾਈਲ ਅਤੇ ਫਿਲਸਤੀਨ ਦਾ ਝਗੜਾ ਸਿਖਰ ਤੇ ਪਹੁੰਚ ਚੁੱਕਾ ਹੈ। ਰੂਸ ਅਤੇ ਚੀਨ, ਅਮਰੀਕਾ ਨੂੰ ਪੱਛਮੀ ਏਸ਼ੀਆ ਦੇ ਸੰਘਰਸ਼ ਵਿੱਚ ਉਲਝਾਉਣਾ ਚਾਹੁੰਦੇ ਸਨ ਤਾਂ ਕਿ ਰੂਸ, ਯੂਕ੍ਰੇਨ ਤੇ ਅਸਾਨੀ ਨਾ਼ਲ ਜਿੱਤ ਪ੍ਰਾਪਤ ਕਰ ਸਕੇ ਅਤੇ ਚੀਨ ਤਾਇਵਾਨ ਤੇ ਜਿੱਤ ਪ੍ਰਾਪਤ ਕਰ ਸਕੇ। ਇਰਾਨ ਦੀ ਅਮਰੀਕਾ ਅਤੇ ਇਸਰਾਈਲ ਨਾ਼ਲ ਪਹਿਲਾਂ ਤੋਂ ਹੀ ਤਿੱਖੀ ਵਿਰੋਧਤਾਈ ਚੱਲ ਰਹੀ ਹੈ। ਰੂਸ ਅਤੇ ਚੀਨ ਨੇ ਈਰਾਨ ਨੂੰ ਆਪਣੇ ਗੁੱਟ ਚ ਸ਼ਾਮਿਲ ਕੀਤਾ ਹੋਇਆ ਹੈ। ਈਰਾਨ ਨੇ ਮੁਸਲਿਮ ਜਗਤ ਉੱਪਰ ਆਪਣੀ ਧੌਂਸ ਜਮਾਉਣ ਲਈ ਦੂਸਰੇ ਮੁਸਲਿਮ ਦੇਸ਼ਾਂ ਵਿੱਚ ਕਈ ਅੱਤਵਾਦੀ ਸੰਘਠਨ ਖੜੇ ਕਰ ਲਏ ਹਨ। ਈਰਾਨ ਨੇ ਯਮਨ ਵਿੱਚ ਸ਼ੀਆ ਹੂਥੀ ਅੱਤਵਾਦੀ ਸੰਗਠਨ ਖੜਾ ਕਰਕੇ ਯਮਨ ਦੀ ਗੱਦੀ ਤੇ ਕਬਜਾ ਕਰ ਲਿਆ ਹੈ। ਭਾਵੇਂ ਉੱਥੇ ਸ਼ੀਆ ਦੀ ਗਿਣਤੀ 40 ਪ੍ਰਤੀਸ਼ਤ ਹੈ ਅਤੇ ਸੁੰਨੀਆਂ ਦੀ 60 ਪ੍ਰਤੀਸ਼ਤ ਇਸੇ ਤਰਾਂ ਉਸਨੇ ਲੈਬਨਾਨ ਦੀ ਸਰਕਾਰੀ ਫੌਜ ਦੇ ਸਮਾਨੰਤਰ ਸ਼ੀਆ ਹਿਜਬੁੱਲਾ ਅੱਤਵਾਦੀ ਸੰਗਠਨ ਬਣਾਇਆ ਹੈ। ਗਾਜਾ ਪੱਟੀ ਵਿੱਚ ਕਾਬਜ ਹੋਏ ਹਮਾਸ ਨੂੰ ਵੀ ਈਰਾਨ ਹੀ ਸੈਨਿਕ ਅਤੇ ਆਰਥਿਕ ਮਦਦ ਦਿੰਦਾ ਹੈ। ਗਾਜਾ ਪੱਟੀ ਨੂੰ ਜੋ ਬਾਹਰਲੇ ਦੇਸ਼ਾਂ ਤੋਂ ਵੱਡੀ ਆਰਥਿਕ ਮਦਦ ਆਉਂਦੀ ਸੀ, ਉਸ ਆਰਥਿਕ ਮਦਦ ਨਾ਼ਲ ਹਮਾਸ ਨੇ ਉੱਤਰੀ ਗਾਜਾ ਵਿੱਚ ਭੂਮੀਗਤ ਸੁਰੰਗਾਂ ਦਾ ਜਾਲ ਬਿਛਾ ਦਿੱਤਾ।

7 ਅਕਤੂਬਰ 2023 ਨੂੰ ਮਿਥੀ ਸਾਜਿਸ਼ ਅਧੀਨ ਹਮਾਸ ਲੜਾਕਿਆਂ ਨੇ ਗਾਜਾ ਪੱਟੀ ਦੇ ਨਾਲ ਲੱਗਦੇ ਇਸਰਾਈਲ ਦੇ ਸ਼ਹਿਰਾਂ ਵਿੱਚ ਭਾਰੀ ਕਤਲੇਆਮ ਮਚਾ ਦਿੱਤਾ। ਜਿਸ ਵਿੱਚ ਲਗਭਗ 1600 ਯਹੂਦੀ ਬੱਚੇ, ਔਰਤਾਂ, ਮਰਦ ਅਤੇ ਸੈਨਿਕ ਮਾਰੇ ਗਏ ਅਤੇ 250 ਤੋਂ ਉੱਪਰ ਬੰਦੀ ਬਣਾ ਲਏ ਗਏ। ਪ੍ਰਤੀਕਰਮ ਵਜੋਂ ਗਾਜਾ ਪੱਟੀ ਉੱਪਰ ਇਸਰਾਈਲੀ ਸੈਨਾਂ ਦੀ ਕਾਰਵਾਈ ਜਾਰੀ ਹੈ।

ਹਮਾਸ ਲੜਾਕਿਆਂ ਦਾ ਸਾਥ ਦੇਣ ਲਈ ਲੈਬਨਾਨ ਦਾ ਹਿਜਬੁੱਲਾ ਸੰਗਠਨ ਅਤੇ ਯਮਨ ਦਾ ਹੂਥੀ ਸੰਗਠਨ ਇਸਰਾਈਲ ਦੇ ਵਿਰੁੱਧ ਗੁਰਿੱਲਾ ਕਾਰਵਾਈਆਂ ਕਰ ਰਹੇ ਹਨ। ਇਸ ਯੁੱਧ ਵਿੱਚ ਫਿਲਸਤੀਨ ਨੂੰ ਆਪਣਾ ਹੋਰ ਇਲਾਕਾ ਅਤੇ ਨਾਗਰਿਕ ਖੋਣੇ ਪੈ ਸਕਦੇ ਹਨ। ਪਿੱਛੇ ਬੈਠੇ ਰੂਸ ਅਤੇ ਚੀਨ ਦਾ ਹਿੱਤ, ਇਸ ਯੁੱਧ ਦਾ ਵਿਸਥਾਰ ਕਰਕੇ, ਵਿਸ਼ਵ ਯੁੱਧ ਬਣਾਉਣ ਵੱਲ ਹੋਵੇਗਾ, ਅਮਰੀਕਾ ਅਤੇ ਇਸਰਾਈਲ ਦਾ ਹਿੱਤ ਇਸ ਯੁੱਧ ਨੂੰ ਅੱਤਵਾਦੀ ਸੰਗਠਨਾਂ ਵਿਰੁੱਧ ਸੀਮਤ ਰੱਖਣ ਚ ਹੋਵੇਗਾ।

ਪੂਰਵ ਇਤਿਹਾਸ ਕਾਲ ਵਿੱਚ ਭਾਰਤ, ਸ਼੍ਰੀਲੰਕਾ ਨਾ਼ਲ ਸੰਬੰਧਤ ਇੱਕ ਘਟਨਾ ਤੋਂ ਸਬਕ ਲੈ ਕੇ ਮੌਜੂਦਾ ਫਿਲਸਤੀਨ–ਇਸਰਾਈਲ ਸੰਘਰਸ਼ ਨੂੰ ਰੋਕਿਆ ਜਾ ਸਕਦਾ ਸੀ। ਲੰਕਾ ਦੇ ਰਾਜੇ ਰਾਵਣ ਦੀ ਇੱਕ ਸੈਨਿਕ ਟੁੱਕੜੀ ਨੇ ਆਰੀਆ ਰਿਸ਼ੀਆਂ ਨੂੰ ਮਾਰ ਕੇ ਉਨ੍ਹਾਂ ਦੇ ਖੂਨ ਦਾ ਭਰਿਆ ਘੜਾ ਰਾਵਣ ਦੇ ਦਰਬਾਰ ਵਿੱਚ ਪੇਸ਼ ਕਰ ਦਿੱਤਾ, ਤਾਂ ਰਾਵਣ ਚੀਕਿਆ ਅਤੇ ਕਹਿਣ ਲੱਗਾ, ਇਹ ਖੂਨ ਦਾ ਘੜਾ ਲੰਕਾ ਵਿੱਚ ਅਕਾਲ ਦਾ ਕਾਰਨ ਬਣੇਗਾ, ਇਸ ਨੂੰ ਲੰਕਾ ਤੋਂ ਬਹੁਤ ਦੂਰ ਦੱਬ ਆਓ। ਇਹੋ ਖੂਨ ਦੇ ਘੜੇ ਦੀ ਗੱਲ ਫਿਲਿਸਤੀਨ ਦੇ ਅੱਤਵਾਦੀਆਂ ਨੇ ਕੀਤੀ ਹੈ। 7 ਅਕਤੂਬਰ 2023 ਨੂੰ ਫਇਲਿਸਤੀਨੀ ਅੱਤਵਾਦੀਆਂ ਨੇ ਜਸ਼ਨ ਮਨਾ ਰਹੇ 1600 ਇਸਰਾਈਲੀਆਂ ਨੂੰ ਮਾਰ ਦਿੱਤਾ ਅਤੇ 250 ਨੂੰ ਬੰਧਕ ਬਣਾ ਲਿਆ ਸੀ। ਇਨ੍ਹਾਂ ਬੰਧਕਾਂ ਵਿੱਚ ਇਸਰਾਈਲ ਅਤੇ ਹੋਰ ਦੇਸ਼ਾਂ ਦੀਆਂ ਔਰਤਾਂ, ਬੱਚੇ ਅਤੇ ਬੁੱਢੇ ਸਨ। ਆਪਣੇ ਬੰਧਕਾਂ ਨੂੰ ਛੁਡਾਉਣ ਲਈ ਇਸਰਾਈਲ ਨੂੰ ਇਹ ਹੱਕ ਮਿਲ ਜਾਂਦਾ ਹੈ ਕਿ ਉਹ ਆਪਣੇ ਬੰਦੀਆਂ ਨੂੰ ਛੁਡਾਉਣ ਲਈ ਫਿਲਸਤੀਨ (ਗਾਜਾ) ਵਿਰੁੱਧ ਜਾਂ ਇਨ੍ਹਾਂ ਦਾ ਸਾਥ ਦੇਣ ਵਾਲੇ ਲੇਬਨਾਨ ਦੇ ਹਿਜਬੁੱਲਾ ਜਾਂ ਯਮਨ ਦੇ ਹੂਥੀਆਂ ਅਤੇ ਪ੍ਰਾਕਸੀ ਅੱਤਵਾਦ ਦੇ ਮਾਸਟਰਮਾਈਂਡ ਈਰਾਨ ਵਿਰੁੱਧ ਵੱਡੀ ਤੋਂ ਵੱਡੀ ਕਾਰਵਾਈ ਕਰ ਸਕਦਾ ਹੈ ਅਤੇ ਜੋ ਉਹ ਕਰ ਵੀ ਰਿਹਾ ਹੈ। ਸੰਸਾਰ ਭਰ ਦੇ ਬੁੱਧੀਜੀਵੀ ਬੰਧਕਾਂ ਨੂੰ ਛੁਡਾਉਣ ਦੀ ਗੱਲ ਨਾ ਕਰਕੇ ਇਸਰਾਈਲ ਵੱਲੋਂ ਕੀਤੀ ਜਾ ਰਹੀ ਸੈਨਿਕ ਕਾਰਵਾਈ ਦੀ ਪ੍ਰੋੜ੍ਹਤਾ ਕਰ ਰਹੇ ਹਨ।

# ਦੈਵ ਮੂਰਖ ਲੋਕਾਂ ਦੀ ਕਲਪਨਾ, ਪੁਰਸ਼ਾਰਥ ਹੀ ਦੈਵ ਹੈ



**ਆਚਾਰਿਆ ਰਵਿੰਦਰ ਕੁਮਾਰ**
ਖੋਜਾਰਥੀ, ਮਹਾਰਿਸ਼ੀ ਬਾਲਮੀਕੀ ਚੇਅਰ, ਪਟਿਆਲਾ
91-98880-89404

ਇਸ ਮਾਇਆਵੀ ਸੰਸਾਰ ਵਿੱਚ ਸਾਰੇ ਦੁੱਖਾਂ ਦਾ ਨਾਸ਼ ਕਰਨ ਦੇ ਲਈ ਪੁਰਸ਼ਾਰਥ ਜਾਂ ਕਹਿ ਲਓ ਮਨੁੱਖ (ਜੀਵ) ਦੇ ਯਤਨਾਂ ਦੇ ਇਲਾਵਾ ਕੋਈ ਦੂਜਾ ਮਾਰਗ ਨਹੀਂ ਹੈ।ਸੰਸਾਰ ਰੂਪੀ ਕੋਸ ਵਿੱਚ ਕੋਈ ਅਜਿਹਾ ਕੋਈ ਰਤਨ ਨਹੀਂ ਹੈ ਜੋ ਸ਼ੁੱਧ ਪੁਰਸ਼ਾਰਥ ਨਾਲ ਕੀਤੇ ਹੋਏ ਅੱਛੇ ਕਰਮਾਂ ਦੁਆਰਾ ਪ੍ਰਾਪਤ ਨਾ ਹੋ ਸਕੇ। ਤਿੰਨਾਂ ਲੋਕਾਂ ਵਿੱਚ ਅਜਿਹਾ ਕੋਈ ਪਦਾਰਥ ਨਹੀਂ ਹੈ ਜੋ ਪੁਰਸ਼ਾਰਥ ਦੁ-ਆਰਾ ਪ੍ਰਾਪਤ ਨਾ ਕੀਤਾ ਜਾ ਸਕੇ। ਇਸ ਸੰਸਾਰ ਵਿਚ ਸਾਰਾ ਕੁੱਝ ਸਦਾ ਹੀ ਸਭ ਆਪਣੀ ਮਿਹਨਤ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਸੰਸਾਰ ਵਿੱਚ ਚੰਗੀ ਤਰ੍ਹਾਂ ਕੀਤੇ ਹੋਏ ਪੁਰਸ਼ਾਰਥ ਦੁਆਰਾ ਹੀ ਅਮੀਰ ਬਣਿਆਂ ਜਾ ਸਕਦਾ ਹੈ। ਜੋ ਇਸ ਪਦ ਨੂੰ ਪਾਉਣ ਦੀ ਇੱਛਾ ਕਰਦਾ ਹੈ ਅਤੇ ਉਸਨੂੰ ਪ੍ਰਾਪਤ ਕਰਨ ਦੇ ਲਈ ਹਮੇਸ਼ਾਂ ਪ੍ਰਯਤਨ ਕਰਦਾ ਹੈ, ਉਹ ਉਸ ਨੂੰ ਗ਼ਰੂਰ ਹੀ ਪ੍ਰਾਪਤ ਕਰ ਲੈਂਦਾ ਹੈ, ਜੇ ਵਿਚਕਾਰ ਵਿਚ ਹੀ ਪ੍ਰਯਤਨ ਨੂੰ ਨਾ ਛੱਡੇ। ਇੱਥੇ ਚੁੱਪਚਾਪ ਬੈਠੇ ਰਹਿਣ ਨਾਲ ਕੁੱਝ ਪ੍ਰਾਪਤ ਨਹੀਂ ਹੁੰਦਾ, ਜੋ-ਜੋ, ਜਿਵੇਂ-ਜਿਵੇਂ ਪ੍ਰਯਤਨ ਕਰਦਾ ਹੈ ਉਵੇਂ-ਉਵੇਂ ਹੀ ਫਲ ਵੀ ਪ੍ਰਾਪਤ ਕਰਦਾ ਹੈ। ਆਤਮਾ ਹੀ ਆਤਮਾ ਦੀ ਮਿੱਤਰ ਹੈ, ਆਤਮਾ ਹੀ ਆਤਮਾ ਦੀ ਦੁਸ਼ਮਣ ਹੈ। ਜੇ ਆਤਮਾ ਹੀ ਆਤਮਾ ਦੀ ਰੱਖਿਆ ਨਹੀਂ ਕਰਦੀ ਤਾਂ ਦੂਜਾ ਹੋਰ ਕੋਈ ਉਪਾਅ ਨਹੀਂ ਹੋ ਸਕਦਾ ਹੈ।

**ਪੁਰਸ਼ਾਰਥ ਦੇ ਫਲ ਦੀ ਪ੍ਰਾਪਤੀ ਦਾ ਨਾਮ ਦੈਵ**

ਭਗਵਾਨ ਬਾਲਮੀਕ ਜੀ ਅਨੁਸਾਰ ਕਿਸੇ ਵੀ ਦੌਰ ਅਤੇ ਕਾਲ ਦੇ ਅਨੁਸਾਰ, ਕੁਝ ਦੇਰੀ ਵਿੱਚ ਜਾਂ ਛੇਤੀ ਹੀ, ਕੀਤੇ ਹੋਏ ਪੁਰਸ਼ਾਰਥ ਦੇ ਫਲ ਦੀ ਪ੍ਰਾਪਤੀ ਦਾ ਨਾਮ ਦੈਵ ਹੈ। ਪੁਰਸ਼ਾਰਥ ਦੁਆਰਾ ਕੀਤੇ ਗਏ, ਸ਼ੁਭ ਅਤੇ ਅਸ਼ੁਭ ਕਰਮ ਦੀ ਅਰਥ ਪ੍ਰਾਪਤੀ ਦਾ ਨਾਮ ਫਲਸਿੱਧੀ ਹੀ ਦੈਵ ਹੈ। ਜੋ ਆਪਣੇ ਪੁਰਸ਼ਾਰਥ ਦੁਆਰਾ ਗ਼ਰੂਰ ਹੀ ਪ੍ਰਾਪਤ ਹੋਣ ਵਾਲੀ ਵਸਤੂ ਹੈ। ਉਹ ਇਸ ਸੰਸਾਰ ਵਿੱਚ ਦੈਵ ਕਹਾਉਂਦੀ ਹੈ। ਜੋ ਕਰਮ ਦ੍ਰਿੜ੍ਹਤਾ ਨਾਲ ਅਤੇ ਛੇਤੀ ਪ੍ਰਯਤਨ ਤੋਂ ਪੂਰਵਕਾਲ ਵਿੱਚ ਕੀਤਾ ਜਾ ਚੁਕਾ ਹੈ ਉਹੀ ਇਸ ਸਮੇਂ ਦੈਵ ਨਾਮ ਨਾਲ ਪੁਕਾਰਿਆ ਜਾਂਦਾ ਹੈ। ਪਹਿਲਾ ਕੀਤਾ ਕਰਮ ਜਾਂ ਪੁਰਸ਼ਾਰਥ ਦੇ ਇਲਾਵਾ ਦੈਵ ਅਤੇ ਕੋਈ ਵਸਤੂ ਨਹੀਂ ਹੈ, ਪੂਰਵਕ੍ਰਿਤ ਪੁਰਸ਼ਾਰਥ ਦਾ ਹੀ ਨਾਮ ਦੈਵ ਹੈ। ਜਿਵੇਂ- ਜਿਵੇਂ ਕੋਈ ਪ੍ਰਯਤਨ ਕੀਤਾ ਜਾਂਦਾ ਹੈ। ਵੈਸੇ-ਵੈਸੇ ਹੀ ਉਹ ਫਲ ਦਿੰਦਾ ਹੈ। ਇਸ ਲਈ ਪੁਰਸ਼ਾਰਥ ਹੀ ਸੱਤ ਹੈ, ਉਸੀ ਨੂੰ ਦੈਵ ਕਿਹਾ ਜਾਂਦਾ ਹੈ।

**ਪਰਾਧੀਨਤਾ ਦੀ ਨਿੰਦਾ**

ਭਗਵਾਨ ਬਾਲਮੀਕ ਜੀ ਅਨੁਸਾਰ ਜੋ ਮਨੁੱਖ ਇਹ ਸਮਝਦਾ ਹੈ ਕਿ ਉਹ ਈਸ਼ਵਰ ਦਾ ਭੇਜਿਆ ਹੋਇਆ ਹੀ ਸਵਰਗ ਜਾਂ ਨਰਕ ਵਿੱਚ ਜਾਂਦਾ ਹੈ ਉਹ ਸਦਾ ਹੀ ਪਰਾਧੀਨ (ਅਧੀਨ) ਰਹਿੰਦਾ ਹੈ, ਅਜਿਹਾ ਮਨੁੱਖ ਪਸ਼ੂ ਹੈ ਇਸ ਵਿੱਚ ਕੋਈ ਸੰਦੇਹ ਹੀ ਨਹੀਂ ਹੈ। ਜੋ ਇਹ ਸਮਝ ਕੇ ਕਿ ਉਸਨੂੰ ਕੋਈ ਦੂਜਾ ਹੀ ਪ੍ਰੇਰਿਤ ਕਰਦਾ ਹੈ ਦ੍ਰਿਸ਼ਟ (ਪ੍ਰਯਤਨ) ਨੂੰ ਛੱਡ ਬੈਠਦਾ ਹੈ ਉਹ ਅਧਮ ਮਨੁੱਖ ਦੂਰ ਤੋਂ ਹੀ ਤਿਆਗ ਦੇਣ ਯੋਗ ਹੈ। ਜੋ ਉਦਯੋਗ ਨੂੰ ਛੱਡ ਕੇ ਭਾਗ (ਤਕਦੀਰ) ਦੇ ਉਪਰ ਭਰੋਸਾ ਕਰਦੇ ਹਨ ਉਹ ਆਪਣੇ ਹੀ ਦੁਸ਼ਮਣ ਹਨ, ਅਤੇ ਧਰਮ, ਅਰਥ ਅਤੇ ਕਾਮ ਸਾਰਿਆਂ ਨੂੰ ਨਸ਼ਟ ਕਰ ਦਿੰਦੇ ਹਨ। ਜੋ ਕੁਬੁੱਧੀ ਲੋਕ ਇਹ ਸਮਝਦੇ ਹਨ ਕਿ ਸਾਰਾ ਕੁੱਝ ਕਿਸਮਤ ਦੇ ਅਧੀਨ ਹੈ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਇਹ ਗੱਲ ਪ੍ਰਤੱਖ ਦੇਖਣ ਵਿੱਚ, ਅਨੁਭਵ ਵਿੱਚ ਅਤੇ ਸੁਣਨ ਵਿੱਚ ਆਉਂਦੀ ਹੈ। ਜੋ ਲੋਕ ਸ਼ੂਰਵੀਰ ਹਨ, ਅਮੀਰ ਹਨ, ਉਨਤੀ ਕਰਨ ਵਾਲੇ ਹਨ, ਗਿਆਨੀ ਹਨ, ਦੱਸੋ ਉਨ੍ਹਾਂ ਵਿੱਚੋਂ ਕਿਹੜਾ ਇਸ ਸੰਸਾਰ ਵਿੱਚ ਕਿਸਮਤ ਦੀ ਉਡੀਕ ਕਰਦਾ ਹੈ।

**ਦੈਵ ਜਾਂ ਕਿਸਮਤ ਕੋਈ ਵਸਤੂ ਨਹੀਂ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਦੈਵ ਜਾਂ ਕਿਸਮਤ ਕੁੱਝ ਨਹੀਂ ਹੈ। ਦੈਵ ਹੈ ਹੀ ਨਹੀਂ। ਦੈਵ ਸਦਾ ਹੀ ਅਸਤ ਹੈ। ਦੈਵ ਕਦੇ ਕੁੱਝ ਨਹੀਂ ਕਰਦਾ, ਇਹ ਕੇਵਲ ਕਲਪਨਾ ਮਾਤਰ ਹੈ ਕਿ ਦੈਵ ਕੁੱਝ ਕਰਦਾ ਹੈ। ਦੈਵ ਮੂਰਖ ਲੋਕਾਂ ਦੀ ਕਲਪਨਾ ਹੈ, ਇਸ ਕਲਪਨਾ ਦੇ ਭਰੋਸੇ ਰਹਿ ਕੇ ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਬੁੱਧੀਮਾਨ ਜਾਂ ਅਕਲਮੰਦ ਲੋਕ ਪੁਰਸ਼ਾਰਥ ਦੁਆਰਾ ਉਨਤੀ ਕਰਕੇ ਚੰਗੇ ਪਦ੍ਵ ਪ੍ਰਾਪਤ ਕਰਦੇ ਹਨ। ਸੰਸਾਰ ਵਿੱਚ ਮ੍ਰਿਤ ਸਰੀਰ ਦੇ ਸਿਵਾਏ ਸਾਰੀਆਂ ਕ੍ਰਿਆਵਾਂ ਦਿਖਾਈ ਪੈਂਦੀਆਂ ਹਨ ਅਤੇ ਉਚਿਤ ਕਿਰਿਆ ਦੁਆਰਾ ਹੀ ਫਲ ਪ੍ਰਾਪਤੀ ਹੁੰਦੀ ਹੈ, ਇਸ ਲਈ ਦੈਵ ਦੀ ਕਲਪਨਾ ਨਿਰਰਥਕ ਹੈ। ਦੈਵ ਦੀ ਕਲਪਨਾ ਘੱਟ ਬੁੱਧੀ ਪੁਰਸ਼ ਨੂੰ ਦੁੱਖ ਦੇ ਸਮੇਂ ਆਸ਼ਵਾਸਨ ਦੇਣ ਦੇ ਲਈ ਹੈ। ਆਸ਼ਵਾਸਨ ਦੇਣਾ ਇਕ ਵਾਕ ਹੈ, ਇਸ ਦੇ ਸਿਵਾਏ, ਦੈਵ ਪਰਮਾਰਥ ਦੇ ਰੂਪ ਵਿੱਚ ਕੋਈ ਵਸਤੂ ਨਹੀਂ ਹੈ।

**ਵਰਤਮਾਨ ਕਾਲ ਦਾ ਪੁਰਸ਼ਾਰਥ**

ਭਗਵਾਨ ਬਾਲਮੀਕ ਜੀ ਅਨੁਸਾਰ ਦੋਨਾਂ ਪੁਰਸ਼ਾਰਥ (ਪੂਰਵਕ੍ਰਿਤ ਜਿਸਦਾ ਨਾਮ ਦੈਵ ਹੈ ਅਤੇ ਵਰਤਮਾਨ ਕਾਲ ਦਾ ਪੁਰਸ਼ਾਰਥ) ਦੋ ਮੇਡਕਾਂ ਦੇ ਸਮਾਨ ਇੱਕ ਦੂਜੇ ਦੇ ਨਾਲ ਲੜਦੇ ਹਨ, ਜੋ ਉਨ੍ਹਾਂ ਵਿੱਚ ਗ਼ਿਆਨ ਦਾ ਬਲਵਾਨ ਹੁੰਦਾ ਹੈ, ਉਹੀ ਜਿੱਤ ਪਾਉਂਦਾ ਹੈ। ਜਿਵੇਂ ਕੱਲ ਦਾ ਵਿਗੜਿਆ ਹੋਇਆ ਕੰਮ ਅੱਜ ਦੇ ਯਤਨ ਨਾਲ ਸੁਧਰ ਜਾਂਦਾ ਹੈ ਠੀਕ ਉਸੀ ਪ੍ਰਕਾਰ ਹੁਣ ਦਾ ਕੀਤਾ ਹੋਇਆ ਪੁਰਸ਼ਾਰਥ, ਪੂਰਵ ਦੇ ਕੀਤੇ ਹੋਏ ਪੁਰਸ਼ਾਰਥ ਨੂੰ ਸੁਧਾਰ ਸਕਦਾ ਹੈ, ਇਸ ਲਈ ਮਨੁੱਖ ਨੂੰ ਕਾਰਜਸ਼ੀਲ ਹੋਣਾ ਚਾਹੀਦਾ। ਗ਼ਿਆਦਾ ਬਲੀ ਹੋਣ ਤੇ ਹੁਣ ਦਾ ਪੁਰਸ਼ਾਰਥ ਪੂਰਵ ਕਾਲ ਦੇ ਪੁਰਸ਼ਾਰਥ ਨੂੰ ਅਤੇ ਪੂਰਵਕਾਲ ਦਾ ਪੁਰਸ਼ਾਰਥ ਹੁਣ ਦੇ ਪੁਰਸ਼ਾਰਥ ਨੂੰ ਦਬਾ ਲੈਂਦਾ ਹੈ, ਹਮੇਸ਼ਾਂ ਹੀ ਪੁਰਸ਼ ਦਾ ਕੀਤਾ ਹੋਇਆ ਪ੍ਰਯਤਨ ਜਿੱਤ ਪਾਉਂਦਾ ਹੈ, ਜੋ ਉਦਯੋਗ ਰਹਿਤ ਹੋਕੇ ਪੁਰਸ਼ਾਰਥ ਕਰਦਾ ਹੈ ਉਹੀ ਜਿੱਤ ਪਾਉਂਦਾ ਹੈ। ਇਹ ਤਾਂ ਪ੍ਰਤੱਯਕਸ਼ ਵਿੱਚ ਹੀ ਸਿੱਧ ਹੈ ਕਿ ਪੂਰਵਕਾਲ ਦੇ ਕਰਮ ਦੀ ਤਰ੍ਹਾਂ ਅੱਜ ਕਲ ਦਾ ਕੀਤਾ ਹੋਇਆ ਕਰਮ ਗ਼ਿਆਦਾ ਬਲਵਾਨ ਹੈ, ਇਸ ਲਈ ਦੈਵ ਨੂੰ ਹੁਣ ਦਾ ਪੁਰਸ਼ਾਰਥ, ਇਸ ਪ੍ਰਕਾਰ ਜਿੱਤ ਲੈਂਦਾ ਹੈ ਜਿਵੇਂ ਕਿ ਬੱਚੇ ਨੂੰ ਯੁਵਕ। ਇਸ ਲਈ ਪਰਮ ਪੁਰਸ਼ਾਰਥ ਦਾ ਆਦਰਸ਼ ਲੈ ਕੇ ਸ਼ੁਭ ਕੰਮ ਦੁਆਰਾ ਪੂਰਵ-ਕਾਲ ਦੇ ਅਸ਼ੁਭ ਕਰਮਾਂ ਤੇ ਜਿੱਤ ਪਾਉ। ਬਲ ਪੂਰਵਕ ਇਸ ਵਿਚਾਰ ਨੂੰ ਦੂਰ ਕਰੋ ਕਿ ਪੂਰਵਕਾਲ ਦਾ ਕਰਮ (ਦੈਵ) ਤੁਹਾਨੂੰ ਕਿਹੜੇ ਪਾਸੇ ਪ੍ਰੇਰਿਤ ਕਰ ਰਿਹਾ ਹੈ। ਹੁਣ ਦੇ ਪੁਰਸ਼ਾਰਥ ਨਾਲ ਕਿਸੀ ਪ੍ਰਕਾਰ ਦਾ ਵੀ ਪੂਰਵ ਦਾ ਪੁਰਸ਼ਾਰਥ ਬਲਵਾਨ ਨਹੀਂ ਹੈ। ਮਨੁੱਖ ਨੂੰ ਇੰਨਾ ਪੁਰਸ਼ਾਰਥ ਕਰਨਾ ਚਾਹੀਦਾ ਕਿ ਜਿਸ ਨਾਲ ਉਸਦੇ ਪੂਰਵਕਾਲ ਦੇ ਅਸ਼ੁਭ ਕਰਮ ਸ਼ਾਂਤ ਹੋ ਜਾਣ।

**ਦੋ ਤਰ੍ਹਾਂ ਦੇ ਪੁਰਸ਼ਾਰਥ**

ਭਗਵਾਨ ਬਾਲਮੀਕ ਜੀ ਅਨੁਸਾਰ ਪੁਰਸ਼ਾਰਥ ਦੋ ਪ੍ਰਕਾਰ ਦਾ ਹੁੰਦਾ ਹੈ- ਇਕ ਪੁਰਸ਼ਾਰਥ ਅਨੁਸਾਰ ਅਤੇ ਦੂਜਾ ਪੁਰਸ਼ਾਰਥ ਵਿਰੁੱਧ। ਪਹਿਲੇ ਪੁਰਸਾਰਥ ਨਾਲ ਪਰਮਾਰਥ ਦੀ ਪ੍ਰਾਪਤੀ ਹੁੰਦੀ ਹੈ ਅਤੇ ਦੂਜੇ ਨਾਲ ਅਨਰਥ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਮਿੱਤਰਾਂ ਅਤੇ ਸੱਜਣਾਂ ਦੇ ਸਤਿਸੰਗ ਨਾਲ ਯੁਕਤ ਪੁਰਸ਼ਾਰਥ ਦਾ ਸਹਾਰਾ ਲੈ ਕੇ ਬੁੱਧੀ ਨੂੰ ਨਿਰਮਲ ਕਰਕੇ ਸੰਸਾਰ ਸਮੁੰਦਰ ਨੂੰ ਪਾਰ ਕਰ ਸਕਦਾ ਹੈ। ਸ਼ਾਸਤਰ ਦੋ ਹੋ ਗਏ ਰਮਾਇਣ ਅਤੇ ਮੌਕਸਪਾਏ ਜਿਸ ਨੂੰ ਯੋਗਵਸਿਸਟ ਵੀ ਕਹਿੰਦੇ ਹਨ।ਪ੍ਰੰਤੂ ਸੱਜਣ ਪੁਰਸ਼ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਕੌਣ ਸਹੀ ਹੈ ਜਾਂ ਗਲਤ ਹੈ।ਇਸ ਲਈ ਇਹ ਵਿਚਾਰ ਦਾ ਵਿਸ਼ਾ ਹੈ।ਕਿਉਂਕਿ ਕਲਯੁਗ ਵਿਚ ਅਸੱਜਣਾਂ ਦੀ ਭਰਮਾਰ ਵੀ ਵਧਦੀ ਹੀ ਜਾ ਰਹੀ ਹੈ।ਇਹ ਆਤਮਿਕ ਵਿਚਾਰ ਨਾਲ ਹੀ ਗਿਆਨ ਹੰਦਾ ਹੈ।

**ਆਲਸ ਦੀ ਨਿੰਦਾ**

ਭਗਵਾਨ ਬਾਲਮੀਕ ਜੀ ਅਨੁਸਾਰ ਅਗਰ ਇਸ ਸੰਸਾਰ ਵਿੱਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੋਣ ਧਨੀ ਅਤੇ ਵਿਦਵਾਨ ਨਾ ਹੁੰਦਾ। ਆਲਸ ਹੀ ਮਨੁੱਖ ਦਾ ਸਭ ਤੋ ਵੱਡਾ ਦੁਸ਼ਮਣ ਹੈ। ਆਲਸ ਦੇ ਕਾਰਣ ਹੀ ਇਹ ਸਮੁੰਦਰ ਪ੍ਰਯੰਤ ਹੈ, ਪ੍ਰਿਥਵੀ ਨਿਰਧਨ ਅਤੇ ਮੂਰਖ (ਮਨੁੱਖ ਦੇ ਰੂਪ ਵਿੱਚ ਪਸ਼ੂ) ਲੋਕਾਂ ਨਾਲ ਭਰੀ ਪਈ ਹੈ।

ਜੋ ਆਪਸ ਵਿਚ ਲੜਦੇ ਰਹਿੰਦੇ ਹਨ। ਗਰੀਬੀ ਦਾ ਕਾਰਨ ਆਲਸ ਹੀ ਹੈ। ਜੋ ਅਮੀਰ ਹੰਦਾ ਹੈ ਉਸ ਅਮੀਰੀ ਲਈ ਉਸ ਦੀ ਬਹੁਤ ਜਿਆਦਾ ਮਿਹਨਤ ਅਤੇ ਤਿਆਗ ਵੀ ਹੰਦਾ ਹੈ। ਅਮੀਰ ਵਿਅਕਤੀ ਸੰਸਾਰਿਕ ਮੋਹ ਦਾ ਤਿਆਗ ਕਰ ਕੇ ਆਪਣੇ ਪੁਰਸ਼ਾਰਥ ਵਿਚ ਜਿਆਦਾ ਧਿਆਨ ਦਿੰਦਾ ਹੈ।ਤਦ ਹੀ ਅਮੀਰੀ ਕਾਇਮ ਵੀ ਰਹਿੰਦੀ ਹੈ। ਜੋ ਮਿਹਨਤ ਨਹੀਂ ਕਰਦਾ ਉਹ ਨਿਰਧਨ ਹੀ ਰਹਿੰਦਾ ਹੈ।

**ਦੁੱਖ ਦਾ ਕਾਰਣ ਸੰਸਾਰਿਕ ਲਗਾਵ**

ਭਗਵਾਨ ਬਾਲਮੀਕ ਜੀ ਅਨੁਸਾਰ ਸੰਸਾਰ ਦਾ ਰਾਗ ਬਹੁਤ ਦੀ ਦੁੱਖਦਾਈ ਹੈ, ਇਹ ਸੱਪ ਦੀ ਤਰ੍ਹਾਂ ਡੱਸਦਾ ਹੈ, ਤਲਵਾਰ ਦੀ ਤਰ੍ਹਾਂ ਕੱਟਦਾ ਹੈ, ਭਾਲੇ ਦੀ ਤਰ੍ਹਾਂ ਬਿੰਨਦਾ ਹੈ, ਰੱਸੀ ਦੀ ਤਰ੍ਹਾਂ ਲਪੇਟ ਲੈਂਦਾ ਹੈ, ਅੱਗ ਦੀ ਤਰ੍ਹਾਂ ਜਲਾਉਂਦਾ ਹੈ, ਜੋ ਇਸ ਵਿੱਚ ਸ਼ੰਕਾ ਰਹਿਤ ਹੋਕੇ ਗਿਰਦੇ ਹਨ, ਉਨ੍ਹਾਂ ਪੱਥਰ ਦੀ ਤਰ੍ਹਾਂ ਦਬਾ ਦਿੰਦਾ ਹੈ, ਬੁੱਧੀ ਨੂੰ ਹਰ ਲੈਂਦਾ ਹੈ, ਸਥਿਰਤਾ ਨੂੰ ਨਸ਼ਟ ਕਰ ਦਿੰਦਾ ਹੈ, ਮੋਹ ਦੇ ਅੰਧੇਰੇ ਖੂਹ ਵਿੱਚ ਸੁੱਟ ਦਿੰਦਾ ਹੈ, ਤ੍ਰਿੰਣਾ ਨਾਲ ਮਨੁੱਖ ਨੂੰ ਜਰਜਰ ਕਰ ਦਿੰਦਾ ਹੈ। ਅਜਿਹਾ ਕੋਈ ਦੁੱਖ ਨਹੀਂ ਹੈ, ਜੋ ਸੰਸਾਰਿਕ ਪ੍ਰਾਣੀ ਜਾਂ ਕਹਿ ਲਓ ਸੰਸਾਰ ਨਾਲ ਲਗਾਵ, ਰਾਗ ਰੱਖਣ ਵਾਲਾ ਵਿਅਕਤੀ ਆਦਿ ਨੇ ਸਹਿਣ ਨਾ ਕੀਤਾ ਹੋਵੇ।ਦੁੱਖਾਂ ਦਾ ਕਾਰਣ ਸੰਸਾਰਿਕ ਵਸਤੂਆਂ ਤੇ ਆਕਰਸ਼ਿਤ ਹੋਣਾ, ਪਰਾਈ ਇਸਤਰੀ ਅਤੇ ਧੰਨ ਉੱਤੇ ਆਪਣੀ ਬੂਰੀ ਅੱਖ ਰਖਣਾ, ਦੂਜੇ ਵਿਅਕਤੀ ਦੀ ਪ੍ਰਸਿੱਧੀ ਤੇ ਈਰਖਾ ਕਰਨਾ ਆਦਿ ਦੁੱਖਾਂ ਦੇ ਕਾਰਣ ਹਨ।ਇਸ ਨਹੀਂ ਹੀ ਭਗਵਾਨ ਬਾਲਮੀਕ ਜੀ ਨੇ ਪੁਰਸ਼ਾਰਥ ਤੇ ਜੋਰ ਦਿੱਤੇ ਅਤੇ ਕਿਹਾ ਹੈ ਕਿ ਪੁਰਸ਼ਾਰਥ ਹੀ ਦੇਵ ਹੈ।

**ਅਗਿਆਨੀ ਨੂੰ ਹੀ ਦੁੱਖ ਹੁੰਦਾ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਇਹ ਸੰਸਾਰ ਰੂਪੀ ਪ੍ਰਵਾਹ ਅਗਿਆਨੀ ਦੀ ਹੀ ਮੂਰਖਤਾ ਨਾਲ ਚਲ ਰਿਹਾ ਹੈ। ਅਗਿਆਨੀ ਨੂੰ ਹੀ ਘੋਰ ਦੁੱਖ ਸੁੱਖ ਹੁੰਦੇ ਹਨ। ਜਦੋਂ ਜੀਵ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਸਾਰੇ ਸੰਸਾਰਿਕ ਕਸ਼ਟ ਦੂਰ ਹੋ ਜਾਂਦੇ ਹਨ।ਰਾਜਾ ਅਰਿਸਨੇਮੀ ਨੇ ਵੀ ਗਿਆਨ ਪ੍ਰਾਪਤ ਕਰਨ ਨਹੀਂ ਅਪਣਾ ਸਾਰਾ ਰਾਜ ਪਾਠ ਛੱਡ ਕੇ ਭਗਵਾਨ ਬਾਲਮੀਕ ਜੀ ਦੀ ਸਰਨ ਵਿਚ ਆ ਗਿਆ ਸੀ।


**ਗਿਆਨ ਨਾਲ ਹੀ ਦੁੱਖ ਦੀ ਨਿਵਿਰਤੀ ਹੁੰਦੀ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਸੰਸਾਰ ਰੂਪੀ ਜ਼ਹਿਰ (ਵਿਸ਼) ਦਾ ਦਰਖ਼ਤ, ਜੋ ਕਿ ਸਾਰੀਆਂ ਮੁਸ਼ਕਲਾਂ ਦੇਣ ਵਾਲਾ ਹੈ, ਅਗਿਆਨੀ ਨੂੰ ਹੀ ਦੁੱਖ ਦਿੰਦਾ ਹੈ। ਇਸ ਨਹੀਂ ਅਗਿਆਨ ਨੂੰ ਹਮੇਸ਼ਾਂ ਯਤਨ ਕਰਕੇ ਨਸ਼ਟ ਕਰਨਾ ਚਾਹੀਦਾ। ਜਿਸ ਪ੍ਰਕਾਰ ਵਰਖਾ ਨਾਲ ਭਿੱਜੇ ਹੋਏ ਜੰਗਲ ਨੂੰ ਅਗਨੀ ਦੀ ਜਵਾਲਾ ਨਹੀਂ ਜਲਾ ਸਕਦੀਆਂ, ਉਸੀ ਪ੍ਰਕਾਰ ਮਾਨਸਿਕ ਦੁੱਖ ਵੀ ਅਗਿਆਨੀ ਨੂੰ, ਜਿਸਨੇ ਜੋ ਕੁੱਝ ਜਾਣਨ ਯੋਗ ਹੈ ਜਾਣ ਲਿਆ ਹੈ ਅਤੇ ਯੁਕਤ ਦ੍ਰਿਸ਼ਟੀ ਪ੍ਰਾਪਤ ਕਰ ਨਹੀਂ ਹੈ, ਉਸ ਜੀਵ ਨੂੰ ਦੁੱਖ ਨਹੀਂ ਦੇ ਸਕਦਾ ਹੈ। ਗਿਆਨ ਰੂਪੀ ਕਿਸ਼ਤੀ (ਨੌਕਾ) ਦੁਆਰਾ ਬੁੱਧੀਮਾਨ ਲੋਕ ਦੁੱਖੀ ਸੰਸਾਰ-ਸਮੁੰਦਰ ਵਿੱਚ ਨਿਮਖ ਮਾਤਰ ਵਿੱਚ ਹੀ ਪਾਰ ਹੋ ਜਾਂਦੇ ਹਨ। ਨਿਰਵਾਣ ਨਾਮ ਵਾਲਾ ਪਰਮਾਨੰਦ, ਜਿਸ ਨੂੰ ਪ੍ਰਾਪਤ ਕਰ ਲੈਣ ਤੇ ਮਨੁੱਖ ਦਾ ਪੁਨਰ ਜਨਮ ਅਤੇ ਮਰਣ ਨਹੀਂ ਹੁੰਦਾ, ਉਹ ਗਿਆਨ ਨਾਲ ਹੀ ਪ੍ਰਾਪਤ ਹੁੰਦਾ ਹੈ। ਸੰਸਾਰ ਤੋਂ ਪਾਰ ਹੋਣ ਦਾ ਇਕਮਾਤਰ ਉਪਾਅ ਗਿਆਨ ਹੈ, ਉਸ ਨੂੰ ਪ੍ਰਾਪਤ ਕਰਨ ਨਹੀਂ ਕਿਸੇ ਤਪ, ਦਾਨ, ਤੀਰਥ ਅਤੇ ਇਸ਼ਨਾਨ ਆਦਿ ਦੀ ਕੋਈ ਵੀ ਜ਼ਰੂਰਤ ਨਹੀਂ ਹੈ।

**ਆਤਮਗਿਆਨ ਨਾਲ ਹੀ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਚਾਹੇ ਤ੍ਰਿਭਵਨ ਦਾ ਰਾਜ ਮਿਲ ਜਾਵੇ, ਚਾਹੇ ਮੇਘ ਜਾਂ ਜਲ ਦੇ ਅੰਦਰ ਕੋਈ ਪ੍ਰਵੇਸ਼ ਕਰ ਲਓ, ਆਤਮਗਿਆਨ ਦੀ ਪ੍ਰਾਪਤੀ ਦੇ ਬਿਨਾਂ ਕਿਸੀ ਨੂੰ ਵੀ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ। ਜੋ ਆਪਣਾ ਕਲਿਆਣ ਚਾਹੁੰਦਾ ਹੋਵੇ ਉਸਨੂੰ ਚਾਹੀਦਾ ਕਿ ਆਤਮ ਗਿਆਨ ਦੇ ਨਹੀਂ ਪ੍ਰਯਤਨਸ਼ੀਲ ਹੋਵੇ, ਕਿਉਂਕਿ ਸਾਰੇ ਦੁੱਖਾਂ ਦਾ ਨਾਸ਼ ਆਤਮ ਅਨੁਭਵ ਨਾਲ ਹੁੰਦਾ ਹੈ। ਜੇ ਪਰਮ ਆਤਮਾ ਦਾ ਗਿਆਨ ਹੋ ਜਾਵੇ ਤਾਂ ਸਾਰੇ ਦੁੱਖਾਂ ਦਾ ਪ੍ਰਵਾਹ ਇਸ ਪ੍ਰਕਾਰ ਨਸ਼ਟ ਹੋ ਜਾਵੇਗਾ, ਜਿਵੇਂ ਵਿਸ਼ ਦਾ ਪ੍ਰਭਾਵ ਖਤਮ ਹੁੰਦੇ ਹੀ ਵਿਸ਼ੂਚਿਕਾ ਰੋਗ ਸ਼ਾਂਤ ਹੋ ਜਾਂਦਾ ਹੈ। ਇਸ ਨਹੀਂ ਆਤਮਗਿਆਨ ਤੋ ਬਿਨਾਂ ਕੋਈ ਪਰਮਸ਼ਾਂਤੀ ਨਹੀਂ ਹੁੰਦੀ ਹੈ।

**ਭਗਵਾਨ ਬਾਲਮੀਕ ਦੁਆਰਾ**







**ਚੇਲਿਆ ਨੂੰ ਗਿਆਨ ਦਾ ਉਪਦੇਸ਼**

ਭਗਵਾਨ ਬਾਲਮੀਕ ਜੀ ਨੇ ਕਿਹਾ, ਇਹ ਗਿਆਨ ਜੋ ਕਿ ਸਾਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਅਤੇ ਬੁੱਧੀ ਨੂੰ ਪਰਮ ਸ਼ਾਂਤ ਕਰਨ ਵਾਲਾ ਹੈ। ਜੋ ਗਿਆਨ ਸ੍ਰਿਸ਼ਟੀ ਦੇ ਆਦਿ ਵਿੱਚ ਲੋਕਾਂ ਦੇ ਕਲਿਆਣ ਦੇ ਨਹੀਂ ਦਿੱਤੇ ਹੈ, ਉਸ ਨੂੰ ਰਿਸੀ ਭਾਰਦਵਾਜ ਜੀ ਨੇ ਸ਼੍ਰਵਣ ਕੀਤਾ ਅਤੇ ਹੋਰ ਬਹੁਤ ਸਾਰੇ ਚੇਲੇ ਰਿਸ਼ੀਆਂ ਨੇ ਵੀ ਸ਼ਰੂਤੀ ਅਤੇ ਸਮਰਿਤੀ ਦੇ ਨਾਲ ਤਿੰਨਾਂ ਲੋਕਾਂ ਵਿਚ ਫੈਲਾਇਆ ਗਿਆ। ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

* ਸਾਰੇ ਦੁੱਖਾਂ ਦਾ ਖਾਤਮਾ ਕਰਨ ਦੇ ਨਹੀਂ ਪੁਰਸ਼ਾਰਥ ਤੋ ਇਲਾਵਾ ਦੂਜਾ ਮਾਰਗ ਨਹੀਂ ਹੈ।
* ਦੁੱਖਾਂ ਦਾ ਖਾਤਮਾ ਕੇਵਲ ਪੁਰਸ਼ਾਰਥ ਨਾਲ ਹੰਦਾ ਹੈ।
* ਜੋ ਵਿਅਕਤੀ ਉਦਯੋਗ ਛੱਡ ਕੇ ਆਪਣੇ ਭਾਗਾਂ ਦੇ ਭਰੋਸੇ ਬੈਠ ਜਾਵੇ, ਉਹ ਅਪਣਾ ਹੀ ਦੁਸ਼ਮਣ ਹੈ।
* ਜੋ ਕੁਬੁੱਧੀ ਲੋਕ ਇਹ ਸਮਝਦੇ ਹਨ ਕਿ ਸਭ ਕੁਝ ਭਾਗਾਂ ਦੇ ਅਧੀਨ ਹੈ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ।
* ਦੈਵ ਕਦੇ ਕੁਝ ਵੀ ਨਹੀਂ ਕਾਰਣ।ਇਹ ਕੇਵਲ ਕਲਪਨਾ ਮਾਤਰ ਹੈ ਕਿ ਦੈਵ ਹੀ ਸਭ ਕੁਝ ਕਾਰਣ ਹੈ।
* ਦੈਵ ਮੂਰਖ ਲੋਕਾਂ ਦੀ ਕਲਪਨਾ ਹੈ। ਬੁੱਧੀਮਾਨ ਲੋਕ ਪੁਰਸ਼ਾਰਥ ਦੁਆਰਾ ਉਨਤੀ ਕਰ ਕੇ ਅੱਛੇ ਪਦ ਪ੍ਰਾਪਤ ਕਰਨੇ ਹਨ।
* ਦੈਵ ਦੀ ਕਲਪਨਾ ਘੱਟ ਬੁੱਧੀ ਵਾਲੇ ਲੋਕਾਂ ਨੂੰ ਦੁੱਖ ਦੇ ਸਮਾਨ ਹੌਸਲਾ (ਆਸਵਾਸਨ) ਦੇਣ ਵਾਲੀ ਹੁੰਦੀ ਹੈ।
* ਮਨੁੱਖ ਨੂੰ ਇਨ੍ਹਾਂ ਪੁਰਸ਼ਾਰਥ ਕਰਨਾ ਚਾਹੀਦਾ ਹੈ ਕਿ ਜਿਸ ਨਾਲ ਪਹਿਲਾ ਕੀਤੇ ਅਸੁਭ ਕਰਮ ਵੀ ਸ਼ਾਂਤ ਹੋ ਜਾਣ।
* ਅਗਰ ਸੰਸਾਰ ਵਿਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੌਣ ਧਨੀ ਅਤੇ ਵਿਦਵਾਨ ਨਾ ਹੁੰਦਾ।
* ਆਪਣੇ ਹੀ ਯਤਨਾਂ ਤੋਂ ਬਿਨ੍ਹਾਂ ਕਦੇ ਵੀ ਹੋਰ ਕੋਈ ਸਾਨੂੰ ਸਿੱਧੀ ਨਹੀਂ ਦੇਣ ਵਾਲਾ ਹੈ।
* ਤਿੰਨਾਂ ਲੋਕਾਂ ਵਿਚ ਅਜਿਹਾ ਕੋਈ ਵੀ ਪਦਾਰਥ ਨਹੀਂ ਹੈ।ਜੋ ਉਦਯੋਗ ਛੱਡ ਕੇ ਪੁਰਸ਼ਾਰਥ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੋਵੇ।

## ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 5 ਉਮੀਦਵਾਰ ਅਯੋਗ ਐਲਾਨੇ : ਸਿਬਿਨ ਸੀ

**ਚੰਡੀਗੜ੍ਹ, (ਦਲਜੀਤ ਕੌਰ)**- 2022 ਦੀਆਂ ਚੋਣਾਂ ਲੜਨ ਵਾਲੇ 5 ਉਮੀਦਵਾਰਾਂ ਨੂੰ ਅਯੋਗ ਐਲਾਨਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਇਨ੍ਹਾਂ ਉਮੀਦਵਾਰਾਂ ਨੇ ਲੋਕ ਪ੍ਰਤੀਨਿਧੀ ਐਕਟ, 1951 ਦੇ ਸੈਕਸ਼ਨ 78 ਅਨੁਸਾਰ ਨਿਸ਼ਚਿਤ ਸਮਾਂ ਸੀਮਾ ਅੰਦਰ ਆਪਣੇ ਚੋਣ ਖਰਚੇ ਦਾ ਵੇਰਵਾ ਕਮਿਸ਼ਨ ਕੋਲ ਜਮ੍ਹਾਂ ਨਹੀਂ ਕਰਵਾਇਆ ਜਿਸ ਕਰਕੇ ਅਗਲੇ 3 ਸਾਲ ਤੱਕ ਇਨ੍ਹਾਂ ਉਮੀਦਵਾਰਾਂ ਨੂੰ ਚੋਣ ਲੜਨ ਦੇ ਅਯੋਗ ਕਰਾਰ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ 5 ਉਮੀਦਵਾਰਾਂ ਵਿੱਚੋਂ




ਸੰਗਰੂਰ ਜ਼ਿਲ੍ਹੇ ਦੇ 3 ਉਮੀਦਵਾਰ ਅਤੇ ਮਾਨਸਾ ਤੇ ਫਰੀਦਕੋਟ ਜ਼ਿਲ੍ਹੇ ਦਾ 1-1 ਉਮੀਦਵਾਰ ਸ਼ਾਮਿਲ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਹੁਕਮਾਂ ਰਾਹੀਂ ਸੰਗਰੂਰ ਜ਼ਿਲ੍ਹੇ ਦੀ ਧੂਰੀ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਸ਼ਕਤੀ ਕੁਮਾਰ ਗੁਪਤਾ ਤੇ ਜਸਵਿੰਦਰ ਸਿੰਘ ਅਤੇ ਸੁਨਾਮ ਵਿਧਾਨ ਸੀਟ ਤੋਂ ਚੋਣ ਲੜਨ ਵਾਲੇ ਸਨਮੁਖ ਸਿੰਘ ਮੋਖਾ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਫਰੀਦਕੋਟ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਗੁਰਚਰਨ ਸਿੰਘ ਸੰਘਾ ਨੂੰ ਵੀ ਅਯੋਗ ਐਲਾਨਿਆਂ ਗਿਆ ਹੈ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਸੁਨਾਮ ਵਿਧਾਨ ਸੀਟ ਤੋਂ ਚੋਣ ਲੜਨ ਵਾਲੇ ਮਾਨਸਾ ਜ਼ਿਲ੍ਹੇ ਦੇ ਵਾਸੀ ਹਰਭਗਵਾਨ ਸ਼ਰਮਾ ਭਿੱਖੀ ਨੂੰ ਵੀ ਭਾਰਤੀ ਚੋਣ ਕਮਿਸ਼ਨ ਨੇ ਅਗਲੇ 3 ਸਾਲ ਤੱਕ ਚੋਣ ਲੜਨ ਦੇ ਅਯੋਗ ਐਲਾਨਿਆ ਹੈ।

# ਸਫ਼ਲ ਪ੍ਰਬੰਧਕ ਤੇ ਵਿਦਿਅਕ ਮਾਹਰ : ਮਰਹੂਮ ਉਪ ਕੁਲਪਤੀ ਡਾ. ਜੋਗਿੰਦਰ ਸਿੰਘ ਪੁਆਰ



ਉਜਾਗਰ ਸਿੰਘ
91-94178 13072

ਜੋਗਿੰਦਰ ਸਿੰਘ ਪੁਆਰ ਮਾਹਿਰ ਭਾਸ਼ਾ ਵਿਗਿਆਨੀ ਸੀ। ਉਸ ਦਾ ਪੰਜਾਬੀ ਭਾਸ਼ਾ ਦੇ ਸ਼ਬਦ ਜੋੜਾਂ ਬਾਰੇ ਆਪਣਾ ਸਥਾਪਤ ਕੀਤਾ ਹੋਇਆ ਦ੍ਰਿਸ਼ਟੀਕੋਣ ਸੀ। ਉਸਦੀ ਜ਼ਿੰਦਗੀ ਜਦੋਜਹਿਦ ਵਾਲੀ ਸੀ। ਉਪ ਕੁਲ ਪਤੀ ਬਣਨਾਂ ਉਸ ਦਾ ਨਿਸ਼ਾਨਾ ਸੀ, ਜਿਸਦੀ ਪ੍ਰਾਪਤੀ ਦਾ ਬਿਖੜਾ ਪੈਂਡਾ ਇਸ ਪ੍ਰਕਾਰ ਸੀ ''ਆਹ ਜਿਹੜਾ ਝੋਲਾ ਜਿਹਾ ਚੁੱਕੀ ਫਿਰਦੈਂ, ਇਸ ਨੇ ਇਨਕਲਾਬ ਨਹੀਂ ਲਿਆਉਣਾ ਜੁਗਿੰਦਰ ਸਿਆਂ। ਇਨਕਲਾਬ ਲਿਆਉਣ ਲਈ ਤੁਹਾਡੇ ਵਰਗੇ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ, ਕਾਲਜਾਂ ਅਤੇ ਸਕੂਲਾਂ ਦੇ ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਨਕਲ ਮਾਰ ਕੇ ਪਾਸ ਹੋਣ ਤੋਂ ਰੋਕਣਾ ਪਵੇਗਾ। ਜਿਹੜੇ ਵਿਦਿਆਰਥੀ ਨਕਲ ਮਾਰਕੇ ਪਾਸ ਹੋਣਗੇ, ਉਹ ਦੇਸ਼ ਦਾ ਭਵਿਖ ਤਹਿ ਨਹੀਂ ਕਰ ਸਕਦੇ। ਖਾਸ ਤੌਰ 'ਤੇ ਪੰਜਾਬ ਦੇ ਵਿਦਿਆਰਥੀਆਂ ਦਾ ਭਵਿਖ ਤੁਹਾਡੇ ਹੱਥ ਵਿੱਚ ਹੈ ਕਿਉਂਕਿ ਪੰਜਾਬ ਵਿੱਚ ਹਾਲਾਤ ਸਾਜ਼ਗਾਰ ਨਹੀਂ ਹਨ। ਨੌਜਵਾਨ ਗੁਮਰਾਹ ਹੋ ਕੇ ਭੱਟਕੇ ਹੋਏ ਹਨ। ਪੰਜਾਬ ਦੇ ਬੱਚਿਆਂ ਨੂੰ ਸਿੱਧੇ ਰਸਤੇ ਤੁਸੀਂ ਹੀ ਪਾਉਣਾ ਹੈ। ਮਾਪਿਆਂ ਨੂੰ ਸਮਝੌਣਾ ਵੀ ਅਧਿਆਪਕਾਂ ਨੇ ਹੀ ਹੈ, ਨਕਲ ਮਾਰ ਕੇ ਪਾਸ ਹੋਣ ਤੋਂ ਬਾਅਦ ਪੀ.ਸੀ.ਐਸ., ਆਈ.ਏ.ਐਸ. ਅਤੇ ਆਈ।ਪੀ।ਐਸ।ਨਹੀਂ ਬਣ ਸਕਦੇ। ਪੰਜਾਬ ਦਾ ਭਵਿਖ ਨੌਜਵਨਾ 'ਤੇ ਨਿਰਭਰ ਕਰਦਾ ਹੈ।'' ਇਹ ਗੱਲਾਂ 1980-81 ਦੀਆਂ ਹਨ, ਜਦੋਂ ਤਤਕਾਲੀ ਮਾਲ ਮੰਤਰੀ ਪੰਜਾਬ ਸ੍ਰ।ਬੇਅੰਤ ਸਿੰਘ ਨੇ ਪਟਿਆਲਾ ਸਰਕਟ ਹਾਊਸ ਵਿੱਚ ਉਨ੍ਹਾਂ ਨੂੰ ਮਿਲਣ ਲਈ ਆਏ ਡਾ. ਜੋਗਿੰਦਰ ਸਿੰਘ ਪੁਆਰ ਨੂੰ ਕਹੀਆਂ ਸਨ। ਡਾ. ਜੋਗਿੰਦਰ ਸਿੰਘ ਪੁਆਰ ਕਹਿਣ ਲੱਗਿਆ 'ਮੈਂ ਵਿਦਿਅਕ ਇਨਕਲਾਬ ਤਾਂ ਲਿਆਵਾਂਗਾ ਪ੍ਰੰਤੂ ਜਦੋਂ ਤੁਸੀਂ ਪੰਜਾਬ ਦੇ ਮੁੱਖ ਮੰਤਰੀ ਅਤੇ ਮੈਂ ਪੰਜਾਬੀ ਯੂਨੀਵਰਸਿਟੀ ਦਾ ਉਪ ਕੁਲਪਤੀ ਬਣਾਂਗਾ' ਸ੍ਰ. ਬੇਅੰਤ ਸਿੰਘ ਕਹਿਣ ਲੱਗੇ ਮੈਨੂੰ ਸਾਧਾਰਨ ਕਿਸਾਨ ਨੂੰ ਕਿਸ ਨੇ ਮੁੱਖ ਮੰਤਰੀ ਬਣਾਉਣੈ, ਐਵੇਂ ਖਿਆਲੀ ਪੁਲਾਓ ਨਾ ਬਣਾਓ, ''ਨਾ ਮੈਂ ਮੁੱਖ ਮੰਤਰੀ ਬਣਨਾ ਅਤੇ ਨਾ ਹੀ ਜੋਗਿੰਦਰ ਸਿਆਂ ਤੂੰ ਉਪ ਕੁਲਪਤੀ ਬਣਨੈ।''

ਡਾ. ਜੋਗਿੰਦਰ ਸਿੰਘ ਪੁਆਰ ਵਾਰ-ਵਾਰ ਕਹਿ ਰਹੇ ਸੀ ਕਿ ''ਮੇਰਾ ਮਨ ਕਹਿੰਦਾ ਇੱਕ-ਨਾ-ਇੱਕ ਦਿਨ ਤੁਸੀਂ ਮੁੱਖ ਮੰਤਰੀ ਜ਼ਰੂਰ ਬਣੋਗੇ। ਮੈਨੂੰ ਤਾਂ ਉਪ ਕੁਲਪਤੀ ਤੁਸੀਂ ਹੀ ਬਨਾਉਣਾ ਹੈ। ਮੇਰੀਆਂ ਆਸਾਂ 'ਤੇ ਪਾਣੀ ਨਾ ਫੇਰੋ, ਤੁਹਾਡੇ ਤੋਂ ਬਿਨਾ ਹੋਰ ਤਾਂ ਮੈਨੂੰ ਕਿਸੇ ਨੇ ਬਣਾਉਣਾ ਹੀ ਨਹੀਂ''। ਸ੍ਰ. ਬੇਅੰਤ ਸਿੰਘ ਕਹਿਣ ਲੱਗੇ ਚਲੋ ਛੱਡੋ ਇਨ੍ਹਾਂ ਗੱਲਾਂ ਨੂੰ ਤੁਸੀਂ ਕੰਮ ਦੱਸੋ ਕੀ ਹੈ? ਡਾ. ਜੋਗਿੰਦਰ ਸਿੰਘ ਪੁਆਰ ਕਹਿੰਦਾ ਮੈਨੂੰ ਕੋਈ ਕੰਮ ਨਹੀਂ, ਮੈਂ ਤਾਂ ਤੁਹਾਨੂੰ ਮਿਲਣ ਹੀ ਆਇਆ ਹਾਂ। ਇਸ ਤੋਂ ਪਹਿਲਾਂ ਮੈਂ ਡਾ. ਪੁਆਰ ਨੂੰ ਜਾਣਦਾ ਨਹੀਂ ਸੀ। ਮੈਂ ਉਨ੍ਹਾਂ ਦੇ ਕੋਲ ਬੈਠਾ ਸੋਚੀ ਜਾ ਰਿਹਾ ਸੀ ਕਿ ਇਹ ਬਾਬੂ ਕੌਣ ਹੋ ਸਕਦੈ, ਜਿਹੜਾ ਐਨੀ ਅਪਣੱਤ ਨਾਲ ਗੱਲਾਂ ਕਰ ਰਿਹਾ ਹੈ, ਉਦੋਂ ਡਾ।ਪੁਆਰ ਕਲੀਨ ਸ਼ੇਵਨ ਹੁੰਦੇ ਸਨ। ਫਰਵਰੀ 1992 ਵਿੱਚ ਸ੍ਰ।ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣ ਗਏ। ਥੋੜ੍ਹੇ ਦਿਨਾ ਬਾਅਦ ਸ੍ਰ।ਬੇਅੰਤ ਸਿੰਘ ਦਾ ਪੁਰਾਣਾ ਸਾਥੀ ਅਤੇ ਗਰਾਈਂ ਮਹਿੰਗਾ ਸਿੰਘ ਜਲੰਧਰ ਤੋਂ ਮੁੱਖ ਮੰਤਰੀ ਨੂੰ ਮਿਲਣ ਲਈ ਆਏ ਤਾਂ ਉਨ੍ਹਾਂ ਦੇ ਨਾਲ ਉਹੀ ਬਾਬੂ ਜਿਹੜਾ ਪਟਿਆਲਾ ਸਰਕਟ ਹਾਊਸ ਵਿੱਚ ਸ੍ਰ।ਬੇਅੰਤ ਸਿੰਘ ਨੂੰ ਮਿਲਿਆ ਸੀ ਆਇਆ। ਮੇਰੀਆਂ ਅੱਖਾਂ ਅੱਗੇ ਸਰਕਟ ਹਾਊਸ ਵਾਲਾ ਸੀਨ ਘੁੰਮਣ ਲੱਗ ਪਿਆ। ਮਹਿੰਗਾ ਸਿੰਘ ਨੇ ਕੁੱਝ ਕਾਗਜ਼ ਮੁੱਖ ਮੰਤਰੀ ਨੂੰ ਦੇ ਕੇ ਕਹਿਣ ਲੱਗਾ ਜੋਗਿੰਦਰ ਸਿੰਘ ਨੂੰ ਵੀ. ਸੀ. ਬਣਾ ਦਿਤਾ। ਸ੍ਰ. ਬੇਅੰਤ ਸਿੰਘ ਕਾਗਜ਼ ਵੇਖਣ ਲੱਗ ਪਏ, ਪ੍ਰੰਤੂ ਬੋਲੇ ਕੁਝ ਨਹੀਂ ਤੇ ਕਾਗਜ਼ ਮੈਨੂੰ ਪਕੜਾ ਦਿੱਤੇ। ਉਨ੍ਹਾਂ ਦੀ ਚੰਗੀ ਆਓ ਭਗਤ ਕੀਤੀ ਗਈ। ਜਦੋਂ ਉਹ ਦੋਵੇਂ ਚਲੇ ਗਏ ਤਾਂ ਮੈਂ ਮੁੱਖ ਮੰਤਰੀ ਨੂੰ ਕਿਹਾ ਇਹ ਤਾਂ ਉਹੀ ਬਾਬੂ ਹੈ, ਜਿਹੜਾ ਪਟਿਆਲਾ ਸਰਕਟ ਹਾਊਸ ਵਿੱਚ ਤੁਹਾਨੂੰ ਮਿਲਿਆ ਸੀ, ਜਦੋਂ ਤੁਸੀਂ ਦਰਬਾਰਾ ਸਿੰਘ ਦੀ ਸਰਕਾਰ ਵਿੱਚ ਮਾਲ ਮੰਤਰੀ ਸੀ। ਇਸ ਦੀ ਗੱਲ ਤਾਂ ਸੱਚੀ ਹੋ ਗਈ, ਬੜਾ ਦੂਰ ਅੰਦੇਸ਼ ਵਿਅਕਤੀ ਲੱਗਦਾ ਹੈ, ਤੁਸੀਂ ਮੁੱਖ ਮੰਤਰੀ ਬਣ ਗਏ। ਫਿਰ ਉਨ੍ਹਾਂ ਮੈਨੂੰ ਦੱਸਿਆ ਆਜ਼ਾਦੀ ਤੋਂ ਪਹਿਲਾਂ ਜਦੋਂ ਮੇਰੇ ਪਿਤਾ ਕੈਪਟਨ ਹਜ਼ੂਰਾ ਸਿੰਘ ਫ਼ੌਜ ਵਿੱਚ ਨੌਕਰੀ ਕਰਦੇ ਸਨ, ਅਸੀਂ ਮਿੰਟਗੁਮਰੀ ਜ਼ਿਲ੍ਹੇ ਵਿੱਚ ਕਾੜੇ ਨੇੜੇ



53-ੜ (ਵਰਤਮਾਨ ਪਾਕਿਸਤਾਨ) ਵਿੱਚ ਰਹਿੰਦੇ ਸੀ। ਇਹ ਦੋਵੇਂ ਸਾਡੇ ਪਿੰਡ ਦੇ ਹਨ। ਮਹਿੰਗਾ ਸਿੰਘ ਮੇਰਾ ਦੋਸਤ ਹੈ, ਜੋਗਿੰਦਰ ਸਿੰਘ ਛੋਟਾ ਹੈ, ਜਦੋਂ ਅਸੀਂ ਫੁੱਟਬਾਲ ਖੇਡਦੇ ਸੀ ਤਾਂ ਜੋਗਿੰਦਰ ਗਰਾਊਂਡ ਤੋਂ ਬਾਹਰੋਂ ਫੁਟਬਾਲ ਚੁੱਕ ਕੇ ਲਿਆਉਂਦਾ ਹੁੰਦਾ ਸੀ। ਇਸ ਨੂੰ ਆਪਾਂ ਉਪ ਕੁਲਪਤੀ ਬਣਾਉਣਾ ਹੈ।

ਡਾ. ਐਚ. ਕੇ. ਮਨਮੋਹਨ ਸਿੰਘ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਸਨ। ਉਨ੍ਹਾਂ ਦੀ ਉਪ ਕੁਲਪਤੀ ਦੀ ਮਿਆਦ ਖ਼ਤਮ ਹੋ ਗਈ। ਉਨ੍ਹਾਂ ਦੇ ਅਹੁਦੇ ਦੀ ਮਿਆਦ ਟਿਲ ਫਰਦਰ ਆਰਡਰ ਤੱਕ ਵਧਾ ਕੇ ਡਾ. ਜੋਗਿੰਦਰ ਸਿੰਘ ਪੁਆਰ ਨੂੰ ਪ੍ਰੋ. ਵਾਈਸ ਚਾਂਸਲਰ ਲਗਾ ਦਿੱਤਾ ਗਿਆ। ਸ੍ਰ. ਬੇਅੰਤ ਸਿੰਘ ਨੇ ਡਾ।ਪੁਆਰ ਨੂੰ ਕਿਹਾ 'ਹੁਣ ਵਿਦਿਆਰਥੀਆਂ ਦੇ ਨਾਲ ਤੇਰਾ ਇਮਤਿਹਾਨ ਵੀ ਹੈ। ਵੇਖਾਂਗੇ ਤੂੰ ਕਿਹੜਾ ਇਨਕਲਾਬ ਲਿਆਵੇਂਗਾ।' ਉਨ੍ਹਾਂ ਦਿਨਾਂ ਵਿੱਚ ਯੂਨੀਵਰਸਿਟੀ ਦੇ ਹਾਲਾਤ ਬਹੁਤ ਮਾੜੇ ਸਨ। ਵਿਦਿਆਰਥੀ ਆਪਣੇ ਡੱਬ ਵਿੱਚ ਪਸਤੌਲ ਰਖਦੇ ਸਨ ਤੇ ਇਮਤਿਹਾਨ ਸਮੇਂ ਮੇਜਾਂ 'ਤੇ ਪਸਤੌਲ ਰੱਖ ਕੇ ਨਕਲ ਮਾਰਦੇ ਸਨ। ਇਮਤਿਹਾਨ ਲੈਣ ਵਾਲੇ ਅਧਿਆਪਕ ਡਰੇ ਹੋਏ ਸਨ। ਇਮਤਿਹਾਨ ਨਾਮ ਦੇ ਹੀ ਸਨ। ਕੋਈ ਵੀ ਅਧਿਆਪਕ ਵਿਦਿਆਰਥੀਆਂ ਅੱਗੇ ਕੁਸਕਦਾ ਨਹੀਂ ਸੀ। ਯੂਨੀਵਰਸਿਟੀ ਵਿੱਚ ਡਰ ਦਾ ਵਾਤਾਵਰਨ ਸੀ। ਡਾ. ਜੋਗਿੰਦਰ ਸਿੰਘ ਪੁਆਰ ਪ੍ਰੋ।ਵਾਈਸ ਚਾਂਸਲਰ ਨੂੰ ਇਮਤਿਹਾਨ ਕਰਵਾਉਣ ਦਾ ਚਾਰਜ ਦਿੱਤਾ ਗਿਆ। ਡਾ. ਜੋਗਿੰਦਰ ਸਿੰਘ ਪੁਆਰ ਨੇ ਥੋੜ੍ਹੇ ਸਮੇਂ ਵਿੱਚ ਹੀ ਵਿਖਾ ਦਿੱਤਾ ਕਿ ਉਹ ਸਖ਼ਤ ਅਤੇ ਸਫ਼ਲ ਪ੍ਰਬੰਧਕ ਹੈ। ਇਮਤਿਹਾਨਾ ਵਿੱਚ ਨਕਲ ਨੂੰ ਨਕੇਲ ਪਾ ਦਿੱਤੀ। ਅਧਿਆਪਕਾਂ ਨੂੰ ਵੰਗਾਰ ਦਿੱਤਾ ਕਿ ਤੁਸੀਂ ਨਕਲ ਕਿਸੇ ਕੀਮਤ 'ਤੇ ਨਹੀਂ ਮਾਰਨ ਦੇਣੀ ਤੁਹਾਡੀ ਹਿਫ਼ਾਜ਼ਤ ਦਾ ਮੈਂ ਜ਼ਿੰਮੇਵਾਰ ਹੋਵਾਂਗਾ। ਅਧਿਆਪਕ ਅਤੇ ਵਿਦਿਆਰਥੀ ਯੂਨੀਵਰਸਿਟੀ ਆਉਂਦੇ ਹੀ ਨਹੀਂ ਸਨ, ਜਿਹੜੇ ਆਉਂਦੇ ਸੀ ਦੁਪਹਿਰ ਨੂੰ ਘਰ ਚਲੇ ਜਾਂਦੇ ਸਨ। ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਜ਼ਰੂਰੀ ਕਰ ਦਿੱਤੀ। ਸਵੇਰੇ ਯੂਨੀਵਰਸਿਟੀ ਦੇ ਗੇਟ ਬੰਦ ਕਰ ਦਿੰਦੇ ਸਨ ਤੇ ਸ਼ਾਮ ਨੂੰ ਪੰਜ ਵਜੇ ਖੋਲ੍ਹਦੇ ਸਨ। ਰਾਜਪਾਲ ਸੁਰਿੰਦਰ ਨਾਥ ਦੀ ਇਕ ਹਵਾਈ ਹਾਦਸੇ ਵਿੱਚ ਮੌਤ ਹੋ ਗਈ। ਉਸ ਤੋਂ ਬਾਅਦ ਡਾ. ਜੋਗਿੰਦਰ ਸਿੰਘ ਪੁਆਰ ਨੂੰ ਉਪ ਕੁਲਪਤੀ ਬਣਾ ਦਿੱਤਾ ਗਿਆ। ਉਪ ਕੁਲਪਤੀ ਬਣਦਿਆਂ ਹੀ ਡਾ।ਪੁਆਰ ਦੇ ਤੇਵਰ ਬਦਲ ਗਏ। ਉਸ ਦੇ ਦੋਸਤ ਵੀ ਨਰਾਜ਼ ਹੋ ਗਏ। ਯੂਨੀਵਰਸਿਟੀ ਦੇ ਅਧਿਆਪਕਾਂ ਦੀ ਧੜੇਬੰਦੀ ਬਹੁਤ ਸੀ। ਅਧਿਆਪਕਾਂ ਦੇ ਕਈ ਧੜੇ ਸਨ। ਖੱਬੇ ਪੱਖੀ ਅਧਿਆਪਕ ਉਸ ਨੂੰ ਆਪਣਾ ਹੀ ਸਮਝਦੇ ਸਨ। ਉਹ ਆਪਣੀ ਮਰਜੀ ਨਾਲ ਚਲਾਉਣਾ ਚਾਹੁੰਦੇ ਸਨ। ਪ੍ਰੰਤੂ ਹੁਣ ਡਾ. ਪੁਆਰ ਇੱਕ ਧੜੇ ਨਾਲ ਚਲ ਨਹੀਂ ਸਕਦੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਦਾ ਧੜਾ ਵੀ ਦੋ ਗਰੁਪਾਂ ਵਿੱਚ ਵੰਡਿਆ ਗਿਆ। ਡਾ. ਪੁਆਰ ਨੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ 'ਤੇ ਸਿਕੰਜਾ ਕਸ ਦਿੱਤਾ। ਪ੍ਰੋਫ਼ੈਸਰ ਡਾ।ਪੁਆਰ ਨੂੰ ਥਾਣੇਦਾਰ ਕਹਿਣ ਲੱਗ ਪਏ ਪ੍ਰੰਤੂ ਥਾਣੇਦਾਰ ਨੇ ਯੂਨੀਵਰਸਿਟੀ ਲੀਹ 'ਤੇ ਪਾ ਦਿੱਤੀ। ਜਿਥੇ ਡਾ।ਪੁਆਰ ਵਿਦਿਅਕ ਮਾਹਿਰ ਪ੍ਰਸਿੱਧ ਭਾਸ਼ਾ ਵਿਗਿਆਨੀ ਸਨ, ਉਥੇ ਹੀ ਪ੍ਰਬੰਧਕ ਵੀ ਕਮਾਲ ਦੇ ਸਨ। ਡੰਡੇ ਦੇ ਜ਼ੋਰ ਨਾਲ ਅਨੁਸ਼ਾਸ਼ਨ ਬਣਾ ਕੇ ਰੱਖਦੇ ਸਨ। ਅਧਿਆਪਕਾਂ ਦੀਆਂ ਪ੍ਰਾਗਰੈਸ ਰਿਪੋਰਟਾਂ ਲੈਣ ਲੱਗ ਪਏ।

ਡਾ. ਜੋਗਿੰਦਰ ਸਿੰਘ ਪੁਆਰ ਦੇ ਉਪ ਕੁਲਪਤੀ ਬਣਨ ਦੀ ਵੀ ਅਜ਼ੀਬ ਕਹਾਣੀ ਹੈ। ਜਦੋਂ ਜੋਗਿੰਦਰ ਸਿੰਘ ਪੁਆਰ ਦੀ ਉਪ ਕੁਲਪਤੀ ਬਣਾਉਣ ਦੀ ਫਾਈਲ ਰਾਜਪਾਲ ਨੂੰ ਭੇਜੀ ਤਾਂ ਉਦੋਂ ਰਾਜਪਾਲ ਸੁਰਿੰਦਰ ਨਾਥ ਕਹਿਣ ਲੱਗੇ ਪੁਆਰ ਤਾਂ ਬਹੁਤੇ ਪ੍ਰੋਫ਼ੈਸਰਾਂ ਤੋਂ ਜੂਨੀਅਰ ਹੈ, ਤਿੰਨ ਪ੍ਰੋਫ਼ੈਸਰਾਂ ਦਾ ਪੈਨਲ ਭੇਜੋ। ਅਸਲ ਵਿੱਚ ਉਹ ਡਾ।ਜਸਵੀਰ ਸਿੰਘ ਆਹਲੂਵਾਲੀਆ ਨੂੰ ਉਪ ਕੁਲਪਤੀ ਬਣਾਉਣਾ ਚਾਹੁੰਦੇ ਸਨ ਕਿਉਂਕਿ ਆਹਲੂਵਾਲੀਆ ਰਾਜ ਭਵਨ ਵਿੱਚ ਜਾਇੰਟ ਸਕੱਤਰ ਸਨ। ਰਾਜਪਾਲ ਪੈਨਲ ਵਿੱਚੋਂ ਕਿਸੇ ਇੱਕ ਨੂੰ ਉਪ ਕੁਲਪਤੀ ਬਣਾ ਸਕਦੇ ਸਨ। ਡਾ. ਪੁਆਰ ਨੂੰ ਪ੍ਰੋ. ਵਾਈਸ ਚਾਂਸਲਰ ਬਣਨ ਲਈ ਕਿਹਾ ਗਿਆ ਪ੍ਰੰਤੂ ਉਹ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ, ਕਹੇ ਮੈਂ ਤਾਂ ਜੇ ਬਣਨਾ ਤਾਂ ਉਪ ਕੁਲਪਤੀ ਹੀ ਬਣਨਾ ਹੈ। ਮੁੱਖ ਮੰਤਰੀ ਮੈਨੂੰ ਕਹਿਣ ਲੱਗੇ ਜੋਗਿੰਦਰ ਸਿੰਘ ਨੂੰ ਮਨਾਓ ਕਿ ਉਸ ਨੂੰ ਪ੍ਰੋ. ਵਾਈਸ ਚਾਂਸਲਰ ਬਣਾ ਦਿੰਦੇ ਹਾਂ, ਥੋੜ੍ਹੀ ਦੇਰ ਬਾਅਦ ਜਦੋਂ ਉਸ ਦੀ ਸੀਨੀਅਰਿਟੀ ਬਣ ਜਾਵੇਗੀ ਫਿਰ ਉਪ ਕੁਲਪਤੀ ਬਣਾ ਦੇਵਾਂਗੇ। ਇਸ ਦੇ ਨਾਲ ਹੀ ਉਸ ਨੂੰ ਕਹੋ ਕਿ ਉਹ ਦਸਤਾਰ ਸਜਾਉਣ ਲੱਗ ਜਾਵੇ। ਡਾ।ਪੁਆਰ ਨੂੰ ਬੜਾ ਔਖਾ ਮਨਾਇਆ। ਡਾ. ਜੋਗਿੰਦਰ ਸਿੰਘ ਪੁਆਰ ਦਾ ਪਰਿਵਾਰ ਦੇਸ਼ ਦੀ ਵੰਡ ਸਮੇਂ ਜਲੰਧਰ ਕੋਲ ਲੱਧੇਵਾਲੀ ਪਿੰਡ ਆ ਕੇ ਵਸ ਗਿਆ। ਪੁਆਰ ਨੇ ਸਕੂਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕੀਤੀ ਅਤੇ ਉਚ ਪੜ੍ਹਾਈ ਲਈ ਬਰਤਾਨੀਆਂ ਚਲਾ ਗਿਆ। ਉਥੇ ਬਹੁਤ ਮਿਹਨਤ ਕੀਤੀ, ਭੱਠੇ 'ਤੇ ਮਜ਼ਦੂਰੀ ਕਰਦਾ ਰਿਹਾ ਅਤੇ ਨਾਲ ਹੀ ਪੜ੍ਹਦਾ ਰਿਹਾ। ਬਰਤਾਨੀਆਂ ਤੋਂ ਆਪਣੀ ਵਿਰਾਸਤ ਦਾ ਹੇਜ ਉਸ ਨੂੰ ਮੁੜ ਪੰਜਾਬ ਲੈ ਆਇਆ। ਇਥੇ ਆ ਕੇ ਪੀ. ਐਚ. ਡੀ. ਭਾਸ਼ਾ ਵਿਗਿਆਨ ਵਿੱਚ ਕੀਤੀ ਅਤੇ 1972 ਵਿੱਚ ਪੰਜਾਬੀ ਯੂਨੀਵਰਸਿਟੀ ਵਿੱਚ ਲੈਕਚਰਾਰ ਲੱਗ ਗਿਆ ਤੇ ਫਿਰ ਰੀਡਰ ਬਣ ਗਿਆ। 1986 ਵਿੱਚ ਪ੍ਰੋਫ਼ੈਸਰ ਬਣਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਚਲਾ ਗਿਆ। 1993 ਵਿੱਚ ਵਾਈਸ ਚਾਂਸਲਰ ਬਣਕੇ ਪੰਜਾਬੀ ਯੂਨੀਵਰਸਿਟੀ ਵਿੱਚ ਆ ਗਿਆ। 1996 ਵਿੱਚ ਉਸ ਦੇ ਅਹੁਦੇ ਦੀ ਮਿਆਦ ਖ਼ਤਮ ਹੋ ਗਈ। ਸ੍ਰ।ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣ ਗਏ।

ਹਰਕਿਸ਼ਨ ਸਿੰਘ ਸੁਰਜੀਤ ਨੇ ਉਨ੍ਹਾਂ ਨੂੰ ਐਕਟੈਨਸ਼ਨ ਦੇਣ ਲਈ ਸਿਫਾਰਸ਼ ਕੀਤੀ। ਹਰਚਰਨ ਸਿੰਘ ਬਰਾੜ ਨੇ ਫਾਈਲ 'ਤੇ ਇਕ ਸਾਲ ਦੀ ਐਕਸਟੈਨਸ਼ਨ ਦੇ ਦਿੱਤੀ ਪ੍ਰੰਤੂ ਡਾ।ਪੁਆਰ ਨੇ ਇਕ ਸਾਲ ਦੀ ਐਕਸਟੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ। ਫਿਰ ਦੁਬਾਰਾ ਫਾਈਲ ਮੁੱਖ ਮੰਤਰੀ ਨੇ ਮੰਗਵਾ ਕੇ ਐਕਸਟੈਨਸ਼ਨ ਦਿੱਤੀ। ਉਹ 1999 ਤੱਕ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਰਹੇ। ਡਾ. ਜੋਗਿੰਦਰ ਸਿੰਘ ਪੁਆਰ ਦਲੇਰ, ਮਿਹਨਤੀ, ਦ੍ਰਿੜ੍ਹ ਇਰਾਦੇ ਵਾਲੇ ਜਿੱਦੀ ਕਿਸਮ ਦੇ ਇਨਸਾਨ ਸਨ।

ਉਹ ਜੋ ਫ਼ੈਸਲਾ ਕਰ ਲੈਂਦੇ ਕਦੇ ਵੀ ਪਿੱਛੇ ਨਹੀਂ ਹੱਟਦੇ ਸਨ, ਭਾਵੇਂ ਉਸ ਦੇ ਦੋਸਤ ਮਿੱਤਰ ਵੀ ਨਰਾਜ਼ ਹੋ ਜਾਣ। ਫਿਰ ਵੀ ਉਹ ਯਾਰਾਂ ਦੇ ਯਾਰ ਸਨ। ਉਪ ਕੁਲਪਤੀ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਉਹ ਰੋਜ਼ਾਨਾ ਦੇਸ਼ ਸੇਵਕ ਅਖ਼ਬਾਰ ਚੰਡੀਗੜ੍ਹ ਦੇ ਸੰਪਾਦਕ ਰਹੇ। ਉਨ੍ਹਾਂ ਦਾ ਜਨਮ 12 ਨਵੰਬਰ 1934 ਨੂੰ ਹੋਇਆ। ਡਾ. ਜੋਗਿੰਦਰ ਸਿੰਘ ਪੁਆਰ 87 ਸਾਲ ਦੀ ਉਮਰ ਵਿੱਚ 14 ਅਕਤੂਬਰ 2020 ਨੂੰ ਸਵਰਗ ਸਿਧਾਰ ਗਏ। ਉਨ੍ਹਾਂ ਦੀ ਪਤਨੀ ਡਾ।ਰਤਨੇਸ਼ ਪੁਆਰ ਅਤੇ ਲੜਕੀ ਮਨਿੰਦਰ ਪੁਆਰ ਪਿੰਡ ਲੱਧੇਵਾਲੀ ਜਲੰਧਰ ਰਹਿ ਰਹੇ ਹਨ।

# ਪ੍ਰੋਸੀ ਥਾ.ਲੀ ਨਾ.ਲ ਰੱਖਿਆ ਸੋਟਾ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਘਰੇ ਆਇਆ ਇਕ ਸੱਗਾ-ਰੱਤਾ ਪ੍ਰਾਹੁਣਾ। ਉਹਦੇ ਵਾਸਤੇ ਦਾ.ਲ-ਸਬਜੀ, ਫੁਲਕੇ ਅਤੇ ਮਿੱਠੇ ਚੌ.ਲਾਂ ਨਾ.ਲ ਪ੍ਰੋਸੀ ਗਈ ਥਾ.ਲੀ ਪਰ ਨਾ.ਲ ਰੱਖ ਦਿੱਤਾ ਗਿਆ ਇਕ ਸੋਟਾ !ਸੋਟਾ ਦੇਖ ਕੇ ਪ੍ਰਾਹੁਣਾ ਸੋਚਣ ਲੱਗਾ ਕਿ ਹੋਵੇ ਨਾ ਤਾਂ ਖਾਣਾ ਖਾਣ ਮਗਰੋਂ ਇਹ ਮੇਰੀ ਭੁਗਤ ਸਵਾਰਨ ਗੇ! ਉਸਨੇ ਜਕਦੇ ਜਕਦੇ ਨੇ ਘਰਦਿਆਂ ਨੂੰ ਪੁੱਛਿਆ ਕਿ ਥਾ.ਲੀ ਨਾ.ਲ ਰੱਖੇ ਸੋਟੇ ਦਾ ਕੀ ਕੰਮ ? ਘਰ ਵਾ.ਲੇ ਕਹਿੰਦੇ ਜੀ ਇਹ ਸਾਡੇ ਰਵਾਇਤ ਹੈ ਕਿ ਅਸੀਂ ਪ੍ਰਾਹੁਣੇ ਨੂੰ ਪ੍ਰਸ਼ਾਦਾ ਛਕਾਉਣ ਵੇ.ਲੇ ਸੋਟਾ ਰੱਖ ਦਈ ਦਾ ਐ! ਪ੍ਰਾਹੁਣਾ ਕਹਿੰਦਾ ਜੀ ਮੈਂ ਤਾਂ ?ਨੀ ਦੇਰ ਖਾਣੇ ਨੂੰ ਹੱਥ ਨਹੀਂ ਲਾਵਾਂ ਗਾ ਜਦ ਤੱਕ ਮੈਨੂੰ ਇਹ ਸੋਟਾ ਰੱਖਣ ਦੇ ਮਕਸਦ ਦਾ ਨੀ ਪਤਾ ਲਗਦਾ!

ਪਤਾ ਵਿਚਾਰੇ ਘਰ ਦਿਆਂ ਨੂੰ ਵੀ ਨਹੀਂ ਸੀ, ਉਨ੍ਹਾਂ ਵੀ ਘਰ ਵਿਚ ਚਲੀ ਆ ਰਹੀ ਰਵਾਇਤ ਦੀ ਹੀ ਪਾਲਣਾ ਕੀਤੀ ਸੀ।ਪ੍ਰਾਹੁਣੇ ਦਾ ਸਵਾਲ ਸੁਣਕੇ ਸ਼ਸ਼ੋ-ਪੰਜ 'ਚ ਪਏ ਘਰ ਵਾ.ਲਿਆਂ ਨੇ ਗ.ਲੀ ਗੁਆਂਢ 'ਚੋਂ ਇਕ ਬਜ਼ੁਰਗ ਨੂੰ ਘਰੇ ਸੱਦ ਕੇ ਥਾ.ਲੀ ਨਾ.ਲ ਰੱਖੇ ਜਾਂਦੇ ਸੋਟੇ ਦਾ ਮਕਸਦ ਪੁੱਛਿਆ। ਉਹ ਕਹਿੰਦਾ ਭਰਾਵੋ ਥਾ.ਲੀ ਨਾ.ਲ ਸੋਟਾ ਏਡਾ ਵੱਡਾ ਥੋੜ੍ਹੀ ਰੱਖੀ ਦਾ? ਗਿੱਠ ਦੋ ਗਿੱਠ ਦੀ ਛਿਟੀ ਰੱਖਦੇ ਹੁੰਦੇ ਸੀ ਸਾਡੇ ਵਡਾਰੂ ਤਾਂ!

ਪ੍ਰਾਹੁਣਾ ਫਿਰ ਅੜ ਗਿਆ,ਅਖੇ ਗਿੱਠ ਦੋ ਗਿੱਠ ਦੀ ਛਿਟੀ ਦਾ ਵੀ ਕੀ ਮਤਲਬ ਹੋਇਆ ਭਲਾ? ਆਖਰ ਉਹ ਪ੍ਰਾਹੁਣੇ ਦੇ ਕਿਹੜੇ ਕੰਮ ਲਈ ਰੱਖਣੀ ਜਰੂਰੀ ਹੈ? ਘਰ ਵਾ.ਲੇ ਵਿਚਾਰੇ ਪਿੰਡ ਦੀਆਂ ਇਕ ਦੋ ਬਜ਼ੁਰਗ ਮਾਈਆਂ ਨੂੰ ਪੁੱਛਣ ਗਏ। ਉਨ੍ਹਾਂ ਨੇ ਪ੍ਰਾਹੁਣੇ ਨੂੰ ਹੀ ਕੋਸਿਆ ! ਅਖੇ ਸਾਡੇ ਤਾਂ ਭਾਈ ਸੋਟੀ ਨਾ.ਲ ਰੱਖੀ ਦੀ ਐ.... ਪ੍ਰਾਹੁਣੇ ਚੁੱਪ ਕਰਕੇ ਭੋਜਨ ਛਕ ਲੈਂਦੇ ਆ! ਕੋਈ ਨੀ ਪੁੱਛਦਾ ਹੁੰਦਾ !!ਤੁਹਾਡੇ ਕਿਹੜਾ ਇਹ 'ਅਨੋਖਾ ਮਿਹਮਾਨ' ਆ ਗਿਆ ਐ ਜੋ ਇਹਦਾ ਮਤਲਬ ਪੁੱਛਣ ਲੱਗ ਪਿਆ?

ਸੋਟੇ ਦਾ ਬਿਨਾਂ ਮਤਲਬ ਜਾਣੇ ਰੋਟੀ ਨਾ ਖਾਣ ਵਾ.ਲੀ ਪ੍ਰਾਹੁਣੇ ਦੀ ਜ਼ਿਦ ਕਾਰਨ ਘਰ ਵਾ.ਲੇ ਪਿੰਡ ਦੇ ਇਕ ਬਿਰਧ ਬਾਪੂ ਨੂੰ ਸੱਦ ਲਿਆਏ ਜੋ ਪਿੰਡ ਵਿਚ ਸਭ ਤੋਂ ਵੱਡੀ ਉਮਰ ਦਾ ਸੀ ਅਤੇ ਪੜ੍ਹੇ-ਲਿਖੇ ਸਿਆਣੇ ਵਜੋਂ ਜਾਣਿਆਂ ਜਾਂਦਾ ਸੀ। ਉਹ ਆਉਂਦਿਆਂ ਹੀ ਥਾ.ਲੀ ਲਾਗੇ ਰੱਖੇ ਹੋਏ ਸੋਟੇ ਵੱਲ੍ਹ ਦੇਖ ਕੇ ਹੱਸਿਆ-

"ਉਏ ਕਮ.ਲਿਉ, ਥਾ.ਲੀ ਨਾ.ਲ ਨਾ ਸੋਟਾ, ਨਾ ਦੋ ਗਿੱਠ ਦੀ ਛਿਟੀ ਰੱਖੀ ਦੀ ਐ, ਸਗੋਂ ਪ੍ਰਾਹੁਣੇ ਨੂੰ ਮਾਣ-ਸਤਿਕਾਰ ਵਾ.ਲੀ ਵਿਸ਼ੇਸ਼ਤਾ ਦੇਣ ਸਦਕਾ ਥਾ.ਲੀ ਵਿਚ ਇਕ ਨੁਕੀਲਾ ਜਿਹਾ ਡੱਕਾ ਰੱਖਣ ਦਾ ਰਿਵਾਜ ਹੁੰਦਾ ਸੀ ਜਿਹਨੂੰ ਸਾਡੇ ਵਡਾਰੂ 'ਛਿੰਗ' ਕਹਿੰਦੇ ਹੁੰਦੇ ਸਨ! ਜਿਹਦੇ ਨਾ.ਲ ਰੋਟੀ-ਪਾਣੀ ਛਕਣ ਤੋਂ ਬਾਅਦ ਪ੍ਰਾਹੁਣਾ ਆਪਣੇ ਦੰਦ ਦਾੜ੍ਹਾਂ ਕ੍ਰੋਲ ਕੇ ਹੱਥ-ਮੂੰਹ ਸਾਫ ਕਰ ਲੈਂਦਾ ਹੁੰਦਾ ਸੀ !ਸੀਨਾ-ਬ-ਸੀਨਾ ਚਲਦੀ ਆਈ ਛਿੰਗ, ਬੇਸਮਝੀ ਕਾਰਨ ਵਧਦੀ ਵਧਦੀ ਗਿੱਠ ਦੋ ਗਿੱਠ ਲੰਬੀ ਹੁੰਦੀ ਹੁੰਦੀ ਹੁਣ ਸੋਟੀ ਬਣ ਗਈ ਐ !"

ਲਓ ਜੀ ਇਕ ਪਾਕਿਸਤਾਨੀ ਪੰਜਾਬੀ ਵਲੋਂ ਬਣਾਈ 'ਰੀਲ੍ਹ' ਤੋਂ ਸੁਣੀ ਕਹਾਣੀ ਤਾਂ ਇੱਥੇ ਗਈ ਜੇ ਮੁੱਕ, ਹੁਣ 'ਛਿੰਗ' ਬਾਰੇ ਥੋੜ੍ਹੀ ਜਿਹੀ ਚਰਚਾ ਹੋਰ-ਪਹਿਲੀ ਗੱਲ ਇਹ ਕਿ ਸਰਗੋਧਾ (ਪਾਕਿਸਤਾਨ) ਤੋਂ ਵਿਆਹੀ ਆਈ ਹੋਈ ਸਾਡੀ ਬੀਬੀ ਘਰੇ ਆਏ ਨਾਨਾ ਜੀ ਜਾਂ ਹੋਰ ਪ੍ਰਾਹੁਣਿਆਂ ਨੂੰ ਜਲ-ਪਾਣੀ ਛਕਾਉਣ ਵੇਲੇ ਅਕਸਰ 'ਛਿੰਗ' ਰੱਖਿਆ ਕਰਦੀ ਸੀ। ਪੁਰਾਤਨ ਸਮਿਆਂ ਵਿਚ ਹੋ ਸਕਦਾ ਹੈ ਇਹ ਬਹੁਤ ਪ੍ਰਚੱਲਤ ਹੁੰਦੀ ਹੋਵੇ! ਕਿਉਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਦਾ ਜ਼ਿਕਰ ਆਇਆ ਹੈ-

'ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ
ਆਪੇ ਹੀ ਬਹਿ ਖਾਵੈ॥
ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ॥'
(ਬਿਹਾਗੜਾ-ਵਾਰ ਮਹਲਾ ੪,ਅੰਗ ੫੫੧)

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਵੀ ਮਹਾਨ ਕੋਸ਼ ਵਿਚ 'ਛਿੰਗ' ਦਾ ਅਰਥ ਦੱਸਿਆ ਹੈ-'ਧਾਤ ਦੀ ਪਤਲੀ ਸੂਈ ਅਥਵਾ ਨੋਕਦਾਰ ਪਤਲਾ ਡੱਕਾ,ਜਿਸ ਨਾ.ਲ ਦੰਦਾਂ ਵਿਚ ਫਸਿਆ ਅੰਨ ਆਦਿ ਕੱਢੀ ਦਾ ਹੈ।'

# ਪ੍ਰੋ. ਜੀ.ਐਨ. ਸਾਈ ਬਾਬਾ ਦੇ ਵਿਛੋੜੇ 'ਤੇ ਇਨਕਲਾਬੀ ਕੇਂਦਰ, ਪੰਜਾਬ ਵੱਲੋਂ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, (ਦਲਜੀਤ ਕੌਰ ) ਸਿਆਸੀ ਚਿੰਤਕ, ਲੇਖਕ, ਜਮਹੂਰੀ ਕਾਰਕੁੰਨ, ਦੱਬੇ-ਕੁਚੱਲੇ ਲੋਕਾਂ ਨੂੰ ਹਰ ਵੰਨਗੀ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਕੇ ਨਵਾਂ, ਲੋਕਪੱਖੀ, ਬਰਾਬਰਤਾ ਵਾਲਾ ਪ੍ਰਬੰਧ ਦੀ ਸਿਰਜਣਾ ਲਈ ਜੂਝਣ ਵਾਲੇ ਪ੍ਰੋ। ਜੀ।ਐਨ। ਸਾਈ ਬਾਬਾ ਦੇ ਦਰਦਨਾਕ ਸਦੀਵੀ ਵਿਛੋੜੇ 'ਤੇ ਇਨਕਲਾਬੀ ਕੇਂਦਰ, ਪੰਜਾਬ ਨੇ ਉਨ੍ਹਾਂ ਦੇ ਪਰਿਵਾਰ, ਸਾਕ-ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ ਦੁੱਖ਼ 'ਚ ਸ਼ਰੀਕ ਹੁੰਦਿਆਂ ਉਹਨਾਂ ਦੀ ਮੌਤ ਨੂੰ 'ਸੰਸਥਾਗਤ ਢਾਂਚੇ ਵੱਲੋਂ ਕੀਤੇ ਗਏ ਕਤਲ' ਦਾ ਨਾਂਅ ਦਿੱਤਾ ਹੈ। ਇਨਕਲਾਬੀ ਕੇਂਦਰ, ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਜਾਰੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਲੰਮਾ ਅਰਸਾ ਮੌਤ ਦੀ ਗੋਦ ਵਿੱਚ ਜਕੜਨ ਵਰਗੀਆਂ ਸ਼ਰਮਨਾਕ ਹਾਲਤਾਂ ਵਿੱਚ ਜੇਲ੍ਹ ਅੰਦਰ ਤਿ.ਲ ਤਿ.ਲ ਕਰਕੇ ਮੌਤ ਮੂੰਹ ਧੱਕਣ ਬਾਰੇ ਜੇਲ੍ਹ ਤੋਂ ਬਾਹਰ ਆ ਕੇ ਦਿੱਤੇ ਹਲਫ਼ੀਆ ਬਿਆਨ ਵਿੱਚ ਸਾਈ ਬਾਬਾ ਨੇ ਕਿਹਾ ਸੀ ਕਿ,"ਨਾਗਪੁਰ ਜੇਲ੍ਹ 'ਚੋਂ ਬਾਹਰ ਆਇਆ ਮੇਰਾ ਹੱਡੀਆਂ ਦੀ ਮੁੱਠ ਬਣਿਆਂ ਸਰੀਰ ਹੀ ਦਿਖਾਈ ਦਿੰਦਾ ਹੈ, ਅਣਮਨੁੱਖੀ ਹਾਲਤਾਂ, ਸਰੀਰਕ ਅਤੇ ਮਾਨਸਿਕ ਤਸ਼ੱਦਦ ਸਦਕਾ ਮੇਰੇ ਕਈ ਅੰਗ ਤਕਰੀਬਨ ਖ਼ਤਮ ਹੋ ਚੁੱਕੇ ਹਨ।" ਆਗੂਆਂ ਨੇ ਦੋਸ਼ ਲਾਇਆ ਹੈ ਕਿ ਜੇਲ੍ਹ ਦੇ ਮਾਨਵ ਵਿਰੋਧੀ ਹਾਲਾਤ, ਯੂ.ਏ.ਪੀ.ਏ. ਵਰਗੇ ਕਾ.ਲੇ ਕਾਨੂੰਨ ਪ੍ਰੋ. ਸਾਈ ਬਾਬਾ ਨੂੰ ਸਾਡੇ ਕੋਲੋਂ ਖੋਹਣ ਦੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਸਮਾਜਕ ਅਤੇ ਜਮਹੂਰੀ ਲਹਿਰ ਦੀ ਬੁਲੰਦ ਆਵਾਜ਼ ਫਾਦਰ ਸਟੈਨ ਸੁਆਮੀ ਅਤੇ ਭਰ ਜੁਆਨ ਆਦਿਵਾਸੀ ਕਾਰਕੁੰਨ ਪਾਂਡੂ ਨਰੋਟੇ ਵੀ ਨੂੰ ਵੀ ਇਸੇ ਤਰਜ਼ 'ਤੇ ਜੇਲ੍ਹ ਦੀਆਂ ਕਾਲ ਕੋਠੜੀਆਂ ਅੰਦਰ ਡੱਕ ਕੇ ਮੌਤ ਦੇ ਮੂੰਹ ਧੱਕ ਦਿੱਤਾ। ਯਾਦ ਰਹੇ ਕਿ ਪ੍ਰੋ ਜੀ ਐਨ ਸਾਈਬਾਬਾ ਸ਼ੁਰੂ ਤੋਂ ਹੀ ਅਧਰੰਗ ਦੇ ਮਰੀਜ਼ ਤੇ ਸਰੀਰ ਪੱਖੋਂ 90% ਅਸਮਰਥ ਸਨ। ਇਸ ਕਾਰਨ ਉਹ ਵੀਲ੍ਹਚੇਅਰ ਦੀ ਵਰਤੋਂ ਕਰਦੇ ਸਨ। ਮਾ ਵਾਦੀਆਂ ਨਾਲ ਸੰਬੰਧਾਂ ਦੇ ਇਲਜ਼ਾਮ ਵਿੱਚ ਓਫਓ ਅਧੀਨ 2014 ਵਿੱਚ ਗ੍ਰਿਫ਼ਤਾਰ ਕੀਤੇ ਗਏ। ਅਦਾਲਤ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। 8 ਸਾਲ ਬਾਅਦ ਬੰਬੇ ਹਾਈ ਕੋਰਟ ਨੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਪਰ 24 ਘੰਟਿਆਂ ਦੇ ਅੰਦਰ ਹੀ ਸੁਪਰੀਮ ਕੋਰਟ ਨੇ ਫੈਸਲਾ ਉਲਟ ਦਿੱਤਾ। ਆਖਰ ਇਸ ਸਾਲ ਮਾਰਚ ਵਿੱਚ ਬੰਬੇ ਹਾਈ ਕੋਰਟ ਨੇ ਉਨ੍ਹਾਂ ਨੂੰ ਰਿਹਾਅ ਕੀਤਾ ਸੀ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਮੁਖਤਿਆਰ ਪੂਹਲਾ, ਜਸਵੰਤ ਜੀਰਖ ਅਤੇ ਜਗਜੀਤ ਲਹਿਰਾ ਮੁਹੱਬਤ ਨੇ ਕਿਹਾ ਕਿ ਕਾ.ਲੇ ਕਾਨੂੰਨਾਂ ਦਾ ਮੱਕੜ ਜਾਲ ਵਿਛਾਇਆ ਜਾ ਰਿਹਾ ਹੈ, ਜਿਵੇਂ ਜੇਲ੍ਹਾਂ ਅੰਦਰ ਸਿਆਸੀ, ਜਮਹੂਰੀ, ਸਮਾਜਕ ਖੇਤਰ ਦੇ ਬੁੱਧੀਜੀਵੀਆਂ ਨਾਲ ਜਾਨ ਲੇਵਾ ਵਰਤਾਅ ਕੀਤਾ ਜਾ ਰਿਹਾ ਹੈ, ਭਵਿੱਖ਼ ਵਿੱਚ ਸਾਈ ਬਾਬਾ ਦੇ ਵਿਛੋੜੇ ਵਰਗੀਆਂ ਹੋਰ ਵੀ ਦੁਖ਼ਦਾਈ ਖ਼ਬਰਾਂ ਸੁਣਨ ਨੂੰ ਮਿਲਣ, ਇਨਕਲਾਬੀ ਜਮਹੂਰੀ ਸ਼ਕਤੀਆਂ ਨੂੰ ਹੁਣੇ ਤੋਂ ਹੀ ਸੁਚੇਤ ਸੰਘਰਸ਼ਾਂ ਦਾ ਸੂਹਾ ਪਰਚਮ ਬੁਲੰਦ ਕਰਨ ਲਈ ਅੱਗੇ ਆਉਣਾ ਹੋਵੇਗਾ।

### ਵਿਸ਼ਵ ਮਾਨਸਿਕ ਦਿਵਸ ਤੇ ਵਿਸ਼ੇਸ

# ਮਾਨਸਿਕ ਸਿਹਤਮੰਦ ਦੀ ਜਰੂਰਤ ਸਰੀਰਕ ਤੰਦਰੁਸਤੀ ਨਾਲੋਂ ਜਰੂਰੀ



ਡਾ. ਸੰਦੀਪ ਘੰਡ
94782-31000

ਸਰੀਰਕ ਤੰਦਰੁਸਤੀ ਨਾਲੋਂ ਮਾਨਿਸਕ ਤੰਦਰੁਸਤੀ ਦੀ ਜਿਆਦਾ ਜਰੂਰਤ ਹੈ ਸਰੀਰਕ ਤੰਦਰੁਸਤ ਵਿਅਕਤੀ ਜੇ ਮਾਨਸਿਕ ਤੋਰ ਤੇ ਸਿਹਤਮੰਦ ਨਹੀ ਤਾਂ ਉਹ ਹਰ ਸਮੇਂ ਸਰੀਰਕ ਤੋਰ ਤੇ ਵੀ ਤਕਲੀਫ ਮਹਿਸੂਸ ਕਰਦਾ। ਸਰੀਰਕ ਬਿਮਾਰੀ ਵਿਅਕਤੀ ਨੂੰ ਦਿਖਾਈ ਵੀ ਦਿੰਦੀ ਹੈ ਇਸ ਤੋਂ ਇਲਾਵਾ ਮੈਡੀਕਲ ਸਾਇੰਸ ਵਿੱਚ ਅਜਿਹੇ ਬਹੁਤ ਟੈਸਟ ਹਨ ਜਿੰਨਾਂ ਰਾਂਹੀ ਅਸੀ ਦੇਖ ਸਕਦੇ ਹਾਂ ਕਿ ਸਾਡੇ ਸਰੀਰ ਦੇ ਵਿੱਚ ਕੀ ਨੁਕਸ ਹੈ।ਪਰ ਮਨਾਸਿਕ ਜਾਂ ਮਨ ਸਿਹਤੰਦ ਨਾ ਹੋਵੇ ਤਾਂ ਵਿਅਕਤੀ ਆਪਣੇ ਆਪ ਨੂੰ ਲਚਾਰ ਸਮਝਦਾ।

ਮਾਨਿਸਕ ਸਿਹਤਮੰਦ ਲਈ ਪਿੱਛਲੇ 10 ਸਾਲਾਂ ਤੋਂ ਸਮਾਜਿਕ ਸਗੰਠਨਾਂ ਅਤੇ ਸਰਕਾਰ ਨੇ ਨਿਰੰਤਰ ਯਤਨ ਕੀਤੇ ਹਨ ਜਿਸ ਨਾਲ ਕੁਝ ਹੱਦ ਤੱਕ ਕੁਝ ਟੈਸਟ ਕਰਕੇ ਵੀ ਮਰੀਜ ਦੀ ਮਾਨਿਸਕ ਸਿਹਤ ਬਾਰੇ ਪਤਾ ਲਗਾਇਆ ਜਾ ਸਕਦਾ ਹੈ। ਪਹਿਲਾਂ ਮਾਨਸਿਕ ਸਿਹਤ ਜਾਂ ਮਾਨਸਿਕ ਰੋਗੀ ਨੂੰ ਪਾਗਲ ਕਹਿ ਕੇ ਉਸ ਨੂੰ ਧਿਰਕਾਰਿਆ ਜਾਦਾਂ ਸੀ ਉਸ ਦੇ ਹਿੰਸਕ ਹੋਣ ਦੇ ਡਰ ਤੋਂ ਜਲਦੀ ਜਲਦੀ ਕੋਈ ਉਸ ਨਾਲ ਗੱਲ ਨਹੀ ਸੀ ਕਰਦਾ। ਪਰ ਅੱਜ ਸਮੇਂ ਅਤੇ ਨਵੀਆਂ ਤਕਨੀਕਾਂ ਕਾਰਨ ਬਹੁਤ ਤਬਦੀਲੀ ਹੋਈ ਹੈ। ਮਾਨਸਿਕ ਸਿਹਤ ਦਾ ਕੇਵਲ ਇੱਕ ਪੈਮਾਨਾ ਨਹੀ ਮਾਨਸਿਕ ਰੋਗ ਵੀ ਸ਼ਰੀਰਕ ਰੋਗਾਂ ਵਾਂਗ ਹਨ ਅਤੇ ਇਨ੍ਹਾਂ ਦਾ ਇਲਾਜ ਜ਼ਰੂਰੀ ਹੈ।


ਮਾਨਸਿਕ ਸਿਹਤ ਜਾਂ ਮਨ ਦੀ ਸਿਹਤ ਜਾਂ ਜਦੋਂ ਅਸੀ ਕਹਿ ਦਿੰਦੇ ਹਾਂ ਕਿ ਅੱਜ ਮਨ ਠੀਕ ਨਹੀ ਮਨ ਉਦਾਸ ਹੈ ਉਸ ਦਾ ਭਾਵ ਉਹ ਮਾਨਸਿਕ ਬਿਮਾਰੀ ਹੀ ਹੈ। ਡਿਪਰੈਸ਼ਨ ਡਿਸਆਰਡਰ ਇੱਕ ਆਮ ਤੇ ਗੰਭੀਰ ਖਤਰਨਾਕ ਬਿਮਾਰੀ ਹੈ ਜੋ ਇੱਕ ਵਿਅਕਤੀ ਨੂੰ ਮਹਿਸੂਸ ਕਰਨ ਸੋਚਣ ਅਤੇ ਕੰਮ ਕਰਨ ਨੂੰ ਨਕਾਰਤਾਮਕ ਤੋਰ ਤੇ ਪ੍ਰਭਾਵਿਤ ਕਰਦੀ ਹੈ। ਤਣਾਅ ਕਾਰਨ ਉਦਾਸੀ ਦੀ ਭਾਵਨਾ ਆਉਦੀ ਅਤੇ ਜਦੋਂ ਕਿਸੇ ਵਿਅਕਤੀ ਦਾ ਆਨੰਦਿਤ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਮਨ ਨਹੀ ਲੱਗਦਾ ਤਾਂ ਉਸ ਵਿਅਕਤੀ ਵਿੱਚ ਕੰਮ ਕਰਨ ਦੀ ਯੋਗਤਾ ਘੱਟ ਜਾਦੀ ਹੈ। ਉਸ ਤੋਂ ਬਾਅਦ ਉਹ ਅਨੇਕਾਂ ਹੋਰ ਬਿਮਾਰੀਆਂ ਲੇਕੇ ਆਉਦੀ ਹੈ।

ਕਈ ਵਾਰ ਤੁਹਾਨੂੰ ਇਹ ਮਹਿਸੂਸ ਹੁੰਦਾਂ ਕਿ ਮੈਂ ਸਥਿਤੀ ਨੂੰ ਸੁਧਾਰਨ ਹਿੱਤ ਕੁਝ ਨਹੀ ਕਰ ਸਕਦਾ ਅਤੇ ਉਸ ਵਿੱਚ ਬੇਬਸੀ ਅਤੇ ਨਿਰਾਸ਼ਾ ਦੀ ਭਾਵਨਾ ਆ ਜਾਦੀ ਹੈ। ਮਾਨਸਿਕ ਬੀਮਾਰੀ ਵਿਅਕਤੀ ਦੇ ਨਿੱਜੀ ਸਬੰਧਾਂ, ਖਾਣ-ਪੀਣ ਦੀਆਂ ਆਦਤਾਂ ਅਤੇ ਇਥੋਂ ਤੱਕ ਇਸ ਨਾਲ ਸ਼ੂਗਰ ਵਰਗੀਆਂ ਸਰੀਰਕ ਸਮੱਸਿਆਂਵਾਂ ਪੈਦਾ ਹੋ ਜਾਦੀਆਂ ਹਨ।

ਜਿਵੇਂ ਜਿਵੇਂ ਸਮਾਜ ਵਿੱਚ ਮਾਨਸਿਕ ਰੋਗੀਆਂ ਦੀ ਗਿਣਤੀ ਵੱਧ ਰਹੀ ਹੈ ਉਸ ਨੂੰ ਵਿਚਾਰਦੇ ਹੋਏ ਕੇਂਦਰੀ ਅਤੇ ਰਾਜ ਸਰਕਾਰਾਂ ਵੱਲੋਂ ਮਾਨਸਿਕ ਸਿਹਤ ਲਈ ਕਈ ਯੋਜਨਾਵਾਂ ਅਤੇ ਸਹਾਇਤਾ ਕਦਮ ਚੁੱਕੇ ਗਏ ਹਨ।"ਮਾਨਸਿਕ ਸਿਹਤ ਸੰਭਾਲ ਐਕਟ, 2017" ਨੂੰ ਪਾਸ ਕੀਤਾ ਗਿਆ ਜਿਸ ਨਾਲ ਮਨਸਿਕ ਮਰੀਜ਼ਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ ਗਿਆ। ਇਸੇ ਤਰਾਂ ਮਾਨਸਿਕ ਸਹਿਤ ਲਈ ਨਵੀਆਂ ਸਹੂਲਤਾਂ ਜਿਵੇਂ ਥਰੈਪੀ ਕਾਊਸਲਿੰਗ ਅਤੇ ਇੰਟਰਨੈਟ ਰਾਂਹੀ ਅਜਿਹੇ ਐਪ ਹੋਂਦ ਵਿੱਚ ਆਏ ਹਨ ਜਿੰਨਾਂ ਨਾਲ ਕਾਊਸਲਿੰਗ ਸੇਵਾਵਾਂ ਨੂੰ ਹੋਰ ਸੋਖਾ ਕਰ ਦਿੱਤਾ ਗਿਆ ਹੈ ਅਤੇ ਇਸ ਨਾਲ ਮਰੀਜ ਦੀ ਗੁਪਤਤਾ ਵੀ ਬਣੀ ਰਹਿੰਦੀ ਹੈ।

ਸਰਕਾਰਾਂ ਤੋਂ ਇਲਾਵਾ ਸਮਾਜਿਕ ਸਗੰਠਨਾਂ ਅਤੇ ਸਕੂਲਾਂ, ਕਾਲਜਾਂ ਵਿੱਚ ਵੀ ਇਸ ਸਬੰਧੀ ਵਿਸ਼ੇਸ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਬੱਚਿਆਂ ਨੂੰ ਮਾਨਸਿਕ ਬਿਮਾਰੀ ਦੇ ਸ਼ੁਰੂ ਵਿੱਚ ਹੀ ਇਸ ਬਾਰੇ ਪਤਾ ਲੱਗ ਸਕੇ। ਸੰਸਥਾਵਾਂ ਵੱਲੋਂ ਸੈਮੀਨਾਰ ਅਤੇ ਵਰਕਸ਼ਾਪ ਕਰਵਾਏ ਜਾ ਰਹੇ ਹਨ।ਇਸ ਨਾਲ ਮਾਨਸਿਕ ਦਬਾਅ ਡਰ ਅਤੇ ਚਿੰਤਾਂ ਬਾਰੇ ਖੁੱਲ ਕੇ ਗੱਲ ਕਰਨ ਦੀ ਪ੍ਰੇਰਣਾ ਮਿਲ ਰਹੀ ਹੈ।

ਕਈ ਵਾਰ ਸਮਾਜਿਕ ਹਲਾਤ ਅਜਿਹੇ ਬਣ ਜਾਦੇ ਕਿ ਉਹ ਸਮਾਂ ਵੀ ਵਿਅਕਤੀ ਨੂੰ ਦੁੱਖ ਵਿੱਚ ਸਿੱਖਣ ਦੀ ਪ੍ਰੇਰਣਾ ਪੈਦਾ ਹੁੰਦੀ ਹੈ। ਕੋਵਿਡ ਦੋਰਾਨ ਅਸੀ ਦੇਖਿਆ ਕਿ ਬਹੁਤ ਲੋਕਾਂ ਨੇ ਮਾਨਸਿਕ ਤਣਾਅ ਚਿੰਤਾਂ ਦਾ ਸਾਹਮਣਾ ਕੀਤਾ ਪਰ ਉਸ ਸਮੇ ਸਰਕਾਰ ਅਤੇ ਸਮਾਜਿਕ ਸਗੰਠਨਾਂ ਨੇ ਵੀ ਵਿਸ਼ੇਸ ਉਪਰਾਲਾ ਕਰਦੇ ਹੋਏ ਸਿਹਤ ਜਾਗਰੂਕਤਾ ਕਰਨ ਵਿੱਚ ਬਹੁਤ ਵੱਡਾ ਰੋਲ ਸਮਾਜਿਕ ਸਗੰਠਨਾਂ ਸਰਕਾਰ ਅਤੇ ਵਿਸ਼ਵ ਸਿਹਤ ਸਗੰਠਨ ਨੇ ਕੀਤਾ।




ਅਸੀ ਜਾਣਦੇ ਹਾਂ ਕਿ ਸਾਡੇ ਸੀਨੀਅਰ ਸਿਟੀਜਨ ਜਾਂ ਬਜ਼ੁਰਗ ਲੋਕਾਂ ਵਿੱਚ ਮਾਨਸਿਕ ਸਿਹਤ ਬਾਰੇ ਕਾਫ਼ੀ ਘੱਟ ਜਾਣਕਾਰੀ ਹੁੰਦੀ ਹੈ। ਸਮਾਜਿਕ ਦਬਾਅ ਅਤੇ ਬਜ਼ੁਰਗ ਲੋਕ ਅਕਸਰ ਆਪਣੇ ਮਾਨਸਿਕ ਰੋਗਾਂ ਨੂੰ ਛਿਪਾਉਂਦੇ ਹਨ। ਇਸ ਲਈ, ਵੱਡੇ ਪੱਧਰ ਤੇ ਜਾਗਰੂਕਤਾ ਮੁਹਿੰਮਾਂ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਜੋ ਖ਼ਾਸ ਕਰਕੇ ਬਜ਼ੁਰਗ ਲੋਕਾਂ ਨੂੰ ਸਮਰਪਿਤ ਹੋਵੇ। ਬਜ਼ੁਰਗਾਂ ਲਈ ਵੱਖਰੇ ਮਨਸਿਕ ਸਿਹਤ ਕੇਂਦਰ ਬਣਾਏ ਜਾਣ ਚਾਹੀਦੇ ਹਨ, ਜਿੱਥੇ ਉਹਨਾਂ ਨੂੰ ਥੈਰੇਪੀ ਅਤੇ ਕੌਂਸਲਿੰਗ ਲਈ ਪਹੁੰਚ ਮਿਲ ਸਕੇ। ਇਸ ਤੋਂ ਇਲਾਵਾ, ਸਿਹਤ ਸੰਬੰਧੀ ਸਰਕਾਰੀ ਯੋਜਨਾਵਾਂ ਵਿੱਚ ਵੀ ਮਨਸਿਕ ਸਿਹਤ ਸੇਵਾਵਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਬਜ਼ੁਰਗ ਲੋਕ ਅਕਸਰ ਇਕੱਲੇਪਨ ਜਾਂ ਉੱਦਾਸੀ ਨਾਲ ਪੀੜਤ ਹੁੰਦੇ ਹਨ। ਇਸ ਲਈ ਪਰਿਵਾਰਕ ਸਹਿਯੋਗ ਅਤੇ ਸਮਾਜਕ ਸੇਵਾਵਾਂ ਜਿਵੇਂ ਕੀਰਤੀ ਮੰਡਲਾਂ ਜਾਂ ਥੈਰੇਪੀ ਗਰੁੱਪ ਬਜ਼ੁਰਗਾਂ ਲਈ ਮਹੱਤਵਪੂਰਨ ਸਾਧਨ ਸਾਬਤ ਹੋ ਸਕਦੇ ਹਨ।

ਆਮ ਸਿਹਤ ਕੇਂਦਰਾਂ ਵਿੱਚ ਮਨਸਿਕ ਸਿਹਤ ਲਈ ਸੇਵਾਵਾਂ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਆਪਣੇ ਖੇਤਰ ਵਿੱਚ ਹੀ ਮਦਦ ਮਿਲ ਸਕੇ। ਹਰ ਸਿਹਤ ਕੇਂਦਰ ਵਿੱਚ ਇੱਕ ਮਾਨਸਿਕ ਸਿਹਤ ਨਾਲ ਸਬੰਧਤ ਵਿਸ਼ਾ ਮਾਹਿਰਾਂ ਦੀ ਤਾਇਨਾਤੀ ਹੋਵੇ।ਇਹ ਕਦਮ ਬਜ਼ੁਰਗਾਂ ਦੀ ਮਨਸਿਕ ਸਿਹਤ ਵਿੱਚ ਬਿਹਤਰੀ ਲਈ ਅਹਿਮ ਹਨ।

ਮੈਨੂੰ ਯਦ ਹੈ ਕਿ ਪੰਜਾਬ ਦੇ ਪਿੰਡ ਵਿਖੇ ਰਹਿੰਦੇ ਇੱਕ ਵਿਅਕਤੀ ਨੇ ਆਪਣੀ ਪਤਨੀ ਦੀ ਮੋਤ ਤੋਂਬਾਅਦ ਮਾਨਸਿਕ ਦਬਾਅ ਦਾ ਸਾਹਮਣਾ ਕੀਤਾ। ਉਸ ਨੂੰ ਮਾਨਸਿਕ ਸਿਹਤ ਸੇਵਾਵਾਂ ਦੀ ਪਹੁੰਚ ਨਾ ਹੋਣ ਕਾਰਨ ਕਾਫ਼ੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।

ਇਕ ਸਥਾਨਕ ਸੇਵਾ ਦਲ ਦੀ ਮਦਦ ਨਾਲ ਉਹਨਾਂ ਨੂੰ ਆਨਲਾਈਨ ਕੌਂਸਲਿੰਗ ਮਿਲੀ ਅਤੇ ਉਹ ਹੁਣ ਚੰਗਾ ਮਹਿਸੂਸ ਕਰ ਰਿਹਾ ਹੈ।

ਮਾਨਸਿਕ ਸਿਹਤ ਨੂੰ ਸਮਝਣ ਹਿੱਤ ਸਾਨੂੰ ਸਮਝਣਾ ਪਵੇਗਾ ਕਿ ਮਾਨਸਿਕ ਸਫਾਈ ਅਤੇ ਦਿਮਾਗੀ ਬੀਮਾਰੀਆ ਉਹ ਹਨ ਜਿੰਨਾਂ ਕਿਸੇ ਵਿਅਕਤੀ ਵਿੱਚ ਸਕਾਰਤਾਮਕ ਸੋਚ ਨਹੀ ਰਹਿੰਦੀ ਅਤੇ ਉਹਨਾਂ ਵਿੱਚ ਇਹ ਆਦਤਾਂ ਦੇਖ ਸਕਦੇ ਹਾਂ।

- ਗੁੱਸਾ, ਮਾਨਸਿਕ ਸਿਹਤ ਅਤੇ ਸਫਾਈ ਨਾ ਹੋਣ ਕਾਰਣ ਹਮਲਾਵਰ ਵਿਵਹਾਰ।
- ਬੈਚੇਨੀ ਅਤੇ ਭੁੱਖ ਦਾ ਵੱਧ ਜਾਂ ਘਟ ਹੋਣਾ।
- ਅਨਿਯਮਤ ਨੀਦ ਦਾ ਪੈਟਰਨ ਜਿਵੇਂ ਇਨਸੈਮਨੀਆ ਖਰਾਬ ਨੀਂਦ ਜਾਂ ਜਿਆਦਾ ਨੀਂਦ।
- ਮਾੜੇ ਆਪਸੀ ਰਿਸ਼ਤੇ—ਚਿੰਤਾਂ ਅਤੇ ਕੇਵਲ ਚਿੰਤਾਂ।
- ਆਪਣੇ ਆਪ ਅਤੇ ਦੂਜਿਆਂ ਪ੍ਰਤੀ ਨਕਾਰਤਾਮਕ ਰਵੱਈਆ।
- ਰਿਸ਼ਤਿਆਂ ਤੋਂ ਮੂੰਹ ਮੋੜਣਾ।
- ਅਨਿਯਮਤ ਅਤੇ ਅਸਧਾਰਣ ਸਰੀਰਕ ਸਥਿਤੀਆਂ ਜਿਵੇਂ ਬਲੱਡ ਪ੍ਰੈਸ਼ਰ,ਦਿਲ ਦੀ ਧੜਕਨ।
- ਨਸ਼ੀਲੇ ਪਦਾਰਥਾਂ ਦੀ ਬਹੁਤ ਜਿਆਦਾ ਵਰਤੋਂ-ਤਬਾਕੂ ਦੀ ਵਰਤੋ।

ਇਹ ਕਾਰਣ ਮਾਨਸਿਕ ਸਿਹਤ ਲਈ ਖਤਰਾ ਪੈਦਾ ਕਰ ਸਕਦੇ ਹਨ। ਇਸ ਨਾਲ ਮਾਨਸਿਕ ਵਿਕਾਰ ਪੈਦਾ ਹੁੰਦੇ ਜਿਸ ਲਈ ਮਾਨਸਿਕ ਸਫਾਈ ਸਵੱਛਤਾ ਦੀ ਜਰੂਰਤ ਹੈ।

ਜੇਕਰ ਅੰਕੜਿਆਂ ਨੂੰ ਦੇਖਿਆ ਜਾਵੇ ਤਾਂ ਭਾਰਤ ਵਿੱਚ 2020 ਵਿੱਚ 15% ਬਜ਼ੁਰਗ (60 ਸਾਲ ਤੋਂ ਵੱਧ ਉਮਰ ਵਾਲੇ) ਨੇ ਕੋਈ ਨਾ ਕੋਈ ਮਨਸਿਕ ਸਮੱਸਿਆ ਦਾ ਸਾਹਮਣਾ ਕੀਤਾ। ਇਨ੍ਹਾਂ ਵਿੱਚੋਂ ਬਹੁਤ ਸਾਰੇ ਕੇਸਾਂ ਨੂੰ ਖੁੱਲ੍ਹ ਕੇ ਨਹੀਂ ਦੱਸਿਆ ਜਾਂਦਾ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਖਾਸ ਕਰਕੇ ਬਜ਼ੁਰਗਾਂ ਵਿੱਚ ਮਨਸਿਕ ਦਬਾਅ ਦੇ ਮਾਮਲੇ ਵਧ ਰਹੇ ਹਨ, ਜਿਸ ਦੇ ਕਾਰਨ ਉਹਨਾਂ ਦਾ ਸਿਹਤ ਸਥਿਤੀ ਵੀ ਖਰਾਬ ਹੁੰਦੀ ਜਾ ਰਹੀ ਹੈ।

ਸਾਡੇ ਧਰਮਿਕ ਗ੍ਰੰਥਾਂ ਜਿਵੇਂ ਭਗਵਤ ਗੀਤਾ ਵਿੱਚ ਕਈ ਸਥਾਨਾਂ ਤੇ ਮਨਸਿਕ ਸਿਹਤ ਅਤੇ ਅੰਦਰੂਨੀ ਸ਼ਾਂਤੀ ਦੀ ਗੱਲ ਕੀਤੀ ਗਈ ਹੈ। ਇੱਕ ਮਸ਼ਹੂਰ ਸ਼ਬਦ ਹੈ:
ਯੋਗਅ ਕਰਮੁਸ ਕੌਸਲਮ-ਕਰਮ ਕਰਨ ਵਿੱਚ ਸਫਲਤਾ ਹੈ।
ਇਹ ਸਾਨੂੰ ਸਿਖਾਉਂਦੀ ਹੈ ਕਿ ਮਨਸਿਕ ਸਿਹਤ ਲਈ ਸ਼ਾਂਤੀ ਪਾਉਣ ਲਈ ਮਨ, ਬੁੱਧੀ ਅਤੇ ਕਰਮਾਂ ਦੇ ਸਹੀ ਸੰਗਠਨ ਦੀ ਲੋੜ ਹੈ। ਮਨ ਦੀ ਅਵਸਥਾ ਅਤੇ ਅੰਦਰੂਨੀ ਸ਼ਾਂਤੀ ਮਹੱਤਵਪੂਰਨ ਹੈ।

ਇਸ ਤੋਂ ਇਲਾਵਾ ਸਾਡੇ ਗੁਰੁ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਨਸਿਕ ਸ਼ਾਂਤੀ ਅਤੇ ਅਨੰਦ ਪਾਉਣ ਦੇ ਕਈ ਰਾਹ ਦੱਸੇ ਗਏ ਹਨ:
ਮਨ ਜੀਤੈ ਜੁਗ ਜੀਤ" - ਜੇਕਰ ਮਨ ਨੂੰ ਜਿੱਤ ਲਿਆ ਜਾਵੇ ਤਾਂ ਸੰਸਾਰ ਨੂੰ ਵੀ ਜਿੱਤਆ ਜਾ ਸਕਦਾ ਹੈ।

ਬੇਸ਼ਕ ਪਿੱਛਲੇ ਸਮਿਆਂ ਵਿੱਚ ਮਾਨਸਿਕ ਸਿਹਤਮੰਦ ਰਹਿਣ ਹਿੱਤ ਸਰਕਾਰਾਂ ਅਤੇ ਸਮਾਜਿਕ ਸਗੰਠਨਾਂ ਨੇ ਬਹੁਤ ਉਪਰਾਲੇ ਕੀਤੇ ਹਨ ਅਤੇ ਸੁਧਾਰ ਹੋਇਆ ਹੈ ਪਰ ਅਜੇ ਵੀ ਬਹੁਤ ਕੁਝ ਕਰਨ ਦੀ ਜਰੂਰਤ ਹੈ। ਮਾਤਾ ਪਿਤਾ ਦੇ ਨਾਲ ਨਾਲ ਸਕੂਲਾਂ ਅਤੇ ਸਮਾਜਿਕ ਸਗੰਠਨਾਂ ਨੂੰ ਵੀ ਬੱਚਿਆ ਦੀ ਭਾਵਨਾਤਮਕ ਅਤੇ ਮਾਨਸਿਕ ਤੰਦਰੁਸਤੀ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਅਤੇ ਇਹਨਾਂ ਨੂੰ ਸਿੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ। ਸਰਕਾਰ ਨੂੰ ਵੀ ਮਾਨਸਿਕ ਸਿਹਤ ਅਤੇ ਮਾਨਸਿਕ ਸਫਾਈ ਦੀਆ ਸੇਵਾਵਾਂ ਦੇਣ ਹਿੱਤ ਵਿਸ਼ੇਸ ਯਤਨ ਕਰਨੇ ਚਾਹੀਦੇ ਹਨ। ਮਾਨਸਿਕ ਸਿਹਤ ਅਤੇ ਮਾਨਸਿਕ ਸਫਾਈ ਦੀ ਅਣਦੇਖੀ ਨਾਲ ਨਕਾਰਤਾਮਕ ਪ੍ਰਭਾਵ ਪੈਂਦੇ ਹਨ ਪਰ ਜੇਕਰ ਸਮਾਜ, ਮਾਤਾ-ਪਿਤਾ ਅਤੇ ਸਰਕਾਰ ਇੰਨਾ ਮਾਮਲਿਆਂ ਵਿੱਚ ਧਿਆਨ ਦਿੰਦੀ ਹੈ ਇਸ ਦੇ ਸਾਰਿਥਕ ਨਤੀਜੇ ਨਿਕਲ ਸਕਦੇ ਹਨ।

# ਇਨਸਾਨ ਅਤੇ ਮੌਤ

ਇੰਜੀ. ਸਤਨਾਮ ਸਿੰਘ ਮੱਟੂ
91-97797-08257



ਇਨਸਾਨ ਇਸ ਧਰਤੀ ਤੇ ਪਰਮਾਤਮਾ ਤੋਂ ਜਿਤਨੇ ਸਾਹ ਲਿਖਵਾ ਕੇ ਲਿਆਉਂਦਾ ਹੈ,ਉਹ ਕਾਦਰ ਦੀ ਕੁਦਰਤ ਦੀ ਆਬੋ ਹਵਾ ਚੋਂ ਉਤਨੇ ਹੀ ਸਾਹਾਂ ਦੀ ਪੂੰਜੀ ਪੂਰੀ ਕਰਦਾ ਹੈ ਅਤੇ ਆਕਾਲ ਪੁਰਖ ਦਾ ਹੁਕਮ ਮੰਨਦਿਆਂ ਇਸ ਰੰਗਲੇ ਸੰਸਾਰ ਅਤੇ ਹਸਦੇ ਵਸਦੇ ਪਰਿਵਾਰ ਨੂੰ ਸਦਾ ਲਈ ਅਲਵਿਦਾ ਕਹਿ ਜਾਂਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਬਾ ਸ਼ੇਖ ਫਰੀਦ ਜੀ ਬਾਣੀ ਨੇ ਵੀ ਇਸ ਵਿਚਾਰ ਤੇ ਸੱਚ ਦੀ ਮੋਹਰ ਲਗਾਈ ਹੈ:
ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥

ਉਸ ਕਾਦਰ ਦੇ ਹੁਕਮ ਨੂੰ ਕੋਈ ਨਹੀਂ ਟਾਲ ਸਕਦਾ,ਇਹ ਸੰਸਾਰ ਸਭ ਉਸ ਦੈਵੀ ਸ਼ਕਤੀ ਦੇ ਹੁਕਮ ਚ ਬੱਝਾ ਹੋਇਆ ਹੋਇਆ ਹੈ। ਕਿਸੇ ਸਿਆਣੇ ਨੇ ਵੀ ਆਪਣੀ ਜ਼ਿੰਦਗੀ ਦੇ ਤਜਰਬਿਆਂ ਦੇ ਨਿਚੋੜ ਚੋਂ ਕਿਹਾ ਹੈ ਕਿ ਜਿਉਣਾ ਝੂਠ ਅਤੇ ਮਰਨਾ ਸੱਚ ਹੈ,ਵੀ ਇਸ ਅਟੱਲ ਸਚਾਈ ਦੀ ਸ਼ਾਹਦੀ ਭਰਦਾ ਹੈ। ਕਿਸੇ ਸ਼ਾਇਰ ਨੇ ਇਸ ਬਾਬਤ ਕਿਆ ਖੂਬ ਲਿਖਿਆ ਹੈ:-
ਢਾਈ ਦਿਨ ਦੀ ਪ੍ਰਾਹੁਣੀ ਇਥੇ ਤੂੰ
ਐਵੇਂ ਨਾ ਜਿੰਦੇ ਮਾਣ ਕਰੀਂ ..
ਜਾਂ
ਪਾਣੀ ਦਿਆ ਬੁਲਬਲਿਆ,ਕੀ ਮੁਨਿਆਦਾਂ ਤੇਰੀਆਂ ..

ਭਾਵੇਂ ਕਿਸੇ ਜੀਵ ਦਾ ਇਸ ਲਹਿਰਾਂ ਬਹਿਰਾਂ ਭਰਪੂਰ ਜੀਵਨ ਨੂੰ ਮਫਾਤ ਪਾਉਣ ਦਾ ਜੀਅ ਨਹੀਂ ਹੁੰਦਾ,ਪਰ ਆਕਾਲ ਪੁਰਖ ਦੀ ਬਾਣੀ ਦੇ ਇਸ ਸਲੋਕ ਮੁਤਾਬਿਕ
ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥
ਸੰਗੁ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥
ਜਿਵੇਂ ਦਿਨ ਅਤੇ ਰਾਤ ਆਉਂਦੇ ਅਤੇ ਚਲੇ ਜਾਂਦੇ ਹਨ,ਵਾਂਗ ਮਨੁੱਖ ਵੀ ਇਸ ਤੇ ਖ਼ੁਦਾ ਦਾ ਭੇਜਿਆ ਹੀ ਆਇਆ ਹੈ ,ਉਸਦਾ ਇੱਥੇ ਪੱਕਾ ਬਸੇਰਾ ਨਹੀਂ ਹੈ, ਉਸਨੇ ਵੀ ਉਸ ਆਕਾਲ ਪੁਰਖ ਦਾ ਸੱਦਾ ਆ ਜਾਣ ਤੇ ਤੁਰੰਤ ਉਸ ਵੱਲ੍ਹ ਚਾਲੇ ਪਾਉਣੇ ਪੈਂਦੇ ਹਨ, ਚਾਹੇ ਜਿਤਨੇ ਮਰਜੀ ਸੰਸਾਰਕ ਅਤੇ ਪਰਿਵਾਰਕ ਕਾਜ ਪੂਰੇ ਕਰਨ ਤੋਂ ਬਾਕੀ ਰਹਿੰਦੇ ਹੋਣ।ਉਹਦੇ ਦੇ ਭਾਣੇ ਨੂੰ ਦਿਲ ਤੇ ਪੱਥਰ ਧਰ ਮਿੱਠਾ ਕਰਕੇ ਮੰਨਣਾ ਪੈਂਦਾ ਹੈ ਅਤੇ ਇਨਸਾਨ ਗੁਰਬਾਣੀ ਦੇ ਸਲੋਕ
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥੧॥

ਅਨੁਸਾਰ ਇਨਸਾਨ ਉਹਦੇ ਹੁਕਮ ਤੋਂ ਆਕੀ ਨਹੀਂ ਹੋ ਸਕਦਾ। ਉਹਦੇ ਹੁਕਮ ਚ ਰਹਿੰਦਿਆਂ ਸੰਸਾਰਕ ਬੰਧਨਾਂ ਤੋਂ ਮੁਕਤੀ ਪਾਉਣੀ ਹੀ ਪੈਂਦੀ ਹੈ। ਹਰ ਇਕ ਇਨਸਾਨ,ਭਗਤ,ਸੰਤ ਮਹਾਤਮਾ ਨੂੰ ਉਸ ਹੋਣੀ ਦੇ ਖੂਨੀ ਪੰਜਿਆਂ ਦਾ ਸ਼ਿਕਾਰ ਹੋਣਾ ਹੀ ਪੈਂਦਾ ਹੈ, ਕਿਉਂਕਿ ਹੋਣੀ ਹਰ ਪਲ ,ਹਰ ਘੜੀ ਸਾਡੇ ਸਿਰ ਤੇ ਘੂਕਦੀ ਫਿਰਦੀ ਰਹਿੰਦੀ ਹੈ ਅਤੇ ਜਦੋਂ ਖ਼ੁਦਾ ਦੇ ਬਖਸੇ ਸਵਾਸਾਂ ਦੀ ਪੂੰਜੀ ਪੂਰੀ ਹੋ ਜਾਂਦੀ ਹੈ ਤਾਂ ਝੱਟ ਆਤਮਾ ਤੇ ਝਪਟ ਪੈਂਦੀ ਹੈ ਤੇ ਇਨਸਾਨੀ ਦੇਹ ਸਿਰਫ ਹੱਡ ਮਾਸ ਦਾ ਪਿੰਜਰ ਲੰਮੀਆਂ ਤਾਣ ਪੈ ਜਾਂਦਾ ਹੈ।

ਇਨਸਾਨ ਅਤੇ ਉਹਦੇ ਪਰਿਵਾਰ ਸਕੇ ਸੰਬੰਧੀਆਂ ਨੂੰ ਚਿੱਤ ਚੇਤਾ ਵੀ ਨਹੀਂ ਹੁੰਦਾ ਕਿ ਅਗਲੇ ਪਲ ਕੀ ਵਾਪਰਨ ਵਾਲਾ ਹੈ।ਪਰ ਸਭ ਤਿਆਰੀਆਂ ਪਹਿਲਾਂ ਹੀ ਮੁਕ-ਮਲ ਹੋ ਚੁੱਕੀਆਂ ਹੁੰਦੀਆਂ ਹਨ।ਆਤਮਾ ਦਾ ਪੰਛੀ ਸਰੀਰਕ ਪਿੰਜਰੇ ਚੋਂ ਆਜ਼ਾਦ ਹੋਣ ਦੀ ਉਡੀਕ ਚ ਹੁੰਦਾ ਹੈ ਅਤੇ ਹੁਕਮ ਮਿਲਦਿਆਂ ਹੀ ਲੰਮੀ ਉਡਾਰੀ ਮਾਰ ਜਾਂਦਾ ਹੈ ਅਤੇ ਜਾ ਕੇ ਉਸ ਡਾਰ ਵਿਚ ਰਲ ਜਾਂਦਾ ਹੈ,ਜਿੱਥੋਂ ਕਦੇ ਕੋਈ ਮੁੜਕੇ ਵਾਪਸ ਨਹੀਂ ਆਇਆ।

ਆਪਣੇ ਜੀਵਨ ਸਾਥੀ ,ਪੁੱਤਰ, ਧੀਆਂ, ਨੂੰਹਾਂ, ਪੋਤਰਿਆਂ,ਰਿਸਤੇਦਾਰਾਂ ਅਤੇ ਸਾਥੀਆਂ ਨੂੰ ਰੋਂਦੇ ਵਿਲਕਦੇ ਛੱਡ ਅਗਲੇ ਸਫ਼ਰ ਤੇ ਨਿਕਲ ਜਾਂਦਾ ਹੈ।

ਕਰਨੈਲ ਸਿੰਘ ਪਾਰਸ ਰਾਮੂਵਾਲੀਆ ਜੀ ਮੌਤ ਨੂੰ ਯਾਦ ਰੱਖਦਿਆਂ ਇਨਸਾਨ ਨੂੰ ਇਨਸਾਨੀਅਤ ਦੀ ਨਸੀਹਤ ਦਿੰਦਿਆਂ ਕਹਿੰਦਾ ਹੈ:-
ਉੱਠ ਜਾਗ ਮੁਸਾਫਿਰ ਤੂੰ, ਹੋਈ ਭੋਰ ਨਗਾਰੇ ਵੱਜੇ
ਅੱਜ ਕਰਨਾ ਅਬ ਕਰਲੈ, ਕਰਨਾ ਕੱਲ੍ਹ ਸੋ ਕਰਲੈ ਅੱਜੇ
ਗ਼ਫਲਤ ਵਿੱਚ ਬੀਤ ਗਿਆ, ਮੁੜਕੇ ਹੱਥ ਨੀ ਆਉਣਾ ਵੇਲਾ
ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ.

ਇਸੇ ਤਰ੍ਹਾਂ ਉਹ ਇੱਥੇ ਸਥਾਈ ਨਾ ਰਹਿਣ ਇਸ ਸੰਸਾਰ ਨੂੰ ਜੰਕਸ਼ਨ ਦੀ ਉਦਾਹਰਣ ਦਿੰਦਿਆਂ ਆਉਣ ਜਾਣ ਬਣਿਆ ਦੀ ਗੁਹਾਰ ਦਿੰਦਿਆਂ ਲਿਖਦੇ ਹਨ:-
ਘਰ ਨੂੰਹ ਨੇ ਸਾਂਭ ਲਿਆ, ਤੁਰਗੀ ਧੀ ਝਾੜ ਕੇ ਪੱਲੇ
ਪੋਤੇ ਨੇ ਜਨਮ ਲਿਆ, ਬਾਬਾ ਸਿਵਿਆਂ ਦੇ ਵੱਲ ਚੱਲੇ
ਕਿਤੇ ਜ਼ੋਰ ਮਕਾਣਾ ਦਾ, ਕਿਧਰੇ ਹਨ ਵਿਆਹ ਤੇ ਮੁਕਲਾਵੇ
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ ...

ਜ਼ਿੰਦਗੀ ਅਤੇ ਮੌਤ ਸਭ ਉਸ ਆਕਾਲ ਪੁਰਖ ਦੇ ਹੱਥ ਵੱਸ ਹੈ। ਜ਼ਿੰਦਗੀ ਬਹੁਤ ਛੋਟੀ ਹੈ। ਇਸਨੂੰ ਖੁਲਦਿਲੀ ਨਾਲ ਹੱਸ ਕੇ ਜੀਓ, ਇਨਸਾਨੀਅਤ ਦੀ ਮਿਸਾਲ ਕਾਇਮ ਕਰਨ ਦੀ ਕੋਸ਼ਿਸ਼ ਕਰੋ।ਕੁਦਰਤ ਨਾਲ ਪਿਆਰ ਕਰੋ।

ਅੰਗਰੇਜ਼ੀ ਕਵੀ ਵਿਲੀਅਮ ਸ਼ੇਕਸਪੀਅਰ ਜ਼ਿੰਦਗੀ ਬਾਬਤ ਲਿਖਦਾ ਹੈ ਕਿ ਇਹ ਇਕ ਰੰਗਮੰਚ ਹੈ,ਜਿੱਥੇ ਹਰ ਕੋਈ ਆਪਣਾ ਰੋਲ ਨਿਭਾ ਕੇ ਚਲਾ ਜਾਂਦਾ ਹੈ। ਨਿਊ ਰਿਟੀਅਸ ਕਹਿੰਦਾ ਹੈ ਕਿ ਜ਼ਿੰਦਗੀ ਹਨੇਰੇ ਵਿਚ ਜੱਦੋ-ਜਹਿਦ ਹੈ।

ਜੇਏਲਰ ਦੀ ਭਾਵਨਾ ਮੁਤਾਬਿਕ ਜੀਵਨ/ਜ਼ਿੰਦਗੀ ਇਕ ਬਾਜ਼ੀ ਵਾਂਗ ਹੈ। ਹਾਰ-ਜਿੱਤ ਤਾਂ ਸਾਡੇ ਹੱਥ ਵਿਚ ਨਹੀਂ, ਪਰ ਬਾਜ਼ੀ ਖੇਡਣਾ ਸਾਡੇ ਹੱਥ ਤੋਂ ਇਨਕਾਰੀ ਨਹੀਂ ਹੈ। ਡਾ. ਰਾਧਾ ਕ੍ਰਿਸ਼ਨਨ ਨੇ ਵੀ ਜ਼ਿੰਦਗੀ ਦੇ ਜ਼ਿਕਰ ਚ ਲਿਖਿਆ ਹੈ ਕਿ ਜ਼ਿੰਦਗੀ ਤਾਸ਼ ਦੇ ਪੱਤਿਆਂ ਦੀ ਵੰਡ ਵਾਂਗ ਹੈ। ਕਿਸੇ ਨੂੰ ਯੱਕੇ, ਬੇਗੀਆਂ ਅਤੇ ਬਾਦਸ਼ਾਹ ਵਰਗੇ ਭਾਰੀ ਪੱਤੇ ਆ ਜਾਂਦੇ ਹਨ ਅਤੇ ਕਿਸੇ ਨੂੰ ਕੇਵਲ ਦੁੱਕੀਆਂ- ਤਿੱਕੀਆਂ ਹੀ ਆਉਂਦੀਆਂ ਹਨ। ਖੇਡਾਂ ਵਾਲੇ ਨੇ ਆਪਣੇ ਪੱਤਿਆਂ ਨਾਲ ਖੇਡਣਾ ਹੁੰਦਾ ਹੈ। ਵਧੀਆ ਖਿਡਾਰੀ ਉਹੋ ਹੀ ਗਿਣਿਆ ਜਾਂਦਾ ਹੈ, ਜੋ ਜਿਹੜੇ ਵੀ ਪੱਤੇ ਉਸ ਦੇ ਹਿੱਸੇ ਆਏ ਹਨ, ਉਨ੍ਹਾਂ ਨੂੰ ਸਿਆਣਪ ਨਾਲ ਖੇਡੇ। ਕਈ ਵਾਰ ਬਾਦਸ਼ਾਹ ਨੂੰ ਵੀ ਦੁੱਕੀਆਂ ਦੀ ਈਨ ਮੰਨਣੀ ਪੈਂਦੀ ਹੈ। ਇਸ ਤਰ੍ਹਾਂ ਜ਼ਿੰਦਗੀ ਅਤੇ ਮੌਤ ਇਨਸਾਨ ਦੀ ਜ਼ਿੰਦਗੀ ਦੇ ਸਥਿਰ ਪਹਿਲੂ ਹਨ। ਜ਼ਿੰਦਗੀ ਨੂੰ ਗੁਰਮਤਿ ਵਿੱਚ ਰਹਿੰਦਿਆਂ ਜ਼ਿੰਦਾਦਿਲੀ ਨਾਲ ਜੀਓ ਅਤੇ ਦੂਜਿਆਂ ਲਈ ਉਦਾਹਰਣ ਕਾਇਮ ਕਰਕੇ ਜਾਓ।

# ਪਰਾਲੀ ਦਾ ਮੁੱਦਾ - ਹਵਾ ਪ੍ਰਦੂਸ਼ਣ



ਗੁਰਮੀਤ ਪਲਾਹੀ
91-98158-02070

ਜਦੋਂ ਮੌਸਮ ਬਦਲਦਾ ਹੈ, ਸਰਦੀ ਦਰਵਾਜ਼ਾ ਖੜਕਾਉਂਦੀ ਹੈ, ਪਰਾਲੀ ਦਾ ਮੁੱਦਾ, ਸਿਆਸੀ ਸਫਾਂ ਅਤੇ ਕੋਰਟ-ਕਚਿਹਰੀਆਂ 'ਚ ਵੱਡੀ ਚਰਚਾ ਬਣ ਜਾਂਦਾ ਹੈ। ਪਰਾਲੀ ਜਲਾਉਣ ਦੇ ਮਾਮਲੇ 'ਚ ਹਾਹਾਕਾਰ ਮਚਦੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਾਕਮ ਸਾਰਾ ਸਾਲ ਕੁੰਭਕਰਨ ਦੀ ਨੀਂਦ ਸੁੱਤੇ, ਸੁੱਤ-ਉਨੀਂਦੇ ਜਾਗਦੇ ਹਨ, ਫਰਮਾਨ ਜਾਰੀ ਕਰਦੇ ਹਨ, ਕਚਿਹਰੀਆਂ 'ਚ 'ਲੋਕ ਹਿਤੈਸ਼ੀ' ਰਿੱਟਾਂ ਪਾਉਂਦੇ ਹਨ, ਵੱਡੀ ਕਚਿਹਰੀ ਹੁਕਮ ਸਾਦਰ ਕਰਦੀ ਹੈ। ਪਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

ਬਿਨਾਂ ਸ਼ੱਕ ਪਰਾਲੀ ਪ੍ਰਬੰਧਨ ਵੱਡਾ ਮਸਲਾ ਹੈ। ਬਹੁਤੇ ਕਿਸਾਨ ਅਗਲੀ ਫਸਲ ਦੀ ਤਿਆਰੀ ਲਈ ਇਸ ਦਾ ਸੌਖਾ ਹੱਲ ਇਸ ਨੂੰ ਜਲਾਉਣ 'ਚ ਵੇਖਦੇ ਹਨ। ਇਸ ਨਾਲ ਵੱਡਾ ਨੁਕਸਾਨ ਹੁੰਦਾ ਹੈ। ਪਰਾਲੀ ਜਲਾਉਣ ਨਾਲ ਜ਼ਮੀਨ ਦੀ ਕੁੱਖ 'ਚ ਮੌਜੂਦ ਅਨੇਕਾਂ ਲਾਭਦਾਇਕ ਸੂਖਮ ਜੀਵ-ਜੰਤੂ ਨਸ਼ਟ ਹੋ ਜਾਂਦੇ ਹਨ, ਜੋ ਖੇਤੀ ਉਪਜ ਲਈ ਸਹਾਇਕ ਹਨ। ਇਕ ਅਧਿਐਨ ਦੇ ਅਨੁਸਾਰ ਇਕ ਟਨ ਪਰਾਲੀ ਜਲਾਉਣ 'ਚ ਜ਼ਮੀਨ ਦੀ ਕੁੱਖ ਵਿਚ ਮੌਜੂਦ 5.5 ਕਿਲੋਗ੍ਰਾਮ ਨਾਈਟ੍ਰੋਜਨ 2.3 ਕਿਲੋਗ੍ਰਾਮ ਫਾਸਫੋਰਸ, 25 ਕਿਲੋਗ੍ਰਾਮ ਪੋਟਾਸ਼ੀਅਮ, 1.2 ਕਿਲੋਗ੍ਰਾਮ ਸਲਫਰ ਸਮੇਤ ਹੋਰ ਲਾਭਦਾਇਕ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਅੰਤਰਰਾਸ਼ਟਰੀ ਖਾਧ ਨੀਤੀ ਅਨੁਸੰਧਾਨ ਸੰਸਥਾ ਦੀ ਇਕ ਰਿਪੋਰਟ ਮੁਤਾਬਿਕ ਭਾਰਤ ਦੇ ਵੱਖੋ-ਵੱਖਰੇ ਸੂਬਿਆਂ ਵਿਚ ਪਰਾਲੀ ਜਲਾਉਣ ਨਾਲ ਲਗਭਗ 2 ਲੱਖ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਪੁੱਜਦਾ ਹੈ।

ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ 24 ਸਤੰਬਰ 2024 ਨੂੰ ਪਰਾਲੀ ਜਲਾਉਣ ਦੇ ਮੁੱਦੇ ਉੱਤੇ ਹਵਾ ਗੁਣਵਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐਮ) ਤੋਂ ਜਵਾਬ ਤਲਬੀ ਕੀਤੀ ਅਤੇ ਪੁੱਛਿਆ ਕਿ ਪਿਛਲੇ ਹੁਕਮਾਂ ਦੀ ਤਾਮੀਲ ਕਿਉਂ ਨਹੀਂ ਕੀਤੀ ਗਈ ਅਤੇ 15 ਸਤੰਬਰ ਦੇ ਹਫ਼ਤੇ 'ਚ ਹੀ ਪਰਾਲੀ ਜਲਾਉਣ ਦੀਆਂ ਘਟਨਾਵਾਂ 'ਚ ਵਾਧਾ ਕਿਉਂ ਹੋਇਆ। ਸੀ ਏ ਕਿਊ ਐਮ ਐਕਟ ਦੀ ਧਾਰਾ-14 ਅਧੀਨ ਸਤੰਬਰ ਅਧਿਕਾਰੀਆਂ ਕਰਮਚਾਰੀਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਜੋ ਪਰਾਲੀ ਸਾੜਨ ਦੇ ਮਾਮਲੇ 'ਚ ਜ਼ੁੰਮੇਵਾਰ ਹਨ। ਅਦਾਲਤ ਨੇ ਪੰਜਾਬ-ਹਰਿਆਣਾ ਸਰਕਾਰਾਂ ਨੂੰ ਵੀ ਫਿ-ਟਕਾਰ ਲਗਾਈ ਕਿ ਉਹਨਾਂ ਨੇ ਕਿਸਾਨਾਂ ਵਿਰੁੱਧ ਪਰਾਲੀ ਜਲਾਉਣ ਦੇ ਅਮਲੇ 'ਚ ਕਠੋਰ ਕਾਰਵਾਈ ਕਿਉਂ ਨਹੀਂ ਕੀਤੀ।

ਅਸਲ ਵਿਚ ਵਰਿਆਂ ਤੋਂ ਸਰਕਾਰਾਂ ਚੁੱਪ ਹਨ। ਕਿਸਾਨਾਂ ਦੇ ਇਸ ਗੰਭੀਰ ਮਸਲੇ ਦਾ ਹੱਲ ਕਰਨ ਤੋਂ ਅਸਮਰਥ ਹਨ। ਜਿਹੜੇ ਨਿੱਕੇ-ਮੋਟੇ ਯਤਨ ਪਰਾਲੀ ਪ੍ਰਬੰਧਨ ਲਈ ਕੀਤੇ ਜਾਂਦੇ ਹਨ, ਉਹ ਸਹੀ ਅਰਥਾਂ 'ਚ 'ਸਰਕਾਰੀ ਸਕੀਮਾਂ' ਵਾਂਗਰ ਕਿਸਾਨਾਂ ਦੇ ਦਰ 'ਤੇ ਨਹੀਂ ਪੁੱਜਦੇ। ਜਦਕਿ ਬਹੁਤ ਸਾਰੀਆਂ ਸਕੀਮਾਂ ਬਣਦੀਆਂ ਹਨ, ਵਿੱਤੀ ਸਾਧਨਾਂ ਦੇ ਘਾਟ ਕਰਕੇ ਉਹ ਸਾਰੀਆਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ।

ਪਰਾਲੀ ਜਲਾਉਣ ਨਾਲ ਵਾਤਾਵਰਨ ਵਿਗੜਦਾ ਹੈ। ਪ੍ਰਦੂਸ਼ਿਤ ਹੁੰਦਾ ਹੈ। ਉਸ ਦਾ ਸਿਹਤ ਉੱਤੇ ਅਸਰ ਪੈਂਦਾ ਹੈ, ਸਿਰਫ਼ ਮਨੁੱਖੀ ਸਰੀਰ ਉੱਤੇ ਹੀ ਨਹੀਂ, ਸਗੋਂ ਹੋਰ ਜੀਵ-ਜਾਨਵਰਾਂ ਉੱਤੇ ਵੀ। ਸਰਦੀਆਂ ਦੇ ਸ਼ੁਰੂਆਤੀ ਦਿਨਾਂ 'ਚ ਇਸ ਪ੍ਰਦੂਸ਼ਣ ਵਾਧੇ ਨਾਲ ਸਾਹ ਘੁੱਟਣ ਲੱਗਦਾ ਹੈ। 24 ਸਤੰਬਰ 2024 ਤੱਕ ਦਿੱਲੀ ਖੇਤਰ ਵਿਚ ਹਵਾ ਦਾ ਗੁਣਵਤਾ ਅੰਸ 203 ਦਰਜ ਕੀਤਾ ਗਿਆ। ਅਤੇ ਇਸ ਵਾਧੇ ਦਾ ਕਾਰਨ ਪੰਜਾਬ-ਹਰਿਆਣਾ 'ਚ ਪਰਾਲੀ ਜਲਾਉਣ ਦੇ ਮਾਮਲੇ ਨੂੰ ਮਿਥਿਆ ਜਾ ਰਿਹਾ ਹੈ। ਝੋਨੇ ਦੀ ਕਟਾਈ ਦੇ ਮੁੱਢਲੇ ਦਿਨਾਂ ਵਿਚ ਹੀ ਪੰਜਾਬ ਵਿਚ 23 ਅਤੇ ਹਰਿਆਣਾ ਵਿਚ 70 ਮਾਮਲੇ ਨੋਟਿਸ ਕੀਤੇ ਗਏ। ਪਰ ਵੇਖਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਕੀ ਸਿਰਫ਼ ਪਰਾਲੀ ਜਲਾਉਣ ਨਾਲ ਹੀ ਹਵਾ ਪ੍ਰਦੂਸ਼ਨ ਹੁੰਦਾ ਹੈ। ਦਿੱਲੀ, ਹੋਰ ਵੱਡੇ ਸ਼ਹਿਰਾਂ 'ਚ ਚੱਲਦੇ ਵਾਹਨ ਮੋਟਰ, ਗੱਡੀਆਂ, ਟਰੱਕ, ਕਾਰਾਂ, ਇਹਨਾਂ ਖੇਤਰਾਂ 'ਚ ਲੱਗੀਆਂ ਫੈਕਟਰੀਆਂ ਬੇਇੰਤਹਾ ਬਿਨਾਂ ਰੋਕ-ਟੋਕ ਪ੍ਰਦੂਸ਼ਨ ਪੈਦਾ ਕਰਦੀਆਂ ਹਨ। ਉਹਨਾਂ ਦੀ ਨਿਗਰਾਨੀ ਕਰਨ ਤੋਂ ਸ਼ਾਸ਼ਨ, ਪ੍ਰਸਾਸ਼ਨ, ਸਰਕਾਰੀ ਸੰਸਥਾਵਾਂ



ਆਖਿਰ ਚੁੱਪੀ ਕਿਉਂ ਵੱਟੀ ਬੈਠਦੀਆਂ ਹਨ। ਇਹਨਾਂ ਦਿਨਾਂ 'ਚ ਹੁੰਦੇ ਧਾਰਮਿਕ ਸਮਾਗਮਾਂ ਦੁਸਿਹਰਾ, ਦੀਵਾਲੀ ਤੇ ਹੋਰ ਤਿਉਹਾਰਾਂ 'ਤੇ ਹੁੰਦੀ ਪਟਾਕੇਬਾਜ਼ੀ ਵੱਡੇ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੀ ਹੈ। ਕੋਇਲਾ ਥਰਮਲ ਪਲਾਂਟ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੇ ਹਨ।

ਹਵਾ ਪ੍ਰਦੂਸ਼ਨ ਦੇ ਮਾਮਲੇ ਤੇ ਇਕ ਜਾਣਕਾਰੀ ਅਨੁਸਾਰ ਹੋਰ ਸ਼ਹਿਰਾਂ ਦੇ ਮੁਕਾਬਲੇ ਦਿੱਲੀ 'ਚ ਹਵਾ ਪ੍ਰਦੂਸ਼ਨ ਦੀ ਵੱਧ ਮਾਰ ਪੈ ਰਹੀ ਹੈ। ਇਸ ਪ੍ਰਦੂਸ਼ਨ ਨਾਲ ਦਿੱਲੀ ਵਾਸੀਆਂ ਦੀ ਉਮਰ 'ਚ ਸਾਢੇ ਛੇ ਸਾਲ ਦੀ ਕਮੀ ਆਈ ਹੈ। ਹਵਾ ਪ੍ਰਦੂਸ਼ਨ ਜਦੋਂ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ, ਮੀਥੇਨ, ਹਾਈਡਰੋਕਾਰਬਨ ਜਿਹੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਕਰਦਾ ਹੈ ਤਾਂ ਦਮੇ, ਦਿਲ ਅਤੇ ਕੈਂਸਰ ਦੇ ਰੋਗੀਆਂ ਨੂੰ ਵੱਧ ਅਸਰ ਕਰਦਾ ਹੈ ਅਤੇ ਇਹਦਾ ਸ਼ਿਕਾਰ ਬਜ਼ੁਰਗ ਅਤੇ ਬੱਚੇ ਜ਼ਿਆਦਾ ਹੁੰਦੇ ਹਨ।

ਸਾਇੰਸਦਾਨਾਂ ਦਾ ਕਹਿਣਾ ਹੈ ਕਿ ਹਵਾ ਪ੍ਰਦੂਸ਼ਣ ਦੁਨੀਆਂ ਦੀ ਵੱਡੀ ਸਿਹਤ ਮਹਾਂਮਾਰੀ ਹੈ। ਦੁਨੀਆਂ ਦੇ ਸਿਰਫ਼ 7 ਦੇਸ਼ਾਂ ਸਾਫ਼-ਸੁਥਰੀ ਹਵਾ ਵਾਲੇ ਹਨ। ਇਹਨਾਂ ਦੇਸ਼ਾਂ ਵਿਚ ਨਿਊਜ਼ੀਲੈਂਡ, ਫਿਨਲੈਂਡ ਦੇਸ਼ ਸ਼ਾਮਲ ਹਨ। ਭਾਰਤ ਦੁਨੀਆਂ ਦੇ 134 ਦੇਸ਼ਾਂ ਵਿਚੋਂ ਬੰਗਲਾ ਦੇਸ਼, ਪਾਕਿਸਤਾਨ ਤੋਂ ਬਾਅਦ ਤੀਜੇ ਨੰਬਰ ਤੇ ਹਵਾ ਪ੍ਰਦੂਸ਼ਿਤ ਦੇਸ਼ ਹੈ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਪ੍ਰਮੁੱਖ 10 ਹਵਾ ਪ੍ਰਦੂਸ਼ਿਤ ਸ਼ਹਿਰਾਂ ਵਿਚ ਪਹਿਲੇ ਨੰਬਰ 'ਤੇ ਹੈ।

ਹਵਾ ਪ੍ਰਦੂਸ਼ਨ ਤਦ ਹੁੰਦਾ ਹੈ, ਜਦੋਂ ਹਾਨੀਕਾਰਕ ਗੈਸਾਂ ਅਤੇ ਧੂੜ ਵਾਤਾਵਰਨ 'ਚ ਵਿਖਰਦੀ ਹੈ। ਇਸ ਦੇ ਸਰੋਤਾਂ 'ਚ ਜੰਗਲਾਂ ਦੀ ਅੱਗ, ਜਵਾਲਾਮੁਖੀ ਵਿਸਫੋਟ, ਆਟੋਮੋਬਾਇਲ, ਬਿਜਲੀ ਉਪਕਰਨਾਂ ਦਾ ਜ਼ਿਆਦਾ ਯੋਗਦਾਨ ਹੈ। ਇਹ ਪ੍ਰਦੂਸ਼ਨ ਮਨੁੱਖੀ ਸਰੀਰ ਅਤੇ ਵਾਤਾਵਰਨ ਉੱਤੇ ਵਿਰੋਧੀ ਅਸਰ ਪਹੁੰਚਾਉਂਦਾ ਹੈ। ਇਕ ਅੰਤਰਰਾਸ਼ਟਰੀ ਖੋਜ ਅਨੁਸਰਾ ਕੀਤੇ 200 ਅਧਿਐਨਾਂ ਅਨੁਸਾਰ ਵਾਹਨਾਂ ਨਾਲ ਸਭ ਤੋਂ ਵੱਧ ਪ੍ਰਦੂਸ਼ਨ ਹੁੰਦਾ ਹੈ, ਜੋ ਸਿਹਤ ਲਈ ਅਤਿਅੰਤ ਖ਼ਤਰਨਾਕ ਹੈ। ਦੁਨੀਆਂ ਭਰ ਵਿਚ ਚਲਦੀਆਂ ਅਰਬਾਂ ਪ੍ਰਦੂਸ਼ਨੀ ਕਾਰਾਂ ਸਿਹਤ ਦੀਆਂ ਵੱਡੀਆਂ ਦੁਸ਼ਮਣ ਹਨ। ਇਸ ਹਵਾ ਪ੍ਰਦੂਸ਼ਨ 'ਚ ਫਸਲਾਂ ਦੀ ਰਹਿੰਦ-ਖੂੰਹਦ, ਪਰਾਲੀ ਆਦਿ ਮੌਸਮੀ ਪੱਧਰ 'ਤੇ ਵੱਡਾ ਅਸਰ ਪਾਉਂਦਾ ਹੈ। ਕਿਉਂਕਿ ਵਾਹਨਾਂ ਆਦਿ ਨੂੰ ਲੋਕਾਂ ਨੇ 'ਪ੍ਰਦੂਸ਼ਨ' ਵਜੋਂ ਮਨੋਂ ਪ੍ਰਵਾਨ ਕੀਤਾ ਹੋਇਆ ਹੈ, ਪਰ ਲਗਦੀਆਂ ਅੱਗਾਂ, ਜੋ ਨਾਲੀ, ਪਰਾਲੀ, ਰਹਿੰਦ-ਖੂੰਹਦ ਕਾਰਨ ਦਿਖਦੀਆਂ ਹਨ, ਉਹ ਵੱਡੀ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਇਸ ਦਾ ਭਾਵ ਇਹ ਨਹੀਂ ਹੈ ਕਿ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਸਹੀ ਹੈ, ਸਗੋਂ ਇਸ ਦਾ ਪ੍ਰਬੰਧਨ ਅਤਿਅੰਤ ਜ਼ਰੂਰੀ ਹੈ ਤਾਂ ਕਿ ਮਨੁੱਖੀ ਜਾਨ ਨੂੰ ਦਰਪੇਸ਼ ਖ਼ਤਰਿਆਂ 'ਤੇ ਕਾਬੂ ਪਾਇਆ ਜਾਵੇ।

ਸਰਕਾਰ ਨੇ ਪਿਛਲੇ ਵਰਿਆਂ ਤੋਂ ਪਰਾਲੀ ਜਲਾਉਣ ਦੇ ਮਾਮਲੇ ਦੇ ਹੱਲ ਲਈ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਯਤਨ ਕੀਤੇ ਹਨ। ਸਰਕਾਰ ਨੇ ਪਰਾਲੀ ਜਲਾਉਣ ਦੇ ਦੋਸ਼ੀ ਕਿਸਾਨਾਂ ਨੂੰ ਫਸਲ ਤੋ ਘੱਟੋ-ਘੱਟ ਕੀਮਤ ਲਾਭ ਨਾ ਦੇਣ ਦਾ ਫੈਸਲਾ ਕੀਤਾ ਹੈ।

ਉਂਜ ਵੀ ਪਰਾਲੀ ਜਲਾਉਣ ਦੇ ਕੇਸਾਂ ਨੂੰ ਘੱਟ ਕਰਨ ਲਈ ਸੈਟੇਲਾਈਟ ਨਿਗਰਾਨੀ ਕੀਤੀ ਜਾਂਦੀ ਹੈ। ਇਹ ਵੀ ਤਹਿ ਹੋਇਆ ਕਿ ਸਰਕਾਰ ਪਰਾਲੀ ਨਾ ਜਲਾਉਣ ਵਾਲਿਆਂ ਨੂੰ ਪ੍ਰਤੀ ਏਕੜ ਪੰਜ ਹਜ਼ਾਰ ਰੁਪਏ ਦੀ ਆਰਥਿਕ ਮੱਦਦ ਦੇਵੇਗੀ। ਪਰ ਇਹ ਸਭ ਕੁਝ ਕਾਰਗਰ ਨਹੀਂ ਹੋ ਰਿਹਾ ਹੈ।

ਪਰਾਲੀ ਜਲਾਉਣ ਦਾ ਹੱਲ ਸਿਰਫ਼ ਸਰਕਾਰ ਹੀ ਨਹੀਂ ਕਰ ਸਕਦੀ। ਇਸ ਵਾਸਤੇ ਨਿੱਠ ਕੇ ਸਾਂਝੇ ਯਤਨਾਂ ਦੀ ਲੋੜ ਹੈ। ਕਿਸਾਨਾਂ ਨੂੰ ਵੀ ਜਾਗਰੂਕ ਹੋਣਾ ਪਵੇਗਾ ਕਿ ਪਰਾਲੀ ਜਲਾਉਣਾ ਉਹਨਾਂ ਦੀ ਜ਼ਮੀਨ ਲਈ ਹਾਨੀਕਾਰਕ ਹੈ। ਝੋਨੇ ਦੀਆਂ ਸੁਧਰੀਆਂ ਕਿਸਮਾਂ ਜੋ ਪਰਾਲੀ ਘੱਟ ਪੈਦਾ ਕਰਨ, ਲਗਾਉਣ ਦੀ ਜ਼ਰੂਰਤ ਹੋਏਗੀ। ਧਾਨ ਦੀ ਸਿੱਧੀ ਬਿਜਾਈ ਇਸ ਕੰਮ ਲਈ ਸਹਾਈ ਹੋ ਸਕਦੀ ਹੈ।

ਪਰਾਲੀ ਦੇ ਬੰਡਲ ਬਣਾ ਕੇ ਇਹ ਥਰਮਲ ਪਲਾਟਾਂ ਵਿਚ ਵਰਤੇ ਜਾ ਸਕਦੇ ਹਨ। ਇਸ ਪਰਾਲੀ ਵਿਚ ਗੋਬਰ ਮਿਲਾ ਕੇ ਖਾਦ ਬਣਾਈ ਜਾ ਸਕਦੀ ਹੈ। ਗੋਬਰ ਗੈਸ ਪਲਾਟਾਂ 'ਚ ਇਸ ਦੀ ਵਰਤੋਂ ਸਹਾਇਕ ਸਿੱਧ ਹੋ ਸਕਦੀ ਹੈ।

ਪਰਾਲੀ ਵਰਗੀ ਰਹਿੰਦ-ਖੂੰਹਦ ਜਲਾਉਣ ਸਬੰਧੀ ਸਿਆਸਤ ਕਰਨ ਦੀ ਥਾਂ, ਹਵਾ ਪ੍ਰਦੂਸ਼ਨ ਦੇ ਮੁੱਖ ਮੁੱਦੇ ਨੂੰ ਸਮਝਣਾ ਹੋਵੇਗਾ। ਕਿੰਨਾ ਚੰਗਾ ਹੋਵੇਗਾ ਜੇਕਰ ਵਾਹਣਾਂ ਦੀ ਗਿਣਤੀ ਘੱਟ ਕਰਕੇ ਬਾਈ-ਸਾਈਕਲ ਅਪਨਾਇਆ ਜਾਏ, ਪੈਰੀਂ ਤੁਰਿਆ ਜਾਏ।

ਕਰੋਨਾ-ਮਹਾਂਮਾਰੀ ਦੇ ਦਿਨ ਯਾਦ ਕਰਨ ਦੀ ਲੋੜ ਹੈ। ਜਦੋਂ ਸੜਕਾਂ 'ਤੇ ਵਾਹਣ ਨਾ ਦਿਸੇ, ਪ੍ਰਦੂਸ਼ਨ ਮੁਕਤ ਵਾਤਾਵਰਨ ਨੇ ਮਨੁੱਖ ਨੂੰ ਰਾਹਤ ਦਿੱਤੀ। ਮੈਦਾਨੀ ਇਲਾਕਿਆਂ 'ਚ ਪਹਾੜ ਪਰਬਤ ਦਿਸੇ।

ਪ੍ਰਦੂਸ਼ਣ ਰੋਕਣ ਸਬੰਧੀ ਬਣੇ ਕਾਨੂੰਨ ਲਾਗੂ ਕਰਨ ਨਾਲ ਇਸ ਸਮੱਸਿਆ ਉੱਤੇ ਕਾਬੂ ਪਾਉਣਾ ਸੌਖਾ ਹੋਏਗਾ। ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਖਾਨੇਦਾਰਾਂ ਵਿਰੁੱਧ ਕਾਰਵਾਈ ਦੀ ਲੋੜ ਹੈ। ਖੇਤਾਂ 'ਚ ਕੀਟਨਾਸ਼ਕ ਅਤੇ ਖਾਦਾਂ ਸੀਮਤ ਤੌਰ 'ਤੇ ਵਰਤੀਆਂ ਜਾਣ । ਫਸਲੀ ਰਹਿੰਦ-ਖੂੰਹਦ ਲਈ ਜਿਥੇ 'ਕੰਪੋਸਟ ਬਾਇਓ ਗੈਸ' ਪਲਾਂਟ ਸਹਾਈ ਹੋ ਸਕਦੇ ਹਨ, ਉਥੇ ਪੰਜਾਬ-ਹਰਿਆਣਾ ਅਤੇ ਹੋਰ ਖੇਤੀ ਖੇਤਰਾਂ 'ਚ ਬਾਇਓ ਵੈਸਟ ਡੀਕੰਪੋਜ਼ਰ ਤਿਆਰ ਕੀਤੇ ਜਾਣ ਨਾਲ ਰਹਿੰਦ-ਖੂੰਹਦ ਤੋਂ ਖਾਦ ਤਿਆਰ ਹੋ ਸਕਦੀ ਹੈ ਜੋ ਖੇਤਾਂ ਦੀ ਉਪਜਾਊ ਸ਼ਕਤੀ ਵਧਾਉਣ ਯੋਗ ਹੁੰਦੀ ਹੈ।

ਪੁਰਾਣੇ ਵਹੀਕਲਾਂ ਉੱਤੇ ਪਾਬੰਦੀ, ਸੋਲਰ ਊਰਜਾ ਅਤੇ ਆਵਾਜਾਈ ਲਈ ਸਾਂਝੇ ਵਹੀਕਲਾਂ, ਬੱਸਾਂ ਆਦਿ ਦੀ ਵਰਤੋਂ ਸਹਾਇਕ ਸਾਬਤ ਹੋਣ ਯੋਗ ਹੈ।


ਸਰਕਾਰ ਸੰਜੀਦਾ ਹੋਵੇ, ਕਿਸਾਨਾਂ ਲਈ ਕਿਸਾਨ ਹਿਤੈਸ਼ੀ ਖੇਤੀ ਨੀਤੀ ਬਣਾਏ, ਫਸਲਾਂ ਦਾ ਯੋਗ ਮੁੱਲ ਦੇਵੇ ਤਾਂ ਕਿ ਕਿਸਾਨਾਂ ਨੂੰ ਘਾਟੇ ਦੀ ਖੇਤੀ ਤੋਂ ਮੁਕਤੀ ਮਿਲੇ ਤੇ ਉਹ ਫਸਲੀ ਰਹਿੰਦ-ਖੂੰਹਦ ਸੰਭਾਲ ਕੇ ਇਸ ਤੋਂ ਵੀ ਵਿੱਤੀ ਲਾਭ ਪ੍ਰਾਪਤ ਕਰਨ ਦੀ ਸਕੀਮਾਂ ਨੂੰ ਮਨੋਂ ਪ੍ਰਵਾਨ ਕਰਨ।

# ਆਨਲਾਈਨ ਪੜ੍ਹਾਈ ਦੇ ਨਾਲ ਘਰ ਬੈਠੇ ਨੀਟ ਯੂਜੀ ਪ੍ਰੀਖਿਆ-2025 ਦੀ ਤਿਆਰੀ ਕਿਵੇਂ ਕਰੀਏ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਜਿਵੇਂ ਕਿ ਨੀਟ ਯੂਜੀ 2025 ਇਮਤਿਹਾਨ ਨੇੜੇ ਆ ਰਿਹਾ ਹੈ, ਬਹੁਤ ਸਾਰੇ ਚਾਹਵਾਨ ਮੈਡੀਕਲ ਵਿਦਿਆਰਥੀ ਆਪਣੇ ਘਰਾਂ ਦੇ ਆਰਾਮ ਤੋਂ ਸਖ਼ਤ ਤਿਆਰੀ ਲਈ ਤਿਆਰ ਹਨ। ਔਨਲਾਈਨ ਸਿੱਖਿਆ ਦੇ ਉਭਾਰ ਦੇ ਨਾਲ, ਉਮੀਦਵਾਰਾਂ ਕੋਲ ਹੁਣ ਪ੍ਰਭਾਵਸ਼ਾਲੀ ਸਵੈ-ਅਧਿਐਨ ਨੂੰ ਯਕੀਨੀ ਬਣਾਉਣ ਲਈ ਸਰੋਤਾਂ ਅਤੇ ਸਾਧਨਾਂ ਦੀ ਬਹੁਤਾਤ ਹੈ। ਔਨਲਾਈਨ ਅਧਿਐਨਾਂ ਦੇ ਨਾਲ ਘਰ ਬੈਠੇ ਨੀਟ ਯੂਜੀ 2025 ਦੀ ਤਿਆਰੀ ਕਿਵੇਂ ਕਰੀਏ ਇਸ ਬਾਰੇ ਇੱਥੇ ਇੱਕ ਵਿਆਪਕ ਗਾਈਡ ਹੈ 1. ਨੀਟ 2025 ਦੇ ਸਿਲੇਬਸ ਨੂੰ ਸਮਝੋ ਤਿਆਰੀ ਕਰਨ ਤੋਂ ਪਹਿਲਾਂ, ਆਪਣੇ ਆਪ ਨੂੰ ਨੀਟ ਯੂਜੀ 2025 ਸਿਲੇਬਸ ਤੋਂ ਜਾਣੂ ਕਰਵਾ । ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚ ਸ਼ਾਮਲ ਵਿਸ਼ਿਆਂ ਨੂੰ ਸਮਝੋ, ਅਤੇ ਹਰੇਕ ਵਿਸ਼ੇ ਦੇ ਭਾਰ ਦੀ ਉਮਰ ਦੇ ਅਧਾਰ ਤੇ ਇੱਕ ਅਧਿਐਨ ਯੋਜਨਾ ਬਣਾ । 2. ਭਰੋਸੇਯੋਗ ਔਨਲਾਈਨ ਪਲੇਟਫਾਰਮ ਚੁਣੋ ਭਰੋਸੇਮੰਦ ਔਨਲਾਈਨ ਪਲੇਟਫਾਰਮਾਂ ਦੀ ਚੋਣ ਕਰੋ ਜੋ ਨੀਟ-ਕੇਂਦ੍ਰਿਤ ਕੋਰਸ ਪੇਸ਼ ਕਰਦੇ ਹਨ। ਨੀਟ ਯੂਜੀ ਦੇ ਚਾਹਵਾਨਾਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਗਏ ਅਧਿਐਨ ਸਮੱਗਰੀ, ਵੀਡੀ ਲੈਕਚਰ, ਅਤੇ ਅਭਿਆਸ ਟੈਸਟਾਂ ਨੂੰ ਟੈਪ ਕਰਨਾ ਮਦਦਗਾਰ ਹੋਵੇਗਾ। 3. ਇੱਕ ਯਥਾਰਥਵਾਦੀ ਅਧਿਐਨ ਅਨੁਸੂਚੀ ਬਣਾ ਇੱਕ ਅਧਿਐਨ ਅਨੁਸੂਚੀ ਵਿਕਸਿਤ ਕਰੋ ਜੋ ਤੁਹਾਡੀ ਰੋਜ਼ਾਨਾ ਰੁਟੀਨ ਨਾਲ ਮੇਲ ਖਾਂਦਾ ਹੋਵੇ। ਆਪਣੇ ਅਧਿਐਨ ਸੈਸ਼ਨਾਂ ਨੂੰ ਸੰਖੇਪ ਅੰਤਰਾਲਾਂ ਵਿੱਚ ਵੰਡੋ, ਸੰਖੇਪ ਅੰਤਰਾਲਾਂ ਦੇ ਨਾਲ। 4. ਔਨਲਾਈਨ ਮੌਕ ਟੈਸਟਾਂ ਦਾ ਲਾਭ ਉਠਾ ਨਿਯਮਿਤ ਤੌਰ 'ਤੇ ਔਨਲਾਈਨ ਮੌਕ ਟੈਸਟਾਂ ਦਾ ਲਾਭ ਉਠਾ । ਇੱਥੇ ਕਈ ਪਲੇਟਫਾਰਮ ਹਨ ਜੋ ਨੀਟ ਯੂਜੀ ਮੌਕ ਟੈਸਟ ਪ੍ਰਦਾਨ ਕਰਦੇ ਹਨ ਜੋ ਪ੍ਰੀਖਿਆ ਦੀਆਂ ਸਥਿਤੀਆਂ ਦੀ ਨਕਲ ਕਰਦੇ ਹਨ। ਇਹ ਨਾ ਸਿਰਫ਼ ਤੁਹਾਡੀ ਤਰੱਕੀ ਦਾ ਮੁਲਾਂਕਣ ਕਰਨ ਵਿੱਚ ਮਦਦ ਕਰਦਾ ਹੈ ਸਗੋਂ ਸਮਾਂ ਪ੍ਰਬੰਧਨ ਦੇ



ਹੁਨਰ ਨੂੰ ਵੀ ਵਧਾਉਂਦਾ ਹੈ। 5. ਵੀਡੀ ਜ਼ ਰਾਹੀਂ ਇੰਟਰਐਕਟਿਵ ਲਰਨਿੰਗ ਬਹੁਤ ਸਾਰੇ ਔਨਲਾਈਨ ਪਲੇਟਫਾਰਮ ਤਜਰਬੇਕਾਰ ਸਿੱਖਿਅਕਾਂ ਦੁਆਰਾ ਦਿੱਤੇ ਗਏ ਵੀਡੀ ਲੈਕਚਰ ਪੇਸ਼ ਕਰਦੇ ਹਨ। ਵੀਡੀ ਪਾਠ ਗੁੰਝਲਦਾਰ ਵਿਸ਼ਿਆਂ ਨੂੰ ਵਧੇਰੇ ਪਹੁੰਚਯੋਗ ਬਣਾ ਸਕਦੇ ਹਨ ਅਤੇ ਮੁੱਖ ਸੰਕਲਪਾਂ ਦੀ ਤੁਹਾਡੀ ਸਮਝ ਨੂੰ ਵਧਾ ਸਕਦੇ ਹਨ। 6. ਤੁਰੰਤ ਸਮੀਖਿਆ ਲਈ ਮੋਬਾਈਲ ਐਪਸ ਦੀ ਵਰਤੋਂ ਕਰੋ ਵਿਦਿਅਕ ਐਪਸ ਡਾਊਨਲੋਡ ਕਰੋ ਜੋ ਤੁਰੰਤ ਸੰਸ਼ੋਧਨ ਸਮੱਗਰੀ ਦੀ ਪੇਸ਼ਕਸ਼ ਕਰਦੀਆਂ ਹਨ। ਐਪਸ 'ਤੇ ਉਪਲਬਧ ਫਲੈਸ਼ਕਾਰਡ, ਕਵਿਜ਼, ਅਤੇ ਇੰਟਰਐਕਟਿਵ ਸਟੱਡੀ ਏਡਸ ਚੱਲਦੇ-ਚਲਦੇ ਸਿੱਖਣ ਅਤੇ ਆਖਰੀ-ਮਿੰਟ ਦੇ ਸੰਸ਼ੋਧਨ ਲਈ ਉਪਯੋਗੀ ਹੋ ਸਕਦੇ ਹਨ। 7. ਔਨਲਾਈਨ ਸਰੋਤਾਂ ਨਾਲ ਅੱਪਡੇਟ ਬਣਦੇ ਰਹੋ ਨੀਟ ਯੂਜੀ ਨਾਲ ਸਬੰਧਤ ਤਾਜ਼ਾ ਖ਼ਬਰਾਂ ਅਤੇ ਤਬਦੀਲੀਆਂ ਨਾਲ ਆਪਣੇ ਆਪ ਨੂੰ ਅੱਪਡੇਟ ਰੱਖੋ। ਪ੍ਰਤਿਸ਼ਠਾਵਾਨ ਵਿਦਿਅਕ ਵੈੱਬਸਾਈਟਾਂ ਦੀ ਪਾਲਣਾ ਕਰੋ, ਨਿਊਜ਼ਲੈਟਰਾਂ ਦੀ ਗਾਹਕੀ ਲ , ਅਤੇ ਇਮਤਿਹਾਨ ਦੇ ਪੈਟਰਨ ਜਾਂ ਸਿਲੇਬਸ ਵਿੱਚ ਕਿਸੇ ਵੀ ਸੋਧ ਬਾਰੇ ਸੂਚਿਤ ਰਹੋ। 8. ਸਵੈ-ਮੁਲਾਂਕਣ ਨੂੰ ਤਰਜੀਹ ਦਿ ਸਵੈ-ਟੈਸਟਾਂ ਅਤੇ ਕਵਿਜ਼ਾਂ ਰਾਹੀਂ ਵਿਸ਼ਿਆਂ ਦੀ ਆਪਣੀ ਸਮਝ ਦਾ ਨਿਯਮਿਤ ਤੌਰ 'ਤੇ ਮੁਲਾਂਕਣ ਕਰੋ। ਕਮਜ਼ੋਰ ਖੇਤਰਾਂ ਦੀ ਪਛਾਣ ਕਰੋ ਅਤੇ ਉਨ੍ਹਾਂ ਵਿਸ਼ਿਆਂ ਨੂੰ ਵਧੇਰੇ ਸਮਾਂ ਦਿ । ਔਨਲਾਈਨ ਪਲੇਟਫਾਰਮ ਅਕਸਰ ਤੁਹਾਡੇ ਪ੍ਰਦਰਸ਼ਨ ਨੂੰ ਟਰੈਕ ਕਰਨ ਲਈ ਵਿਸਤ੍ਰਿਤ ਵਿਸ਼ਲੇਸ਼ਣ ਪ੍ਰਦਾਨ ਕਰਦੇ ਹਨ। 9. ਸਿਹਤਮੰਦ ਅਧਿਐਨ ਵਾਤਾਵਰਨ ਘਰ ਵਿੱਚ ਇੱਕ ਸਮਰਪਿਤ ਅਤੇ ਆਰਾਮਦਾਇਕ ਅਧਿਐਨ ਮਾਹੌਲ ਬਣਾ । ਭਟਕਣਾ ਨੂੰ ਘੱਟ ਕਰੋ ਅਤੇ ਚੰਗੀ ਰੋਸ਼ਨੀ ਯਕੀਨੀ ਬਣਾ । ਇੱਕ ਸੰਗਠਿਤ ਅਧਿਐਨ ਸਥਾਨ ਤੁਹਾਡੇ ਫੋਕਸ ਅਤੇ ਉਤਪਾਦਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ। 10. ਔਨਲਾਈਨ ਵੈਬਿਨਾਰਾਂ ਰਾਹੀਂ ਮਾਰਗਦਰਸ਼ਨ ਦੀ ਮੰਗ ਕਰੋ ਵਿਸ਼ਾ ਮਾਹਿਰਾਂ ਦੁਆਰਾ ਕਰਵਾਏ ਗਏ ਔਨਲਾਈਨ ਵੈਬੀਨਾਰਾਂ ਵਿੱਚ ਸ਼ਾਮਲ ਹੋਵੋ। ਬਹੁਤ ਸਾਰੇ ਵਿਦਿਅਕ ਪਲੇਟਫਾਰਮ ਲਾਈਵ ਸੈਸ਼ਨਾਂ ਦਾ ਆਯੋਜਨ ਕਰਦੇ ਹਨ ਜਿੱਥੇ ਤੁਸੀਂ ਸਿੱਖਿਅਕਾਂ ਨਾਲ ਗੱਲਬਾਤ ਕਰ ਸਕਦੇ ਹੋ, ਸਵਾਲ ਪੁੱਛ ਸਕਦੇ ਹੋ, ਅਤੇ ਚੁਣੌਤੀਪੂਰਨ ਵਿਸ਼ਿਆਂ ਵਿੱਚ ਵਾਧੂ ਸਮਝ ਪ੍ਰਾਪਤ ਕਰ ਸਕਦੇ ਹੋ। 11. ਇੱਕ ਸੰਤੁਲਿਤ ਜੀਵਨ ਸ਼ੈਲੀ ਬਣਾਈ ਰੱਖੋ ਜਦੋਂ ਕਿ ਤੀਬਰ ਤਿਆਰੀ ਮਹੱਤਵਪੂਰਨ ਹੈ, ਇੱਕ ਸੰਤੁਲਿਤ ਜੀਵਨ ਸ਼ੈਲੀ ਬਣਾਈ ਰੱਖੋ। ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਲੋੜੀਂਦੀ ਨੀਂਦ ਪ੍ਰਾਪਤ ਕਰਦੇ ਹੋ, ਨਿਯਮਤ ਸਰੀਰਕ ਗਤੀਵਿਧੀ ਵਿੱਚ ਸ਼ਾਮਲ ਹੋ, ਅਤੇ ਥਕਾਵਟ ਨੂੰ ਰੋਕਣ ਲਈ ਆਪਣੀ ਰੁਟੀਨ ਵਿੱਚ ਬਰੇਕਾਂ ਨੂੰ ਸ਼ਾਮਲ ਕਰੋ। ਵਧੀਆ ਸਿੱਖਣ ਦੇ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਇੱਕ ਸਿਹਤਮੰਦ ਮਨ ਅਤੇ ਇੱਕ ਸਿਹਤਮੰਦ ਸਰੀਰ ਜ਼ਰੂਰੀ ਹੈ। ਸਿੱਟੇ ਵਜੋਂ, ਔਨਲਾਈਨ ਅਧਿਐਨਾਂ ਦੇ ਨਾਲ ਘਰ ਵਿੱਚ ਨੀਟ ਯੂਜੀ 2025 ਦੀ ਤਿਆਰੀ ਕਰਨ ਲਈ ਇੱਕ ਅਨੁਸ਼ਾਸਿਤ ਅਤੇ ਰਣਨੀਤਕ ਪਹੁੰਚ ਦੀ ਲੋੜ ਹੁੰਦੀ ਹੈ। ਨਾਮਵਰ ਔਨਲਾਈਨ ਸਰੋਤਾਂ ਦਾ ਲਾਭ ਉਠਾ ਕੇ, ਆਪਣੇ ਅਧਿਐਨ ਅਨੁਸੂਚੀ ਦੇ ਨਾਲ ਇਕਸਾਰ ਰਹਿ ਕੇ, ਅਤੇ ਇੱਕ ਸਿਹਤਮੰਦ ਸੰਤੁਲਨ ਬਣਾਈ ਰੱਖ ਕੇ, ਤੁਸੀਂ ਆਉਣ ਵਾਲੀ ਨੀਟ ਯੂਜੀ ਪ੍ਰੀਖਿਆ ਵਿੱਚ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਵਧਾ ਸਕਦੇ ਹੋ।

# ਕੱਤਣੀ ਮੇਰੀ ਫੁੱਲਾਂ ਵਾਲੀ...



ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਚਰਖੇ ਨੂੰ ਕਦੇ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਥਾਂ ਪ੍ਰਾਪਤ ਸੀ। ਕੱਤਣੀ ਤੇ ਚਰਖੇ ਦਾ ਆਪਸ ਵਿੱਚ ਬਹੁਤ ਨੇੜਲਾ ਸਬੰਧ ਹੁੰਦਾ ਸੀ। ਕੱਤਣੀ ਤੋਂ ਬਿਨਾਂ ਚਰਖਾ ਤੇ ਚਰਖੇ ਤੋਂ ਬਿਨਾਂ ਕੱਤਣੀ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਕੱਤਣੀ ਰੰਗ ਬਰੰਗੀਆਂ ਤੀਲੀਆਂ ਜਾਂ ਮੋਰ ਦੇ ਖ਼ੂਬਸੂਰਤ ਖੰਭਾਂ ਨਾਲ ਬਣਾਈ ਬੋਹਣੀ ਹੁੰਦੀ ਸੀ, ਜਿਸ ਵਿੱਚ ਮੁਟਿਆਰਾਂ ਚਰਖੇ 'ਤੇ ਸੂਤ ਕੱਤਣ ਸਮੇਂ ਪੂਣੀਆਂ ਨੂੰ ਅਤੇ ਕੱਤੇ ਹੋਏ ਗਲੋਟਿਆਂ ਨੂੰ ਰੱਖਦੀਆਂ ਸਨ। ਡਾ। ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ- "ਕਾਨੇ ਅਤੇ ਮੁੰਜ ਦੀ ਬਣੀ ਪੱਛੀ,ਜਿਸ ਵਿੱਚ ਕੁੜੀਆਂ ਚਰਖਾ ਕੱਤਣ ਵੇਲੇ ਆਪਣੀਆਂ ਪੂਣੀਆਂ ਰੱਖਦੀਆਂ ਸਨ, ਨੂੰ ਕੱਤਣੀ ਕਿਹਾ ਜਾਂਦਾ ਸੀ।"(ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 962)। ਡਾ. ਕੰਵਰਜੀਤ ਸਿੰਘ ਕੰਗ ਅਨੁਸਾਰ- "ਕੱਤਣੀ ਬਣਾਉਣ ਲਈ ਮੁੰਜ ਜਾਂ ਕਣਕ ਦੀਆਂ ਤੀਲਾਂ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਵਧੇਰੇ ਮਜ਼ਬੂਤ ਤੇ ਹੰਢਣਸਾਰ ਕੱਤਣੀਆਂ ਸਰਕੰਡੇ ਦੀਆਂ ਤੀਲ੍ਹਾਂ ਦੀਆਂ ਬਣਦੀਆਂ ਸਨ।"(ਪੇਂਡੂ ਸੱਭਿਆਚਾਰ ਵਿੱਚ ਕੱਤਣੀ, ਪੰਜਾਬੀ ਟ੍ਰਿਬਿਊਨ, 6 ਸਤੰਬਰ 1917)। ਸਰਕੰਡੇ ਦੀਆਂ ਤੀਲ੍ਹਾਂ ਨੂੰ ਰੇਸ਼ਮੀ ਰੰਗਦਾਰ ਧਾਗਿਆਂ ਨਾਲ ਜੜ ਕੇ ਚੌਰਸ ਡੱਬੇ ਵਰਗੀ ਸ਼ਕਲ ਦਿੱਤੀ ਜਾਂਦੀ ਸੀ ਜਿਸਨੂੰ ਕੱਤਣੀ ਕਿਹਾ ਜਾਂਦਾ ਸੀ। ਕੁੜੀਆਂ ਇਕੱਠੀਆਂ ਬੈਠ ਕੇ ਕੱਤਦੀਆਂ ਸਨ। ਜਦੋਂ ਕਿਸੇ ਮੁਟਿਆਰ ਦੀ ਕੱਤਣੀ ਪੂਣੀਆਂ ਤੇ ਗਲੋਟਿਆਂ ਨਾਲ ਉਪਰ ਤੱਕ ਭਰ ਜਾਂਦੀ ਸੀ ਤਾਂ ਉਸਨੂੰ ਚਰਖਾ ਕੱਤਣ ਵਿੱਚ ਮੁਹਾਰਤ ਰੱਖਣ ਵਾਲੀ ਹੁਨਰਮੰਦ ਮੁਟਿਆਰ ਵਜੋਂ ਜਾਣਿਆਂ ਜਾਂਦਾ ਸੀ। ਸਮਝਿਆ ਜਾਂਦਾ ਸੀ ਕਿ ਉਸਨੇ ਸਨਮਾਨਯੋਗ ਮੁਕਾਮ ਹਾਸਲ ਕਰ ਲਿਆ ਹੈ। ਉਸਦੀਆਂ ਸਖੀਆਂ ਉਸਦੇ ਹੁਨਰ ਦੀ ਕਦਰ ਕਰਦੀਆਂ ਸਨ। ਪੂਣੀਆਂ ਤੇ ਗਲੋਟਿਆਂ ਨਾਲ ਭਰੀ ਕੱਤਣੀ ਦੀ ਮਾਲਕਣ ਮੁਟਿਆਰ ਵੀ ਖੁਸ਼ੀ ਵਿੱਚ ਫੁੱਲੀ ਨਹੀਂ ਸੀ ਸਮਾਉਂਦੀ ਹੁੰਦੀ। ਸਭ ਤੋਂ ਪਹਿਲਾਂ ਪੂਣੀਆਂ ਕੱਤ ਲੈਣ ਦਾ ਚਾਅ ਤੇ ਮਾਣ ਉਸਨੂੰ ਖੇੜੇ ਨਾਲ ਨੱਕੋ ਨੱਕ ਭਰ ਦਿੰਦਾ ਸੀ। ਉਸ ਕੋਲੋਂ ਆਪਣੀ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ। ਸਭ ਨਾਲੋਂ ਤੇਜ਼ ਤੇ ਵੱਧ ਪੂਣੀਆਂ ਕੱਤਣ ਦੇ ਚਾਅ ਵਿੱਚ ਉਸਦੇ ਪੈਰ ਧਰਤੀ 'ਤੇ ਨਹੀਂ ਸਨ ਲੱਗਦੇ ਹੁੰਦੇ:

ਜਦੋਂ ਯਾਦ ਮਾਹੀ ਦੀ ਆਵੇ
ਕੱਤਣੀ 'ਤੇ ਲੁਟਕ ਗਈ।


ਸੁੰਦਰ, ਸੱਜ-ਧੱਜ ਭਰਪੂਰ ਤੇ ਪੂਣੀਆਂ ਤੇ ਗਲੋਟਿਆਂ ਨਾਲ ਭਰੀ ਕੱਤਣੀ ਸਭ ਨੂੰ ਚੰਗੀ ਲੱਗਦੀ ਸੀ। ਕੱਤਣ, ਤੁੰਬਣ, ਬੁਣਨ, ਹੱਥੀਂ ਕੱਢਾਈ ਕਰਨ ਤੇ ਹੋਰ ਲੋਕ ਕਲਾਵਾਂ ਵਿੱਚ ਮਾਹਿਰ ਕੁੜੀਆਂ ਕੱਤਣੀ ਨੂੰ ਬੜੀਆਂ ਰੀਝਾਂ, ਸ਼ੌਕ, ਚਾਅ ਤੇ ਉਤਸ਼ਾਹ ਨਾਲ ਖੁਦ ਆਪਣੇ ਹੱਥੀਂ ਤਿਆਰ ਕਰਦੀਆਂ ਸਨ। ਚੰਗੇ ਸਰਦੇ-ਪੁੱਜਦੇ ਘਰਾਂ ਦੀਆਂ ਕੁੜੀਆਂ (ਔਰਤਾਂ ) ਸ਼ੌਕੀਆ ਤੌਰ 'ਤੇ ਚਾਂਦੀ ਦੀ ਕੱਤਣੀ ਵੀ ਬਣਵਾ ਲੈਂਦੀਆਂ ਸਨ। ਕਈ ਔਰਤਾਂ ਮੋਰ ਖੰਭਾਂ ਨਾਲ ਬਣਾਈਆਂ ਵਿਸ਼ੇਸ਼ ਪ੍ਰਕਾਰ ਦੀਆਂ ਕੱਤਣੀਆਂ ਰੱਖਣ ਦਾ ਸ਼ੌਕ ਵੀ ਪਾਲ਼ਦੀਆਂ ਸਨ। ਹੁਣ ਕੱਤਣੀ ਪਰੰਪਰਾ ਨਾਲ ਜੁੜੀ ਇਕ ਵਸਤੂ ਬਣ ਕੇ ਰਹਿ ਗਈ ਹੈ। ਪੰਜਾਬੀ ਦੇ ਕਈ ਲੋਕ ਗੀਤਾਂ ਵਿੱਚ ਵੀ ਕੱਤਣੀ ਦੀ ਚਰਚਾ ਛਿੜਦੀ ਆਈ ਹੈ :

* ਵੀਰ ਮੇਰੇ ਨੇ ਸੰਧਾਰੇ ਵਿੱਚ ਭੇਜੀ
ਕੱਤਣੀ ਚਾਂਦੀ ਦੀ।

* ਮੇਰੀ ਕੱਤਣੀ ਫਰਾਟੇ ਮਾਰੇ
ਪੂਣੀਆਂ ਦੇ ਸੱਪ ਬਣ ਗਏ।

* ਤੇਰੇ ਚੱਜ ਨਾ ਵੱਸਣ ਦੇ ਦਿਸਦੇ
ਕੱਤਣੀ 'ਚ ਰੱਖੇਂ ਰਿਓੜੀਆਂ।

* ਮੇਰੀ ਕੱਤਣੀ ਨਸੀਬਾਂ ਵਾਲੀ
ਭਰੀ ਰਹਿੰਦੀ ਲੱਡੂਆਂ ਦੀ।



ਛੋਟੀ ਕਿਰਸਾਨੀ ਨਾਲ ਸਬੰਧਤ ਪਰਿਵਾਰਾਂ ਦੀਆਂ ਔਰਤਾਂ ਆਪਣੀਆਂ ਪਰਿਵਾਰਕ ਲੋੜਾਂ ਪੂਰੀਆਂ ਕਰਨ ਵਾਸਤੇ ਅਤੇ ਸੂਤ ਜਾਂ ਕੱਪੜਾ ਤਿਆਰ ਕਰਨ ਵਾਸਤੇ ਕਿਸੇ ਘਰ ਦੇ ਵਿਹੜੇ ਵਿੱਚ ਬੈਠ ਕੇ ਆਪੋ ਆਪਣੇ ਚਰਖਿਆਂ 'ਤੇ ਕੱਤਦੀਆਂ ਸਨ। ਕਪਾਹ ਦੀਆਂ ਪੂਣੀਆਂ ਰੱਖਣ ਲਈ ਬੋਹੀਆ ਅਤੇ ਕੱਤੇ ਹੋਏ ਸੂਤ ਦੇ ਗਲੋਟੇ ਰੱਖਣ ਲਈ ਉਨ੍ਹਾਂ ਕੋਲ ਕੱਤਣੀ ਹੁੰਦੀ ਸੀ। ਕੱਤਣੀ ਨੂੰ ਦੋ ਜਾਂ ਤਿੰਨ ਡੱਬਿਆਂ ਵਾਲੀ ਵੀ ਬਣਾਇਆ ਜਾਂਦਾ ਸੀ। ਵੰਨ-ਸੁਵੰਨੀਆਂ ਸਜਾਵਟ ਵਾਲੀਆਂ ਕੱਤਣੀਆਂ ਨੂੰ ਲੋਕ ਕਲਾ ਦਾ ਸੁੰਦਰ ਨਮੂਨਾ ਸਮਝਿਆ ਜਾਂਦਾ ਸੀ।

ਹੱਥੀਂ ਤਿਆਰ ਕੀਤੀ ਕੱਤਣੀ ਨਾਲ ਕੱਤਣੀ ਬਣਾਉਣ ਵਾਲੀਆਂ ਦੀ ਭਾਵੁਕ ਸਾਂਝ ਹੁੰਦੀ ਸੀ ਤੇ ਉਹ ਉਸਨੂੰ ਪਿਆਰ ਵੀ ਬਹੁਤ ਕਰਦੀਆਂ ਸਨ। ਜੇ ਕਦੇ ਕੱਤਣੀ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਂਦਿਆਂ ਜਾਂ ਹੱਥੋਂ ਡਿੱਗ ਜਾਣ ਕਾਰਨ ਕੱਤਣੀ ਦੀ ਕੋਈ ਤੀਲ ਟੁੱਟ ਜਾਂਦੀ ਸੀ, ਜਾਂ ਮੋਰ-ਖੰਭ ਹਿੱਲ ਜਾਂਦਾ ਸੀ ਤਾਂ ਮੁਟਿਆਰ ਦੇ ਮਨ 'ਤੇ ਜਿਵੇਂ ਚੋਟ ਲੱਗ ਜਾਂਦੀ ਸੀ। ਕੱਤਣੀ ਦੀਆਂ ਟੁੱਟੀਆਂ ਤੀਲ੍ਹਾਂ ਦੀ ਥਾਂ 'ਤੇ ਨਵੀਆਂ ਪਾਉਣ ਲਈ ਜਾਂ ਨਵੇਂ ਮੋਰ-ਖੰਭ ਜੜਨ ਲਈ ਉਹ ਕਲਹਿਰੀ ਮੋਰ ਅੱਗੇ ਅਰਜ਼ੋਈ ਕਰਨ ਲੱਗ ਜਾਂਦੀ ਸੀ। ਆਪਣੀ ਕੱਤਣੀ ਨੂੰ ਉਹ ਮੁੜ ਨਵੀਂ ਨਕੋਰ ਵੇਖਣ ਦੀ ਇੱਛਾ ਰੱਖ ਰਹੀ ਹੁੰਦੀ ਸੀ :

ਕੱਤਣੀ ਦੀ ਤੀਲ ਟੁੱਟ ਗਈ
ਖੰਭ ਸੁੱਟ ਜਾ ਕਲਹਿਰੀਆ ਮੋਰਾ ...

ਕੱਤਣੀ ਨੂੰ ਉਹ ਇਸ ਹੱਦ ਤੱਕ ਪਿਆਰ ਕਰਦੀ ਹੁੰਦੀ ਸੀ ਕਿ ਕੱਤਣੀ ਦੀਆਂ ਤੀਲ੍ਹਾਂ ਨੂੰ ਪੂਰਿਆਂ ਕਰਨ ਲਈ ਤੇ ਉਨ੍ਹਾਂ ਨੂੰ ਨਵੇਂ ਸਿਰਿਓਂ ਕੱਤਣੀ ਵਿੱਚ ਜੜਨ ਲਈ ਉਹ ਆਪਣੇ ਪ੍ਰੇਮੀ ਅੱਗੇ ਅਜਿਹਾ ਵਾਸਤਾ ਪਾਉਣ ਤੋਂ ਵੀ ਸੰਕੋਚ ਨਹੀਂ ਸੀ ਕਰਦੀ। ਉਹ ਉਸਨੂੰ ਇੰਜ ਕਹਿ ਸੁਣਾਉਂਦੀ ਸੀ :

ਤੂੰ ਲੱਗ ਮੋਰਾਂ ਦਾ ਪਾਲੀ
ਵੇ ! ਮੈਂ ਕੱਤਣੀ ਬਣਾਉਣੀ ਮਿੱਤਰਾ ...

ਫਿਰ ਕਈ ਵਾਰ ਉਸਨੂੰ ਅਜਿਹਾ ਜੁਆਬ ਵੀ ਸੁਣਨਾ ਪੈਂਦਾ ਸੀ :

ਮੈਂ ਮੋਰਾਂ ਦਾ ਪਾਪ ਨਹੀਂ ਲੈਣਾ
ਅੱਗ ਲੱਗੇ ਕੱਤਣੀ ਨੂੰ...

ਕੱਤਣੀ ਦੇ ਨਾਲ ਕੁੜੀਆਂ ਆਪਣੇ ਦਿਲ ਸਾਗਰ ਦੀਆਂ ਅਨੰਤ ਗਹਿਰਾਈਆਂ ਵਿੱਚ ਉਸ ਪ੍ਰਤੀ ਛੁਪਾ ਕੇ ਰੱਖੇ ਪਿਆਰ ਦੀਆਂ ਭਾਵਨਾਵਾਂ ਤੱਕ ਦੀ ਸਾਂਝ ਬਣਾਈ ਰੱਖਦੀਆਂ ਸਨ। ਕਈ ਵਾਰ ਉਹ ਕੱਤਣੀ ਨਾਲ ਗੱਲਾਂ ਕਰਕੇ ਆਪਣੇ ਮਨ ਦੀਆਂ ਭਾਵਨਾਵਾਂ ਦੀ ਤਰਜਮਾਨੀ ਵੀ ਕਰ ਲੈਂਦੀਆਂ ਸਨ। ਕੱਤਣੀ ਨਾਲ ਆਪਣੇ ਦੁੱਖ-ਸੁੱਖ ਸਾਂਝੇ ਕਰਕੇ ਉਹ ਆਪਣੇ ਮਨ ਦਾ ਬੋਝ ਵੀ ਹਲਕਾ ਕਰ ਲੈਂਦੀਆਂ ਸਨ। ਫਿਰ ਕਈ ਵਾਰ ਸੁਭਾਵਿਕ ਹੀ ਉਨ੍ਹਾਂ ਦੇ ਮੂੰਹੋਂ ਅਜਿਹੇ ਬੋਲ ਨਿਕਲ ਜਾਂਦੇ ਸਨ:

ਕੱਤਣੀ ਮੇਰੀ ਫੁੱਲਾਂ ਵਾਲੀ
ਭਰੀ ਭਰਾਈ ਰਹਿ ਗਈ
ਗੁੱਝੀ ਯਾਦ ਢੋਲ ਮੇਰੇ ਦੀ
ਮਨ ਵਿਚ ਆ ਕੇ ਬਹਿ ਗਈ ...

ਸਮੇਂ ਦੇ ਗੇੜ ਨਾਲ ਮਨੁੱਖ ਮਸ਼ੀਨਾਂ 'ਤੇ ਨਿਰਭਰ ਕਰਨ ਲੱਗ ਪਿਆ। ਮਸ਼ੀਨਾਂ ਦਾ ਨਿਰਮਾਣ, ਵਿਕਾਸ, ਵਰਤੋਂ ਤੇ ਵਿਸਥਾਰ ਹੁੰਦਾ ਗਿਆ। ਮਨੁੱਖੀ ਜੀਵਨ ਵਿੱਚ ਮਸ਼ੀਨ ਦੀ ਦਖਲਅੰਦਾਜ਼ੀ ਨੇ ਉਸਦਾ ਜੀਵਨ ਸੁਖਾਲਾ ਵੀ ਬਣਾਇਆ, ਕੰਮ ਸੁਥਰਾ ਹੋਣ ਲੱਗਿਆ, ਝਟ-ਪਟ ਨਿਪਟਣ ਲੱਗਿਆ ਤੇ ਸਮੇਂ ਦੀ ਬੱਚਤ ਵੀ ਹੋਣ ਲੱਗੀ। ਮਸ਼ੀਨ ਦੇ ਬੋਲ-ਬਾਲੇ ਨਾਲ ਚਰਖੇ ਦੀ ਹੋਂਦ 'ਤੇ ਸਵਾਲੀਆ ਨਿਸ਼ਾਨ ਲੱਗਣਾ ਸ਼ੁਰੂ ਹੋ ਗਿਆ। ਚਰਖਾ ਤੇ ਕੱਤਣੀ ਜੋ ਇਕ ਦੂਜੇ ਦੇ ਪੂਰਕ ਸਨ, ਕਦੋਂ ਕੁ ਤੱਕ ਬਚੇ ਰਹਿ ਸਕਦੇ ਸਨ ? ਕੱਤਣੀ ਨਾਲ ਮੁਟਿਆਰਾਂ ਦਾ ਭਾਵਨਾਤਮਿਕ ਰਿਸ਼ਤਾ ਵੀ ਕਿੰਨਾ ਕੁ ਚਿਰ ਤੱਕ ਹੰਢ ਸਕਦਾ ਸੀ ? ਹੌਲੀ ਹੌਲੀ ਕੱਤਣੀ ਵੀ ਸਹਿਕਦੀ ਸਹਿਕਦੀ ਸਮੇਂ ਦੀ ਧੁੰਦ ਵਿੱਚ ਗਵਾਚ ਗਈ। ਕੰਪਿਊਟਰ ਅਤੇ ਇੰਟਰਨੈੱਟ ਦੇ ਯੁੱਗ ਦੇ ਬੱਚਿਆਂ ਨੇ ਕਦੇ ਕੱਤਣੀ ਸ਼ਬਦ ਹੀ ਨਹੀਂ ਸੁਣਿਆ ਹੋਵੇਗਾ, ਇਸ ਬਾਰੇ ਉਨ੍ਹਾਂ ਨੂੰ ਜਾਣਕਾਰੀ ਹੋਣਾ ਤਾਂ ਦੂਰ ਦੀ ਗੱਲ ਹੈ। ਪੰਜਾਬੀ ਵਿਰਸੇ ਦੀ ਇਸ ਅਮੋਲਵੀਂ ਵਸਤੂ, ਜਿਸਦਾ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਸਥਾਨ ਵੀ ਰਿਹਾ ਹੈ ਤੇ ਜ਼ਿਕਰ ਵੀ ਚੱਲਦਾ ਆਇਆ ਹੈ ਦਾ ਵਿਗੋਚਾ ਮਨੁੱਖੀ ਅਵਚੇਤਨ ਵਿੱਚ ਕਿਧਰੇ ਧੂਹ ਤਾਂ ਪਾਉਂਦਾ ਹੋਵੇਗਾ ਹੀ !

ਪੰਜਾਬ ਵਿੱਚ, ਹੋਰਨਾਂ ਰਾਜਾਂ ਤੇ ਵਿਦੇਸ਼ਾਂ ਵਿੱਚ ਵੀ ਕਿਧਰੇ-ਕਿਧਰੇ ਅਜੇ ਵੀ ਅਜਿਹੇ ਲੋਕ ਮੌਜੂਦ ਹਨ ਜਿਹੜੇ ਪੁਰਾਤਨ ਕਲਾ ਨਾਲ ਬੇਹੱਦ ਪਿਆਰ ਕਰਦੇ ਹਨ। ਉਨ੍ਹਾਂ ਵਿੱਚੋਂ ਕੁਝ ਨੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨਾਲ ਜੁੜੀਆਂ ਕਈ ਪੁਰਾਣੀਆਂ ਵਸਤੂਆਂ ਨੂੰ ਤੇ ਕੱਤਣੀਆਂ ਨੂੰ ਅਜੇ ਤੱਕ ਵੀ ਯਾਦਗਾਰ ਦੇ ਤੌਰ 'ਤੇ ਸਾਂਭ ਕੇ ਰੱਖਿਆ ਹੋਇਆ ਹੈ। ਅਜਿਹੇ ਯਤਨ ਬੇਸ਼ੱਕ ਘੱਟ ਹਨ ਪਰ ਚੰਗੇ ਜ਼ਰੂਰ ਲੱਗਦੇ ਹਨ।

# ਭਾਰਤੀ ਵਿਦਿਆਰਥੀ ਪਾਠ ਪੁਸਤਕਾਂ ਨਾਲੋਂ ਯੂਟਿਊਬ ਨੂੰ ਕਿਉਂ ਤਰਜੀਹ ਦਿੰਦੇ ਹਨ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਕੁਝ ਸਾਲ ਪਹਿਲਾਂ, ਜ਼ਿਆਦਾਤਰ ਵਿਦਿਆਰਥੀ ਕਿਤਾਬਾਂ ਨੂੰ ਜਾਣਕਾਰੀ ਦੇ ਆਪਣੇ ਪ੍ਰਾਇਮਰੀ ਸਰੋਤ ਵਜੋਂ ਵਰਤਦੇ ਸਨ। ਪਰ ਹੁਣ, ਅਜਿਹਾ ਲਗਦਾ ਹੈ ਕਿ ਗਿਆਨ ਦਾ ਮੂਲ ਸਰੋਤ ਯੂਟਿਊਬ ਹੈ। ਇਸ ਲਈ, ਪਿਛਲੇ ਕੁਝ ਸਾਲਾਂ ਵਿੱਚ ਕੀ ਬਦਲ ਸਕਦਾ ਹੈ? ਮੈਨੂੰ ਇੱਕ ਕਿੱਸੇ ਨਾਲ ਸ਼ੁਰੂ ਕਰਨ ਦਿਓ। ਵਿਜੇ ਗਰਗ ਨੇ ਹਾਲ ਹੀ ਵਿੱਚ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਕਰਨ ਲਈ ਵਿਦਿਆਰਥੀ ਦੁਆਰਾ ਵਰਤੇ ਜਾ ਰਹੇ ਇੱਕ ਵਿਸ਼ੇਸ਼ ਉਪਕਰਣ ਦੇ ਕੰਮ ਕਰਨ ਨਾਲ ਸਬੰਧਤ ਇੱਕ ਸਵਾਲ ਪੁੱਛਿਆ। ਵਿਦਿਆਰਥੀ ਨੇ, ਬਹੁਤ ਹੀ ਭਰੋਸੇ ਨਾਲ, ਇੱਕ ਵਿਸਤ੍ਰਿਤ ਜਵਾਬ ਦਿੱਤਾ ਜੋ ਪੂਰੀ ਤਰ੍ਹਾਂ ਗਲਤ ਸੀ ਕਿਉਂਕਿ ਇਹ ਭੌਤਿਕ ਵਿਗਿਆਨ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਕਰਦਾ ਸੀ। ਵਿਜੇ ਗਰਗ ਥੋੜਾ ਉਲਝਣ ਵਿਚ ਸੀ ਕਿਉਂਕਿ ਇਸ ਤਰ੍ਹਾਂ ਦਾ ਜਵਾਬ ਵਿਦਿਆਰਥੀ ਦੀ ਸਮਝ 'ਤੇ ਅਧਾਰਤ ਹੋਣ ਦੀ ਸੰਭਾਵਨਾ ਨਹੀਂ ਹੈ ਪਰ ਕਿਸੇ ਕਿਤਾਬ ਤੋਂ ਹੋਣਾ ਚਾਹੀਦਾ ਹੈ। ਇਸ ਲਈ, ਮੈਂ ਉਸ ਨੂੰ ਪੁੱਛਿਆ ਕਿ ਕਿਹੜੀ ਕਿਤਾਬ ਵਿਚ ਇਹ ਵਿਆਖਿਆ ਸੀ। ਕੁਝ ਝਿਜਕਣ ਤੋਂ ਬਾਅਦ, ਉਸਨੇ ਬੇਰਹਿਮੀ ਨਾਲ ਕਿਹਾ ਕਿ ਇਹ ਇੱਕ ਯੂਟਿਊਬ ਵੀਡੀਓ ਤੋਂ ਹੈ। ਬਾਅਦ ਵਿੱਚ ਪਤਾ ਲੱਗਾ ਕਿ ਇਹ ਕੋਈ ਵੱਖਰਾ ਮਾਮਲਾ ਨਹੀਂ ਸੀ — ਬਹੁਤੇ ਵਿਦਿਆਰਥੀ ਹੁਣ ਸਿੱਖਣ ਲਈ ਕਿਤਾਬਾਂ ਦੀ ਬਜਾਏ ਯੂਟਿਊਬ 'ਤੇ ਭਰੋਸਾ ਕਰ ਰਹੇ ਸਨ। ਕਿਉਂਕਿ ਇਹ ਮੰਨਣ ਦਾ ਕੋਈ ਕਾਰਨ ਨਹੀਂ ਹੈ ਕਿ ਦੇਸ਼ ਭਰ ਦੇ ਵਿਦਿਆਰਥੀਆਂ ਨੂੰ ਪੂਰਾ ਕਰਨ ਵਾਲੀ ਦਿੱਲੀ ਯੂਨੀਵਰਸਿਟੀ ਵਰਗੀ ਵੱਡੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਨਮੂਨਾ ਕਿਸੇ ਤਰ੍ਹਾਂ ਵਿਲੱਖਣ ਹੈ, ਇਸ ਲਈ ਕੋਈ ਇਹ ਦਲੀਲ ਦੇ ਸਕਦਾ ਹੈ ਕਿ ਇਹ ਰੁਝਾਨ ਹੋਰਨਾਂ ਥਾਵਾਂ ਦੇ ਵਿਦਿਆਰਥੀਆਂ ਵਿੱਚ ਵੀ ਪਾਇਆ ਜਾਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਕਾਫ਼ੀ ਤਾਜ਼ਾ ਵਰਤਾਰਾ ਹੈ। ਕੁਝ ਸਾਲ ਪਹਿਲਾਂ, ਜ਼ਿਆਦਾਤਰ ਵਿਦਿਆਰਥੀ ਕਿਤਾਬਾਂ ਨੂੰ ਜਾਣਕਾਰੀ ਦੇ ਆਪਣੇ ਪ੍ਰਾਇਮਰੀ ਸਰੋਤ ਵਜੋਂ ਵਰਤਦੇ ਸਨ। ਪਰ ਹੁਣ, ਅਜਿਹਾ ਲਗਦਾ ਹੈ ਕਿ ਗਿਆਨ ਦਾ ਮੂਲ ਸਰੋਤ ਯੂਟਿਊਬ ਹੈ। ਇਸ ਲਈ, ਪਿਛਲੇ ਕੁਝ ਸਾਲਾਂ ਵਿੱਚ ਕੀ ਬਦਲ ਸਕਦਾ ਹੈ? ਮੈਨੂੰ ਨਹੀਂ ਲੱਗਦਾ ਕਿ ਅਸੀਂ ਇਸ ਦਾ ਜਵਾਬ ਕੁਝ ਖਾਸ ਤੌਰ 'ਤੇ ਜਾਣ ਸਕਦੇ ਹਾਂ ਪਰ ਕੁਝ ਸੰਭਾਵੀ ਧਾਰਨਾਵਾਂ ਹਨ ਜੋ ਅਸੀਂ ਇਸ ਤਬਦੀਲੀ ਨੂੰ ਸਮਝਣ ਦੀ ਕੋਸ਼ਿਸ਼ ਵਿੱਚ ਵਿਚਾਰ ਕਰ ਸਕਦੇ ਹਾਂ। ਕੋਵਿਡ -19 ਮਹਾਂਮਾਰੀ ਨੇ ਜ਼ਿਆਦਾਤਰ ਸਿੱਖਿਆ ਨੂੰ ਔਨਲਾਈਨ ਜਾਣ ਲਈ ਮਜਬੂਰ ਕੀਤਾ। ਜਿੱਥੋਂ ਤੱਕ ਸਿੱਖਣ ਦਾ ਸਬੰਧ ਸੀ, ਇਹ ਵੱਖ-ਵੱਖ ਕਾਰਨਾਂ ਕਰਕੇ ਵਿਨਾਸ਼ਕਾਰੀ ਸੀ। ਔਨਲਾਈਨ ਕਲਾਸਾਂ ਵਿੱਚ ਸ਼ਾਮਲ ਹੋਣ ਲਈ ਇੱਕ ਡਿਵਾਈਸ ਤੱਕ ਪਹੁੰਚ ਅਤੇ ਲੋੜੀਂਦੀ ਇੰਟਰਨੈਟ ਬੈਂਡਵਿਡਥ ਸ਼ੁਰੂਆਤੀ ਸਮੱਸਿਆਵਾਂ ਸਨ। ਨਾਲ ਹੀ, ਪ੍ਰਭਾਵੀ ਹੋਣ ਲਈ, ਔਨਲਾਈਨ ਸਿੱਖਿਆ ਸ਼ਾਸਤਰੀ ਵਿਧੀਆਂ ਨੂੰ ਚਾਕ-ਐਂਡ-ਟਾਕ ਅਧਿਆਪਨ ਤੋਂ ਕਾਫ਼ੀ ਵੱਖਰਾ ਹੋਣਾ ਚਾਹੀਦਾ ਹੈ, ਅਤੇ ਅਸੀਂ ਅਧਿਆਪਕ ਇਸ ਲਈ ਤਿਆਰ ਨਹੀਂ ਸੀ। ਅਖੀਰ ਵਿੱਚ, ਜ਼ਿਆਦਾਤਰ ਵਿਦਿਆਰਥੀਆਂ ਨੇ ਇੱਕ ਸਮਾਰਟਫੋਨ ਤੱਕ ਪਹੁੰਚ ਪ੍ਰਾਪਤ ਕਰਨ ਦਾ ਪ੍ਰਬੰਧ ਕੀਤਾ ਕਿਉਂਕਿ ਔਨਲਾਈਨ ਸਿੱਖਿਆ ਲਗਭਗ ਦੋ ਸਾਲਾਂ ਤੱਕ ਚੱਲੀ ਸੀ। ਮੋਬਾਈਲ ਫੋਨ ਸਪੇਸ ਵਿੱਚ ਇੱਕ ਨਵੇਂ ਦਾਖਲ ਹੋਣ ਦੇ ਕਾਰਨ ਡੇਟਾ ਦੀ ਲਾਗਤ ਵਿੱਚ ਗਿਰਾਵਟ ਨੇ ਵੀ ਇੱਕ ਭੂਮਿਕਾ ਨਿਭਾਈ - ਕਿਉਂਕਿ ਵੀਡੀਓ ਨੂੰ ਉੱਚ ਬੈਂਡਵਿਡਥ ਦੀ ਲੋੜ ਹੁੰਦੀ ਹੈ, ਕਿਫਾਇਤੀ ਡੇਟਾ ਨੇ ਇਸ ਤਬਦੀਲੀ ਦੀ ਸਹੂਲਤ ਦਿੱਤੀ। ਇਹ ਕਹਾਣੀ ਦਾ ਸਿਰਫ ਹਿੱਸਾ ਹੈ। ਸਾਨੂੰ ਅਜੇ ਵੀ ਇਹ ਸਮਝਣ ਦੀ ਲੋੜ ਹੈ ਕਿ ਵਿਦਿਆਰਥੀ ਹੁਣ ਕਿਤਾਬਾਂ ਵੱਲ ਵਾਪਸ ਕਿਉਂ ਨਹੀਂ ਗਏ ਜਦੋਂ ਕਿ ਨਿਯਮਤ ਅਧਿਆਪਨ ਦੁਆਰਾ ਆਨਲਾਈਨ ਹਦਾਇਤਾਂ ਦੀ ਥਾਂ ਲੈ ਲਈ ਗਈ ਹੈ। ਕਿਤਾਬਾਂ ਦੀ ਉੱਚ ਕੀਮਤ ਯਕੀਨੀ ਤੌਰ 'ਤੇ ਇਸ ਦਾ ਕਾਰਨ ਨਹੀਂ ਹੈ, ਕਿਉਂਕਿ ਜ਼ਿਆਦਾਤਰ ਵਿਦਿਆਰਥੀਆਂ ਨੇ ਕੁਝ ਸਮਾਂ ਪਹਿਲਾਂ ਕਿਤਾਬਾਂ ਦੀਆਂ ਹਾਰਡ ਕਾਪੀਆਂ ਖਰੀਦਣੀਆਂ ਬੰਦ ਕਰ ਦਿੱਤੀਆਂ ਸਨ। ਦ੍ਰਿੜ੍ਹ ਸਰਫਰ ਲਈ, ਕੋਈ ਵੀ ਕਿਤਾਬ ਇੰਟਰਨੈੱਟ 'ਤੇ ਮੁਫ਼ਤ ਡਾਊਨਲੋਡ ਕਰਨ ਲਈ ਉਪਲਬਧ ਹੈ। ਹਾਲਾਂਕਿ, ਆਪਣੇ ਫੋਨ ਜਾਂ ਲੈਪਟਾਪਾਂ 'ਤੇ ਸਾਫਟ ਕਾਪੀਆਂ ਦੀ ਸਲਾਹ ਲੈਣਾ ਵੀ ਵਿਦਿਆਰਥੀਆਂ ਵਿੱਚ ਬਹੁਤ ਪ੍ਰਚਲਿਤ ਨਹੀਂ ਹੈ। ਇੱਕ ਕਾਰਨ ਵਿਦਿਆਰਥੀਆਂ ਦੀ ਮੌਜੂਦਾ ਪੀੜ੍ਹੀ ਦੇ ਵੱਡੇ ਵਰਗਾਂ ਵਿੱਚ ਰਵੱਈਏ ਵਿੱਚ ਤਬਦੀਲੀ ਹੈ।

ਇਹ ਇੰਸਟਾਗ੍ਰਾਮ ਪੀੜ੍ਹੀ ਆਪਣੇ ਫ਼ੋਨਾਂ 'ਤੇ ਰੀਲਾਂ ਦੇਖਣ ਲਈ ਆਪਣੇ ਸਮੇਂ ਦਾ ਇੱਕ ਵੱਡਾ ਹਿੱਸਾ ਖਰਚ ਕਰਦੀ ਹੈ। ਉਹਨਾਂ ਦੇ ਧਿਆਨ ਦੀ ਮਿਆਦ, ਮੂਲ ਰੂਪ ਵਿੱਚ, ਕੁਝ ਮਿੰਟਾਂ ਤੱਕ ਸੀਮਿਤ ਹੁੰਦੀ ਹੈ। ਪੜ੍ਹਨਾ, ਸਭ ਤੋਂ ਵਧੀਆ, ਕੁਝ ਲਾਇ-ਨਾਂ ਦੀਆਂ ਪੋਸਟਾਂ ਤੱਕ ਸੀਮਿਤ ਹੈ। ਵਿਜ਼ੂਅਲ ਮੀਡੀਆ ਲਈ ਇਸ ਤਰਜੀਹ ਨੂੰ ਦੇਖਦੇ ਹੋਏ, ਕੋਈ ਵੀ ਪੁੱਛ ਸਕਦਾ ਹੈ ਕਿ ਵਿਦਿਆਰਥੀ ਸ਼ਾਨਦਾਰ ਔਨਲਾਈਨ ਕੋਰਸ ਕਿਉਂ ਨਹੀਂ ਕਰ ਰਹੇ ਹਨ ਸਗੋਂ ਸ਼ੌਕੀਨਾਂ ਦੁਆਰਾ ਪੇਸ਼ ਕੀਤੇ ਗਏ YouTube ਵੀਡੀਓਜ਼ ਦੀ ਚੋਣ ਕਿਉਂ ਕਰ ਰਹੇ ਹਨ। ਆਖ਼ਰਕਾਰ, ਪੱਛਮ ਦੀਆਂ ਕਈ ਯੂਨੀਵਰਸਿਟੀਆਂ ਨੇ ਆਪਣੇ ਕੋਰਸ ਔਨਲਾਈਨ ਰੱਖੇ ਹਨ, ਅਤੇ ਇਹ ਸ਼ਾਨਦਾਰ ਗੁਣਵੱਤਾ ਵਾਲੇ ਅਤੇ ਡਾਊਨਲੋਡ ਕਰਨ ਲਈ ਮੁਫ਼ਤ ਹਨ। ਇਸ ਤੋਂ ਇਲਾਵਾ, ਦਨੈਸ਼ਨਲ ਪ੍ਰੋਗਰਾਮ ਆਨ ਟੈਕਨਾਲੋਜੀ ਐਨਹਾਂਸਡ ਲਰਨਿੰਗ ਕੁਝ ਵਧੀਆ ਕੋਰਸ ਮੁਫਤ ਪ੍ਰਦਾਨ ਕਰਦਾ ਹੈ। ਸਮੱਸਿਆ ਦੋ ਗੁਣਾ ਹੈ। ਪਹਿਲਾਂ, ਯੂਨੀਵਰਸਿਟੀਆਂ ਅਤੇ ਐਨਪੀਟੀਈਐਲ 'ਤੇ ਦਿੱਤੇ ਗਏ ਭਾਸ਼ਣ ਆਮ ਤੌਰ 'ਤੇ ਬਹੁਤ ਸਾਰੇ ਵਿਦਿਆਰਥੀਆਂ ਲਈ ਡਰਾਉਣੇ ਹੁੰਦੇ ਹਨ। ਇਹ ਸਿਰਫ਼ ਇਸ ਲਈ ਹੈ ਕਿਉਂਕਿ ਇਹ ਲੈਕਚਰ ਵਿਸ਼ੇ ਦੀ ਇੱਕ ਬੁਨਿਆਦੀ ਸਮਝ ਅਤੇ ਪੂਰਵ ਗਿਆਨ ਨੂੰ ਮੰਨਦੇ ਹਨ, ਜਿਸਦੀ ਬਹੁਤੇ ਵਿਦਿਆਰਥੀ ਮਹਿਸੂਸ ਕਰਦੇ ਹਨ ਕਿ ਉਹਨਾਂ ਕੋਲ ਕਮੀ ਹੈ। ਕੋਰਸ ਵੀ ਸਖ਼ਤ ਹਨ ਅਤੇ ਉਨ੍ਹਾਂ ਦੇ ਸਮੇਂ ਅਤੇ ਧਿਆਨ ਦੀ ਮੰਗ ਕਰਦੇ ਹਨ, ਜਿਸ ਨੂੰ ਉਹ ਪਾਉਣ ਤੋਂ ਝਿਜਕਦੇ ਹਨ।

ਭਾਸ਼ਾ ਦਾ ਮਸਲਾ ਵੀ ਹੈ। ਇਹ ਸਿਰਫ਼ ਉਹਨਾਂ ਵਿਦਿਆਰਥੀਆਂ ਲਈ ਹੀ ਨਹੀਂ ਹੈ ਜਿਨ੍ਹਾਂ ਨੇ ਆਪਣੀ ਸਿੱਖਿਆ ਅੰਗਰੇਜ਼ੀ ਵਿੱਚ ਨਹੀਂ ਲਈ ਹੈ, ਸਗੋਂ ਉਹਨਾਂ ਲਈ ਵੀ ਸੱਚ ਹੈ ਜਿਨ੍ਹਾਂ ਨੂੰ ਸ਼ਾਇਦ ਅੰਗਰੇਜ਼ੀ ਵਿੱਚ ਪੜ੍ਹਾਇਆ ਗਿਆ ਹੋਵੇ ਕਿਉਂਕਿ ਬਹੁਤ ਸਾਰੇ ਵਿਦਿਆਰਥੀਆਂ ਲਈ ਬੋਲੀ ਜਾਣ ਵਾਲੀ ਅੰਗਰੇਜ਼ੀ ਦੀ ਸਮਝ ਚੁਣੌਤੀਪੂਰਨ ਹੁੰਦੀ ਹੈ। ਇਹਨਾਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਵਿੱਚ ਦਿੱਤੇ ਗਏ ਔਫਲਾਈਨ ਲੈਕਚਰ ਨੂੰ ਵੀ ਪੂਰੀ ਤਰ੍ਹਾਂ ਸਮਝਣਾ ਔਖਾ ਲੱਗਦਾ ਹੈ। ਹਾਲਾਂਕਿ, ਉਸ ਸਥਿਤੀ ਵਿੱਚ, ਅਧਿਆਪਕ ਆਮ ਤੌਰ 'ਤੇ ਸਥਾਨਕ ਭਾਸ਼ਾ ਦੀ ਵਰਤੋਂ ਕਰਕੇ ਵਿਆਖਿਆ ਕਰ ਸਕਦਾ ਹੈ ਤਾਂ ਜੋ ਘੱਟੋ-ਘੱਟ ਜ਼ਰੂਰੀ ਸੰਕਲਪ ਨੂੰ ਪੂਰਾ ਕੀਤਾ ਜਾ ਸਕੇ। ਇਹ ਔਨਲਾਈਨ ਲੈਕਚਰਾਂ ਦੇ ਨਾਲ ਇੱਕ ਵਿਕਲਪ ਨਹੀਂ ਹੈ। ਯੂਟਿਊਬ 'ਤੇ, ਤੁਸੀਂ ਵਿਡੀਓਜ਼ ਲੱਭ ਸਕਦੇ ਹੋ, ਜੋ ਕਿ ਜੇਕਰ ਸਥਾਨਕ ਭਾਸ਼ਾ ਵਿੱਚ ਨਹੀਂ ਹਨ, ਤਾਂ ਆਮ ਤੌਰ 'ਤੇ ਦੋਭਾਸ਼ੀ ਅਤੇ ਗੈਰ-ਡਰਾਉਣੇ ਢੰਗ ਨਾਲ ਡਿਲੀਵਰ ਕੀਤੇ ਜਾਂਦੇ ਹਨ। ਵਿਦਿਆਰਥੀ ਛੋਟੇ ਵਿਡੀਓਜ਼ ਦੇ ਫਾਰਮੈਟ ਵਿੱਚ ਅਰਾਮਦੇਹ ਮਹਿਸੂਸ ਕਰਦੇ ਹਨ, ਜੋ ਉਹਨਾਂ ਦੇ ਵਿਚਾਰ ਵਿੱਚ ਉਹਨਾਂ ਨੂੰ ਵਿਸ਼ੇ ਦਾ ਸਾਰ ਦਿੰਦਾ ਹੈ। ਅਜਿਹੇ ਵਿਡੀਓਜ਼ ਦੀ ਪ੍ਰਸਿੱਧੀ ਨੂੰ ਦੇਖਦੇ ਹੋਏ, ਖੋਜ ਐਲਗੋਰਿਦਮ ਉਹਨਾਂ ਨੂੰ ਕਿਸੇ ਵੀ ਖੋਜ ਵਿੱਚ ਚੋਟੀ ਦੇ ਨਤੀਜਿਆਂ ਦੇ ਰੂਪ ਵਿੱਚ ਸੁੱਟ ਦਿੰਦਾ ਹੈ, ਜੋ ਉਹਨਾਂ ਨੂੰ ਵਧੇਰੇ ਪ੍ਰਸਿੱਧ ਬਣਾਉਂਦਾ ਹੈ, ਇਸ ਤਰ੍ਹਾਂ ਉਹਨਾਂ ਦੀ ਐਲਗੋਰਿਦਮਿਕ ਦਰਜਾਬੰਦੀ ਨੂੰ ਹੋਰ ਵੀ ਵਧਾਉਂਦਾ ਹੈ। ਮੈਂ ਵੀਵਾ ਲੈ ਰਹੇ ਵਿਦਿਆਰਥੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਸਨੂੰ ਯੂਟਿਊਬ 'ਤੇ ਅਣ-ਪ੍ਰਮਾਣਿਤ ਸਮੱਗਰੀ ਦੀ ਬਜਾਏ ਕਿਤਾਬਾਂ ਦੀ ਵਰਤੋਂ ਕਿਉਂ ਕਰਨੀ ਚਾਹੀਦੀ ਹੈ ਅਤੇ ਉਸਨੇ ਧੀਰਜ ਨਾਲ ਸੁਣਿਆ। ਪਰ, ਉਸਦੇ ਤਰੀਕੇ ਤੋਂ, ਇਹ ਸਪੱਸ਼ਟ ਸੀ ਕਿ ਮੈਂ ਆਪਣਾ ਸਮਾਂ ਬਰਬਾਦ ਕਰ ਰਿਹਾ ਸੀ। ਨਿਰੰਤਰ ਧਿਆਨ ਦੀ ਇਹ ਘਾਟ, ਧਿਆਨ ਕੇਂਦਰਿਤ ਕਰਨ ਦੀ ਸਮਰੱਥਾ, ਅਤੇ ਘੱਟ ਪੜ੍ਹਨ ਦੇ ਹੁਨਰ ਸਾਡੇ ਭਵਿੱਖ ਲਈ ਕੀ ਰੱਖਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ। ਸ਼ਾਇਦ ਟਵਿੱਟਰ/ਇੰਸਟਾ ਪੀੜ੍ਹੀ ਨੂੰ ਇਹਨਾਂ ਦੀ ਲੋੜ ਨਾ ਹੋਵੇ ਕਿਉਂਕਿ ਚੈਟਜੀਪੀਟੀ ਵਰਗੇ ਟੂਲ ਕਾਫ਼ੀ ਹੋ ਸਕਦੇ ਹਨ।

## ਸਟੇਟ ਅਵਾਰਡੀ ਟੀਚਰ

# ਆਪਣੇ ਕਿੱਤੇ ਨੂੰ ਪੂਜਾ ਮੰਨ ਕੇ ਨਿਭਾਈਏ- ਗੁਰਜਿੰਦਰ ਕੌਰ



ਬਲਜਿੰਦਰ ਮਾਨ
91-98150-18947

ਜੇਕਰ ਅਸੀਂ ਆਪਣੇ ਕਿੱਤੇ ਨੂੰ ਪੂਜਾ ਮੰਨ ਕੇ ਕਰੀਏ ਤਾਂ ਸਾਡਾ ਜੀਵਨ ਹੀ ਸੁਖਾਲਾ ਨਹੀਂ ਹੁੰਦਾ ਸਗੋਂ ਆਲੇ ਦੁਆਲੇ ਦਾ ਵਾਤਾਵਰਨ ਵੀ ਸੋਹਣਾ ਤੇ ਸੁਚੱਜਾ ਬਣ ਜਾਂਦਾ ਹੈ। ਅਜਿਹੇ ਵਿਚਾਰਾਂ ਨੂੰ ਜੀਵਨ ਵਿੱਚ ਅਪਣਾ ਕੇ ਸਿੱਖਿਆ ਜਗਤ ਵਿੱਚ ਸ਼ਾਨਦਾਰ ਕਾਰਜ ਕਰ ਰਹੇ ਨੇ ਸਰਕਾਰੀ ਐਲੀਮੈਂਟਰੀ ਸਕੂਲ ਨੂਰਪੁਰ ਲੁਬਾਣਾ ਜ਼ਿਲ੍ਹਾ ਕਪੂਰਥਲਾ ਦੀ ਅਧਿਆਪਕਾ ਗੁਰਜਿੰਦਰ ਕੌਰ। ਉਸ ਨੇ ਆਪਣੇ ਜੀਵਨ ਦਾ ਮਨੋਰਥ ਬੱਚਿਆਂ ਦੀ ਜ਼ਿੰਦਗੀ ਨੂੰ ਸੰਵਾਰਨਾ ਤੇ ਸ਼ਿੰਗਾਰਨਾ ਮਿਥਿਆ ਹੋਇਆ ਹੈ। ਜਿਸ ਵਾਸਤੇ ਦਿਨ ਰਾਤ ਇੱਕ ਕੀਤੀ ਜਾ ਰਹੀ ਹੈ। ਸਿੱਖਿਆ ਜਗਤ ਵਿੱਚ ਨਿਵੇਕੜੀਆਂ ਪੈੜਾਂ ਪਾਉਣ ਵਾਲਾ ਇਹ ਸਕੂਲ ਪੂਰੇ ਜ਼ਿਲੇ ਵਿੱਚ ਹੀ ਨਹੀਂ ਸਗੋਂ ਪੰਜਾਬ ਵਿੱਚ ਚਰਚਿਤ ਹੈ। ਮੈਡਮ ਗੁਰਜਿੰਦਰ ਕੌਰ ਨੇ ਆਪਣੀ ਮਿਹਨਤ ਲਗਨ ਅਤੇ ਕੋਸ਼ਿਸ਼ਾਂ ਸਦਕਾ ਸਕੂਲ ਨੂੰ ਅੱਵਲ ਦਰਜੇ ਤੇ ਲਿਆਂਦਾ ਅਤੇ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ। ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲੱਖਾਂ ਦੀ ਰਾਸ਼ੀ ਖਰਚ ਕਰਵਾਈ ਗਈ ਅਤੇ ਸਟੀਲ ਦੇ ਫਰਨੀਚਰ ਤੇ ਡਾਇਨਿੰਗ ਹਾਲ ਵਿੱਚ ਬੈਠ ਕੇ ਮਿੱਡ ਡੇ ਮੀਲ ਖਾਣ ਦਾ ਪ੍ਰਬੰਧ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਜਗਵਿੰਦਰ ਸਿੰਘ ਨੇ ਸਕੂਲ ਦਾ ਦੌਰਾ ਕੀਤਾ ਤਾਂ ਉਹ ਇੰਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਆਪ ਦਾ ਨਾਮ ਜ਼ਿਲਾ ਪੱਧਰੀ ਕੌਮੀ ਸਮਾਗਮ 15 ਅਗਸਤ ਅਤੇ 26 ਜਨਵਰੀ ਵਿਚ ਸਨਮਾਨ ਲਈ ਸਿਫਾਰਿਸ਼ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨਾਂ ਨੂੰ ਸ਼ਾਨਦਾਰ ਪ੍ਰਾਪਤੀਆਂ ਲਈ ਪ੍ਰਸ਼ੰਸਾ ਪੱਤਰ ਨਾਲ ਨਿਵਾਜਿਆ ਗਿਆ। ਉਹਨਾਂ ਦਾ ਹੌਸਲਾ ਬੁਲੰਦ ਹੋਇਆ ਤਾਂ ਉਹ ਇਸ ਖੇਤਰ ਵਿੱਚ ਹੋਰ ਵੀ ਸਰਗਰਮ ਭੂਮਿਕਾ ਅਦਾ ਕਰਨ ਲੱਗੇ। ਸਕੂਲ ਦੇ ਕੁਦਰਤੀ ਵਾਤਾਵਰਣ ਵਿੱਚ ਹਰ ਪ੍ਰਕਾਰ ਦੀ ਸਹੂਲਤ ਉਪਲਬਧ ਕਰਵਾਈ ਗਈ ਤਾਂ ਕਿ ਵਿਦਿਆਰਥੀ ਚਲਦੇ ਫਿਰਦੇ ਵੀ ਕੁਝ ਨਾ ਕੁਝ ਗ੍ਰਹਿਣ ਕਰਦੇ ਰਹਿਣ। ਐਜੂਕੇਸ਼ਨਲ ਪਾਰਕ, ਸਮਾਰਟ ਕਲਾਸ ਰੂਮ, ਪ੍ਰੋ-ਜੈਕਟਰ, ਲਾਇਬਰੇਰੀ ਅਤੇ ਪਤਾ ਨਹੀਂ ਹੋਰ ਕਿੰਨਾ ਕੁਝ ਵਿਦਿਆਰਥੀਆਂ ਲਈ ਸਕੂਲ ਵਿੱਚ ਉਪਲਬਧ ਕਰਵਾਇਆ ਗਿਆ ਹੈ। ਇਹਨਾਂ ਸ਼ਾਨਦਾਰ ਪ੍ਰਾਪਤੀਆਂ ਵਾਸਤੇ ਪੰਜਾਬ ਸਰਕਾਰ ਵਲੋਂ ਅਧਿਆਪਕ ਦਿਵਸ ਮੌਕੇ 5 ਸਤੰਬਰ, 2024 ਨੂੰ ਹੁਸ਼ਿਆਰਪੁਰ ਵਿਖੇ ਪੰਜਾਬ ਰਾਜ ਅਧਿਆਪਕ ਪੁਰਸਕਾਰ ਪ੍ਰਦਾਨ ਕੀਤਾ ਗਿਆ। ਗੁਰਜਿੰਦਰ ਕੌਰ ਹੋਰਾਂ ਕੋਲ ਜਿੱਥੇ ਗਿਆਨ ਦਾ ਭੰਡਾਰ ਹੈ ਉਥੇ ਇਸ ਗਿਆਨ ਨੂੰ ਬੱਚਿਆਂ ਤੱਕ ਪੁਜਦਾ ਕਰਨ ਦੀ ਕਲਾ ਵੀ ਹੈ। ਉਹ ਹਿੰਦੀ ਦੀ ਮਾਸਟਰ ਡਿਗਰੀ ਨਾਲ ਐਮਫਿਲ ਅਤੇ ਬੀਐਡ ਕਰਨ ਉਪਰੰਤ ਪ੍ਰਾਈਵੇਟ ਸਕੂਲਾਂ ਵਿੱਚ ਸੇਵਾਵਾਂ ਨਿਭਾਉਂਦੇ ਹੋਏ 2008 ਵਿੱਚ ਸਰਕਾਰੀ ਵਿਭਾਗ ਵਿੱਚ ਕਾਰਜਸ਼ੀਲ ਹੋ ਗਏ। ਕਪੂਰਥਲਾ ਜ਼ਿਲ੍ਹੇ ਦੇ ਸਰਕਾਰੀ ਐਲੀਮੈਂਟਰੀ ਸਕੂਲ ਨੂਰਪੁਰ ਲੁਬਾਣਾ ਵਿੱਚ ਉਹਨਾਂ ਨੇ ਸਰਕਾਰੀ ਸਰਵਿਸ ਦਾ ਆਰੰਭ ਕੀਤਾ ਤੇ ਅੱਜ ਤੱਕ ਇਸ ਸਕੂਲ ਨੂੰ ਸ਼ਿੰਗਾਰਨ ਤੇ ਸੰਵਾਰਨ ਵਿੱਚ ਜੁਟੇ ਹੋਏ ਹਨ। ਵਿਭਾਗ ਵੱਲੋਂ ਮਿਲਦੇ ਨਿਰਦੇਸ਼ਾਂ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਕਦੀ ਐਚ ਟੀ ਤੇ ਕਦੀ ਸੀ ਐਚ ਟੀ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਉਂਦੇ ਰਹਿੰਦੇ ਹਨ। ਆਪ ਦੁਆਰਾ ਤਿਆਰ ਕੀਤੀ ਟੀਚਰ ਡਾਇਰੀ ਅਤੇ ਮੈਗਜ਼ੀਨ ਪੰਖੇਰੂ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੇ ਨਿਰਦੇਸ਼ਕ ਡਾਕਟਰ ਦਵਿੰਦਰ ਸਿੰਘ ਬੋਹਾ ਵੱਲੋਂ ਅਨੇਕਾਂ ਅਧਿਆਪਕਾਂ ਨੂੰ ਨਮੂਨੇ ਵਜੋਂ ਦਿਖਾਇਆ ਗਿਆ। ਬੱਚਿਆਂ ਨੂੰ ਇਸ ਤਰੀਕੇ ਨਾਲ ਮਿਹਨਤ ਕਰਵਾਈ ਜਾਂਦੀ ਹੈ ਕਿ ਉਹ ਜਵਾਹਰ ਨਵੋਦਿਆ ਵਿਦਿਆਲਿਆ ਦੀ ਪ੍ਰੀਖਿਆ ਨੂੰ ਸੌਖੇ ਹੀ ਪਾਸ ਕਰ ਜਾਣ। ਆਪ ਵੱਲੋਂ ਤਿਆਰ ਕੀਤੇ ਸੈਂਕੜੇ ਬੱਚੇ ਇਹ ਪ੍ਰੀਖਿਆ ਪਾਸ ਕਰਕੇ ਜਵਾਹਰ ਨਵੋਦਿਆ ਵਿਦਿਆਲਿਆ ਅਤੇ ਕਈ ਹੋਰ ਅਵਲ ਦਰਜਾ ਪ੍ਰੀਖਿਆਵਾਂ ਪਾਸ ਕਰਕੇ ਉਚੇਰੀ ਪੜ੍ਹਾਈ ਕਰ ਰਹੇ ਹਨ।



ਬੱਚਿਆਂ ਨੂੰ ਨਰੋਈਆਂ ਕਦਰਾਂ ਕੀਮਤਾਂ ਨਾਲ ਜੋੜਨ ਵਾਸਤੇ ਉਹ ਖੁਦ ਇੱਕ ਲੇਖਿਕਾ ਵਜੋਂ ਵੀ ਸ਼ਾਨਦਾਰ ਕਿਰਤਾਂ ਦੀ ਸਿਰਜਣਾ ਕਰ ਰਹੇ ਹਨ। ਆਪਣੇ ਯੂ.ਟਿਊਬ ਚੈਨਲ ਤੇ ਸ਼ਾਨਦਾਰ ਕਿਰਤਾਂ ਨਾਲ ਵਿਦਿਆਰਥੀਆਂ ਨੂੰ ਕਰੋਨਾ ਕਾਲ ਵਿੱਚ ਨਿਰਾਸ਼ ਨਹੀਂ ਹੋਣ ਦਿੱਤਾ। ਬੱਚਿਆਂ ਦਾ ਮਨੋਬਲ ਵਧਾਉਣ ਲਈ ਉਹਨਾਂ ਅੰਦਰ ਮੁਕਾਬਲੇ ਦੀ ਭਾਵਨਾ ਉਪਜਾਈ ਜਾਂਦੀ ਹੈ। ਸਾਹਿ-ਵਿਦਿਅਕ ਕਿਰਿਆਵਾਂ, ਸਮਰ ਕੈਂਪ, ਵਾਤਾਵਰਣ ਦੀ ਸਾਂਭ ਸੰਭਾਲ ਅਤੇ ਬਾਲ ਜੀਵਨ ਨੂੰ ਸ਼ਿੰਗਾਰਨ ਵਾਲੀਆਂ ਸਭ ਗਤੀਵਿਧੀਆਂ ਦਾ ਆਯੋਜਨ ਉਹਨਾਂ ਵੱਲੋਂ ਕੀਤਾ ਜਾਂਦਾ ਹੈ। ਆਪ ਇਕ ਵਧੀਆ ਬੁਲਾਰੇ ਹੋਣ ਕਰਕੇ ਹਰ ਸਮਾਰੋਹ ਵਿਚ ਦਰਸ਼ਕਾਂ ਅਤੇ ਸਰੋਤਿਆਂ ਨੂੰ ਕਾਇਲ ਕਰ ਜਾਂਦੇ ਹਨ। ਉੱਚੇ ਸੁੱਚੇ ਵਿਚਾਰ ਸਰੋਤਿਆਂ ਦੇ ਦਿਲ ਦੀਆਂ ਤਹਿਆਂ ਤੱਕ ਲੈ ਜਾਂਦੇ ਹਨ। ਅਖ਼ਬਾਰਾਂ ਰਸਾਲਿਆਂ ਵਿੱਚ ਲਿਖਣਾ ਉਹਨਾਂ ਦਾ ਮੁੱਖ ਸ਼ੌਕ ਹੈ। ਇਸ ਦਾ ਮੁੱਖ ਕਾਰਨ ਉਹਨਾਂ ਦਾ ਪਰਿਵਾਰਿਕ ਵਾਤਾਵਰਣ ਹੈ ਜਿੱਥੇ ਗਿਆਨ ਵਿਗਿਆਨ ਅਤੇ ਸਿੱਖਿਆ ਦੀਆਂ ਬਾਤਾਂ ਚਲਦੀਆਂ ਰਹਿੰਦੀਆਂ ਹਨ। ਉੱਘੇ ਵਿਦਵਾਨ ਸ.ਹਰਭਜਨ ਸਿੰਘ ਹੁੰਦਲ ਦੀ ਇਸ ਬਹੂ ਨੂੰ ਸੇਵਾ ਮੁਕਤ ਸੀ ਐਚਟੀ ਸੱਸ ਰਘਬੀਰ ਕੌਰ ਸਮੇਤ ਸਾਰੇ ਪਰਿਵਾਰ ਕੋਲੋਂ ਪ੍ਰੇਰਨਾ ਮਿਲਦੀ ਹੈ। ਆਪ ਦੇ ਜੀਵਨ ਸਾਥੀ ਕਾਲਜ ਪ੍ਰਿੰਸੀਪਲ ਡਾਕਟਰ ਹਰਪ੍ਰੀਤ ਸਿੰਘ ਹੁੰਦਲ ਆਪ ਦੀ ਚੜ੍ਹਦੀ ਕਲਾ ਵਿੱਚ ਸਹਿਯੋਗੀ ਬਣਦੇ ਹਨ। ਬੇਟੀ ਸਿਰਜਣਾ ਐਮਬੀਬੀਐਸ ਕਰਕੇ ਸਰਕਾਰੀ ਨੌਕਰੀ ਕਰ ਰਹੀ ਹੈ। ਗੁਰਜਿੰਦਰ ਕੌਰ ਦਾ ਜਨਮ ਪਿੰਡ ਮੁੱਛਲ ਜ਼ਿਲਾ ਅੰਮ੍ਰਿਤਸਰ ਵਿੱਚ ਕਿਸਾਨ ਆਗੂ ਅਤੇ ਸਮਾਜ ਸੇਵਕ ਤਾਰਾ ਸਿੰਘ ਸੰਧੂ (ਖੇਤੀਬਾੜੀ ਅਫਸਰ) ਦੇ ਘਰ ਹੋਇਆ। ਮਾਪਿਆਂ ਨੇ ਉਸ ਨੂੰ ਪ੍ਰੇਰਨਾ ਦੇ ਕੇ ਹਰ ਖੇਤਰ ਵਿੱਚ ਪਹਿਲੀਆਂ ਥਾਂਵਾਂ ਪ੍ਰਾਪਤ ਕਰਨ ਦਾ ਬਲ ਬਖਸ਼ਿਆ। ਉਸ ਨੇ ਆਪਣੀਆਂ ਸਾਰੀਆਂ ਜਮਾਤਾਂ ਸ਼ਾਨਦਾਰ ਅੰਕਾਂ ਨਾਲ ਪਾਸ ਕੀਤੀਆਂ। ਸਾਹਿਤ ਕਲਾ ਸੱਭਿਆਚਾਰ ਅਤੇ ਸਮਾਜ ਨਾਲ ਜੁੜੇ ਪਰਿਵਾਰ ਨੇ ਉਸ ਨੂੰ ਸਮਿਆਂ ਦੀ ਹਾਣੀ ਬਣਾ ਦਿੱਤਾ। ਉਸ ਦੀਆਂ ਗਤੀਵਿਧੀਆਂ ਨੂੰ ਹੋਰ ਨਰੋਆ ਬਣਾਉਣ ਵਿੱਚ ਸਰਕਾਰੀ ਸੈਕੰਡਰੀ ਸਕੂਲ ਨੂਰਪੁਰ ਲੁਬਾਣਾ ਦੀ ਮਾਲਤੀ ਗਿਆਨਪੀਠ ਅਤੇ ਸਟੇਟ ਅਧਿਆਪਕ ਪੁਰਸਕਾਰ ਜੇਤੂ ਪ੍ਰਿੰਸੀਪਲ ਪੁਨੀਤ ਪੁਰੀ ਅਹਿਮ ਯੋਗਦਾਨ ਪਾਉਂਦੇ ਹਨ। ਉਹ ਆਪਣੀ ਪ੍ਰਭਾਵਸ਼ਾਲੀ ਸ਼ਖਸ਼ੀਅਤ ਸਦਕਾ ਹਰ ਕਿਸੇ ਨੂੰ ਆਪਣੇ ਕਾਰਜਾਂ ਵਿੱਚ ਭਾਗੀਦਾਰ ਬਣਾਉਣ ਦੀ ਸਮਰੱਥਾ ਰੱਖਦੇ ਹਨ। ਇਸੇ ਕਰਕੇ ਬੱਚਿਆਂ ਅਧਿਆਪਕਾਂ ਅਤੇ ਮਾਪਿਆਂ ਵਿੱਚ ਉਹਨਾਂ ਦਾ ਪੂਰਾ ਮਾਣ ਸਨਮਾਨ ਹੁੰਦਾ ਹੈ। ਸਾਹਿਤਕ ਰੁਚੀਆਂ ਦੇ ਮਾਲਕ ਹੋਣ ਕਰਕੇ ਉਹ ਪੰਜਾਬੀ ਕਵਿਤਾਵਾਂ ਦਾ ਹਿੰਦੀ ਅਨੁਵਾਦ ਵੀ ਕਰਦੇ ਹਨ। ਗੁਰੂ ਸਾਹਿਬਾਨ ਦੁਆਰਾ ਦਰਸਾਏ ਮਾਰਗ ਤੇ ਚੱਲ ਕੇ ਹਰ ਕਿਸੇ ਦਾ ਭਲਾ ਕਰਨਾ ਆਪ ਦੇ ਜੀਵਨ ਕਾਰਜਾਂ ਵਿੱਚ ਸ਼ਾਮਿਲ ਹੈ। ਉਹ ਆਪਣੇ ਅਧਿਐਨ ਅਤੇ ਅਧਿਆਪਨ ਦੀ ਕਲਾ ਸਦਕਾ ਸਕੂਲ ਨੂੰ ਬੁਲੰਦੀਆਂ ਤੇ ਲਿਜਾ ਰਹੇ ਹਨ। ਕਈ ਹੋਰ ਅਧਿਆਪਕ ਉਹਨਾਂ ਦੁਆਰਾ ਪਾਏ ਪੂਰਨਿਆਂ ਤੇ ਚੱਲਣ ਲਈ ਯਤਨਸ਼ੀਲ ਹਨ। ਆਪਣੇ ਕਿੱਤੇ ਨੂੰ ਸਮਰਪਿਤ ਹੋ ਕੇ ਕਰਨ ਦੀ ਭਾਵਨਾ ਉਜਾਗਰ ਕਰਨ ਵਾਲੇ ਵਿਚਾਰਾਂ ਨਾਲ ਅਧਿਆਪਕਾਂ ਨੂੰ ਅਤੇ ਵਿਦਿਆਰਥੀਆਂ ਨੂੰ ਉੱਚੀਆਂ ਅਤੇ ਸੁੱਚੀਆਂ ਮੰਜ਼ਲਾਂ ਦਾ ਰਾਹ ਦਿਖਾਉਂਦੇ ਰਹਿੰਦੇ ਹਨ।

# ਤੇਜਿੰਦਰ ਸਿੰਘ ਅਨਜਾਨਾ ਦਾ 'ਮਨ ਦੀ ਵੇਈਂ' ਗ਼ਜ਼ਲ ਸੰਗ੍ਰਹਿ ਸਮਾਜਿਕਤਾ ਦਾ ਪ੍ਰਤੀਕ




ਉਜਾਗਰ ਸਿੰਘ
91-94178 13072

ਤੇਜਿੰਦਰ ਸਿੰਘ ਅਨਜਾਨਾ ਦਾ ਪਲੇਠਾ ਗ਼ਜ਼ਲ ਸੰਗ੍ਰਹਿ 'ਮਨ ਦੀ ਵੇਈਂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਕ ਹੈ। ਇਸ ਗ਼ਜ਼ਲ ਸੰਗ੍ਰਹਿ ਵਿੱਚ 7 ਸ਼ਿਅਰਾਂ ਵਾਲੀਆਂ 47 ਗ਼ਜ਼ਲਾਂ ਹਨ। ਇਹ ਗ਼ਜ਼ਲਾਂ ਪਿੰਗਲ ਦੇ ਨਿਯਮਾ 'ਤੇ ਪੂਰੀਆਂ ਉਤਰਦੀਆਂ ਹਨ। ਅਨਜਾਨਾ ਸੰਵੇਦਨਸ਼ੀਲ ਸ਼ਾਇਰ ਹੈ। ਉਸ ਦੀਆਂ ਗ਼ਜ਼ਲਾਂ ਬਹੁ-ਪੱਖੀ ਵਿਸ਼ਿਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਉਹ ਸਚਾਈ ਦੇ ਮਾਰਗ 'ਤੇ ਚਲਣ ਵਾਲਾ ਸ਼ਾਇਰ ਹੈ। ਉਸ ਦੀਆਂ ਗ਼ਜ਼ਲਾਂ ਸਮਾਜਿਕ ਕਦਰਾਂ ਕੀਮਤਾਂ ਤੇ ਪਹਿਰਾ ਦਿੰਦੀਆਂ ਹਨ। ਸਮਾਜ ਵਿੱਚ ਵਾਪਰ ਰਹੀਆਂ ਅਸਮਾਜਿਕ ਘਟਨਾਵਾਂ ਸ਼ਾਇਰ ਨੂੰ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਗ਼ਜ਼ਲਾਂ ਲਿਖਣ ਲਈ ਪ੍ਰੇਰਦੀਆਂ ਹਨ। ਸਮਾਜ ਵਿੱਚ ਕੁਝ ਲੋਕ ਪ੍ਰਾਕ੍ਰਿਤਕ ਵਾਤਾਵਰਨ ਨਾਲ ਖਿਲਵਾੜ ਕਰ ਰਹੇ ਹਨ, ਉਨ੍ਹਾਂ ਦੀਆਂ ਸਰਗਰਮੀਆਂ ਦਾ ਪਰਦਾ ਫਾਸ਼ ਕਰਨ ਵਾਲੀਆਂ ਗ਼ਜ਼ਲਾਂ ਵੀ ਉਹ ਲਿਖਦਾ ਹੈ। ਪਰਿਵਾਰਿਕ ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਨੂੰ ਵੀ ਉਹ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਬਣਾ ਰਿਹਾ ਹੈ। ਪੰਜਾਬੀਆਂ ਵਿੱਚ ਕਿਰਤ ਸਭਿਆਚਾਰ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਿਆ ਹੈ। ਪੰਜਾਬੀ ਨੌਜਵਾਨੀ ਆਪਣੇ ਦੇਸ਼ ਵਿੱਚ ਕੰਮ ਕਰਨ ਨੂੰ ਤਿਆਰ ਨਹੀਂ ਪ੍ਰੰਤੂ ਪਰਵਾਸ ਵਿੱਚ ਜਾ ਕੇ ਹਰ ਕਿਸਮ ਦਾ ਕੰਮ ਕਰਨ ਨੂੰ ਤਿਆਰ ਹੈ। ਆਲਸੀ ਲੋਕਾਂ ਬਾਰੇ ਤੇਜਿੰਦਰ ਸਿੰਘ ਅਨਜਾਨਾ ਦਾ ਸ਼ਿਅਰ ਹੈ:

ਬਣਾਉਣੇ ਕੀ ਉਨ੍ਹਾਂ ਨੇ ਆਸ਼ਿਆਨੇ ਤਿਣਕਿਆਂ ਦੇ ਸੰਗ,
ਜੋ ਡੂੰਘੀ ਨੀਂਦਰੇ ਰਹਿੰਦੇ ਨੇ ਸੁਤੇ ਸੁਪਨਿਆਂ ਦੇ ਸੰਗ।

ਤੇਜਿੰਦਰ ਸਿੰਘ ਅਨਜਾਨਾ ਦੀਆਂ ਗ਼ਜ਼ਲਾਂ ਪੜ੍ਹਕੇ ਮਹਿਸੂਸ ਹੁੰਦਾ ਹੈ ਕਿ ਉਹ ਸਮਾਜ ਵਿੱਚ ਵਾਪਰ ਰਹੀਆਂ ਅਣਸੁਖਾਵੀਆਂ ਘਟਨਾਵਾਂ ਨੂੰ ਮਾਨਵਤਾ ਦੀ ਨੈਤਿਕ ਗਿਰਾਵਟ ਦਾ ਜ਼ਿੰਮੇਵਾਰ ਸਮਝਦਾ ਹੈ। ਇਸ ਲਈ ਸਮਾਜਿਕ ਤਾਣੇ ਬਾਣੇ ਵਿੱਚ ਲੋਕਾਈ ਨੂੰ ਨੈਤਿਕਤਾ ਦਾ ਪੱਲਾ ਫੜ੍ਹਕੇ ਜੀਵਨ ਬਸਰ ਕਰਨਾ ਚਾਹੀਦਾ ਹੈ। ਲੋਕਾਈ ਦੇ ਮਨਾ ਵਿੱਚ ਗੰਧਲਾਪਣ ਆ ਗਿਆ ਹੈ। ਇਸ ਨੂੰ ਸਾਫ਼ ਕਰਨ ਲਈ ਪੜ੍ਹਾਈ ਦੀ ਅਤਿਅੰਤ ਜ਼ਰੂਰਤ ਹੈ, ਜਿਹੜੀ ਇਨਸਾਨ ਨੂੰ ਸਿੱਧੇ ਰਸਤੇ ਚਲਣ ਦਾ ਰਾਹ ਵਿਖਾ ਸਕਦੀ ਹੈ। ਦੋ ਸ਼ਿਅਰਾਂ ਤੋਂ ਗ਼ਜ਼ਲਗੋ ਦੀ ਸੋਚ ਦਾ ਪ੍ਰਗਟਾਵਾ ਹੁੰਦਾ ਹੈ ਕਿ ਪੜ੍ਹਾਈ ਤੋਂ ਬਿਨਾ ਇਨਸਾਨ ਦੀ ਮਾਨਸਿਕਤਾ ਤੰਦਰੁਸਤ ਨਹੀਂ ਹੋ ਸਕਦੀ:




ਭਾਵੇਂ ਗੰਧਲੀ ਹੁੰਦੀ ਜਾਂਦੀ ਅੱਜ ਕਲ੍ਹ ਮਨ ਦੀ ਵੇਈਂ,
ਸ਼ਬਦਾਂ ਦੀ ਸਿੱਖਿਆ ਨੇ ਕਰਨੀ ਨਿਰਮਲ ਮਨ ਦੀ ਵੇਈਂ।
ਮਨ ਦੀ ਵੇਈਂ ਵਿੱਚ ਸਮਾਧੀ ਲਾਈ ਅਨਜਾਨੇ ਜਿਨ੍ਹਾਂ,
ਆਣੀ ਜਾਣੀ ਵਾਲ਼ੀ ਉਹ ਤਾਣੀ ਤੋਂ ਵੱਖਰੇ ਹੋ ਗਏ।

ਤੇਜਿੰਦਰ ਸਿੰਘ ਅਨਜਾਨਾ ਨੂੰ ਸਮਾਜ ਵਿੱਚ ਹੋ ਰਹੇ ਬਲਾਤਕਾਰਾਂ ਵਰਗੀਆਂ ਘਿਨੌਣੀਆਂ ਹਰਕਤਾਂ ਬਹੁਤ ਦੁੱਖੀ ਕਰਦੀਆਂ ਜਾਪਦੀਆਂ ਹਨ, ਜਿਸ ਕਰਕੇ ਉਹ ਇਨ੍ਹਾਂ ਨੂੰ ਆਪਣੀਆਂ ਗ਼ਜ਼ਲਾਂ ਵਿੱਚ ਲਿਖਦਾ ਹੈ ਕਿ ਪਾਕਿ ਪਵਿਤਰ ਪਿਆਰ ਮੁਹੱਬਤ ਵਰਗੇ ਅਫ਼ਸਾਨੇ ਵਰਤਮਾਨ ਸਮਾਜ ਵਿੱਚ ਸਾਰਥਿਕ ਸਾਬਤ ਨਹੀਂ ਹੋ ਰਹੇ। ਪਿਆਰ ਦੇ ਨਾਮ 'ਤੇ ਸਰੀਰਕ ਹਵਸ ਪੂਰੀ ਕਰਕੇ ਪਿਆਰ ਮੁਹੱਬਤ ਨੂੰ ਕਲੰਕਤ ਕੀਤਾ ਜਾ ਰਿਹਾ ਹੈ। ਸਾਡੀ ਨੌਜਵਾਨੀ ਆਪਣੇ ਰਸਤੇ ਤੋਂ ਥਿੜਕ ਚੁੱਕੀ ਹੈ, ਜਿਸ ਕਰਕੇ ਉਹ ਗ਼ਲਤ ਰਸਤੇ ਪੈ ਚੁੱਕੇ ਹਨ। ਇਨਸਾਨ ਦੀ ਗੰਧਲੀ ਫਿਤਰਤ ਬਾਰੇ ਇਹ ਸ਼ਿਅਰ ਪ੍ਰਗਟਾਵਾ ਕਰ ਰਹੇ ਹਨ:

ਮਸਲ ਲਿਆ ਹੈ ਹਵਸ ਦੀ ਅਗਨੀ ਨੇ ਕਲੀਆਂ ਨੂੰ,
ਚਮਨ 'ਚ ਛਾਈ ਕਿਵੇਂ ਦੋਸਤੋ! ਬਹਾਰ ਮਿਲੇ।
ਹਵਸ ਦੀ ਡੂੰਘੀ ਦਲ਼ ਦਲ਼ ਵਿੱਚ ਗਲੇ ਤੀਕਰ ਫਸੇ ਰਹਿੰਦੇ,
ਨਾ ਪੁੱਛੋ ਹਾਲ਼ ਮੇਰੇ ਦੌਰ ਦੇ ਰਾਂਝੇ ਤੇ ਹੀਰਾਂ ਦਾ।

ਤੇਜਿੰਦਰ ਸਿੰਘ ਅਨਜਾਨਾ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਸਮਾਜ ਵਿੱਚ ਝੂਠ ਦੇ ਬੋਲਬਾਲੇ ਦਾ ਜ਼ਿਕਰ ਆਉਂਦਾ ਹੈ। ਲੋਕਾਈ ਸਚਾਈ ਦੇ ਮਾਰਗ 'ਤੇ ਚਲਣ ਦੀ ਥਾਂ ਧੋਖ਼ੇ, ਫ਼ਰੇਬ ਅਤੇ ਝੂਠ ਦਾ ਸਹਾਰਾ ਲੈ ਰਹੀ ਹੈ। ਵਰਤਮਾਨ ਯੁਗ ਵਿੱਚ ਸਚਾਈ ਦਾ ਮਾਰਗ ਵੀ ਬਹੁਤ ਕਠਨ ਹੋ ਗਿਆ ਹੈ ਕਿਉਂਕਿ ਹਰ ਪਾਸੇ ਝੂਠ ਦਾ ਪਸਾਰਾ ਹੈ। ਲੋਕਾਂ ਨੇ ਜ਼ਮੀਰ ਨੂੰ ਮਾਰ ਲਿਆ ਹੈ। ਸ਼ਾਇਰ ਦੇ ਝੂਠ ਬਾਰੇ ਕੁਝ ਸ਼ਿਅਰ ਇਹ ਹਨ:

ਸੱਚਾਈ ਦਾ ਬਿਖੜਾ ਪੈਂਡਾ 'ਅਨਜਾਨੇ' ਕਰ ਸੌਖਾ ਇੰਝ,
ਚਾਰ ਦਿਵਾਰੀ ਵਾਂਗੂੰ ਰੱਖ ਦੁਆਲੇ ਬਲਦੇ ਅੱਖਰ, ਵੇਖ।
ਲਿਖੀਂ ਹਮੇਸ਼ਾ, ਤੂੰ ਸੱਚ ਹੀ ਮਿੱਤਰ, ਤੇ ਰੱਖੀਂ ਜ਼ਿੰਦਾ, ਜ਼ਮੀਰ ਆਪਣਾ,
ਨ ਝੂਠ ਖ਼ਾਤਿਰ, ਨ ਕੁਫ਼ਰ ਖ਼ਾਤਿਰ, ਕਦੀ ਤੂੰ ਆਪਣਾ, ਕਲਮ ਉਠਾਵੀਂ।
ਕਦੀ ਸੂਰਜ ਵੀ ਛੁਪਿਐ ਸੱਚ ਦਾ ਸੋਚੋ, ਜ਼ਰਾ ਸੋਚੋ,
ਨਹੀਂ ਛੁਪਦਾ ਨਹੀਂ ਛੁਪਦਾ ਹਜ਼ਾਰਾਂ ਪਰਦਿਆਂ ਸੰਗ।
ਝੂਠ ਆਖਿਰ ਝੂਠ ਹੈ ਤੇ ਸੱਚ ਅੰਤਿਮ ਸੱਚ ਹੈ,
ਨਹੀਂ ਹੈ ਸ਼ਹਿਰ ਤੇਰਾ, ਸ਼ਹਿਰ ਮੇਰੇ ਤੋਂ ਕੋਈ ਵੱਖਰਾ,
ਦੁਹਾਂ ਸ਼ਹਿਰਾਂ 'ਚ ਹੀ ਵਿ ਪਾਰ ਹੁੰਦਾ ਹੈ ਜ਼ਮੀਰਾਂ ਦਾ।

ਸਮਾਜਿਕ ਤਾਣੇ ਬਾਣੇ ਵਿੱਚ ਇਤਨਾ ਨਿਘਾਰ ਆ ਗਿਆ ਹੈ ਕਿ ਵਫ਼ਾ ਵੀ ਪਰ ਲਾ ਕੇ ਉਡ ਗਈ ਹੈ। ਲੋਕ ਵਿਸ਼ਵਾਸ਼ਘਾਤ ਕਰ ਰਹੇ ਹਨ। ਆਪਣਿਆਂ ਤੇ ਯਕੀਨ ਕਰਨ ਤੋਂ ਡਰ ਲਗਦਾ ਹੈ। ਲੋਕ ਆਪਣਾ ਬਣਾਕੇ ਮਾਰਦੇ ਹਨ। ਬੇਵਫ਼ਾਈ ਬਾਰੇ ਸ਼ਾਇਰ ਦੇ ਸ਼ਿਅਰ ਹਨ:

ਉਹੀ ਮਕਤਲ, ਉਹੀ ਕਾਤਿਲ, ਉਹੀ ਮੁਨਸਿਫ਼ ਬਣ ਗਿਆ,
ਬੇਵਫ਼ਾਈ ਸਹਿੰਦੇ ਆਏ ਹਾਂ ਵਫ਼ਾ ਦੇ ਹੀ ਭੁਲੇਖੇ।
ਮਰ ਗਏ ਅਨਜਾਨੇ ਹੁੰਦੇ, ਨਾ ਉਮੀਦੇ ਹੁੰਦੇ ਜੇਕਰ,
ਜੀਂਦੇ ਆਏ ਪਰ ਅਸੀਂ ਤੇਰੀ ਵਫ਼ਾ ਦੇ ਹੀ ਭੁਲੇਖ਼ੇ।
ਨਿਰਾਲੀ ਮੁਹੱਬਤ, ਨਿਰਾਲੀ ਵਫ਼ਾ ਹੈ,
ਸ਼ਹਿਦ ਵਿੱਚ ਉਹ ਦਿੰਦਾ ਹੈ ਮੁਹਰਾ ਮਿਲਾ ਕੇ।

ਸਮਾਜਿਕ ਰਿਸ਼ਤਿਆਂ ਨੂੰ ਵੀ ਲੋਕ ਕਲੰਕਤ ਕਰਨ ਲੱਗ ਪਏ ਹਨ। ਅਜਿਹੀਆਂ ਘਟਨਾਵਾਂ ਨਾਲ ਸਮੁੱਚੇ ਸਮਾਜ ਵਿੱਚ ਗਿਰਾਵਟ ਆ ਗਈ ਹੈ। ਮਾਂ ਬਾਪ, ਭੈਣ ਭਰਾ ਅਤੇ ਦੋਸਤ ਮਿੱਤਰ ਵੀ ਦਗ਼ਾ ਦੇਣ ਲੱਗ ਪਏ ਹਨ, ਅਜਿਹੇ ਹਾਲਾਤ ਹੋਣ ਕਰਕੇ ਪਰਿਵਾਰਾਂ ਵਿੱਚ ਖਟਾਸ ਪੈਦਾ ਹੋ ਗਈ ਹੈ। ਸ਼ਾਇਰ ਲੋਕਾਈ ਨੂੰ ਆਪਣੀਆਂ ਗ਼ਜ਼ਲਾਂ ਰਾਹੀਂ ਰਿਸ਼ਤਿਆਂ ਨੂੰ ਬਣਾਈ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਕੁਝ ਸ਼ਿਅਰ ਇਸ ਪ੍ਰਕਾਰ ਹਨ:

ਸਦਾ ਹੀ ਰਿਸ਼ਤਿਆਂ ਦੇ ਬੋਝ ਨੂੰ ਨ ਬੋਝ ਸਮਝੋ,
ਕਦੇ ਖ਼ੁਦ ਨੂੰ ਤੁਸੀਂ ਐਨਾ ਵੀ ਨ ਲਾਚਾਰ ਰੱਖਣਾ।
ਬਗ਼ਲ ਵਿੱਚ ਜੋ ਛੁਰੀ ਰੱਖੇ ਤੇ ਮਿਸਰੀ ਬੋਲ ਬੋਲੇ,
ਕਦੇ ਨੇੜੇ ਨ ਅਨਜਾਨੇ ਅਜੇਹਾ ਯਾਰ ਰੱਖਣਾ।
ਅਸੀਸਾਂ ਮਾਂ ਦੀਆਂ ਤੇ ਥਾਪੜੇ ਬਾਪੂ ਦੇ ਵੰਡੋ,
ਘਰਾਂ ਖ਼ਾਤਿਰ ਨ ਇੱਕ ਦੂਜੇ ਦੇ ਸਿਰ ਤਲਵਾਰ ਰੱਖਣਾ।
ਇਸ ਕਦਰ ਗ੍ਰਿਹਸਥੀ ਦੀ ਸੰਸਥਾ ਵਿਚ ਗਿਰਾਵਟ ਆ ਗਈ,
ਇੱਕ ਦਾ ਰਾਜਾ ਹੋਰ ਹੈ ਦੂਜੇ ਦੀ ਰਾਣੀ ਹੋਰ ਹੈ।

ਮਿਹਨਤ ਕਰਨ ਵਾਲੇ ਇਨਸਾਨ ਹਮੇਸ਼ਾ ਬੁਲੰਦੀਆਂ 'ਤੇ ਪਹੁੰਚਕੇ ਨਾਮਣਾ ਖੱਟਦੇ ਹਨ। ਸਮਾਜ ਵਿੱਚ ਅਜਿਹਾ ਕੋਈ ਕੰਮ ਨਹੀਂ ਜਿਸ ਨੂੰ ਕੀਤਾ ਨਾ ਜਾ ਸਕੇ ਪ੍ਰੰਤੂ ਮਨੁੱਖ ਵਿੱਚ ਦ੍ਰਿੜ੍ਹਤਾ, ਹੌਸਲਾ ਅਤੇ ਲਗਨ ਹੋਣੀ ਜ਼ਰੂਰੀ ਹੈ। ਤੇਜਿੰਦਰ ਸਿੰਘ ਅਨਜਾਨਾ ਲੋਕਾਈ ਨੂੰ ਕਿਰਤ ਕਰਨ ਦੀ ਪ੍ਰੇਰਨਾ ਦਿੰਦਾ ਹੋਇਆ ਲਿਖਦਾ ਹੈ:

ਹੌਸਲੇ ਦੀ ਅੱਗ ਭਖਦੀ ਰੱਖਣਾ ਅੰਦਰ ਸਦਾ,
ਯੱਖ਼ ਤੂਫ਼ਾਨਾਂ 'ਚ ਕਿਧਰੇ ਠਰ ਨ ਜਾਵਣ ਕਿਸ਼ਤੀਆਂ।

ਕੁਝ ਲੋਕ ਕਹਿੰਦੇ ਕੁਝ ਅਤੇ ਕਰਦੇ ਕੁਝ ਹੋਰ ਹਨ, ਭਾਵ ਲੋਕ ਮਖੌਟੇ ਪਾਈ ਫਿਰਦੇ ਹਨ। ਉਹ ਆਪਣੀ ਅਸਲੀ ਪਛਾਣ ਨੂੰ ਲੁਕੋਈ ਫਿਰਦੇ ਹਨ। ਇਸ ਲਈ ਇਨਸਾਨੀਅਤ ਦੀ ਪਛਾਣ ਕਰਨੀ ਮੁਸ਼ਕਲ ਹੋਈ ਪਈ ਹੈ। ਸ਼ਾਇਰ ਲਿਖਦਾ ਹੈ:

ਬਸ਼ਰ ਮਿਲਦੇ ਅਸਾਨੂੰ ਰੋਜ਼ ਨਕਲੀ ਚਿਹਰਿਆਂ ਦੇ ਸੰਗ।
ਮੈਂ ਜੋ ਵੀ ਹਾਂ, ਮਿਰੀ ਪਹਿਚਾਣ ਤਾਂ ਵੱਖ਼ਰੀ ਰਹੇ ਯਾਰੋ!
ਮੁਖੌਟਾ ਪਹਿਨਣਾ ਮੈਨੂੰ ਗਵਾਰਾ ਹੀ ਨਹੀਂ ਕੋਈ।

ਸਾਹਿਤਕਾਰਾਂ ਅਤੇ ਵਾਰਤਕਾਰਾਂ ਦੇ ਕਿਰਦਾਰ ਵਿੱਚ ਆਈ ਗਿਰਾਵਟ ਵੀ ਸ਼ਾਇਰ ਦੀ ਮਾਨਸਿਕਤਾ ਨੂੰ ਝੰਜੋੜ ਰਹੀ ਹੈ। ਲੋਭ ਲਾਲਚ ਦੀ ਪ੍ਰਵਿਰਤੀ ਕਰਕੇ ਅਜਿਹੇ ਲੋਕ ਆਪਣੀ ਇੱਜ਼ਤ ਗੁਆ ਲੈਂਦੇ ਹਨ ਤੇ ਅਸਲੀਅਤ ਨੂੰ ਸਾਹਮਣੇ ਨਹੀਂ ਆਉਣ ਦਿੰਦੇ। ਇਸ ਸੰਬੰਧੀ ਤੇਜਿੰਦਰ ਸਿੰਘ ਅਨਜਾਨਾ ਦੇ ਕੁਝ ਸ਼ਿਅਰ ਹਨ:

ਕਲਮ ਜਿਸ ਦਿਨ ਹੈ ਵਿਕ ਜਾਂਦੀ ਮਿਰੇ ਯਾਰ! ਉਸੇ ਦਿਨ ਤੋਂ,
ਭਲਾਂ ਕੀ ਕੀ ਨਹੀਂ ਹੁੰਦਾ ਲਿਖਾਰੀ ਨਾਲ, ਕੀ ਦੱਸਾਂ?
ਜਿਹੜੇ ਕਲਮਾ ਵਾਲ਼ੇ ਵਿਕ ਜਾਵਣ ਸਨਮਾਨਾ ਖ਼ਾਤਿਰ ਹੀ,
ਸੱਜਣ ਠੱਗਾਂ ਦੀ ਉਸ ਮਹਿਫ਼ਿਲ ਤੋਂ ਚੰਗਾ ਇੱਕ ਪਾਸਾ ਹੈ।
ਮਿਰਾ ਸ਼ੌਕ ਮੇਰਾ, ਤਿਰਾ ਸ਼ੌਕ ਤਿਰਾ,
ਮੈਂ ਚੁਣਦਾ ਹਾਂ ਕੰਡੇ, ਤੂੰ ਜਾਵੇਂ ਵਿਛਾ ਕੇ।
ਤਿਰੀ ਕੀਮਤ ਤਿਰੇ ਕਿਰਦਾਰ ਨੇ ਕਰਨੀ ਹੈ ਤੈਅ ਆਖ਼ਿਰ, ਹਕੀਕਤ ਹੈ,
ਇਹ ਜ਼ਿੰਮਾ ਸਾਰੇ ਦਾ ਸਾਰਾ ਖ਼ੁਦਾ ਦੀ ਜ਼ਾਤ 'ਤੇ ਧਰਨਾ ਨਹੀਂ ਚੰਗਾ।
'ਰੱਖ ਭਾਵੇਂ ਪਾਸ ਗੀਤਾ, ਗ੍ਰੰਥ ਜਾਂ ਕੁਰਆਨ ਰੱਖ।
ਕਿਵੇਂ ਪਹਿਚਾਨ ਪਾਵਾਂਗੇ ਅਸੀਂ ਚੰਗੇ ਬੁਰੇ ਨੂੰ ਵੀ,
ਜਿਸ ਨੂੰ ਬਾਹਰ ਲੱਭਦਾ ਫਿਰਦੈਂ ਜੰਗਲ, ਬੇਲੇ, ਪਰਬਤ,
ਅੰਗ ਸੰਗ ਉਹ ਤੇਰੇ ਹਰਦਮ ਵੇਖ ਤੂੰ ਆਪਣੇ ਅੰਦਰ।

ਇੰਟਰਨੈਟ ਦੇ ਜ਼ਮਾਨੇ ਨੇ ਬਾਲਪਨ ਹੀ ਬੱਚਿਆਂ ਤੋਂ ਖੋਹ ਲਿਆ ਹੈ। ਦੋਸਤਾਂ ਮਿੱਤਰਾਂ ਨਾਲ ਬਚਪਨ ਗੁਜ਼ਾਰਨ ਤੋਂ ਪ੍ਰਹੇਜ਼ ਕੀਤਾ ਜਾ ਰਿਹਾ ਹੈ। ਬੱਚਿਆਂ ਵੱਲੋਂ ਮੋਬਾਈਲ ਦੀ ਵਰਤੋਂ ਕਰਨ ਬਾਰੇ ਇੱਕ ਸ਼ਿਅਰ ਹੈ:

ਇੱਕ ਮੁਬਾਈਲ ਨੇ ਹੀ ਬੱਚੇ ਘਰ 'ਚ ਕੈਦ ਕਰ ਲਏ,
ਦੋਸਤਾਂ ਦੀ ਆਪਣੀ ਢਾਣੀ ਤੋਂ ਵੱਖਰੇ ਹੋ ਗਏ।

ਤੇਜਿੰਦਰ ਸਿੰਘ ਅਨਜਾਨਾ ਤੋਂ ਭਵਿਖ ਵਿੱਚ ਹੋਰ ਵਡਮੁੱਲੀਆਂ ਗ਼ਜ਼ਲਾਂ ਲਿਖਣ ਦੀ ਕਾਮਨਾ ਕਰਦਾ ਹਾਂ।

112 ਪੰਨਿਆਂ, 250 ਰੁਪਏ ਕੀਮਤ ਵਾਲਾ ਗ਼ਜ਼ਲ ਸੰਗ੍ਰਹਿ ਸੰਗਮ ਪਬਲੀਕੇਸ਼ਨਜ਼ ਸਮਾਣਾ (ਪਟਿਆਲਾ) ਨੇ ਪ੍ਰਕਾਸ਼ਤ ਕੀਤਾ ਹੈ।

'ਦੇਸ਼ ਦੁਆਬਾ' 'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਕਹਾਣੀ

# ਮਸ਼ਵਿਰੇ ਦਾ ਆਸ਼ੀਰਵਾਦ

ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409



ਭਾਰਤ-ਪਾਕਿਸਤਾਨ ਸਰਹੱਦ ਪੰਜਾਬ ਦੇ ਇਕ ਪਿੰਡ ਦਾ ਜ਼ਿਮੀਦਾਰ ਰਾਜ ਸਿੰਘ। ਤਿੰਨ ਕਮਰਿਆਂ ਵਾਲਾ ਛੋਟਾ ਜਿਹਾ ਪੇਂਡੂ ਘਰ। ਪੰਜ ਕੁ ਏਕੜ ਜ਼ਮੀਨ ਦਾ ਮਾਲਿਕ। ਗੁਜ਼ਾਰੇ ਜੋਗਾ ਰੋਟੀ-ਟੁੱਕ ਚੱਲੀ ਜਾਂਦਾ। ਮਰ ਕੇ ਦਸ ਜਮਾਤਾਂ ਪਾਸ। ਮਿਹਨਤੀ ਕਿਸਾਨ। ਜੀ-ਜਾਨ ਮਾਰ ਕੇ ਜ਼ਮੀਨ ਨਾਲ ਘੁਲਣ ਵਾਲਾ।

ਰਾਜ ਸਿੰਘ ਦੇ ਦੋ ਲੜਕੇ ਹਨ। ਵੱਡਾ ਰਾਜਿੰਦਰ ਸਿੰਘ ਜਿਸ ਨੇ ਇਸ ਸਾਲ ਹੀ ਬੀ।ਐਸ।ਸੀ। ਕੀਤੀ ਹੈ ਦੂਸਰੇ ਦਰਜ਼ੇ ਵਿਚ ਅਤੇ ਉਸ ਦਾ ਛੋਟਾ ਲੜਕਾ ਕਮਲ ਸਿੰਘ ਜੋ ਕਾਲਿਜ ਦੇ ਪਹਿਲੇ ਸਾਲ ਵਿਚ ਪੜ੍ਹਾਈ ਕਰ ਰਿਹਾ ਹੈ।

ਰਾਜ ਸਿੰਘ ਦਾ ਵੱਡਾ ਲੜਕਾ ਰਾਜਿੰਦਰ ਸਿੰਘ ਵਿਦੇਸ਼ ਜਾਣ ਲਈ ਜ਼ਿੱਦ ਕਰਨ ਲੱਗਾ। ਉਹ ਆਪਣੇ ਬਾਪ ਨੂੰ ਬਾਰ-ਬਾਰ ਤਾਅਨੇ-ਮਿਅਨੇ ਦਿੰਦਾ ਕਿ ਮੇਰੇ ਨਾਲ ਦੇ ਸਾਰੇ ਲੜਕੇ ਬਾਹਰ ਚਲੇ ਗਏ ਹਨ, ਮੈਂ ਵੀ ਬਾਹਰ ਜਾਣਾ ਹੈ। ਇੱਥੇ ਕੀ ਹੈ? ਨਾ ਕੋਈ ਕੰਮ ਨਾ ਕਾਰ। ਸਾਡੇ ਦੇਸ਼ ਵਿਚ ਨੌਕਰੀਆਂ ਕਿੱਥੇ ਨੇ? ਠੇਕੇ ਉਪਰ ਹਰ ਵਿਭਾਗ ਚੱਲ ਰਿਹਾ ਹੈ। ਸੇਵਾ ਮੁਕਤ ਅਧਿਕਾਰੀਆਂ ਨੂੰ ਦੁਬਾਰਾ ਨੌਕਰੀ 'ਤੇ ਰੱਖਿਆ ਜਾ ਰਿਹਾ ਹੈ। ਪੰਜਾਬ ਵਿਚ ਨਾ ਕਾਰਖਾਨੇ, ਨਾ ਨੌਕਰੀਆਂ। ਪੰਜਾਬ ਦਾ ਤਾਂ ਹੁਣ ਵੈਸੇ ਵੀ ਮਾੜਾ ਹਾਲ ਹੈ। ਰਿਸ਼ਵਤ, ਠੱਗੀ, ਬੇਈਮਾਨੀ। ਨੇਤਾ ਲੋਕਾਂ ਨੇ ਆਪਣੇ ਘਰ ਭਰ ਲਏ ਹਨ। ਪ੍ਰਸ਼ਾਸਨ ਵਿਚ ਮੋਰੀਆ ਹੀ ਮੋਰੀਆਂ ਹਨ। ਗੰਦੀ ਰਾਜਨੀਤੀ। ਨਸ਼ਿਆਂ ਨੇ ਬੁਰਾ ਹਾਲ ਕੀਤਾ ਪਿਆ ਏ ਨੌਜਵਾਨਾਂ ਦਾ ਆਦਿ ਕਈ ਉਲ੍ਹਾਮੇ ਦਿੰਦਾ ਹੋਇਆ ਆਪਣੇ ਬਾਪ ਨੂੰ ਮਜਬੂਰੀ ਦੀ ਦਲ-ਦਲ ਵਿਚ ਧਕਲੇ ਦਿੱਤਾ ਜਿੱਥੇ ਸ਼ਰਮਿੰਦਗੀ ਤੇ ਮਜ਼ਬੂਰੀ ਦੀ ਡੂੰਘੀ ਖਾਈ ਸੀ।

ਰਾਜਿੰਦਰ ਦਾ ਬਾਪ ਵੀ ਸੋਚਦਾ ਕਿ ਮੁੰਡਾ ਕਹਿੰਦਾ ਤਾਂ ਸਹੀ ਹੈ ਪਰ ਏਨਾਂ ਪੈਸਾ ਕਿੱਥੋਂ ਲਿਆਵਾਂ? ਉਹ ਦਿਲ ਵਿਚ ਸੋਚ-ਸੋਚ ਕੇ ਉਦਾਸ ਜਿਹਾ ਹੋ ਜਾਂਦਾ।

ਬਾਰਡਰ ਏਰੀਏ ਦੇ ਬੱਚੇ ਭਾਵੇਂ ਪੜ੍ਹਨ ਵਿਚ ਹੁਸ਼ਿਆਰ ਘੱਟ ਹੁੰਦੇ ਹਨ ਪਰ ਚੁਸਤ-ਚਲਾਕ, ਸਿਹਤਮੰਦ, ਹਿੰਮਤੀ ਅਤੇ ਮਿਹਨਤੀ ਹੁੰਦੇ ਹਨ। ਮਿਲਣਸਾਰ, ਦੂਸਰਿਆਂ ਦੀ ਮਦਦ ਕਰਨ ਵਾਲੇ, ਅਣਖੀ, ਦੁੱਖ-ਸੁੱਖ ਵਿਚ ਖੇਚਲ ਨਾਲ ਸ਼ਰੀਕ ਹੋਣ ਵਾਲੇ।

ਰਾਜ ਸਿੰਘ ਦੇ ਲੜਕੇ ਨੇ ਵਿਦੇਸ਼ ਭੇਜਣ ਵਾਲੀ ਇਕ ਏਜੰਸੀ ਨਾਲ ਗੱਲਬਾਤ ਕਰ ਲਈ ਸੀ। ਕਿਉਂਕਿ ਉਸਦੇ ਨਾਲ ਦੇ ਸਾਰੇ ਲੜਕੇ ਇਸ ਏਜੰਸੀ ਰਾਹੀਂ ਹੀ ਵਿਦੇਸ਼ ਗਏ ਸੀ। ਵਿਦੇਸ਼ ਵਿਚ ਪੜ੍ਹਾਈ ਲਈ ਕਿੰਨਾ ਰੁਪਈਆ ਚਾਹੀਦਾ ਹੈ? ਕਿਹੜੀ ਕਿਹੜੀ ਸ਼ਰਤ ਪੂਰੀ ਕਰਨੀ ਹੈ ਸਭ ਦੀ ਜਾਣਕਾਰੀ ਲੈ ਲਈ ਸੀ।

ਰਾਜਿੰਦਰ ਨੇ ਆਪਣੇ ਬਾਪ ਨੂੰ ਕਿਹਾ ਸੀ ਕਿ ਲਗਭਗ 25 ਤੋਂ 35 ਲੱਖ ਰੁਪਏ ਦੀ ਜ਼ਰੂਰਤ ਹੋਵੇਗੀ।

ਪੁੱਤਰ ਦੀ ਜ਼ਿੱਦ ਤੇ ਮੋਹ ਕਰਕੇ ਉਸਦਾ ਬਾਪ ਮੰਨ ਗਿਆ ਸੀ। ਰਾਜਿੰਦਰ ਦੀ ਮਾਂ ਨੇ ਵੀ ਜ਼ੋਰ ਦੇ ਕੇ ਕਿਹਾ ਸੀ ਕਿ ਸਾਰਾ ਇਲਾਕਾ ਬਾਹਰ ਜਾ ਰਿਹਾ ਹੈ, ਮੇਰਾ ਪੁੱਤ ਕਿਉਂ ਪਿੱਛੇ ਰਹੇ।

ਰਾਜ ਸਿੰਘ ਨੇ ਇਕ ਬੈਂਕ ਤੋਂ ਕਰਜ਼ਾ ਲੈਣ ਦਾ ਮਨ ਬਣਾ ਲਿਆ ਸੀ। ਬੈਂਕ ਦੇ ਲੋਨ ਅਧਿਕਾਰੀ ਨਾਲ ਗੱਲਬਾਤ ਚਲਦੀ ਪਈ ਸੀ। ਲੋਨ ਅਧਿਕਾਰੀ ਨੇ ਜ਼ਮੀਨ ਅਤੇ ਘਰ ਦੀ ਰਜਿਸਟਰੀ ਆਦਿ ਹੋਰ ਕਾਗਜ਼ਾਤ ਪੂਰੇ ਕਰਕੇ ਲਿਆਉਣ ਲਈ ਕਿਹਾ ਸੀ। ਬੈਂਕ ਅਧਿਕਾਰੀ ਉਨ੍ਹਾਂ ਨੂੰ ਦਿਨੋਂ ਦਿਨ ਟਰਕਾਈ ਜਾਂਦਾ ਸੀ। ਕੋਈ ਨਾ ਕੋਈ ਨਵੇਂ ਕਾਗਜ਼ਾਂ ਦੀ ਮੰਗ ਕਰ ਦਿੰਦਾ। ਸਾਰੀ ਕਾਗਜ਼ੀ ਕਾਰਵਾਈ ਪੂਰੀ ਹੋਣ ਦੇ ਬਾਅਦ ਹੀ ਲੋਨ ਦਿੱਤਾ ਜਾ ਸਕਦਾ ਸੀ।

ਕਾਫ਼ੀ ਨੱਠ ਭੱਜ ਤੋਂ ਬਾਅਦ ਉਹ ਹੁਣ ਪਿਓ-ਪੁੱਤਰ ਲੋਨ (ਕਰਜ਼ਾ) ਦੇ ਸਾਰੇ ਕਾਗਜ਼ਾਤ ਲੈ ਕੇ ਬੈਂਕ ਵਿਚ ਜਾ ਰਹੇ ਸੀ ਕਿ ਸ਼ਹਿਰ ਦੇ ਇਕ ਜਾਣੇਂ-ਪਹਿਚਾਣੇ ਪੱਤਰਕਾਰ ਲੇਖਕ ਅਤੇ ਸਮਾਜ ਸੇਵੀ ਨਾਲ ਉਨ੍ਹਾਂ ਦੀ ਮੁਲਾਕਾਤ ਹੋ ਗਈ। ਉਹ ਲੇਖਕ, ਰਾਜ ਸਿੰਘ ਦਾ ਦੋਸਤ ਵੀ ਸੀ। ਕਿਉਂਕਿ ਰਾਜ ਸਿੰਘ ਕਿਸਾਨ ਯੂਨੀਅਨ ਵਿਚ ਵੀ ਹੱਥ ਰੱਖਦਾ ਸੀ ਅਤੇ ਇਲਾਕੇ ਪੱਧਰ ਦੀ ਰਾਜਨੀਤੀ ਵਿਚ ਪੈਰ੍ਹ ਰੱਖਦਾ ਸੀ। ਜਿਸ ਕਰਕੇ ਪੱਤਰਕਾਰ ਨਾਲ ਉਸਦਾ ਵਾਹ ਪੈਂਦਾ ਰਹਿੰਦਾ ਸੀ।

ਉਸ ਲੇਖਕ ਨੇ ਰਾਜ ਸਿੰਘ ਨੂੰ ਪੁੱਛਿਆ ਕਿ ਤੁਸੀਂ ਕਿੱਥੇ ਜਾ ਰਹੇ ਹੋ? ਉਨ੍ਹਾਂ ਕਿਹਾ ਅਸੀਂ ਲੋਨ ਲੈਣ ਲਈ ਬੈਂਕ ਵਿਚ ਜਾ ਰਹੇ ਹਾਂ। ਰਾਜ ਸਿੰਘ ਨੇ ਕਿਹਾ ਕਿ ਰਾਜਿੰਦਰ ਬਾਹਰਲੇ ਮੁਲਕ ਵਿਚ ਪੜ੍ਹਾਈ ਕਰਨ ਲਈ ਜਾਣਾ ਚਾਹੁੰਦਾ ਹੈ। ਉਥੋਂ ਦੀ ਪੀ।ਆਰ। ਲੈਣਾ ਚਾਹੁੰਦਾ ਹੈ। ਏਜੰਟ ਨਾਲ ਗੱਲ ਕਰ ਲਈ ਹੈ। ਇਸਨੇ ਏਜੰਟ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਹਨ। ਹੁਣ ਤਾਂ ਬਸ ਲੈਣ-ਦੇਣ ਹੀ ਬਾਕੀ ਹੈ।

ਲੇਖਕ ਨੇ ਰਾਜ ਸਿੰਘ ਨੂੰ ਕਿਹਾ ਕਿ ਆਓ ਕਿਤੇ ਬੈਠ ਕੇ ਚਾਹ ਪਾਣੀ ਪੀਂਦੇ ਹਾਂ। ਉਹ ਇਕ ਦੁਕਾਨ 'ਤੇ ਚਾਹ ਪਾਣੀ ਪੀਣ ਲਈ ਬੈਠ ਗਏ। ਚਾਹ ਪਾਣੀ ਪੀਂਦੇ ਪੀਂਦੇ ਵਿਦੇਸ਼ ਜਾਣ ਦੀ ਗੱਲ ਛਿੜ ਪਈ। ਆਪਸ ਵਿਚ ਕਈ ਤਰ੍ਹਾਂ ਦੀਆਂ ਗੱਲਾਂ ਸਾਂਝੀਆਂ ਹੋਣ ਲੱਗੀਆਂ।

''ਵਿਦੇਸ਼ ਵਿਚ ਬੜੀ ਮੌਜ਼ ਏ, ਨੌਕਰੀ ਆਸਾਨੀ ਨਾਲ ਮਿਲ ਜਾਂਦੀ ਏ, ਉਜਰਤ ਕੀਮਤ ਸਥਿਰ ਹੈ। ਉਥੇ ਸਭ ਨੂੰ ਬਰਾਬਰ ਸਮਝਿਆ ਜਾਂਦਾ ਹੈ। ਉਥੇ ਤਾਂ ਕੰਮ ਦੀ ਕਦਰ ਏ। ਉਥੋਂ ਦੀਆਂ ਸਰਕਾਰਾਂ ਨੇ ਹਰ ਤਰ੍ਹਾਂ ਦੀ ਸਹੂਲਤ ਆਪਣੇ ਨਾਗਰਿਕਾਂ ਨੂੰ ਦੇ ਰੱਖੀ ਹੈ। ਚੰਗੀ ਰਾਜਨੀਤੀ ਹੈ। ਮਾਹੌਲ ਵਧੀਆ ਹੈ। ਅਨੁਸ਼ਾਸਨ ਹੈ। ਵਧੀਆ ਮੌਸਮ, ਸਾਫ਼ ਸੁਥਰੇ ਸ਼ਹਿਰ। ਮਨੁੱਖ ਦੀ ਮਨੁੱਖ ਕਦਰ ਕਰਦਾ ਹੈ। ਅਨੇਕਾਂ ਸਹੂਲਤਾਂ ਨਾਲ ਨਿਵਾਜ਼ਿਆ ਹੈ ਮਨੁੱਖ ਨੂੰ ਉਥੇ। ਸਖ਼ਤ ਕਾਨੂੰਨ ਸੂਈ ਦੇ ਨੱਕੇ 'ਚੋ ਹੋ ਕੇ ਨਿਕਲਦਾ ਹੈ'' ਆਦਿ ਗੱਲਾਂ ਚਲਦੀਆਂ ਰਹੀਆਂ।

ਦੇਸ਼ ਦੀ ਗੰਦੀ ਸਿਆਸਤ ਬਾਰੇ, ਬੇਰੁਜ਼ਗਾਰੀ ਬਾਰੇ, ਜਾਤੀਵਾਦ ਬਾਰੇ, ਧਰਮਵਾਦ, ਨਸਲਵਾਦ ਆਦਿ ਕਈ ਗੱਲਾਂ ਚਲਦੀਆਂ ਰਹੀਆਂ। ਸਾਰੀਆਂ ਗੱਲਾਂ ਹੀ ਸਹੀ ਤੇ ਉਚਿਤ ਸਨ।

ਉਸ ਲੇਖਕ ਨੇ ਰਾਜ ਸਿੰਘ ਦੇ ਪੁੱਤਰ ਰਾਜਿੰਦਰ ਸਿੰਘ ਨੂੰ ਬਲਪੂਰਵਕ ਅਤੇ ਸਮਝਦਾਰੀ ਦੀਆਂ ਕਈ ਉਦਾਹਰਣਾਂ ਦਿੱਤੀਆਂ। ਆਪਣੇ ਦੇਸ਼ ਪ੍ਰਤੀ, ਆਪਣੀ ਮਿੱਟੀ ਪ੍ਰਤੀ ਵਫ਼ਾਦਾਰ ਹੋਣਾ, ਈਮਾਨਦਾਰ ਹੋਣਾ, ਮਿਹਨਤੀ ਹੋਣਾ, ਸੱਚੇ-ਸੁਚੇ ਨੇਕ ਨੀਅਤ ਹੋਣਾ ਆਦਿ ਗੱਲਾਂ ਉਪਰ ਪ੍ਰਭਾਵਸ਼ਾਲੀ ਅਤੇ ਤਰਕਸ਼ੀਲ ਵਿਚਾਰ ਰੱਖੇ।

ਲੇਖਕ ਨੇ ਉਦਾਹਰਣਾਂ ਸਹਿਤ ਸਮਝਾਉਂਦੇ ਹੋਏ ਕਿਹਾ: ਪੁੱਤਰ, ਵਿਦੇਸ਼ਾਂ ਵਿਚ ਭੱਜਣ ਨਾਲ ਕੁਝ ਨਹੀਂ ਹੋਣਾ। ਦੇਸ਼ ਦੇ ਨਿਜ਼ਾਮ ਬਦਲਣ ਲਈ ਨੌਜਵਾਨ ਪੀੜੀ ਨੂੰ ਅੱਗੇ ਆਉਣਾ ਪਊ। ਰਿਸ਼ਤਵ ਨੂੰ, ਗੰਦਗੀ ਰਾਜਨੀਤੀ ਨੂੰ ਖ਼ਤਮ ਕਰਨ ਲਈ ਵਿਦੇਸ਼ਾਂ ਵਿਚ ਜਾਣ ਦੀ ਜ਼ਰੂਰਤ ਨਹੀਂ ਬਲਕਿ ਆਪਣੇ ਦੇਸ਼ ਰਹਿ ਕੇ ਲੜਾਈ ਲੜਣੀ ਪਊ। ਮੰਨਿਆ ਕਿ ਗੁੰਡਿਆਂ ਅਤੇ ਗੰਦੇ ਸਿਆਸੀ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਕਿਸੇ ਦੀ ਪੇਸ਼ ਨਹੀਂ ਜਾਣ ਦਿੰਦੇ। ਹਰ ਮਹਿਕਮੇ ਵਿਚ ਰਿਸ਼ਵਤ ਦਾ ਬੋਲਬਾਲਾ ਹੈ, ਇਸ ਨੂੰ ਖ਼ਤਮ ਕਰਨ ਲਈ ਨੌਜਵਾਨ ਸੰਗਠਿਤ ਹੈ। ਪੜ੍ਹੇ ਲਿਖੇ ਈਮਾਨਦਾਰ ਨੌਜਵਾਨ ਸਿਆਸਤ ਵਿਚ ਕੁੱਦਣ। ਆਪਣੀਆਂ ਛੋਟੀਆਂ-ਛੋਟੀਆਂ ਇਕਾਈਆਂ ਬਣਾਉਣ ਅਤੇ ਰਿਸ਼ਵਤ, ਬੇਈਮਾਨੀ ਦੇ ਖ਼ਿਲਾਫ਼ ਡਟ ਖਿਲਾਉਣ।

''ਵੇਖ ਪੁੱਤਰ, ਰੂਸ ਵਿਚ, ਫਰਾਂਸ ਵਿਚ, ਚੀਨ ਵਿਚ, ਜਰਮਨ ਵਿਚ ਮੱਧ ਵਰਗ ਦੇ ਪੜ੍ਹੇ ਲਿਖੇ ਈਮਾਨਦਾਰ, ਦੇਸ਼ ਪ੍ਰੇਮੀ ਨੌਜਵਾਨਾਂ ਨੇ ਕ੍ਰਾਂਤੀ ਲਿਆਂਦੀ। ਇਤਿਹਾਸ ਪੜ੍ਹਕੇ ਵੇਖੋ। ਦਿਲ 'ਚੋਂ ਡਰ ਕੱਢਣ ਦੀ ਜ਼ਰੂਰਤ ਹੈ। ਗੰਦੇ ਸਿਸਟਮ ਨਾਲ ਲੜਣ ਦੀ ਜ਼ਰੂਰਤ ਹੈ। ਸਾਡਾ ਦੇਸ਼ ਵੀ ਮੱਧ ਵਰਗ ਦੇ ਨੌਜਵਾਨਾਂ ਨੇ ਕੁਰਬਾਨੀਆਂ ਦੇ ਕੇ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਇਆ। ਸਾਰਿਆਂ ਇਨਸਾਨਾਂ ਦੀ ਬਰਾਬਰੀ ਅਤੇ ਲੋਕਤੰਤਰ ਦੀ ਲੜਾਈ ਲੜਣ ਦੀ ਜ਼ਰੂਰਤ ਹੈ। ਅੱਜ ਫਰਾਂਸ ਦੀ ਕ੍ਰਾਂਤੀ ਵਰਗੇ ਸਾਡੇ ਦੇਸ਼ ਦੇ ਹਾਲਾਤ ਹਨ। ਉਥੋਂ ਦੇ ਮਜ਼ਦੂਰਾਂ ਅਤੇ ਮਿਡਲ ਵਰਗ ਦੇ ਨੌਜਵਾਨਾਂ ਨੇ ਰਾਜਾ-ਰਾਣੀ ਕਤਲ ਕਰ ਦਿੱਤਾ ਸੀ। ਬਿਲਕੁਲ ਉਹੋ ਹਾਲਾਤ ਅੱਜ ਸਾਡੇ ਦੇਸ਼ ਵਿਚ ਹਨ। ਛੋਟੀਆਂ-ਛੋਟੀਆਂ ਇਕਾਈਆਂ ਦੇ ਸਮੂਹਿਕ ਅੰਦੋਲਨ ਨਾਲ ਹੀ ਪਰਿਵਰਤਨ ਆ ਸਕਦਾ ਹੈ। ਇਸ ਕਾਰਜ ਲਈ ਕਈ ਸਾਲ ਲੱਗ ਜਾਂਦੇ ਹਨ। ਲੋਕਾਂ ਦੀ ਸੋਚ ਬਦਲਣ ਲਈ ਚੰਗੀਆਂ ਅਖ਼ਬਾਰਾਂ, ਚੰਗੇ ਮੈਗਜ਼ੀਨ, ਹਰ ਤਰ੍ਹਾਂ ਦੇ ਮੀਡੀਆ ਨੂੰ ਅੱਗੇ ਆਉਣ ਦੀ ਜ਼ਰੂਰਤ ਹੈ। ਉਸਾਰੂ ਦੇਸ਼ਪਰਕ, ਸਾਕਾਰਤਮਿਕ ਸੋਚ ਪੈਦਾ ਕਰਨ ਦੀ ਲੋੜ ਹੈ। ਸਚਾਈ ਨੂੰ ਲੇਖਣ ਦੇ ਜ਼ਰੀਏ ਲੋਕਾਂ ਤਕ ਪੁੱਜਦਾ ਕੀਤਾ ਜਾਵੇ।

ਵੇਖ ਪੁੱਤਰ, ਪੈਲੀ ਬੈਂਕ ਵਿਚ ਰਖਕੇ ਪਿਓ ਨੂੰ ਕਰਜ਼ੇ ਦੇ ਭਾਰ ਹੇਠਾਂ ਦੱਬ ਕੇ ਬਾਹਰ ਜਾਵੇਗਾ ਕਿਹੜੀ ਕੋਈ ਵਧੀਆ ਗੱਲ ਹੈ। ਜਿੰਨੇ ਪੈਸੇ ਤੂੰ ਬਾਹਰ ਜਾਣ ਲਈ ਬਰਬਾਦ ਕਰਨੇ ਹਨ ਓਨੇ ਪੈਸਿਆਂ ਵਿਚ ਇੱਥੇ ਵੀ ਬਿਜਨੈਸ ਹੋ ਸਕਦਾ ਏ। ਮੇਰੀ ਮੰਨੇਂ ਤਾਂ ਤੂੰ ਜ਼ਿਮੀਦਾਰ ਪੁੱਤਰ ਏਂ, ਟਰੈਕਟਰ ਚਲਾ ਲੈਂਦਾ ਏਂ। ਕੀ ਤੂੰ ਟਰੱਕ ਨਹੀਂ ਚਲਾ ਸਕਦਾ? ਏਨੇਂ ਰੁ-ਪਈਆਂ ਵਿਚ ਤਾਂ ਵਧੀਆ ਟਰੱਕ ਆ ਸਕਦਾ ਏ। ਇੱਥੋਂ ਤੱਕ ਕਿ ਅੱਧੇ ਰੁਪਈਆਂ ਵਿਚ ਟਰੱਕ ਆ ਜਾਵੇਗਾ। ਤੂੰ ਚੁੱਪ ਕਰਕੇ ਮੇਰਾ ਪੁੱਤ ਟਰੱਕ ਪਾ ਲੈ। ਜ਼ਿਮੀਦਾਰਾਂ ਦਾ ਮਿਹਨਤੀ ਪੁੱਤਰ ਏਂ। ਹੱਟਾ-ਕੱਟਾ ਏਂ। ਕਿਉਂ ਘਬਰਾਉਂਦਾ ਏਂ? ਤੇਰੇ ਲਈ ਇਹ ਮੁਸ਼ਕਿਲ ਕੰਮ ਨਹੀਂ। ਏਨੇ ਕੁ ਰੁਪਈਏ ਤਾਂ ਤੇਰੇ ਪਿਓ ਕੋਲ ਹੋਣਗੇ ਹੀ, ਜਿਸਦਾ ਟਰੱਕ ਆਸਾਨੀ ਨਾਲ ਆ ਜਾਵੇਗਾ। ਕੁਝ ਏਧਰੋਂ-ਓਧਰੋਂ ਫੜ ਲਿਓ। ਕਿਉਂ ਪਿਓ ਨੂੰ ਕਰਜ਼ੇ ਦੇ ਭਾਰ ਨਾਲ ਜੀਉਂਦੇ ਜੀ ਮਾਰਨ ਲੱਗਾ ਏਂ। ਕਿਸਾਨ ਲਈ ਜ਼ਮੀਨ ਤਾਂ ਮਾਂ ਵਰਗੀ ਹੁੰਦੀ ਏ, ਜਿਸ ਦੇ ਆਸ਼ੀਰਵਾਦ ਨਾਲ ਸ਼ੁਭਕਾਮਨਾਵਾਂ ਲਾਲ ਘਰ ਵਿਚ ਬਰਕਤਾਂ ਹੀ ਬਰਕਤਾਂ ਹੁੰਦੀਆਂ ਹਨ। ਕਿਸਾਨ ਦੀ ਜ਼ਮੀਨ ਤਾਂ ਉਸਦਾ ਸੱਚਾ-ਸੁੱਚਾ ਕੀਮਤੀ ਗਹਿਣਾ ਹੁੰਦਾ ਹੈ ਜੋ ਬਜ਼ੁਰਗਾਂ ਦੀ ਨਿਸ਼ਾਨੀ ਹੁੰਦੀ ਹੈ। ਪੀੜ੍ਹੀ ਦਰ ਪੀੜੀ ਇਸ ਮਾਂ ਦਾ ਅਸ਼ੀਰਵਾਦ ਮਿਲਦਾ ਹੈ। ਪੁੱਤਰ, ਤੂੰ ਆਪਣੇ ਪਿਓ ਨੂੰ ਤਰਸਾ-ਤਰਸਾ ਕੇ ਨਾ ਮਾਰੀਂ। ਮੇਰੀ ਗੱਲ ਮੰਨ ਤੇ ਚੁੱਪ ਕਰਕੇ ਟਰੱਕ ਲੈ ਲੈ''।

''ਅੰਕਲ, ਮੈਂ ਤੁਹਾਡੀ ਹਰ ਗੱਲ ਨਾਲ ਸਹਿਮਤ ਹਾਂ ਪਰ ਇਸ ਸਾਰੇ ਪ੍ਰੋਸੈਸ 'ਚੋਂ ਨਿਕਲਣ ਲਈ ਰਿਸ਼ਵਤ ਤਾਂ ਦੇਣੀ ਹੀ ਪਵੇਗੀ ਓਦਾਂ ਕਿੱਦਾਂ ਟਰੱਕ ਮਿਲ ਜਾਊ। ਇਹ ਟਰੱਕ-ਟਰੁਕ ਤਾਂ ਰਾਜਨੀਤਕ ਪੈਸੇ ਵਾਲੇ ਲੋਕਾਂ ਦੀ ਖੇਡ ਹੈ।''

''ਪੁੱਤਰ, ਘਬਰਾਉਣ ਦੀ ਕੋਈ ਲੋੜ ਨਹੀਂ। ਉਹ ਸਾਰਾ ਕੁਝ ਪਤਾ ਲੱਗ ਜਾਊ ਜਦੋਂ ਤੂੰ ਕੋਸ਼ਿਸ਼ ਕਰੇਂਗਾ। ਰਿਸ਼ਵਤ ਦੇਣੀਂ ਪਊ ਤਾਂ ਦੇ ਦੇਵੀਂ, ਹੋਰ ਕੀ ਕੀਤਾ ਜਾ ਸਕਦਾ ਹੈ। ਕੰਮ-ਜ-ਕੰਮ ਤੈਨੂੰ ਇਹ ਤਾਂ ਪਤਾ ਲੱਗ ਜਾਵੇਗਾ ਕਿ ਦੇਸ਼ ਵਿਚ ਕਿਰ ਤਰ੍ਹਾਂ ਮਜ਼ਬੂਰ ਹੋ ਕੇ ਰਿਸ਼ਵਤ ਦੇਣੀ ਪੈਂਦੀ ਹੈ। ਨੌਜਵਾਨ ਪੀੜ੍ਹੀ ਨੂੰ ਵੀ ਤਾਂ ਪਤਾ ਲੱਗੇ ਕਿ ਕਿੱਥੇ-ਕਿੱਥੇ, ਕਿਸ ਤਰ੍ਹਾਂ, ਕਿੱਦਾਂ, ਕਿਵੇਂ ਰਿਸ਼ਵਤ ਦੇਣੀ ਪੈਂਦੀ ਹੈ। ਇਹ ਤਜ਼ੁਰਬਾ ਵੀ ਨੌਜਵਾਨਾਂ ਲਈ ਜ਼ਰੂਰੀ ਹੈ। ਪੁੱਤਰ, ਜੰਗਲ ਮੇ ਨਾਚਾ ਮੋਰ ਕਿਸ ਨੇ ਦੇਖਾ। ਆਪਣਾ ਹੁਨਰ ਪੇਸ਼ ਕਰੋਗੇ ਤਾਂ ਪਤਾ ਲੱਗੇਗਾ। ਜ਼ਰੂਰਤ ਕਾਢ ਦੀ ਮਾਂ ਹੈ ਪੁੱਤਰ। ਹਿੰਮਤ ਨਾ ਹਾਰੋ ਤੇ ਮਕਸਦ ਲਈ ਉਠ ਖਲੋਵੋ, ਤੁਹਾਡੀ ਜਿੱਤ ਹੋਵੇਗੀ।''

ਰਾਜਿੰਦਰ ਨੇ ਮਨ-ਮਸਤਕ ਵਿਚ ਇਕ ਸ਼ਕਤੀ ਪ੍ਰਵੇਸ਼ ਕਰ ਗਈ। ਇਕ ਹਿੰਮਤ ਉਸਦੇ ਜਜ਼ਬੇ ਵਿਚ ਤੈਰਾਨ ਲੱਗੀ। ਭਵਿੱਖ ਦੇ ਖ਼ੂਬਸੂਰਤ ਖਿਆਲ ਉਸਦੇ ਮਨ-ਮਸਤਕ ਵਿਚ ਘੁੰਮਣਘੇਰੀ ਵਾਂਗੂ ਘੁੰਮਣ ਲੱਗੇ ਜਿਵੇਂ ਉਸਨੂੰ ਅਹਿਸਾਸ ਹੋ ਰਿਹਾ ਹੋਵੇ ਕਿ ਉਹ ਕੁਝ ਕਰ ਸਕਦਾ ਹੈ। ਉਹ ਸੋਚਣ ਲੱਗਾ ਬਾਹਰ (ਵਿਦੇਸ਼) ਜਾਣ ਲਈ ਏਜੰਟ ਨੂੰ ਵੀ ਕਿੰਨੀ ਸਾਰੀ ਰਿਸ਼ਵਤ ਦੇਣੀ ਪੈਣੀ ਸੀ। ਬਸ, ਉਸਨੇ ਪੂਰਾ ਮਨ ਬਣਾ ਲਿਆ। ਉਦਮ ਤੇ ਹਿੰਮਤ ਦੀ ਇਕ ਰੌਸ਼ਨੀ ਉਸਦੇ ਹਿਰਦੇ ਵਿਚ ਟਿਮਟਿਮਾਉਣ ਲੱਗੀ। ਆਖਿਰ ਰਾਜ ਸਿੰਘ ਨੇ ਵੀ ਪੁੱਤਰ ਨੂੰ ਸਮਝਾਇਆ ਕਿ ਲੇਖਕ ਭਾਈ ਸਾਹਿਬ ਬਿਲਕੁਲ ਸਹੀ ਕਹਿੰਦੇ ਨੇ। ਵੇਖ ਪੁੱਤਰ, ਮਾਂ-ਪਿਓ ਦੀਆ ਅੱਖਾਂ ਦੇ ਸਾਹਮਣੇ ਰਵੇਗਾ, ਕਲੇਜੇ ਠੰਢ ਪੈਂਦੀ ਰਹੂ। ਰਾਜਿੰਦਰ ਨੇ ਕੁਝ ਪਲ ਲਈ ਸੋਚਿਆ ਤੇ ਮਨ ਬਣਾ ਲਿਆ ਕਿ ਬਾਹਰ (ਵਿਦੇਸ਼) ਨਹੀਂ ਜਾਵੇਗਾ। ਟਰੱਕ ਪਾ ਲਵੇਗਾ। ਉਨ੍ਹਾਂ ਦੋਵਾਂ ਪਿਓ-ਪੁੱਤਰ ਨੇ ਨੇਕ-ਮਸ਼ਵਿਰੇ ਲਈ ਲੇਖਕ ਦਾ ਧੰਨਵਾਦ ਕੀਤਾ ਤੇ ਦੋਵੇਂ ਜਣੇਂ ਪਿੰਡ ਨੂੰ ਹੋ ਤੁਰੇ। ਘਰ ਜਾ ਕੇ ਰਾਜਿੰਦਰ ਨੇ ਮਾਂ ਨੂੰ ਸਾਰੀ ਗੱਲ ਦੱਸੀ। ਉਹ ਵੀ ਖੁਸ਼ ਹੋ ਗਈ। ਪੁੱਤ ਦੇ ਸਿਰ ਤੋਂ ਵਾਰੇ-ਘੋਲੀ ਜਾਣ ਲੱਗੀ। ਅਸੀਸਾਂ ਦਿੰਦੀ ਨਾ ਥੱਕਦੀ।

ਕੁਝ ਮਹੀਨਿਆਂ ਵਿਚ ਹੀ ਨੱਠ-ਭੱਜ ਕਰਕੇ ਰਾਜਿੰਦਰ ਨੇ ਲੋਨ (ਕਰਜ਼ੇ) ਤੋਂ ਬਗੈਰ ਹੀ ਟਰੱਕ ਲੈ ਲਿਆ ਸੀ। ਪਿੰਡ ਤੋਂ ਥੋੜ੍ਹੀ ਦੂਰ ਬਾਹਰਵਾਰ ਇਕ ਸ਼ੈਲਰ ਸੀ। ਉਸਦਾ ਮਾਲਿਕ ਰਾਜ ਸਿੰਘ ਦਾ ਦੋਸਤ ਸੀ। ਸ਼ੈਲਰ ਮਾਲਿਕ ਨੂੰ ਸਾਰੀ ਗੱਲ ਦੱਸੀ। ਉਸਨੇ ਖੁਸ਼ੀ-ਖੁਸ਼ੀ ਕਿਹਾ, ''ਤੁਸੀਂ ਆਪਣਾ ਟਰੱਕ ਸਾਡੇ ਸ਼ੈਲਰ ਨਾਲ ਲਗਾ ਲਓ'' ਟਰੱਕ ਸ਼ੈਲਰ ਨਾਲ ਲਗਾ ਲਿਆ ਗਿਆ, ਆਨਾਜ ਦੀ ਢੋਆ-ਢੋਆਈ ਲਈ।

ਸਾਲ ਦੇ ਵਿਚ ਹੀ ਚੰਗੀ ਆਮਦਨ ਆਉਣੀ ਸ਼ੁਰੂ ਹੋ ਗਈ। ਕੁਝ ਸਾਲ ਬੀਤ ਗਏ।

ਇਕ ਦਿਨ ਅਚਾਨਕ ਲੇਖਕ ਬਾਜ਼ਾਰ ਜਾ ਰਿਹਾ ਸੀ, ਰਸਤੇ ਵਿਚ ਆਉਂਦੀ ਇਕ ਚਮਚਮਾਂਦੀ ਖ਼ੂਬਸੂਰਤ ਕਾਰ ਉਸਦੇ ਨੇੜੇ ਆ ਕੇ ਰੁਕ ਗਈ। ਉਸ ਕਾਰ ਵਿਚੋਂ ਇਕ ਜਵਾਨ ਤੰਦਰੁਸਤ ਖ਼ੂਬਸੂਰਤ ਲੜਕਾ ਅਤੇ ਉਸਦੀ ਖ਼ੂਬਸੂਰਤ ਲੰਮਸਲੰਮੀ ਪਤਨੀ ਅਤੇ ਨਾਲ ਇਕ ਤਿੰਨ ਕੁ ਸਾਲ ਦਾ ਬੱਚਾ ਉਤਰੇ ਅਤੇ ਲੇਖਕ ਨੂੰ ਰੁਕਣ ਦਾ ਇਸ਼ਾਰਾ ਕੀਤਾ।

ਲੇਖਕ ਜਗਿਆਸਮਈ ਮੁਦਰਾ 'ਚ ਰੁਕ ਗਿਆ। ਉਹ ਲੇਖਕ ਦੇ ਨੇੜੇ ਆਏ ਅਤੇ ਉਨ੍ਹਾਂ ਨੇ ਲੇਖਕ ਦੇ ਪੈਰੀਂ ਹੱਥ ਲਗਾ ਕੇ ਆਸ਼ੀਰਵਾਦ ਲਿਆ। ਲੇਖਕ ਨੇ ਆਸ਼ੀਰਵਾਦ ਦਿੰਦੇ ਹੋਏ ਕਿਹਾ, ''ਜੀਉਂਦੇ ਰਹੋ, ਯੁਗ-ਯੁਗ ਜੀਵੋ, ਜੀਉਂਦੇ ਵਸਦੇ ਰਹੋ, ਲੰਬੀਆਂ ਉਮਰਾਂ ਹੋਵਣ।'' ਅਤੇ ਫਿਰ ਜਗਿਆਸਾਮਈ ਭਾਵ ਨਾਲ ਪੁੱਛਣ ਲੱਗਾ,'' ਪੁੱਤਰ, ਮੈਂ ਤੁਹਾਨੂੰ ਪਹਿਚਾਣਿਆਂ ਨਈ ਏ?'' ਉਸ ਲੜਕੇ ਨੇ ਬੁੱਲ੍ਹਾਂ 'ਚੋਂ ਨਿੰਕਾ-ਨਿੰਕਾ ਮੁਸਕਰਾਂਦੇ ਹੋਏ, ਚਿਹਰੇ 'ਤੇ ਆਈ ਰੌਣਕ ਨੂੰ ਬਿਖੇਰਦੇ ਹੋਏ ਕਿਹਾ, ''ਅੰਕਲ, ਤੁਸੀਂ ਮੈਨੂੰ ਨਹੀਂ ਪਹਿਚਾਣਿਆਂ?''

ਲੇਖਕ ਨੇ ਗਹੁ ਭਰੀ ਨਜ਼ਰ ਨਾਲ ਐਨਕਾਂ 'ਚੋਂ ਝਾਕਦੇ ਹੋਏ ਕਿਹਾ, ''ਪੁੱਤਰ, ਮੈਂ ਨਹੀਂ ਪਹਿਚਾਣਿਆਂ।''

ਉਸ ਲੜਕੇ ਨੇ ਅਤੀਤ ਸੰਭਾਲਦੇ ਹੋਏ ਕਿਹਾ, ''ਅੰਕਲ, ਮੈਂ ਸਰਦਾਰ ਰਾਜ ਸਿੰਘ ਜੀ ਦਾ ਪੁੱਤਰ ਹਾਂ, ਰਾਜਿੰਦਰ ਸਿੰਘ।''

''ਓਹ,.. ਹੋ.. ਯਾਰ, ਤੂੰ ਤੇ ਬੜਾ ਖ਼ੂਬਸੂਰਤ ਨਿਕਲਿਆ ਏਂ, ਬੜੀ ਰੌਣਕ ਏ ਚਿਹਰੇ 'ਤੇ, ਯਾਰ, ਤੇਰਾ ਤਾਂ ਟੋਹਰ ਹੀ ਬੜਾ ਏ। ਤੇਰੇ ਵਿਚ ਤਾਂ ਪਹਿਲਾਂ ਨਾਲੋਂ ਜ਼ਮੀਨ ਆਸਮਾਨ ਦਾ ਫ਼ਰਕ ਏ ਪੁੱਤਰ। ਕਮਾਲ ਕਰ ਦਿਤੀ ਓ। ਓਦੋਂ ਤੂੰ ਸਿਰ 'ਤੇ ਪਟਕਾ ਜ਼ਿਆਦਾ ਬੰਨਦਾ ਸੀ ਪਰ ਹੁਣ ਤਾਂ ਸੋਹਣੀ ਦਸਤਾਰ ਬੰਨੀ ਹੋਈ ਏ, ਕਮਾਲ ਆ ਬਈ। ਕਾਫ਼ੀ ਮੋਟਾ ਹੋ ਗਿਆ ਏਂ। ਹੋਰ ਸੁਣਾ ਮੰਮੀ ਡੈਡੀ ਦਾ ਕੀ ਹਾਲ ਏ? ਕਾਰੋਬਾਰ ਦੀ ਸੁਣਾ। ਕਈਆਂ ਸਾਲਾਂ ਬਾਅਦ ਮਿਲਿਆ ਏਂ। ਡੈਡੀ ਤੇਰੇ ਵੀ ਕਦੀ ਨਹੀਂ ਮਿਲੇ।'' ''ਅੰਕਲ ਜੀ, ਉਹ ਵੀ ਮੇਰੇ ਕਾਰੋਬਾਰ ਵਿਚ ਰੁਝ ਗਏ ਨੇ। ਸਿਰ ਖੁਰਕਣ ਦੀ ਵਿਹਲ ਨਹੀਂ ਮਿਲਦੀ ਅੰਕਲ ਜੀ। ਇਹ ਮੇਰੀ ਵਾਈਫ ਏ ਤੇ ਇਹ ਮੇਰਾ ਲੜਕਾ ਏ।'' ''ਯਾਰ, ਤੂੰ ਸ਼ਾਦੀ 'ਤੇ ਸੱਦਿਆ ਹੀ ਨਹੀਂ।''

''ਅੰਕਲ, ਸਿੰਪਲ ਸ਼ਾਦੀ ਕੀਤੀ ਏ। ਚੁੰਨੀ ਚੜਾਅ ਹੀ ਕਰ ਲਿਆ ਸੀ। ਤੁਹਾਨੂੰ ਘਰ ਜ਼ਰੂਰ ਬੁਲਾਉਣਾ ਏਂ ਅੰਕਲ ਜੀ।'' ''ਸੁਣਾ ਹੋਰ ਕਾਰੋਬਾਰ ਕਿਵੇਂ?'' ''ਸਭ ਠੀਕ ਹੈ ਅੰਕਲ ਜੀ। ਹੁਣ ਮੇਰੇ ਕੋਲ ਦੋ ਟਰੱਕ ਹਨ। ਇਹ ਮੇਰੀ ਪਤਨੀ ਇਕ ਸਕੂਲ ਵਿਚ ਲੈਕਚਰਾਰ ਲੱਗੀ ਹੋਈ ਹੈ। ਪਰਮਾਤਮਾ ਦੀ ਬੜੀ ਕਿਰਪਾ ਏ ਅੰਕਲ ਜੀ। ਇਕ ਡਰਾਈਵਰ ਵੀ ਰੱਖਿਆ ਹੋਇਆ ਏ। ਇਕ ਟਰੱਕ ਮੈਂ ਚਲਾਉਂਦਾ ਹਾਂ ਅਤੇ ਦੂਸਰਾ ਡਰਾਈਵਰ ਚਲਾਉਂਦਾ ਹੈ। ਟਰੱਕ ਯੂਨੀਅਨ ਦਾ ਪ੍ਰਧਾਨ ਵੀ ਹਾਂ ਮੈਂ। ਅੰਕਲ ਨਵਾਂ ਘਰ ਬਣਾ ਲਿਆ ਏ। ਕੁਝ ਪੈਲੀ ਵੀ ਖ਼ਰੀਦੀ ਏ. ਵਾਹਿਗੁਰੂ ਦੀ ਬੜੀ ਕਿਰਪਾ ਏ ਅੰਕਲ। ਅੰਕਲ ਸਭ ਤੁਹਾਡੇ ਨੇਕ ਮਸ਼ਵਿਰੇ ਦਾ ਆਸ਼ੀਰਵਾਦ ਹੈ।''

# ਏਡਿਡ ਸਕੂਲ ਮੁਲਾਜ਼ਮ 9 ਅਕਤੂਬਰ ਨੂੰ ਵਿੱਤ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ ਦੇਣਗੇ

**ਮਾਹਿਲਪੁਰ (ਮਾਨ)** ਪੰਜਾਬ ਏਡਿਡ ਸਕੂਲ ਟੀਚਰਜ਼ ਐਂਡ ਅਦਰ ਇੰਪਲਾਈਜ਼ ਯੂਨੀਅਨ ਦੀ ਸੂਬਾ ਇਕਾਈ ਦੀ ਜ਼ਰੂਰੀ ਮੀਟਿੰਗ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ ਅਤੇ ਜਨਰਲ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ 9 ਅਕਤੂਬਰ ਨੂੰ ਸੰਗਰੂਰ ਵਿੱਚ ਪੰਜਾਬ ਦੇ ਵਿੱਤ ਮੰਤਰੀ ਦੀ ਕੋਠੀ ਅੱਗੇ ਵਿਸ਼ਾਲ ਰੋਸ ਧਰਨਾ ਦੇਣ ਦਾ ਐਲਾਨ ਕੀਤਾ ਗਿਆ। ਜਿਸ ਵਿੱਚ ਪੰਜਾਬ ਭਰ ਤੋਂ ਅਧਿਆਪਕ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਹਾਜ਼ਰ ਸਮੂਹ ਆਗੂਆਂ ਨੇ ਇੱਕ ਸੁਰ ਵਿੱਚ ਕਿਹਾ ਕਿ ਸੂਬਾ ਸਰਕਾਰ ਨੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਨੋਟੀਫਿਕੇਸ਼ਨ ਜਾਰੀ ਕਰਨ ਦੇ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਵਿੱਚ ਦੇਰੀ ਕਰਨ ਦੀ ਨੀਤੀ ਅਪਣਾਈ ਹੋਈ ਹੈ, ਜਿਸ ਦੀ ਸਮੁੱਚੀ ਯੂਨੀਅਨ ਸਖ਼ਤ ਨਿਖੇਧੀ ਕਰਦੀ ਹੈ। ਵਿਸ਼ੇਸ਼ ਤੌਰ 'ਤੇ ਯੂਨੀਅਨ ਨੇ ਸੀਐਂਡਵੀ ਅਧਿਆਪਕਾਂ ਦੀ ਗਰੇਡ ਪੇਅ ਅਤੇ ਅੱਠ ਮਹੀਨਿਆਂ ਤੋਂ ਰੁਕੀ ਤਨਖਾਹ ਦੀ ਸਖ਼ਤ ਆਲੋਚਨਾ ਕੀਤੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਬੀਤੇ ਦਿਨ ਯੂਨੀਅਨ ਦਾ ਇੱਕ ਵਫ਼ਦ ਸੂਬਾ ਪ੍ਰਧਾਨ ਸ: ਗੁਰਮੀਤ ਸਿੰਘ ਮਦਨੀਪੁਰ ਦੀ ਅਗਵਾਈ ਹੇਠ ਡੀ।ਸੀ ਸੰਗਰੂਰ ਸ੍ਰੀ ਸੰਦੀਪ ਰਿਸ਼ੀ ਅਤੇ ਓ।ਐਸ।ਡੀ ਵਿੱਤ ਮੰਤਰੀ ਐਡਵੋਕੇਟ ਸ: ਤਪਿੰਦਰ ਸਿੰਘ ਸੋਹੀ ਨੂੰ ਮਿਲਿਆ ਅਤੇ ਮੰਗ ਪੱਤਰ ਵੀ ਸੌਂਪਿਆ ਸੀ। ਜਿਸ ਵਿੱਚ ਯੂਨੀਅਨ ਦੇ ਨੁਮਾਇੰਦਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨਾਲ ਪੈਨਲ ਮੀਟਿੰਗ ਦੀ ਮੰਗ ਵੀ ਕੀਤੀ ਸੀ, ਪਰ



ਸਾਰੀਆਂ ਮੰਗਾਂ ਜਾਇਜ਼ ਹੋਣ ਦੇ ਬਾਵਜੂਦ ਸਰਕਾਰ ਨੇ ਅਜੇ ਤੱਕ ਉਨ੍ਹਾਂ ਨੂੰ ਮੰਨਣ ਵਿੱਚ ਕੋਈ ਗੰਭੀਰਤਾ ਨਹੀਂ ਦਿਖਾਈ। ਉਧਰ ਸਿੱਖਿਆ ਵਿਭਾਗ ਨੇ ਹਾਈਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਤੋਂ ਕੋਹਾਂ ਦੂਰ ਜਾਂਦੇ ਹੋਏ ਏਡਿਡ ਸਕੂਲਾਂ ਦੇ ਪ੍ਰਬੰਧਕਾਂ ਨੂੰ ਵਿਦਿਆਰਥੀਆਂ ਦੀ ਗਿਣਤੀ ਸਬੰਧੀ ਅਰਥਹੀਣ ਪੱਤਰ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਕਾਰਨ ਯੂਨੀਅਨ ਸਰਕਾਰ ਤੋਂ ਨਾਰਾਜ਼ ਹੋ ਗਈ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਹੱਲ ਨਾ ਕੀਤਾ ਅਤੇ ਉਪਰੋਕਤ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਜੇਕਰ ਤੁਰੰਤ ਮੀਟਿੰਗ ਨਾ ਬੁਲਾਈ ਗਈ ਤਾਂ 9 ਅਕਤੂਬਰ 2024 ਨੂੰ ਸੰਗਰੂਰ ਵਿਖੇ ਵਿੱਤ ਮੰਤਰੀ ਦੀ ਰਿਹਾਇਸ਼ ਅੱਗੇ ਵਿਸ਼ਾਲ ਸੂਬਾ ਪੱਧਰੀ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ ਜਿਸ ਵਿੱਚ ਪੰਜਾਬ ਭਰ ਦੇ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਕੰਮ ਕਰਨ ਵਾਲੇ, ਅਧਿਆਪਕ, ਹੋਰ ਕਰਮਚਾਰੀ ਅਤੇ ਸਾਰੇ ਪੈਨਸ਼ਨਰ ਹਿੱਸਾ ਲੈਣਗੇ। ਜਿਸ ਦੀ ਸਾਰੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।


ਇਸ ਮੌਕੇ ਸੂਬਾ ਕੋਆਰਡੀਨੇਟਰ ਐਬਿਟ ਮਸੀਹ, ਪਰਮਜੀਤ ਸਿੰਘ ਗੁਰਦਾਸਪੁਰ, ਸਾਹਬੀ ਕਾਦੀਆਂ, ਸੰਜੀਵ ਗੁਰਦਾਸਪੁਰ, ਸੁਖਿੰਦਰ ਸਿੰਘ ਹੁਸ਼ਿਆਰਪੁਰ, ਅਮਰਜੀਤ ਸਿੰਘ ਭੁੱਲਰ, ਰਵਿੰਦਰਜੀਤ ਪੁਰੀ, ਚਰਨਜੀਤ ਸਿੰਘ ਬਰਨਾਲਾ, ਅਵਤਾਰ ਸਿੰਘ ਬਰਾੜ, ਮਿਸ਼ਰਾ ਸਿੰਘ ਮਰਾਹੜ, ਜਗਜੀਤ ਸਿੰਘ ਗੁਜਰਾਲ, ਅਜੈ ਚੌਹਾਨ, ਜਸਵਿੰਦਰ ਸਿੰਘ ਅੰਮ੍ਰਿਤਸਰ, ਪ੍ਰਿੰ. ਸਵਰਨਜੀਤ ਕੌਰ, ਪ੍ਰਿੰ। ਗੀਤਾ ਰਾਣੀ, ਰਣਜੀਤ ਸਿੰਘ ਆਨੰਦਪੁਰ ਸਾਹਿਬ, ਪਰਵੀਨ ਕੁਮਾਰ ਮੋਗਾ, ਸੁਨੀਲ ਫਰੀਦਕੋਟ, ਜਗਮੋਹਨ ਕਪੂਰਥਲਾ, ਅਸ਼ਵਨੀ ਮਦਾਨ, ਅਨਿਲ ਭਾਰਤੀ, ਹਰਵਿੰਦਰ ਪਾਲ ਪਟਿਆਲਾ, ਪ੍ਰਿੰ: ਜਸਬੀਰ ਸਿੰਘ ਖਰੜ, ਦਲਜੀਤ ਸਿੰਘ ਖਰੜ, ਯਾਦਵਿੰਦਰ ਕੁਰਾਲੀ, ਪ੍ਰਿੰ. ਰਜਿੰਦਰ ਕੁਮਾਰ, ਸੰਦੀਪ ਕਾਲੀਆ ਨਵਾਂਸ਼ਹਿਰ, ਸਤੀਸ਼ ਰਾਣਾ ਮੋਗਾ, ਸੰਜੀਵ ਪਠਾਨਕੋਟ, ਸੰਜੀਵ ਜਲੰਧਰ, ਜੋਗਿੰਦਰ ਜਲੰਧਰ, ਮੈਡਮ ਕੁਸਮ ਨਾਭਾ, ਹਰਜੀਤ ਸਿੰਘ, ਕਰਮਜੀਤ ਸਿੰਘ ਰਾਣੋ, ਭੀਮ ਸੇਨ, ਸੁਰਿੰਦਰ ਵਾਲੀਆ, ਸੁਖਵਿੰਦਰ ਸਿੰਘ, ਮਹਿੰਦਰ ਸਿੰਘ ਲੁਧਿਆਣਾ, ਪ੍ਰਿੰ. ਹਰਜਿੰਦਰ ਸਿੰਘ ਗੁਰਦਾਸਪੁਰ, ਪ੍ਰਿੰ. ਰਾਜੀਵ ਸ਼ਰਮਾਂ ਫਾਜ਼ਿਲਕਾ, ਸ਼੍ਰੀਕਾਂਤ ਬਠਿੰਡਾ, ਗੁਲਾਬ ਸਿੰਘ ਮੁਕਤਸਰ, ਪ੍ਰਿੰਸ ਕਰਮਜੀਤ ਸਿੰਘ ਮਾਨਸਾ ਆਦਿ ਨੇ ਵੀ ਮਹਾਂ ਰੋਸ ਰੈਲੀ ਨੂੰ ਸਫਲ ਬਣਾਉਣ ਲਈ ਆਪੋ-ਆਪਣੇ ਜ਼ਿਲੇ ਤੋਂ ਵੱਡੀ ਗਿਣਤੀ 'ਚ ਪਹੁੰਚਣ ਵਾਲੇ ਸਾਥੀਆਂ ਬਾਰੇ ਅਤੇ ਆਪੋ-ਆਪਣੇ ਜ਼ਿਲਿਆਂ 'ਚ ਕੀਤੀ ਗਈ ਤਿਆਰੀਆਂ ਦੀ ਜਾਣਕਾਰੀ ਦਿੱਤੀ।

# ਪੁਸਤਕ ਰਿਵਿਊ

## ਨੈਰੇਟਿਵਸ ਆਫ ਦਾ ਐਕਸਕਲੂਡਡ

**ਰਿਵਿਊਕਾਰ: ਬਲਜਿੰਦਰ ਮਾਨ 9850 18947**
**ਕਵੀ: ਮਦਨ ਵੀਰਾ ਅਨੁਵਾਦ: ਟੀ ਸੀ ਘਈ**
**ਪ੍ਰਕਾਸ਼ਕ: ਆਕਾਰ ਬੁਕਸ ਦਿੱਲੀ, ਪੰਨੇ : 240, ਮੁੱਲ: 595/-**

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਮਦਨ ਵੀਰਾ ਦਾ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ। ਕਾਵਿ ਜਗਤ ਵਿੱਚ ਉਹਨਾਂ ਨੇ ਸ਼ਾਨਦਾਰ ਪੈੜਾਂ ਪਾਈਆਂ ਹਨ। ਜਿਸ ਕਰਕੇ ਕੁਝ ਪੁਸਤਕਾਂ ਅਤੇ ਰਚਨਾਵਾਂ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਦਲਿਤ ਸਾਹਿਤ ਵਿੱਚ ਤਾਂ ਮਦਨ ਵੀਰਾ ਦਾ ਨਾਮ ਉੱਘਾ ਤੇ ਨਿੱਘਾ ਹੈ। ਆਪਣੇ ਤਨ ਮਨ ਤੇ ਹੰਢਾਈਆਂ ਤਲਖ ਹਕੀਕਤਾਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਬੇਬਾਕੀ ਨਾਲ ਬਿਆਨਿਆ ਹੈ। ਨੈਸ਼ਨਲ ਬੁੱਕ ਟਰਸਟ ਵਿੱਚ ਕਾਰਜ ਕਰਦਿਆਂ ਅਨੁਵਾਦ ਕਾਰਜ ਕੀਤਾ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਉੱਚ ਪਾਏ ਦੀ ਸਿਰਜਣਾ ਕਰਨਾ ਉਹਨਾਂ ਦੇ ਜੀਵਨ ਦਾ ਮਨੋਰਥ ਹੈ। ਬਾਲ ਸਾਹਿਤ ਦੇ ਖੇਤਰ ਵਿੱਚ ਵੀ ਮਨੋਵਿਗਿਆਨਕ ਕਾਰਜ ਕਰ ਚੁੱਕੇ ਹਨ। ਸਿ-ਰਜਣਾ, ਸੰਪਾਦਨਾ, ਅਨੁਵਾਦ ਅਤੇ ਅਨੇਕਾਂ ਹੋਰ ਸਾਹਿਤਕ ਕਾਰਜਾਂ ਨਾਲ ਪੰਜਾਬ ਅਤੇ ਪੰਜਾਬੀਅਤ ਨੂੰ ਬੁਲੰਦੀ ਪ੍ਰਦਾਨ ਕਰਦੇ ਹਨ।ਅੱਧੀ ਦਰਜਨ ਦੇ ਕਰੀਬ ਉਹਨਾਂ ਦੁਆਰਾ ਸਿਰਜੀਆਂ ਕਾਵਿ ਪੁਸਤਕਾਂ ਵਿੱਚੋਂ ਚੋਣਵੀਆਂ ਕਵਿਤਾਵਾਂ ਨੂੰ ਹਥਲੀ ਪੁਸਤਕ ਵਿੱਚ ਸ਼ਾਮਿਲ ਕੀਤਾ ਗਿਆ ਹੈ। ਅਨੁਵਾਦਕ ਟੀ ਸੀ ਘਈ ਹੁਰਾਂ ਕਵਿਤਾ ਦੀ ਰੂਹ ਤੱਕ ਜਾਣ ਦਾ ਯਤਨ ਹੀ ਨਹੀਂ ਕੀਤਾ ਸਗੋਂ ਇਸ ਵਿੱਚ ਸਫ਼ਲ ਵੀ ਹੋਏ ਹਨ। ਪੁਸਤਕ ਦੇ ਅੰਤ ਵਿੱਚ ਵਰਤੇ ਗਏ ਠੇਠ ਪੰਜਾਬੀ ਸ਼ਬਦਾਂ ਦੇ ਅਰਥ ਅੰਗਰੇਜ਼ੀ ਵਿੱਚ ਪੇਸ਼ ਕਰਕੇ ਅੰਗਰੇਜ਼ੀ ਪਾਠਕਾਂ ਲਈ ਸੌਖਾ ਅਨੁਵਾਦ ਕਰ ਦਿੱਤਾ ਹੈ।ਪੰਜਾਬੀ ਸੱਭਿਆਚਾਰ ਤੋਂ ਦੂਰ ਵੱਸਦੇ ਪਾਠਕ ਇਸ ਪੁਸਤਕ ਦਾ ਅਧਿਐਨ ਕਰਕੇ ਪੰਜਾਬੀ ਰਹਿਤਲ ਬਾਰੇ ਚੋਖੀ ਜਾਣਕਾਰੀ ਹਾਸਿਲ ਕਰ ਸਕਦੇ ਹਨ। ਖਾਸ ਕਰਕੇ ਦਲਿਤ ਵਰਗ ਦੀ ਹਾਲਤ ਅਤੇ ਮੌਜੂਦਾ ਪ੍ਰਬੰਧਕੀ ਹਾਲਤ ਬਾਰੇ ਸਾਫ਼ ਤੇ ਸਪਸ਼ਟ ਖਾਕਾ ਪੇਸ਼ ਕੀਤਾ ਗਿਆ ਹੈ।




ਪੁਸਤਕ ਦੇ ਸ਼ੁਰੂ ਦੇ 36 ਪੰਨਿਆਂ ਤੇ ਮਦਨ ਵੀਰਾ ਦੀ ਜੀਵਨੀ ਅਤੇ ਉਹਨਾਂ ਦੀਆਂ ਸਾਹਿਤਕ ਖੇਤਰ ਦੀਆਂ ਪ੍ਰਾਪਤੀਆਂ ਬਾਰੇ ਰੌਸ਼ਨੀ ਪਾਈ ਗਈ ਹੈ। ਉਹਨਾਂ ਦੇ ਜੀਵਨ ਸੰਘਰਸ਼ ਤੋਂ ਪਾਠਕਾਂ ਨੂੰ ਪ੍ਰੇਰਨਾ ਮਿਲਦੀ ਹੈ।ਤਰੱਕੀ ਦੀਆਂ ਸਿਖਰਾਂ ਛੂਹਣ ਵਾਲੇ ਪੰਜਾਬ ਸੂਬੇ ਵਿੱਚ ਵੀ ਦਲਿਤਾਂ ਨਾਲ ਕੀ ਵਿਹਾਰ ਹੁੰਦਾ ਹੈ ? ਇਸ ਵਿਸ਼ੇ ਬਾਰੇ ਰਚੀਆਂ ਕਵਿਤਾਵਾਂ ਭਰਪੂਰ ਰੌਸ਼ਨੀ ਪਾਉਂਦੀਆਂ ਹਨ। ਮਦਨ ਵੀਰਾ ਦਾ ਜੀਵਨ ਸੰਗਰਾਮ ਨਵੀਂ ਪਨੀਰੀ ਲਈ ਰਾਹ ਦਸੇਰਾ ਬਣਦਾ ਹੈ। ਨੈਸ਼ਨਲ ਬੁੱਕ ਟਰਸਟ ਇੰਡੀਆ ਅਤੇ ਭਲਾਈ ਵਰਗੇ ਲੋਹੇ ਦੇ ਕਾਰਖਾਨਿਆਂ ਵਿੱਚ ਕਾਰਜ ਕਰਨ ਵਾਲੇ ਮਦਨ ਵੀਰਾ ਨੇ ਜੀਵਨ ਵਿੱਚ ਵਾਪਰੀਆਂ ਘਟਨਾਵਾਂ ਤੇ ਦੁਰਘਟਨਾਵਾਂ ਨੂੰ ਆਪਣੀ ਕਵਿਤਾ ਰਾਹੀਂ ਬਾਖੂਬੀ ਪੇਸ਼ ਕੀਤਾ ਹੈ। ਇਹਨਾਂ ਕਵਿਤਾਵਾਂ ਦੀ ਰੂਹ ਅੰਗਰੇਜ਼ੀ ਵਿੱਚ ਕੀਤੇ ਅਨੁਵਾਦ ਵਿੱਚ ਵੀ ਧੜਕਦੀ ਹੋਈ ਦਿਖਾਈ ਦਿੰਦੀ ਹੈ। ਪਾਠਕਾਂ ਨੂੰ ਪੜ੍ਹਦਿਆਂ ਇਹ ਕਵਿਤਾਵਾਂ ਪੰਜਾਬੀ ਦੀਆਂ ਨਹੀਂ ਲੱਗਦੀਆਂ ਸਗੋਂ ਅੰਗਰੇਜ਼ੀ ਦੀਆਂ ਹੀ ਲੱਗਦੀਆਂ ਹਨ ਕਿਉਂਕਿ ਅਨੁਵਾਦਕ ਨੇ ਆਪਣੀ ਕਲਾ ਸਦਕਾ ਇਹਨਾਂ ਕਵਿਤਾਵਾਂ ਨੂੰ ਪੇਸ਼ ਕਰਕੇ ਇੱਕ ਇਤਿਹਾਸਿਕ ਦਸਤਾਵੇਜ਼ ਤਿਆਰ ਕਰ ਦਿੱਤਾ ਹੈ। ਦਲਿਤ ਸਾਹਿਤ ਦਾ ਅਧਿਐਨ ਕਰਨ ਵਾਲੇ ਵਿਦਿਆਰਥੀਆਂ ਲਈ ਇਹ ਪੁਸਤਕ ਕੀਮਤੀ ਗਹਿਣਾ ਬਣਦੀ ਹੈ। ਪ੍ਰਸਿੱਧ ਸਾਹਿਤਕਾਰ ਬਲਬੀਰ ਮਾਧੋਪੁਰੀ ਵਰਗੇ ਮਦਨ ਵੀਰਾ ਦੇ ਦੋਸਤ ਉਸ ਦੇ ਜੀਵਨ ਸੰਗਰਾਮ ਨੂੰ ਸਿਖਰਾਂ ਤੇ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ। ਅਨੁਵਾਦ ਦੀ ਇਹ ਸਿਫਤ ਹੁੰਦੀ ਹੈ ਕਿ ਉਹ ਓਪਰਾ ਨਾ ਜਾਪੇ। ਭਾਵੇਂ ਕਵਿਤਾ ਦਾ

ਅਨੁਵਾਦ ਔਖਾ ਕਾਰਜ ਹੈ ਪਰ ਇਸ ਚੈਲੈਂਜ ਨੂੰ ਪੀ ਸੀ ਘਈ ਨੇ ਬਾਖੂਬੀ ਸਵੀਕਾਰਿਆ ਅਤੇ ਨਿਭਾਇਆ ਹੈ। ਜਿਸ ਰਾਹੀਂ ਅੰਗਰੇਜ਼ੀ ਪਾਠਕਾਂ ਨੂੰ ਮਦਨ ਵੀਰਾ ਦੀ ਕਵਿਤਾ ਅਤੇ ਉਹਨਾਂ ਦੀ ਰਚਨਾ ਫਿਲਾਸਫੀ ਦਾ ਗਿਆਨ ਮਿਲਦਾ ਹੈ। 2001 ਵਿੱਚ ਪ੍ਰਕਾਸ਼ਿਤ ਹੋਈ ਕਾਵਿ ਪੁਸਤਕ ਭਾਖਿਆ ਵਿੱਚੋਂ 13, ਨਾਬਰਾਂ ਦੀ ਇਬਾਰਤ ਵਿੱਚੋਂ 19, ਤੰਦ ਤਾਣੀ ਵਿੱਚੋਂ 18, ਖਾਰਾ ਪਾਣੀ ਅਤੇ ਘੇਰੇ ਤੋਂ ਬਾਹਰ ਵਿੱਚੋਂ 17-17 ਚੋਣਵੀਆਂ ਕਵਿਤਾਵਾਂ ਅੰਗਰੇਜ਼ੀ ਅਨੁਵਾਦ ਲਈ ਵਿਚਾਰੀਆਂ ਅਤੇ ਸ਼ਾਮਿਲ ਕੀਤੀਆਂ ਗਈਆਂ ਹਨ। ਭਾਰਤ ਵਿੱਚ ਮਨੁਖ ਦੁਆਰਾ ਮਨੁੱਖ ਤੇ ਹੁੰਦੇ ਅੱਤਿਆਚਾਰ ਨੂੰ ਪੇਸ਼ ਕਰਦੀਆਂ ਇਹ ਕਵਿਤਾਵਾਂ ਸਾਨੂੰ ਦੇਸ਼ ਦੇ ਤੰਤਰ ਅੰਦਰ ਝਾਤੀ ਮਾਰਨ ਲਈ ਤਿਆਰ ਕਰਦੀਆਂ ਹਨ।

ਧਰਮ ਦੇ ਨਾਂ ਤੇ ਹੁੰਦੀ ਲੁੱਟ ਖਸੁੱਟ ਅਤੇ ਆਪਣੇ ਦਿਮਾਗ ਨੂੰ ਉਹਨਾਂ ਦੇ ਇਸ਼ਾਰਿਆਂ ਤੇ ਚਲਾਉਣ ਦੀ ਹਦਾਇਤ ਮਨੁੱਖੀ ਅਧਿਕਾਰਾਂ ਦਾ ਘਾਣ ਪੇਸ਼ ਕਰਦੀ ਹੈ। ਜਦੋਂ ਤੱਕ ਗਰੀਬ ਲੋਕ ਉਹਨਾਂ ਦੇ ਇਸ਼ਾਰੇ ਤੇ ਚਲਦੇ ਹਨ ਤਾਂ ਉਹ ਸੁਰੱਖਿਅਤ ਹਨ ਅਤੇ ਜਦੋਂ ਉਹ ਆਪਣੀ ਮਰਜ਼ੀ ਨਾਲ ਚੱਲਣ ਦਾ ਯਤਨ ਕਰਦੇ ਹਨ ਤਾਂ ਉਹ ਦੇਸ਼ ਧਰੋਹੀ ਬਣ ਜਾਂਦੇ ਹਨ।

ਇੱਥੇ ਹੀ ਬੱਸ ਨਹੀਂ ਦੇਸ਼ ਦੀ ਗਰੀਬ ਜਨਤਾ ਨੂੰ ਤਾਂ ਜਿਉਣ ਦਾ ਵੀ ਹੱਕ ਨਹੀਂ। ਉਹ ਜਾਤਾਂ ਪਾਤਾਂ ਦੀ ਦੁੱਖ ਤਕਲੀਫਾਂ ਨੂੰ ਝੱਲਦੇ ਹੋਏ ਰੁੱਖੀ ਸੁਕੀ ਰੋਟੀ ਖਾ ਕੇ ਗੁਜ਼ਾਰਾ ਕਰਦੇ ਹਨ। ਅਜਿਹੇ ਹਾਲਤਾਂ ਨਾਲ ਦੋ ਚਾਰ ਹੁੰਦੀ ਹੋਈ ਜਨਤਾ ਨੂੰ ਦੁਨੀਆਂ ਦਾ ਅੱਵਲ ਦਰਜਾ ਰਾਸ਼ਟਰ ਦਿਖਾਏ ਜਾਣ ਦੇ ਭੁਲੇਖੇ ਪਾਏ ਜਾ ਰਹੇ।

ਮਦਨ ਵੀਰਾ ਦੀ ਸਮੁੱਚੀ ਕਾਵਿ ਸਿਰਜਣਾ ਸਮੇਂ ਦਾ ਵਿਖਿਆਨ ਹੀ ਨਹੀਂ ਕਰਦੀ ਸਗੋਂ ਇਹਨਾਂ ਵਰਤਾਰਿਆਂ ਪਿੱਛੇ ਛੁਪੀਆਂ ਹੋਈਆਂ ਤਾਕਤਾਂ ਦਾ ਪਰਦਾ ਫਾਸ਼ ਵੀ ਕਰਦੀ ਹੈ। ਇਸ ਕੀਮਤੀ ਪੁਸਤਕ ਵਿੱਚੋਂ ਸਾਨੂੰ ਤਲਖ ਹਕੀਕਤਾਂ ਇਸ਼ਾਰੇ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਕਿ ਮਨੁੱਖੀ ਅਧਿਕਾਰ ਪ੍ਰਾਪਤ ਕਰਨ ਲਈ ਸੰਘਰਸ਼ ਅਤੇ ਸਿੱਖਿਆ ਦੀ ਬਹੁਤ ਜ਼ਰੂਰਤ ਹੈ। ਸਾਡਾ ਲੋਕਤੰਤਰ ਲੋਕਾਂ ਤੋਂ ਕਿੰਨਾ ਦੂਰ ਹੈ? ਇਹਨਾਂ ਕਵਿਤਾਵਾਂ ਵਿੱਚੋਂ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਟੀ ਸੀ ਘਈ ਦੁਆਰਾ ਕੀਤੇ ਸ਼ਾਨਦਾਰ ਅਨੁਵਾਦ ਨਾਲ ਮਦਨ ਵੀਰਾ ਦੀ ਸਿਰਜਣਾ ਦੀ ਗੱਲ ਵਿਸ਼ਵ ਦੇ ਹਰ ਕੋਨੇ ਤੱਕ ਪੁੱਜ ਸਕੇਗੀ। ਇਸ ਨਰੋਏ ਅਤੇ ਲੋੜੀਂਦੇ ਕਾਰਜ ਲਈ ਟੀ ਸੀ ਘਈ ਅਤੇ ਉਹਨਾਂ ਦੇ ਸਾਥੀਆਂ ਨੂੰ ਮੁਬਾਰਕਬਾਦ ਦੇਣੀ ਬਣਦੀ ਹੈ। ਉੱਚ ਪਾਏ ਦੀਆਂ ਰਚਨਾਵਾਂ ਨੂੰ ਵਿਸ਼ਵ ਪੱਧਰੀ ਸਾਹਿਤ

ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਅਨੁਵਾਦਕਾਂ ਦੇ ਸਿਰ ਹੀ ਹੁੰਦੀ ਹੈ। ਜਿਸ ਨੂੰ ਅਨੁਵਾਦਕ ਨੇ ਬਾਖੂਬੀ ਨਿਭਾ ਕੇ ਪੰਜਾਬੀ ਸਾਹਿਤਕਾਰ ਮਦਨ ਵੀਰਾ ਨੂੰ ਸਨਮਾਨ ਬਖਸ਼ਿਆ ਹੈ। ਅੰਗਰੇਜ਼ੀ ਮੀਡੀਅਮ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਇਸ ਪੁਸਤਕ ਦਾ ਅਧਿਐਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਉਹ ਪੁਰਾਤਨ ਸਮੇਂ ਤੋਂ ਲੈ ਕੇ ਅੱਜ ਤੱਕ ਦੇ ਵਰਤ ਰਹੇ ਵਰਤਾਰਿਆਂ ਬਾਰੇ ਵਾਕਫੀਅਤ ਹਾਸਿਲ ਕਰ ਸਕਣ।

## ਤੰਦ-ਤਾਣੀ

**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਕਵੀ: ਮਦਨ ਵੀਰਾ**
**ਪ੍ਰਕਾਸ਼ਕ: ਸਪਤਰਿਸ਼ੀ ਪਬਲਿਕਸ਼ਨ ਚੰਡੀਗੜ੍ਹ,**
**ਪੰਨੇ: 92, ਮੁੱਲ: 150**

ਮਦਨ ਵੀਰਾ ਸਾਹਿਤ ਦੇ ਜਗ-ਮਗ, ਜਗ-ਮਗ ਕਰਦੇ ਚਿਰਾਗ ਹਨ। ਉਹਨਾਂ ਆਪਣੇ ਜੀਵਨ ਦੇ ਦੁੱਖਾਂ ਦਰਦਾਂ ਨੂੰ ਨੰਗੇ ਪਿੰਡੇ ਹੰਢਾਈਆ ਹੈ। ਤੱਤੀ ਰੇਤ ਦੇ ਪਾਂਧੀ ਬਣ ਕੇ ਸ਼ਬਦਾਂ ਦੀ ਰੋਸ਼ਨੀ ਨਾਲ ਸਮਾਜ ਨੂੰ ਰੁਸ਼ਨਾਉਣ ਦਾ ਉਪਰਾਲਾ ਕੀਤਾ ਹੈ। ਖਾਸ ਕਰ ਦਲਿਤ ਸਾਹਿਤ ਵਿੱਚ ਕਵੀ ਦਾ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ। ਆਪ ਦੀ ਕਵਿਤਾ ਸਮਾਜ ਨੂੰ ਹਨੇਰੇ ਕੋਨਿਆਂ ਤੋਂ ਬਾਹਰ ਕੱਢਦੀ ਹੋਈ ਨਵੀਆਂ ਤੇ ਨਰੋਈਆਂ ਦਿਸ਼ਾਵਾਂ ਪ੍ਰਦਾਨ ਕਰਦੀ ਹੈ। ਅੱਧੀ ਦਰਜਨ ਪੁਸਤਕਾਂ ਦੀ ਰਚਨਹਾਰੇ ਮਦਨ ਵੀਰਾ ਨੇ ਸਾਹਿਤ ਜਗਤ ਵਿੱਚ ਸੰਦਲੀ ਪੈੜ ਪਾ ਕੇ ਅਨੇਕਾਂ ਮਾਣ ਸਨਮਾਨ ਹਾਸਿਲ ਕੀਤੇ ਹਨ। ਆਪਣੀਆਂ ਨਰੋਈਆਂ ਕਿਰਤਾਂ ਨਾਲ ਸਿੱਖਿਆ, ਸਾਹਿਤ ਅਤੇ ਸਮਾਜ ਨੂੰ ਨਵੇਂ ਦਿਸਹੱਦੇ ਬਖਸ਼ੇ ਹਨ।

ਉਹ ਸਾਹਿਤ ਦਾ ਭੱਰ ਵਗਦਾ ਦਰਿਆ ਹੈ। ਇਸ ਦਰਿਆ ਵਿੱਚੋਂ ਉਹਨਾਂ ਦੀ ਨਵੀਂ ਪੁਸਤਕ 'ਤੰਦ-ਤਾਣੀ'ਪਾਠਕਾਂ ਦੇ ਹੱਥਾਂ ਵਿੱਚ ਪੁੱਜੀ ਹੈ। ਪੁਸਤਕ ਦਾ ਟਾਈਟਲ ਸਮੇਂ ਦੇ ਨੈਣ ਨਕਸ਼ ਉਘਾੜਦਾ ਹੈ। ਇਹ ਉਹਨਾਂ ਨੈਣ ਨਕਸ਼ਾਂ ਦੀ ਪੇਸ਼ਕਾਰੀ ਹੈ ਜੋ ਅਜੇ ਤੱਕ ਉਘੜਨ ਵਿੱਚ ਸਫਲ ਨਹੀਂ ਹੋਏ ਜਾਂ ਉਘੜਨ ਲਈ ਸੰ-ਘਰਸ਼ਸ਼ੀਲ ਹਨ। ਅਸਲ ਵਿੱਚ ਇਹ ਪੁਸਤਕ ਦਲਿਤ ਸਮਾਜ ਦੀ ਜੱਦੋ-ਜਹਿਦ ਦੀ ਸੱਚੀ ਸੁਚੀ ਕਹਾਣੀ ਹੈ। ਭਾਰਤ ਵਿੱਚ ਵਸਦੇ ਦਲਿਤਾਂ ਦੀ ਆਵਾਜ਼ ਨੂੰ ਕਵੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਬੁਲੰਦ ਕੀਤਾ ਹੈ।ਇਹ ਕਵਿਤਾਵਾਂ ਸਮੇਂ ਦੇ ਕਰੂੜ ਦਰਦ ਨੂੰ ਪੇਸ਼ ਹੀ ਨਹੀਂ ਕਰਦੀਆਂ ਸਗੋਂ ਉਹਨਾਂ ਦੇ ਹੱਲ ਬਾਰੇ ਵੀ ਸੁਝਾਅ ਪੇਸ਼ ਕਰਦੀਆਂ ਹਨ। ਦਲਿਤਾਂ ਤੇ ਹੁੰਦੇ ਅੱਤਿਆਚਾਰਾਂ ਦੇ ਦ੍ਰਿਸ਼ ਨੂੰ ਪੇਸ਼ ਕਰਨ ਲਈ ਕਮਾਲ ਦੇ ਪ੍ਰਤੀਕ ਵਰਤੇ ਗਏ ਹਨ। ਠੇਠ ਬੋਲੀ ਅਤੇ ਮੁਹਾਵਰਾ ਬਹੁਤ ਹੀ ਪ੍ਰਭਾਵਸ਼ਾਲੀ ਹੈ। ਇਹਨਾਂ ਖੁੱਲੀਆਂ ਕਵਿਤਾਵਾਂ ਵਿੱਚੋਂ ਵੀ ਲੈਅ ਬੱਧ ਕਵਿਤਾਵਾਂ ਦਾ ਆਨੰਦ ਮਿਲਦਾ ਹੈ। ਦਲਿਤ ਸਮਾਜ ਦੀ ਸੋਚ ਨੂੰ ਜੰਦਰੇ ਮਾਰੀ ਬੈਠਾ ਉੱਚ ਵਰਗ ਉਹਨਾਂ ਦੀ ਤਰੱਕੀ ਨੂੰ ਦੇਖ ਘਬਰਾਉਂਦਾ ਹੈ ਅਤੇ ਪੈਰਾਂ ਵਿਚ ੇੜੀਆਂ ਪਾਈ ਰੱਖਣ ਦੇ ਮਨਸੂਬੇ ਘੜਦਾ ਹੈ। ਕਵੀ ਨੇ ਦਲਿਤਾਂ ਦੀ ਉਲਝੀ ਹੋਈ ਤਾਣੀ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ ਕਿ ਉਹ ਸ਼ਬਦ ਦੀ ਸਾਧਨਾ ਨਾਲ ਗਿਆਨ ਦੀ ਰੌਸ਼ਨੀ ਲੈ ਕੇ ਆਪਣੇ ਭਵਿੱਖ ਨੂੰ ਸੁਰੱਖਿਅਤ ਕਰ ਸਕਦੇ ਹਨ।ਮੰਦਰ ਤੇ ਮਸਜਿਦ ਦੇ ਮਸਲੇ ਅਤੇ ਜੰਮੂ ਕਸ਼ਮੀਰ ਵਰਗੀਆਂ ਘਟਨਾਵਾਂ ਤੇ ਰਚੀਆਂ ਕਵਿਤਾਵਾਂ ਦੇਸ਼ ਦੇ ਰਾਜਨੀਤੀ ਦੇ ਗਿਰ ਚੁੱਕੇ ਕਿਰਦਾਰ ਨੂੰ ਪੇਸ਼ ਕਰਦੀਆਂ ਹਨ। ਇਹ ਕਵਿਤਾਵਾਂ ਪਾਠਕਾਂ ਅੰਦਰ ਭਾਈਚਾਰਕ ਸਾਂਝ ਅਤੇ ਆਪਸੀ ਪਿਆਰ ਮੁਹੱਬਤ ਦੇ ਸੁਪਨੇ ਵੀ ਬੀਜਦੀਆਂ ਹਨ।




ਉਜੜਦਾ ਬਚਪਨ, ਲੁੱਟ ਹੁੰਦੀ ਪੱਤ ਅਤੇ ਰੋਟੀ ਖਾਤਰ ਜੂਝਦੇ ਲੋਕਾਂ ਦੇ ਦਰਦ ਨੂੰ ਬੇਬਾਕੀ ਨਾਲ ਪੇਸ਼ ਕੀਤਾ ਹੈ। ਹਾਕਮਾਂ ਦੀਆਂ ਕੋਝੀਆਂ ਚਾਲਾਂ ਕਰਕੇ ਅੱਜ ਤੱਕ ਦੇਸ਼ ਦੇ ਗਰੀਬਾਂ ਨੂੰ ਗਰੀਬੀ ਤੋਂ ਇਲਾਵਾ ਕੁਝ ਨਹੀਂ ਮਿਲਿਆ। ਇਹ ਕਵਿਤਾਵਾਂ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਪ੍ਰੇਰਨਾ ਦਿੰਦੀਆਂ ਹੋਈਆਂ ਸਮੇਂ ਦੇ ਹਾਣੀ ਬਣਨ ਲਈ ਤਿਆਰ ਕਰਦੀਆਂ ਹਨ। ਕਵੀ ਦੀ ਹਰ ਕਵਿਤਾ ਵਿੱਚ ਗਰੀਬ ਦੇ ਜੀਵਨ ਦ੍ਰਿਸ਼ ਪੇਸ਼ ਹੁੰਦੇ ਹਨ। ਜਿਵੇਂ ਕਵਿਤਾ 'ਬੀਤੇ ਵਰ੍ਹੇ ਦੀ ਪੂਰਬ ਸੰਧਿਆ 'ਤੇ' ਵਿੱਚ ਇਹ ਸਤਰਾਂ ਕਮਾਲ ਦੀਆਂ ਹਨ:-

ਰੀਝ ਦੇ ਅਸਮਾਨ ਉੱਤੇ
ਟੁੱਟਦੇ ਰਹੇ ਨਿਤ ਤਾਰੇ
ਉਮਰ ਦੀਆਂ ਗੁੰਝਲਾਂ ਦੇ ਨਾਲ
ਉਲਝਦੇ ਥੱਕੇ ਤੇ ਹਾਰੇ
ਹੋਂਦ ਜਿਉਂ ਰੰਗਲੇ ਗੁਬਾਰੇ
ਜਿਨਾਂ ਨੂੰ ਨਾ ਧਰਤ ਝੱਲੇ
ਨਾ ਕਿਤੇ ਅੰਬਰ ਸਹਾਰੇ।

ਕਾਵਿ ਪੁਸਤਕ 'ਤੰਦ-ਤਾਣੀ' ਵਿੱਚ ਦਰਜ 44 ਕਵਿਤਾਵਾਂ ਦੇਸ਼ ਦੇ ਵੱਖ-ਵੱਖ ਕੋਨਿਆਂ ਵਿੱਚ ਵਰਤ ਰਹੇ ਵਰਤਾਰਿਆਂ ਨੂੰ ਪੇਸ਼ ਕਰਦੀਆਂ ਹਨ। ਆਜ਼ਾਦ ਭਾਰਤ ਵਿੱਚ ਆਜ਼ਾਦੀ ਦਾ ਨਿੱਘ ਮਾਣ ਰਹੇ ਮੁੱਠੀ ਭਰ ਲੋਕ 80 ਕਰੋੜ ਦੇਸ਼ ਵਾਸੀਆਂ ਦੀ ਰੋਟੀ ਤੇ ਰੋਜ਼ੀ ਖਾ ਰਹੇ ਹਨ। ਇਹ ਕਵਿਤਾਵਾਂ ਸਮੇਂ ਦੇ ਹਾਕਮਾਂ ਨੂੰ ਵੰਗਾਰਦੀਆਂ ਹੋਈਆਂ ਭਵਿੱਖ ਲਈ ਵੀ ਸੁਚੇਤ ਕਰਦੀਆਂ ਹਨ। ਕਵੀ ਨੂੰ ਉਮੀਦ ਹੈ ਕਿ ਜਿਹੜੇ ਜਾਨ ਤਲੀ ਤੇ ਧਰ ਸਕਦੇ ਹਨ ਉਹ ਕਦੀ ਨਾ ਕਦੀ ਤਖਤ ਦੇ ਵਾਰਸ ਜ਼ਰੂਰ ਬਣਨਗੇ। ਕਵਿਤਾ 'ਬੰਤਾ ਸਿੰਘ ਝੱਬਰ ਬਾਰੇ ਸੋਚਦਿਆਂ' ਦੀਆਂ ਕੁਝ ਸਤਰਾਂ ਇੱਥੇ ਜ਼ਿਕਰ ਦੀ ਮੰਗ ਕਰਦੀਆਂ ਹਨ:-

ਤੇ ਜਾਬਰ ਭੁੱਲ ਗਏ
ਕਿ ਜਿਨਾਂ ਨੂੰ ਜਾਚ ਹੁੰਦੀ ਏ
ਤਲੀ ਤੇ ਸਿਰ ਟਿਕਾਣੇ ਦੀ
ਲਹੂ ਦੇ ਹਰ ਕਤਰੇ ਨੂੰ
ਸਫ਼ਰ ਦੇ ਲੇਖੇ ਲਾਉਣੇ ਦੀ
ਅਜਿਹੇ ਪਾਂਧੀਆਂ ਨੂੰ
ਕਰਾਂ ਪੈਰਾਂ ਦੀ ਮੁਥਾਜੀ
ਰੋਕ ਨਹੀਂ ਸਕਦੀ
ਕੋਈ ਸ਼ਕਤੀ ਟੋਕ ਨਹੀਂ ਸਕਦੀ।

ਕਵੀ ਆਪਣੇ ਸਮਾਜ ਦੇ ਯੋਧਿਆਂ ਨੂੰ ਜੁਗਨੂੰ ਬਣ ਕੇ ਅਗਵਾਈ ਕਰਨ ਦੀ ਸਲਾਹ ਦਿੰਦਾ ਹੈ। ਪੁਸਤਕ ਵਿੱਚ ਵਰਤੇ ਗਏ ਬਿੰਬ ਅਤੇ ਮੁਹਾਵਰੇ ਇਸ ਦੇ ਮੁੱਲ ਵਿੱਚ ਵਾਧਾ ਕਰਦੇ ਹਨ। ਕਾਵਿਕਤਾ ਦੀ ਸਿਖਰ ਸਿਰਜਣ ਵਾਲੇ ਕਵੀ ਦੇ ਉਪਰਾਲੇ ਕਾਵਿ ਜਗਤ ਨੂੰ ਅਮੀਰ ਬਣਾਉਂਦੇ ਹੋਏ ਸਮੁੱਚੇ ਸਮਾਜ ਨੂੰ ਨਵੀਆਂ ਲੀਹਾਂ ਪ੍ਰਦਾਨ ਕਰਦੇ ਹਨ। ਕਵੀ ਆਪਣੀ ਕਵਿਤਾ ਦੀ ਸ਼ਕਤੀ ਨਾਲ ਨਾ ਧਿਰਿਆਂ ਦੀ ਧਿਰ ਅਤੇ ਨਆਸਰਿਆਂ ਦਾ ਆਸਰਾ ਬਣਨਾ ਲੋਚਦਾ ਹੈ। ਪਾਠਕਾਂ ਅੰਦਰ ਨਿਵੇਕਲੇ ਜਜ਼ਬੇ ਭਰਨ ਵਾਲੀ ਇਹ ਪੁਸਤਕ ਨੌਜਵਾਨ ਵਰਗ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ।

## ਚਾਨਣ ਦੀ ਚੋਗ

**ਰੀਵਿਊਕਾਰ: ਬਲਜਿੰਦਰ ਮਾਨ 98 150 18947**
**ਕਵੀ: ਸੁਰਜੀਤ ਦੇਵਲ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ ,**
**ਪੰਨੇ :56, ਮੁੱਲ: 150/-**

ਸੁਰਜੀਤ ਦੇਵਲ ਸਾਹਿਤ ਜਗਤ ਵਿੱਚ ਬੜੇ ਲੰਮੇ ਸਮੇਂ ਤੋਂ ਕਾਰਜਸ਼ੀਲ ਹਨ। ਉਹ ਦਰਜਨ ਦੇ ਕਰੀਬ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ। ਖਾਸ ਕਰ ਬਾਲ ਸਾਹਿਤ ਦੇ ਖੇਤਰ ਵਿੱਚ ਉਹਨਾਂ ਨੇ ਮਾਣਯੋਗ ਥਾਂ ਹਾਸਿਲ ਕੀਤੀ ਹੋਈ ਹੈ। ਸ਼ੈਲੀ ਨਾਮੀ ਬਾਲ ਕਹਾਣੀਆਂ ਦੀ ਪੁਸਤਕ ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਉਸ ਦੀਆਂ ਰਚਨਾਵਾਂ ਵਿੱਚੋਂ ਬਾਲ ਮਨ ਦੀਆਂ ਕੋਮਲ ਕਲੀਆਂ ਖਿੜਦੀਆਂ ਹਨ। ਕਾਵਿਕਤਾ ਨਾਲ ਭਰਪੂਰ ਇਹ ਕਵਿਤਾਵਾਂ ਹਰ ਪਾਠਕ ਦੇ ਮਨ ਦੀਆਂ ਤਹਿਆਂ ਤੱਕ ਲਹਿ ਜਾਂਦੀਆਂ ਹਨ।ਇਸੇ ਕਰਕੇ ਇਹਨਾਂ ਰਚਨਾਵਾਂ ਨੂੰ ਬਾਲ ਪਾਠਕ ਬੜੀ ਰੀਝ ਨਾਲ ਪੜ੍ਹਦੇ ਹਨ। ਉਹ ਬੱਚਿਆਂ ਵਾਸਤੇ ਹਮੇਸ਼ਾ ਆਯੂ ਗੁੱਟ ਅਨੁਸਾਰ ਸਿਰਜਣਾ ਕਰਦੇ ਹਨ।ਜਿਸ ਨਾਲ ਬਾਲ ਪਾਠਕਾਂ ਨੂੰ ਪੜ੍ਹਨ ਵਿੱਚ ਸੌਖ ਹੋ ਜਾਂਦੀ ਹੈ। ਅਯੂ ਗੁੱਟ ਅਨੁਸਾਰ ਸਿਰਜੇ ਬਾਲ ਸਾਹਿਤ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਅੱਜ ਤੱਕ ਉਹਨਾਂ ਦੀਆਂ ਛਪੀਆਂ ਸਭ ਪੁਸਤਕਾਂ ਆਯੂ ਗੁੱਟ ਅਨੁਸਾਰ ਹੀ ਹਨ।ਪਰ ਹਥਲੀ ਪੁਸਤਕ 'ਚਾਨਣ ਦੀ ਚੋਗ' ਵਿੱਚ ਉਹਨਾਂ ਨੇ ਤਿੰਨ ਗੁੱਟਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿੱਚ ਦੋ ਤੋਂ ਪੰਜ ਸਾਲ ,ਪੰਜ ਤੋਂ ਨੌ ਸਾਲ ਅਤੇ ਨੌਂ ਤੋਂ 14 ਸਾਲ ਆਯੂ ਗੁੱਟ ਬਣਾਏ ਗਏ ਹਨ। ਇਸ ਤਰ੍ਹਾਂ ਪਾਠਕ ਆਪੋ ਆਪਣੇ ਗੁੱਟ ਅਨੁਸਾਰ ਪੁਸਤਕ ਨੂੰ ਪੜ੍ਹਦੇ ਹਨ।




ਵਿਚਾਰ ਅਧੀਨ ਪੁਸਤਕ ਚਾਨਣ ਦੀ ਚੋਗ ਵਿੱਚ ਦੋ ਤੋਂ ਪੰਜ ਸਾਲ ਦੇ ਬੱਚਿਆਂ ਵਾਸਤੇ ਪੰਜ ਨਰਸਰੀ ਗੀਤ ਅਤੇ ਪੰਜ ਤੋਂ ਨੌ ਸਾਲ ਬੁੱਧ ਅਵਸਥਾ ਲਈ 11 ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਕਿਸ਼ੋਰ ਅਵਸਥਾ ਦੇ ਬੱਚਿਆਂ ਲਈ 14 ਰਚਨਾਵਾਂ ਸ਼ਾਮਿਲ ਹਨ। ਭਾਰਤੀ ਸਾਹਿਤ ਅਕੈਡਮੀ ਬਾਲ ਸਾਹਿਤ ਪੁਰਸਕਾਰ ਜੇਤੂ ਪਵਨ ਹਰਚੰਦਪੁਰੀ ਨੇ ਇਸ ਪੁਸਤਕ ਬਾਰੇ ਲਿਖਿਆ ਹੈ ਕਿ ਇਹ ਰਚਨਾਵਾਂ ਬੱਚਿਆਂ ਅੰਦਰ ਹੋਰ ਪੜ੍ਹਨ ਦੀ ਚੇਸ਼ਟਾ ਪੈਦਾ ਕਰਦੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਸਾਰੀਆਂ ਰਚਨਾਵਾਂ ਇਨੀਆਂ ਰੋਚਕ ਹਨ ਕਿ ਪਾਠਕ ਅੱਗੇ ਤੋਂ ਅੱਗੇ ਪੜ੍ਹਦਾ ਜਾਂਦਾ ਹੈ। ਬਾਲ ਬੁੱਧ ਅਵਸਥਾ ਲਈ ਲਿਖੀ ਕਵਿਤਾ ਪੁਸਤਕ ਕਾਬਲੇ ਗੌਰ ਹੈ:-

ਮੈਂ ਹਾਂ ਪੁਸਤਕ ਤੇਰੀ, ਗੱਲ ਮੰਨ ਤੂੰ ਮੇਰੀ।
ਮੈਂ ਅੱਖਰਾਂ ਦੀ ਦੀਪ ਮਾਲਾ, ਮਨ ਮਸਤਕ ਤੇਰੇ ਕਰੂੰ ਉਜਾਲਾ।

ਕਿਸ਼ੋਰ ਅਵਸਥਾ ਦੇ ਬੱਚਿਆਂ ਨੂੰ ਧਿਆਨ ਵਿੱਚ ਰੱਖਦਿਆਂ ਸਿਰਜੀਆਂ ਕਵਿਤਾਵਾਂ ਉਹਨਾਂ ਅੰਦਰ ਨਵੇਂ ਸੁਪਨੇ ਬੀਜਦੀਆਂ ਹਨ। ਇਹ ਕਵਿਤਾਵਾਂ ਉਹਨਾਂ ਅੰਦਰ ਉਚੇਰੀਆਂ ਕਦਰਾਂ ਕੀਮਤਾਂ ਭਰਦੀਆਂ ਹੋਈਆਂ ਇਸ ਸੰਸਾਰ ਵਿੱਚ ਆਪਣੀ ਪੈੜ ਪਾਉਂਣ ਦਾ ਸੁਨੇਹਾ ਦਿੰਦੀਆਂ ਹਨ। ਆਈ ਵਿਸਾਖੀ, ਪਾਣੀ ਪਾਣੀ, ਚਾਨਣ ਦੀ ਚੋਗ, ਅਮਨ ਦੀ ਘੁੱਗੀ, ਰੱਬ ਤੇ ਬੱਚੇ, ਮਾਂ ਬੋਲੀ, ਰਵਿੰਦਰ ਨਾਥ ਟੈਗੋਰ, ਚੰਦ ਤੇ ਵੀ ਝੁੱਲਦਾ ਤਿਰੰਗਾ ਮਨੋਰੰਜਕ ਢੰਗ ਨਾਲ ਸਿਰਜੀਆਂ ਕਵਿਤਾਵਾਂ ਗਿਆਨ ਵਿਗਿਆਨ ਦਾ ਵੀ ਖਜ਼ਾਨਾ ਹਨ। ਜਿਵੇਂ

ਨਿੱਕੇ ਨਿੱਕੇ ਬਾਲ ਅਸੀਂ ਪੜ੍ਹਨ ਦੇ ਯੋਗ
ਚੁਗਦੇ ਦੇ ਕਿਤਾਬਾਂ ਵਿੱਚੋਂ ਚਾਨਣ ਦੀ ਚੋਗ।

ਹਰ ਉਮਰ ਵਰਗ ਦੇ ਪਾਠਕ ਨੂੰ ਇਸ ਪੁਸਤਕ ਵਿਚੋਂ ਮਨੋਰੰਜਨ ਅਤੇ ਗਿਆਨ ਦਾ ਭੰਡਾਰਾ ਮਿਲਦਾ ਹੈ।ਕਵਿਤਾਵਾਂ ਤੇ ਗੀਤਾਂ ਵਿੱਚੋਂ ਰੌਸ਼ਨ ਕਿਣਨਾ ਝਲਕਾਰੇ ਮਾਰਦੀਆਂ ਹਨ। ਇਹ ਪੁਸਤਕ ਬਾਲ ਜੀਵਨ ਨੂੰ ਸ਼ਿੰਗਾਰਨ ਤੇ ਸੰਵਾਰਨ ਵਾਲੀ ਹੈ।

## ਅੰਤਰਰਾਸ਼ਟਰੀ ਬਾਲੜੀ ਦਿਵਸ ਮੁਹਿੰਮ ਤਹਿਤ ਕਰਵਾਏ ਸਲੋਗਨ ਰਾਈਟਿੰਗ ਮੁਕਾਬਲੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਅਤੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਬੇਟੀ ਬਚਾ? ਬੇਟੀ ਪੜ੍ਹਾ?' ਮੁਹਿੰਮ ਤਹਿਤ ਜ਼ਿਲ੍ਹਾ ਪ੍ਰੋਗਰਾਮ ਦਫ਼ਤਰ ਵੱਲੋਂ ਮਿਤੀ 2 ਅਕਤੂਬਰ ਤੋਂ 11 ਅਕਤੂਬਰ ਤੱਕ ਅੰਤਰਰਾਸ਼ਟਰੀ




ਬਾਲੜੀ ਦਿਵਸ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਅੱਜ ਆਰ। ਕੇ ਆਰੀਆ ਕਾਲਜ ਨਵਾਂਸ਼ਹਿਰ ਵਿਚ ਬੱਚਿਆਂ ਦੇ ਸਲੋਗਨ ਰਾਈਟਿੰਗ ਮੁਕਾਬਲੇ ਕਰਵਾਏ ਗਏ। ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ ਵੱਲੋਂ ਮੁਕਾਬਲਿਆ ਵਿਚ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਵਾਲੀਆਂ ਬੱਚੀਆਂ ਨੂੰ ਪੁਰਸਕਾਰ ਵੰਡੇ ਗਏ। ਮੌਕੇ 'ਤੇ ਮੌਜੂਦ ਬਾਲ ਸੁਰੱਖਿਆ ਅਫਸਰ (ਆਈ ਸੀ) ਗੌਰਵ ਸ਼ਰਮਾ ਵੱਲੋਂ ਬੱਚਿਆਂ ਨਾਲ ਸੰਬੰਧਤ ਪੋਕਸੋ ਐਕਟ ਅਤੇ ਸਪੋਂਸਰਸ਼ਿਪ ਅਤੇ ਫੋਸਟਰ ਕੇਅਰ ਸਕੀਮ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਬੱਚਿਆਂ ਨਾਲ ਜੁੜੀ ਹਰ ਤਰ੍ਹਾਂ ਦੀ ਸਮੱਸਿਆ ਲਈ ਚਾਈਲਡ ਲਾਈਨ ਨੰਬਰ 1098 'ਤੇ ਜਾਣਕਾਰੀ ਦੇਣ ਦੀ ਅਪੀਲ ਕੀਤੀ ਗਈ। ਸੁਪ੍ਰਿਆ ਠਾਕੁਰ, ਕੋਰਡੀਨੇਟਰ ਵੋਮੈਨ ਹੱਬ ਵੱਲੋਂ ਲੜਕੀਆਂ ਲਈ ਸਰਕਾਰ ਵੱਲੋਂ ਦਿੱਤੀਆਂ ਸੁਵਿਧਾਵਾਂ ਬਾਰੇ ਦੱਸਿਆ ਗਿਆ ਅਤੇ ਹਿਮਸਿਖਾ, ਵਨ ਸਟਾਪ ਸੈਂਟਰ ਵੱਲੋਂ ਔਰਤਾਂ ਲਈ ਇਕ ਹੀ ਛੱਤ ਥੱਲੇ ਦਿੱਤੀਆਂ ਜਾ ਰਹੀਆਂ ਸਹੂਲਤਾਂ, ਜਿਵੇ ਕਿ ਮੈਡੀਕਲ, ਪੁਲਿਸ ਸੁਵਿਧਾ, ਕਾਊਂਸਲਿੰਗ, ਖਾਣਾ ਆਦਿ ਬਾਰੇ ਦੱਸਿਆ ਗਿਆ। ਅੰਤ ਵਿਚ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਪ੍ਰੋਗਰਾਮ ਦੌਰਾਨ ਸਬੰਧਤ ਕਾਲਜ ਦੇ ਬੱਚਿਆਂ ਦੇ ਨਾਲ-ਨਾਲ ਕਾਲਜ ਪ੍ਰਿੰਸੀਪਲ ਡਾ। ਵਿਨੇ ਸੋਫਤ ਅਤੇ ਅੰਗਰੇਜ਼ੀ ਵਿਭਾਗ ਦੇ ਇੰਚਾਰਜ ਡਾ. ਅੰਬਿਕਾ ਹਾਜ਼ਰ ਸਨ।

# ਮਿਹਨਤੀ ਅਤੇ ਦ੍ਰਿੜ-ਇਰਾਦੇ ਵਾਲੇ ਅਧਿਆਪਕ ਸੀਤ ਮੁਹੰਮਦ ਘਣੀਵਾਲ



ਮੇਜਰ ਸਿੰਘ ਨਾਭਾ
91-94635-53962

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਮਾਸਟਰ ਸੀਤ ਮੁਹੰਮਦ ਬਤੌਰ ਆਰਟ / ਕਰਾਫਟ ਟੀਚਰ ਸਰਕਾਰੀ ਹਾਈ ਸਕੂ.ਲ ਮੰਡੋਰ (ਪਟਿਆਲਾ) ਹੁਣ ਸ.ਸ.ਸ.ਸ. ਮੰਡੋਰ ਸਕੂਲ ਜਿਲ੍ਹਾ ਪਟਿਆਲਾ ਤੋਂ 31 ਮਾਰਚ 2008 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਘਣੀਵਾਲ ਜਿਲ੍ਹਾ ਪਟਿਆਲਾ ਵਿਖੇ 15 ਜੂਨ 1949 ਨੂੰ ਮਾਤਾ ਸਵ: ਸ੍ਰੀਮਤੀ ਬਚਨ ਕੌਰ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸਵ: ਸ੍ਰੀ ਹੁਸਨਦੀਨ ਇੱਕ ਕਿਰਤੀ ਇਨਸਾਨ ਸਨ।ਸੀਤ ਮੁਹੰਮਦ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ ।ਅਗਲੀ ਪੜ੍ਹਾਈ ਉਸ ਨੇ ਸਰਕਾਰੀ ਹਾਈ ਸਕੂਲ ਮਲ੍ਹੇਵਾਲ ਤੋਂ ਕਰਦੇ ਹੋਏ ਉਨ੍ਹਾਂ ਦੇ ਪਿਤਾ ਜੀ ਦੀ ਦਸਵੀਂ 'ਚ ਪੜ੍ਹਦੇ ਹੋਏ ਟੋਕੇ ਕਰਨ ਵਾਲੀ ਮਸ਼ੀਨ ਨਾਲ ਬਾਂਹ ਵੱਢੀ ਗਈ । ਜ਼ਮੀਨ ਠੇਕੇ ਉੱਪਰ ਲੈਕੇ ਪਿਤਾ ਜੀ ਖੇਤੀਬਾੜੀ ਕਰਦੇ ਸੀ ਜਿਸ ਵਿੱਚ ਸੀਤ ਮੁਹੰਮਦ ਪੂਰਾ ਸਾਥ ਦਿੰਦੇ ਸੀ । ਹੁਣ ਸਾਰੀ ਜ਼ਿੰਮੇਵਾਰੀ ਛੋਟੀ ਉਮਰੇ ਹੀ ਉਸ ਉੱਪਰ ਆ ਪਈ । ਸਕੂਲੋਂ ਹੱਟਣ ਦੀ ਨੌਬਤ ਆ ਗਈ ਪਰ ਅਧਿਆਪਕਾਂ ਕਹਿਣ ਤੇ ਦਸਵੀਂ ਦੀ ਪੜ੍ਹਾਈ ਜਾਰੀ ਰੱਖਦੇ ਹੋਏ ਔਖਿਆਈ ਦੇ ਨਾਲ 1968 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਨ ਅੱਗੇ ਪੜ੍ਹਨ ਜਾਂ ਕੋਈ ਕੋਰਸ ਕਰਨ ਦੀ ਸਮਰੱਥਾ ਨਹੀਂ ਸੀ ।ਗੁਆਂਢੀ ਮਾਸਟਰ ਸਵ: ਸ੍ਰ. ਹਰਮਿੰਦਰ ਸਿੰਘ ਨੇ ਇਸ ਔਖੀ ਘੜੀ 'ਚ ਬਹੁਤ ਸਾਥ ਦਿੱਤਾ । ਉਨ੍ਹਾਂ ਨੇ ਸੀਤ ਮੁਹੰਮਦ ਨੂੰ ਅਧਿਆਪਕ ਬਣਨ ਦਾ ਸੁਪਨਾ ਦਿਖਾਇਆ । ਉਸ ਨੇਕ ਇਨਸਾਨ ਨੇ ਉਸ ਦੇ ਪਿਤਾ ਨੂੰ ਸਮਝਾ ਕੇ ਸੀਤ ਮੁਹੰਮਦ ਨੂੰ ਨਾਭੇ ਟੀਚਰ ਦਾ ਕੋਰਸ ਕਰਵਾਉਣ ਲਈ ਉਸ ਨੂੰ ਨਾਲ ਲਿਜਾ ਕੇ ਸਰਕਾਰੀ ਆਰਟ ਐਂਡ ਕਰਾਫਟ ਟੀਚਰਜ਼ ਟ੍ਰੇਨਿੰਗ ਸੰਸ਼ਥਾ ਵਿਖੇ 1968 ਵਿੱਚ ਹੀ ਦੋ ਸਾਲਾ ਟੀਚਰ ਡਪਲੋਮੇ 'ਚ ਦਾਖਲਾ ਦਿਵਾ ਕੇ ਆਪ ਹੀ ਜੇਬ 'ਚੋਂ ਫੀਸ਼ ਭਰ ਦਿੱਤੀ । ਘਰ ਦੀ ਗਰੀਬੀ ਨੇ ਹੁਣ ਥੋੜੀ ਜਮੀਨ ਠੇਕੇ ਲੈਣ ਲਈ ਮਜਬੂਰ ਕਰ ਦਿੱਤਾ ਜੋ ਸੀਤ ਮੁਹੰਮਦ ਨਾਭੇ ਤੋਂ ਆਕੇ ਖੇਤ ਕੰਮ ਵੀ ਕਰਦੇ। ਆਮਦਨ ਦਾ ਹੋਰ ਕੋਈ ਸਾਧਨ ਨਹੀਂ ਸੀ ।ਮਾਸਟਰ ਹਰਮਿੰਦਰ ਸਿੰਘ ਸਮੇਂ ਸਮੇਂ ਸਿਰ ਸੰਸ਼ਥਾ ਵਿੱਚ ਜਾਕੇ ਪ੍ਰਿੰਸੀਪਲ ਨੂੰ ਮਿਲ ਕੇ ਸੀਤ ਮੁਹੰਮਦ ਦਾ ਧਿਆਨ ਰੱਖਣ ਲਈ ਕਹਿ ਕੇ ਆਉਂਦੇ ਰਹਿੰਦੇ ।ਮਾਸਟਰ ਸੀਤ ਮੁਹੰਮਦ ਉਨ੍ਹਾਂ ਦਾ ਅਹਿਸ਼ਾਨ ਆਪਣੇ ਮਨ ਅੰਦਰ ਬੜੇ ਮਾਣ ਅਤੇ ਸਤਿਕਾਰ ਸਹਿਤ ਸਮੋਈ ਬੈਠੇ ਹਨ । ਔਖੀਆਂ ਘੜੀਆਂ ਦੀ ਯਾਦ ਕਰਕੇ ਉਹ ਬਹੁਤ ਜ਼ਿਆਦਾ ਭਾਵੁਕ ਹੋ ਗਏ । ਅੱਜ ਐਸੇ ਬਿਰਤੀ ਵਾਲੇ ਇਨਸਾਨਾਂ ਦਾ ਮਿਲਨਾ ਮੁਸ਼ਕਲ ਹੈ ਜਿਨ੍ਹਾ ਨੇ ਆਪਣੇ ਗੁਆਂਢੀ ਦੇ ਬੱਚੇ ਦੀ ਆਪਣੇ ਬੱਚਿਆਂ ਤੋਂ ਵੱਧ ਕੇ ਮਦਦ ਕਰ ਕੇ ਜ਼ਿੰਦਗੀ ਬਦਲ ਦਿੱਤੀ ।ਟ੍ਰੇਨਿੰਗ ਕਰਨ ਉਪਰੰਤ ਅਗਲੇ ਸਾਲ ਹੀ 12 ਮਈ 1971 ਨੂੰ ਸੀਤ ਮੁਹੰਮਦ ਨੂੰ ਸਰਕਾਰੀ ਹਾਈ ਸਕੂਲ ਸਨੌਰ ਵਿਖੇ ਛੇ ਮਹੀਨੇ ਦੇ ਆਧਾਰ ਉੱਪਰ ਉਸ ਸਮੇਂ ਸਕੂ.ਲ ਦੇ ਮੁੱਖ ਅਧਿਆਪਕ / ਡੀ.ਡੀ.ੳ. ਵਲੋਂ ਇੰਟਰਵਿਊ ਲੈ ਕੇ ਨਿਯੁਕਤੀ ਦੇ ਦਿੱਤੀ ਗਈ ਸੀ ਜਿਨ੍ਹਾਂ ਦੇ ਨਾਂ ਉਸ ਸਮੇਂ ਰੋਜ਼ਗਾਰ ਦਫਤਰ ਵਲੋਂ ਨਾਮ ਦਰਜ਼ ਕਰਾਉਣ ਬਾਅਦ ਮਹਿਕਮਿਆਂ ਵਲੋਂ ਖਾਲੀ ਪੋਸਟਾਂ ਭਰਨ ਲਈ ਮੰਗ ਕਰਨ ਤੇ ਰੋਜ਼ਗਾਰ ਦਫਤਰ ਵਲੋਂ ਡਾਕ ਰਾਹੀਂ ਇੰਟਰਵਿਊ ਪੱਤਰ ਆਉਂਦੇ ਹੁੰਦੇ ਸੀ ।ਉਦੋਂ ਰੁਜ਼ਗਾਰ ਪ੍ਰਾਪਤ ਕਰਨਾ ਸੌਖਾ ਸੀ । ਇਥੋਂ ਉਹ ਬਾਅਦ ਸ.ਹ.ਸ. ਮਲ੍ਹੇਵਾਲ, ਸ.ਮਿ.ਸ. ਛਲਸੀਣੀ , 1972 ਅਪ੍ਰੈਲ ਵਿੱਚ ਸ.ਹ.ਸ. ਦੰਦਰਾਲਾ ਢੀਂਡਸਾ, 1973 ਵਿੱਚ ਸ.ਮਿ.ਸ. ਖਨਿਆਣ ਅਤੇ ਦਸੰਬਰ 'ਚ ਸ.ਮਿ.ਸ. ਜਸੋਮਾਜਰਾ ਵਿਖੇ ਚਲੇ ਗਏ । ਇਥੇ ਉਨ੍ਹਾ ਨੂੰ ਵਿਭਾਗੀ ਨਿਯਮਾਂ ਮੁਤਾਬਕ 1-1-1973 ਨੂੰ ਇੱਕ ਸਾਲ ਦੀ ਸੇਵਾ ਪੂਰੀ ਹੋਣ ਉਪਰੰਤ ਫਰਵਰੀ 1975 'ਚ ਰੈਗੂਲਰ ਕਰ ਦਿੱਤਾ ਗਿਆ ਇਥੇ ਉਨ੍ਹਾਂ 1982 ਤੱਕ ਸੇਵਾ ਕੀਤੀ ਇਸ ਸਮੇਂ ਦੌਰਾਨ ਉਹ ਬੜੇ ਔਖਿਆਂ ਸਮਿਆਂ 'ਚੋਂ ਲੰਘੇ । ਜੂਨ 1982 'ਚ ਸ.ਹ.ਸ. ਫਤਿਹ-ਪੁਰ ਵਿਖੇ ਆ ਗਏ । ਪਿੰਡੋਂ ਨਾਭੇ ਰਿਹਾਇਸ਼ ਕਰਨ ਕਰਕੇ ਉਹ 1992 ਵਿੱਚ ਬਦਲੀ ਕਰਵਾ ਕੇ ਸ.ਹ.ਸ. ਮੰਡੌਰ ਵਿਖੇ ਆ ਕੇ ਸੇਵਾ ਨਿਭਾਉਣ ਲੱਗੇ। ਉਨ੍ਹਾਂ ਨੇ ਆਪਣੀ ਵਿਸ਼ੇ ਦੀ ਪੜ੍ਹਾਈ ਬੜੇ ਰੋਚਕ ਢੰਗ ਨਾਲ ਕਰਵਾਉਣ ਸਦਕਾ ਉਨ੍ਹਾਂ ਦੇ ਬੋਰਡ ਦੇ ਨਤੀਜ਼ੇ ਹਮੇਸ਼ਾ ਸੌ ਪ੍ਰਤੀਸ਼ਤ ਆਉਂਦੇ ਰਹੇ । ਸਕੇਲਾਂ , ਕੋਣਾਂ ਆਦਿ ਬੱਚਆਂ ਨੂੰ ਜਬਾਨੀ ਬਿਨ੍ਹਾਂ ਤਿਬ ਤੌ ਕਰਵਾਉਂਦੇ ਰਹੇ ।ਸਾਰੇ ਪ੍ਰਸ਼ਨ ਉਨ੍ਹਾ ਨੂੰ ਉਂਗਲਾਂ ਤੇ ਜ਼ਿਆਦ ਸਨ । ਉਨ੍ਹਾਂ ਦੇ ਬੱਚਿਆਂ ਦੇ 150 ਅੰਕਾਂ ਚੋਂ 148 ਅੰਕ ਵੀ ਆਏ ਜੋ ਕਿ ਇੱਕ ਰਿਕਾਰਡ ਹੈ। ਉਨ੍ਹਾਂ ਦੇ ਪੜ੍ਹਾਏ ਕਈ ਬੱਚੇ ਡਰਾਇੰਗ 'ਚ ਅੱਵਲ ਹੋਣ ਕਰਕੇ ਡਰਾਫਟਸਮੈਨ ਦਾ ਕੋਰਸ ਕਰਕੇ ਹੈਡ ਡਰਾਫਟਸਮੈਨ ਬਣ ਚੁੱਕੇ ਹਨ। ਡਰ-ਾਇੰਗ ਅਧਿਆਪਕ ਬਣਨ ਵਾਲੇ ਉਨ੍ਹਾਂ ਦੇ ਪੜ੍ਹਾਏ ਵਿਦਿਆਰਥੀ ਤਾਂ ਬਹੁਤ ਜ਼ਿਆਦਾ ਹਿਣਤੀ 'ਚ ਹਨ । ਉਨ੍ਹਾਂ ਦੀ ਰੌਚਕ ਤਰੀਕੇ ਨਾਲ ਸਿਖਾਈ ਸਕੇਲ ਡਰਾਇੰਗ ਬੱਚਿਆਂ ਲਈ ਇੰਜਨੀਅਰ ਲਾਈਨ 'ਚ ਜਾਣ ਲਈ ਲਾਹੇਬੰਦ ਸਾਬਤ ਹੁੰਦੀ ਸੀ । ਉਨ੍ਹਾਂ ਦੀ ਧਰਮ ਪਤਨੀ ਸੀਮਾ ਬੇਗਮ ਵਧੀਆ ਸੁਭਾਅ ਦੇ ਹਨ ।ਉਨ੍ਹਾ ਦੀ ਬੇਟੀ ਰਵੀਨਾ ਅਹਿਮਦਗੜ੍ਹ ਮੰਡੀ ਵਿਆਹੀ ਹੋਈ ਹੈ ਜੋ ਆਪਣੇ ਪਤੀ ਅਤੇ ਬੱਚਿਆਂ ਨਾਲ ਆਪਣੀ ਵਧੀਆ ਜ਼ਿੰਦਗੀ ਬਸ਼ਰ ਕਰ ਰਹੀ ਹੈ । ਬੇਟਾ ਸਕੀਲ ਅਹਿਮਦ ਪਿੰਡ ਮੂੰਗੋ ਵਿਖੇ ਸਵ: ਕਪੂਰ ਖਾਂ ਦੀ ਬੇਟੀ ਸਮੀਨਾ ਬੇਗਮ ਨਾਲ ਵਿਆਹਿਆ ਹੋਇਆ ਹੈ । ਉਸ ਨੇ ਡੀ ਫਾਰਮੇਸ਼ੀ ਕਰਕੇ 'ਡਾਇਮੰਡ ਮੈਡੀਕਲ ਸਟੋਰ' ਘਰ ਮੂਹਰੇ ਹੀ ਚੋਧਰੀ ਮਾਜਰਾ ਰੋਡ ਉੱਪਰ ਖੋਲਿਆ ਹੋਇਆ ਹੈ ।ਭਾਵੇਂ ਉਹ ਕਈ ਬਿਮਾਰੀਆਂ ਤੋਂ ਪੀੜ੍ਹਤ ਹਨ ਪਰ ਫਿਰ ਵੀ ਆਪਣੇ ਆਪ ਨੂੰ ਰੁਝਾ ਕੇ ਰੱਖਦੇ ਹਨ ।ਉਹ ਮਿੱਠਬੋਲੜੇ ਸੁਭਾਅ ਦੇ ਇਮਾਨਦਾਰ ਵਿਅਕਤੀ ਹਨ । ਜਦੋਂ ਵੀ ਉਹ ਮਿਲਦੇ ਹਨ ਤਾਂ ' ਵੀਰੇ' ਸ਼ਬਦ ਤੋਂ ਬਿਨ੍ਹਾਂ ਨਹੀਂ ਬੋਲਦੇ ਜੋ ਉਨ੍ਹਾਂ ਦੀ ਸ਼ਾਦਗੀ, ਅਪਣੱਤ ਦਾ ਪ੍ਰਤੀਕ ਹੈ। ਉਨ੍ਹਾਂ ਦੀਆਂ ਗੱਲ੍ਹਾਂ 'ਚੋਂ ਕੁਝ ਨਾ ਕੁਝ ਸਿੱਖਣ ਵਾਲਾ ਜਰੂਰ ਹੁੰਦਾ ਹੈ। ਸਮਾਜ ਨੂੰ ਅਜਿਹੀਆਂ ਸਖਸ਼ੀਅਤਾਂ ਦੀ ਅੱਜ ਲੋੜ ਹੈ। ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।



# ਅਭਿਨੇਤਰੀ/ਨਿਰਦੇਸ਼ਕ /ਲੇਖਕ ਬਣ ਪੰਜਾਬੀ ਫ਼ਿਲਮਾਂ ਵਿੱਚ ਸਰਗਰਮ ਤੇ ਹੁਣ ਰਾਜਨੀਤੀ ਵੱਲ ਵੀ ਆਈ- ਤੇਜੀ ਸੰਧੂ

ਇਹ ਗੱਲ ਪੱਕੀ ਹੋਊ ਕਿ ਚੜ੍ਹਦੀ ਜਵਾਨੀ ਜਦ ਤੇਜੀ ਸੰਧੂ ਰਾਹਵਾਂ ਤੇ ਨਿੱਕਲਦੀ ਹੋਏਗੀ 302 ਲੱਗ ਜੂ ਵਾਲੀ ਗੱਲ ਹੁੰਦੀ ਹੋਣੀ ਹੈ। ਖ਼ੈਰ ਪੰਜਾਬੀ ਫ਼ਿਲਮਾਂ ਦੀ ਸਟਾਰ ਅਭਿਨੇਤਰੀ ਤੇਜੀ ਸੰਧੂ ਫ਼ਿਲਮ ਲੇਖਕ ਵੀ ਹੈ ਤੇ ਡਾਇਰੈਕਟਰ ਵੀ ਹੈ। ਇਸ ਸਮੇਂ ਓਹ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਮਹਿਲਾ ਕਿਸਾਨ ਵਿੰਗ ਦੀ ਉੱਚ ਅਹੁਦੇਦਾਰ ਹੈ ।ਬਿਲਕੁਲ ਸਾਊਥ ਫ਼ਿਲਮਾਂ ਦੇ ਕਲਾਕਾਰ ਲੋਕਾਂ ਦੀ ਤਰਾਂ ਨੇਤਾ ਅਭਿਨੇਤਾ ਵਾਲਾ ਕੰਮ ਓਹ ਕਰ ਦਿਖਾ ਰਹੀ ਹੈ। ਸਰੀਰਕ ਬਣਤਰ ਦਿਲ ਖਿੱਚ ਲੈਣ ਵਾਲੀ, ਰੰਗ ਦੂਧੀਆ ਤੇ ਕੱਦ ਸਰੂ ਜਿਹਾ ਉੱਚ ਤੇਜੀ ਦੀ ਦਿੱਖ ਨੂੰ ਆਕਰਸ਼ਕ ਬਣਾਉਂਦੇ ਹਨ। ਗਰੇਸੀ ਸਿੰਘ ਨਾਲ "ਆਪਾਂ ਫੇਰ ਮਿਲਾਂਗੇ" ਫ਼ਿਲਮ ਤੋ ਬਾਅਦ "ਐਵੇਂ ਰੌਲਾ ਪੈ ਗਿਆ" ਵਿੱਚ ਰਾਜਵੀਰ ਦੀ ਭਾਬੀ ਦਾ ਕਿਰਦਾਰ ਕਰ ਕਿ ਤੇਜੀ ਨੇ ਫ਼ਿਲਮ ਨਗਰੀ ਨੂੰ ਪ੍ਰਭਾਵਿਤ ਕੀਤਾ ਸੀ।"ਐਸ਼ ਕਰ ਲੈ" "ਪ੍ਰੋਪਰ ਪਟੋਲਾ "ਯਾਰ ਮੇਰਾ ਰੱਬ ਵਰਗਾ" ਫ਼ਿਲਮਾਂ ਨਾਲ ਓਸ ਦਾ ਕੈਰੀਅਰ ਅੱਗੇ ਵਧਿਆ ਤੇ ਪਾਕਸਤਾਨੀ ਹੀਰੋਇਨ ਸਨਾ ਨਾਲ "ਦਿਲ ਪਰਦੇਸੀ ਹੋ ਗਿਆ "ਓਸ ਕੀਤੀ।"ਦਾ ਗ੍ਰੇਟ ਸਰਦਾਰ" ਵਿੱਚ ਓਸ ਅਭਿਨੈ ਵੀ ਕੀਤਾ ਤੇ ਇਸ ਫ਼ਿਲਮ ਦੀ ਲੇਖਿਕਾ ਵੀ ਤੇਜੀ ਸੰਧੂ ਹੀ ਸੀ। ਬਹੁਤ ਸਾਰੇ ਵੀਡਿਓ ਗੀਤਾਂ ਜਿਹਨਾਂ ਵਿੱਚ ਧੀਰੇ ਗਿੱਲ ਦਾ "ਮਿਹਨਤਾਂ ਦੇ ਫਲ" ਸ਼ਾਮਿਲ ਹੈ ਵਿੱਚ ਓਸ ਮਾਡਲਿੰਗ ਵੀ ਕੀਤੀ ਤੇ ਕਈ ਵੀਡਿਓ ਤੇਜੀ ਨੇ ਨਿਰਦੇਸ਼ਤ ਕੀਤੇ ਹਨ। ਇਸ ਵੇਲੇ ਓਹ "ਆਖਰੀ ਵਾਰਿਸ " ਫ਼ਿਲਮ ਡਾਇਰੈਕਟ ਕਰ ਰਹੀ ਹੈ। ਯੋਗਰਾਜ ਸਿੰਘ ਨੇ "ਦਾ ਗ੍ਰੇਟ ਸਰਦਾਰ" ਜਿਸ ਨੂੰ ਤੇਜੀ ਨੇ ਲਿਖਿਆ ਸੀ ਕਿਹਾ ਸੀ ਕਿ ਫ਼ਿਲਮ ਦੇ ਇੱਕ ਇੱਕ ਪੱਖ ਨੂੰ ਮਨੋਰੰਜਕ ਬਣਾਉਣ ਵਿੱਚ ਤੇਜੀ ਦੀ ਕਲਮ ਦਾਦ ਦੀ ਪਾਤਰ ਹੈ। ਗੁੱਗੂ ਗਿੱਲ,ਬੱਬੂ ਮਾਨ,ਇੰਦਰਜੀਤ ਨਿੱਕੂ ਨੇ ਓਸ ਨੂੰ ਬੇਮਿਸਾਲ ਅਭਿਨੇਤਰੀ ਕਿਹਾ ਜਦ ਕਿ ਫ਼ਿਲਮ ਨਾਇਕਾ ਲਾਲੀ ਵੁਡ ਦੀ ਸਨਾ ਤੇ ਹਯਾ ਨੇ ਕਿਹਾ ਕਿ ਤੇਜੀ ਆਪਣੀ ਬਣਤਰ ਮੁਤਾਬਿਕ ਜਵਾਨ ਦੀਦੀ, ਭਾਬੀ ਤੇ ਪਤਨੀ ਦੇ ਰੂਪ ਵਿੱਚ ਬਹੁਤ ਜਚਦੀ ਹੈ। ਖੁਦ ਤੇਜੀ ਨੇ ਕਿਹਾ ਕਿ ਓਹ ਐਕਸ਼ਨ ਕਿਰਦਾਰ ਪਸੰਦ ਕਰਦੀ ਹੈ ਤੇ ਮੌਕਾ ਮਿਲਣ ਤੇ ਓਹ "ਝਾਂਸੀ ਦੀ ਰਾਣੀ" ਜਿਹਾ ਕਿਰਦਾਰ ਕਰੇਗੀ। ਟੀਵੀ ਤੋਂ ਓਸ ਨੂੰ ਬਹੁਤ ਪੇਸ਼ਕਸ਼ਾਂ ਆਉਂਦੀਆਂ ਹਨ ਪਰ ਹੁਣ ਰਾਜਨੀਤੀ ਵਿੱਚ ਆਓਣ ਕਾਰਣ ਵਕਤ ਦੀ ਘਾਟ ਹੈ। ਓਸ ਨੇ ਐਡ ਫਿਲਮਾਂ ਵੀ ਕੀਤੀਆਂ ਹਨ। ਹੁਣ ਓਹ ਫ਼ਿਲਮ ਡਾਇਰੈਕਟਰ ਵੱਜੋਂ ਦੀਪਾ ਮਹਿਤਾ ਦੀ ਤਰਾਂ ਐਵਾਰਡ ਜੇਤੂ ਡਾਇਰੈਕਟਰ ਬਣਨ ਦੇ ਸੁਪਨੇ ਪੂਰੇ ਕਰੇਗੀ। ਤੇਜੀ ਨੇ ਪੰਜਾਬ ਦੀ ਰਾਜਨੀਤੀ ਵਿੱਚ ਆਓਣ ਬਾਬਤ ਕਿਹਾ ਕਿ ਦੱਖਣ ਵਿੱਚ ਨੇਤਾ ਅਭਿਨੇਤਾ ਹਨ ਤੇ ਓਹ ਜੈ ਲਲਿਤਾ ਤੋਂ ਪ੍ਰਭਾਵਿਤ ਹੈ। ਓਹ ਕਿਸਾਨ ਵਿੰਗ ਦੀ ਉੱਚ ਅਹੁਦੇਦਾਰ ਹੋਣ ਕਾਰਨ ਕਿਸਾਨੀ ਮਸਲੇ ਹੱਲ ਕਰਵਾਉਣ ਲਈ ਹਮੇਸ਼ਾ ਭਾਜਪਾ ਹਾਈ ਕਮਾਨ ਨੂੰ ਕਹਿੰਦੀ ਰਹਿੰਦੀ ਹੈ। ਬੇਬਾਕ ਹੈ ਤੇ ਕੰਗਨਾ ਰਣੌਤ ਦੀ ਓਹ ਰੱਜ ਕਿ ਆਲੋਚਨਾ ਕਰਦੀ ਹੈ। ਤੇਜੀ ਭਵਿੱਖ ਵਿੱਚ ਪੰਜਾਬ ਵਿਧਾਨ ਸਭਾ ਐਮ ਐਲ ਏ ਬਣ ਜਾਣਾ ਚਾਹੁੰਦੀ ਹੈ ਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੀ ਚੋਣ ਵਕਤ ਓਸ ਬਹੁਤ ਮਿਹਨਤ ਕੀਤੀ। ਯੂ ਕੇ ਕਨੇਡਾ ਫਿਲਮੀ ਸ਼ੋ ਵੀ ਓਸ ਕੀਤੇ ਹਨ।ਅਭਿਨੈ ਤੇ ਫ਼ਿਲਮ ਨਿਰਦੇਸ਼ਨ ਜਾਰੀ ਰਹੇਗਾ ਤੇ ਰਾਜਨੀਤੀ ਵੀ ਆਖਣ ਵਾਲੀ ਤੇਜੀ ਸੰਧੂ ਜਿਸ ਕਦਰ ਚੁਸਤ ਤੇ ਫੁਰਤੀਲੀ ਹੈ ਲੱਗਦਾ ਹੈ ਕਿ ਓਹ ਆਪਣੇ ਮੰਤਵ ਆ ਰਹੇ ਤਿੰਨ ਚਾਰ ਸਾਲਾਂ ਤੱਕ ਪੂਰੇ ਕਰ ਪੰਜਾਬ ਦਾ ਚਰਚਿਤ ਚਿਹਰਾ ਅੰਤਰ ਰਾਸ਼ਟਰੀ ਪੱਧਰ ਤੇ ਹੋਏਗੀ





– ਅੰਮ੍ਰਿਤ ਪਵਾਰ

# ਭਾਕਿਯੂ ਉਗਰਾਹਾਂ ਵੱਲੋਂ ਝੋਨੇ ਦੀ ਖਰੀਦ ਨਿਰਵਿਘਨ ਚਾਲੂ ਕਰਾਉਣ ਲਈ 17 ਅਕਤੂਬਰ ਤੋਂ ਟੌਲ ਪਲਾਜੇ ਟੋਲ ਮੁਕਤ ਕਰਨ ਦਾ ਐਲਾਨ

ਚੰਡੀਗੜ੍ਹ, (ਦਲਜੀਤ ਕੌਰ) ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਪੂਰੀ ਝੋਨਾ ਖ੍ਰੀਦ ਅਤੇ ਚੁਕਾਈ ਲਈ 17 ਅਕਤੂਬਰ ਤੋਂ ਟੌਲ ਪਲਾਜੇ ਫ੍ਰੀ ਕਰਨ ਅਤੇ 18 ਅਕਤੂਬਰ ਤੋਂ ਭਾਜਪਾ ਦੇ ਮੁੱਖ ਆਗੂਆਂ ਪ੍ਰਨੀਤ ਕੌਰ ਅਤੇ ਅਰਵਿੰਦ ਖੰਨਾ ਵਰਗੇ ਸਾਰੇ ਆਗੂਆਂ ਸਮੇਤ ਆਪ ਦੇ ਵੱਧ ਤੋਂ ਵੱਧ ਵਿਧ-ਾਇਕਾਂ/ਸਾਂਸਦਾਂ ਤੇ ਮੰਤਰੀਆਂ ਦੇ ਘਰਾਂ ਅੱਗੇ ਪੱਕੇ ਮੋਰਚੇ ਲਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਜਥੇਬੰਦੀ ਦੀ ਪੰਜ ਮੈਂਬਰੀ ਸੂਬਾ ਆਗੂ ਟੀਮ ਦੇ ਫ਼ੈਸਲੇ ਅਨੁਸਾਰ ਦੋਨਾਂ ਕਿਸਮਾਂ ਦੇ ਮੋਰਚੇ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਮੰਨੇ ਜਾਣ ਤੱਕ ਲਗਾਤਾਰ ਦਿਨੇ ਰਾਤ ਜਾਰੀ ਰੱਖੇ ਜਾਣਗੇ। ਇਨ੍ਹਾਂ ਮੰਗਾਂ ਵਿੱਚ ਝੋਨੇ ਦੀ ਪੂਰੇ ਐੱਮ ਐੱਸ ਪੀ 'ਤੇ ਨਿਰਵਿਘਨ ਖ੍ਰੀਦ ਚਾਲੂ ਕਰਨ ਤੋਂ ਇਲਾਵਾ ਹੁਣ ਤੱਕ ਘੱਟ ਮੁੱਲ 'ਤੇ ਵਿਕੇ ਝੋਨੇ ਦੀ ਕਮੀ ਪੂਰਤੀ ਕਰਨ; ਸਰਕਾਰੀ ਸਿਫਾਰਸ਼ ਅਨੁਸਾਰ ਪਾਣੀ ਦੀ ਬੱਚਤ ਲਈ ਬੀਜੀ ਗਈ ਪੀ ਆਰ 126 ਕਿਸਮ ਦੇ ਪੂਸਾ 44 ਨਾਲੋਂ ਘੱਟ ਝਾੜ ਦੀ ਅਤੇ ਐੱਮ ਐੱਸ ਪੀ ਤੋਂ ਘੱਟ ਮਿਲੇ ਮੁੱਲ ਦੀ ਕਮੀ ਪੂਰਤੀ ਕਰਨ; ਬਾਸਮਤੀ ਦਾ ਲਾ-ਭਕਾਰੀ ਐੱਮ ਐੱਸ ਪੀ ਮਿਥਣ ਅਤੇ ਹੁਣ ਪਿਛਲੇ ਸਾਲ ਵਾਲੇ ਔਸਤ ਰੇਟ 'ਤੇ ਖ੍ਰੀਦ ਕਰਨ ਸਮੇਤ ਹੁਣ ਤੱਕ ਪੈ ਚੁੱਕੇ ਘਾਟੇ ਦੀ ਕਮੀ ਪੂਰਤੀ ਕਰਨ; ਝੋਨੇ ਦੀ ਵੱਧ ਤੋਂ ਵੱਧ ਨਮੀ 22% ਕਰਨ ਅਤੇ ਦਾਗੀ ਦਾਣਿਆਂ ਵਰਗੀਆਂ ਹੋਰ ਸ਼ਰਤਾਂ ਨਰਮ ਕਰਨ; ਮੰਡੀ ਮਜ਼ਦੂਰਾਂ ਦੀ ਮਜ਼ਦੂਰੀ ਉਨ੍ਹਾਂ ਦੀ ਮੰਗ ਅਨੁਸਾਰ ਮਿਥਣ ਅਤੇ ਹੋਰ ਹੱਕੀ ਮੰਗਾਂ ਮੰਨਣ; ਸੰਸਾਰ ਵਪਾਰ ਸੰਸਥਾ ਦੀ ਖੁੱਲ੍ਹੀ ਮੰਡੀ ਦੀ ਨੀਤੀ ਰੱਦ ਕਰਨ ਅਤੇ ਇਸ ਸੰਸਥਾ 'ਚੋਂ ਬਾਹਰ ਆਉਣ; ਨਵੇਂ ਚੌਲਾਂ ਦੀ ਸਟੋਰੇਜ ਲਈ ਸ਼ੈਲਰ ਮਾਲਕਾਂ ਦੇ ਜਮ੍ਹਾਂ ਪਏ ਚੌਲਾਂ ਦੀ ਚੁਕਾਈ ਤੇਜ਼ੀ ਨਾਲ ਕਰਨ; ਪਰਾ.ਲੀ ਸਾੜਨ ਤੋਂ ਬਗੈਰ ਨਿਪਟਾਰੇ ਲਈ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਅਤੇ ਕੇਸ ਮੜ੍ਹਨ, ਜੁਰਮਾਨੇ ਕਰਨ ਜਾਂ ਲਾਲ ਐਂਟ੍ਰੀਆਂ ਕਰਨ ਦਾ ਜਾਬਰ ਸਿਲਸਿਲਾ ਬੰਦ ਕਰਨ ਸਮੇਤ ਪਹਿਲਾਂ ਚੁੱਕੇ ਅਜਿਹੇ ਜਾਬਰ ਕਦਮ ਵਾਪਸ ਲੈਣ ਵਰਗੀਆਂ ਮੰਗਾਂ ਸ਼ਾਮਲ ਹਨ। ਕਿਸਾਨ ਆਗੂਆਂ ਨੇ ਕਿਸਾਨਾਂ ਦੀਆਂ ਇਨ੍ਹਾਂ ਹੱਕੀ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ ਲਈ ਕੇਂਦਰੀ ਤੇ ਪੰਜਾਬ ਦੋਨਾਂ ਸਰਕਾਰਾਂ ਨੂੰ ਦੋਸ਼ੀ ਠਹਿਰਾਇਆ ਹੈ, ਜਿਹੜੀਆਂ ਕਾਰਪੋਰੇਟ ਪੱਖੀ ਸੰਸਾਰ ਵਪਾਰ ਸੰਸਥਾ ਦੀ ਖੁੱਲ੍ਹੀ ਮੰਡੀ ਦੀ ਨੀਤੀ ਮੜ੍ਹਨ 'ਤੇ ਉਤਾਰੂ ਹਨ। ਉਨ੍ਹਾਂ ਨੇ ਸਰਕਾਰਾਂ ਦੇ ਇਨ੍ਹਾਂ ਕਿਸਾਨ ਮਾਰੂ ਇਰਾਦਿਆਂ ਨੂੰ ਮਾਤ ਦੇਣ ਲਈ ਪੰਜਾਬ ਦੇ ਸਮੂਹ ਕਿਸਾਨਾਂ ਮਜ਼ਦੂਰਾਂ ਨੂੰ ਪ੍ਰਵਾਰਾਂ ਸਮੇਤ ਪੱਕੇ ਮੋਰਚਿਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਨੇ ਸਮੂਹ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਹੈ ਕਿ ਇਨ੍ਹੀਂ ਦਿਨੀਂ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਦਿਨ ਰਾਤ ਇੱਕ ਕਰਨ ਵਾਂਗ ਹੀ ਸਰਕਾਰਾਂ ਦੇ ਇਸ ਕਿਸਾਨ ਮਾਰੂ ਹਮਲੇ ਨੂੰ ਮਾਤ ਦੇਣ ਲਈ ਉਸੇ ਤਰ੍ਹਾਂ ਜੋਰ ਲਾ ਕੇ ਇਨ੍ਹਾਂ ਮੋਰਚਿਆਂ ਵਿੱਚ ਵੀ ਪੁੱਜਣਾ ਚਾਹੀਦਾ ਹੈ, ਜਿਸ ਨਾਲ ਜਿੱਤ ਦੀ ਗਰੰਟੀ ਹੁੰਦੀ ਹੈ।



# ਲੋਕ ਗੀਤ ਐਂਟਰਟੇਨਮੈਂਟ ਵਲੋਂ ਗਾਇਕ "ਬਾਈ ਦਵਿੰਦਰ" ਤੇ ਗਾਇਕਾ "ਪਾਲੀ ਸਿੱਧੂ" ਦਾ ਨਵਾਂ ਟ੍ਰੈਕ "ਪੂਰੀ ਗੱਲ ਬਾਤ" ਵਿਸ਼ਵ ਭਰ ਵਿੱਚ ਰਿਲੀਜ਼

ਵੈਨਕੂਵਰ (ਕੁਲਦੀਪ ਚੁੰਬਰ)-ਲੋਕ ਗੀਤ ਐਂਟਰਟੇਨਮੈਂਟ ਕੰਪਨੀ ਵਲੋਂ ਉੱਘੇ ਲੋਕ ਗਾਇਕ ਬਾਈ ਦਵਿੰਦਰ ਅਤੇ ਬੀਬਾ ਪਾਲੀ ਸਿੱਧੂ ਦਾ ਗਾਇਆ ਨਵਾਂ ਟ੍ਰੈਕ " ਪੂਰੀ ਗੱਲ ਬਾਤ " ਪੂਰੇ ਵਿਸ਼ਵ ਭਰ ਦੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਰਿਲੀਜ਼ ਕੀਤਾ ਗਿਆ ਹੈ। ਪੰਜਾਬ ਵਿੱਚ ਹਾਲ ਹੀ ਹੋਈਆਂ ਸਰਪੰਚੀ ਦੀਆਂ ਚੋਣਾਂ ਨੂੰ ਲੈ ਕੇ ਇੱਕ ਘਰਵਾ.ਲੀ ਦੀ ਆਪਣੇ ਘਰਵਾਲੇ ਨਾਲ ਚੋਣਾਂ ਨੂੰ ਲੈ ਕੇ ਇੱਕ ਪਿਆਰੀ ਜਿਹੀ ਨੋਕ ਝੋਕ ਅਤੇ ਸਰਪੰਚੀ ਦੀਆਂ ਚੋਣਾਂ ਨੂੰ ਸਮਰਪਿਤ ਗੀਤ " ਪੂਰੀ ਗੱਲ ਬਾਤ " ਨੂੰ ਬਹੁਤ ਵਧੀਆ ਗੀਤਕਾਰ ਬਿੱਟੂ ਮੋਗੇ ਵਾਲਾ ਨੇ ਬਹੁਤ ਕਮਾਲ ਦਾ ਲਿਖਿਆ ਤੇ ਨਿਭਾਇਆ ਹੈ । ਅੱਜ ਦੇ ਚਰਚਿਤ ਸੰਗੀਤਕਾਰ ਐਮ ਵੀਰ ਨੇ ਇਸ ਗੀਤ ਦਾ ਸੰਗੀਤ ਬਹੁਤ ਲਗਨ ਤੇ ਮਿਹਨਤ ਨਾਲ ਤਿਆਰ ਕੀਤਾ ਹੈ ਜੋ ਕੇ ਇਸ ਗੀਤ ਦੇ ਬੋਲਾਂ ਅਤੇ ਸਮੇਂ ਨਾਲ ਢੁੱਕਦਾ ਹੈ । ਇਸ ਗੀਤ ਦਾ ਵੀਡੀ ਫ਼ਿਲਮਾਂਕਣ ਸਾਹਿਲ ਫਿਲਮਜ਼ ਦੀ ਡਾਇਰੈਕਸ਼ਨ ਵਿੱਚ ਮੋਹਾਲੀ ਦੇ ਆਸ ਪਾਸ ਬਹੁਤ ਕਮਾਲ ਦਾ ਸ਼ੂਟ ਕੀਤਾ ਗਿਆ ਹੈ। ਸਿਰਮੌਰ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਦੀ ਪੇਸ਼ਕਸ਼ ਥੱਲੇ ਰਿਲੀਜ਼ ਹੋਇਆ ਇਹ ਟ੍ਰੈਕ ਸਰਪੰਚੀ ਦੀਆਂ ਚੋਣਾਂ ਜਿੱਤਣ ਵਾਲੇ ਉਮੀਦਵਾਰਾਂ ਦੀਆਂ ਗੱਡੀਆਂ, ਟਰੈਕਟਰਾਂ ਅਤੇ ਡੀ। ਜੇਆਂ ਵਿੱਚ ਵੱਜੇਗਾ । ਲੋਕ ਗੀਤ ਐਂਟਰਟੇਨਮੈਂਟ ਦੀ ਪੂਰੀ ਟੀਮ ਵਲੋਂ ਇਸ ਟ੍ਰੈਕ ਨੂੰ ਤਿਆਰ ਕਰਨ ਲਈ ਕੀਤੀ ਗਈ ਸਖ਼ਤ ਮਿਹਨਤ ਨੂੰ ਜਰੂਰ ਭਾਗ ਲੱਗਣਗੇ । ਲੋਕ ਗੀਤ ਐਂਟਰਟੇਨਮੈਂਟ ਵਲੋਂ ਨਵੇਂ ਤੇ ਟੈ-ਲੈਂਟਡ ਗਾਇਕਾਂ ਅਤੇ ਗੀਤਕਾਰਾਂ ਨੂੰ ਖੁੱਲ੍ਹਾ ਸੱਦਾ ਹੈ ਉਹਨਾਂ ਨਾਲ ਜੁੜਨ ਦਾ । ਲੋਕ ਗੀਤ ਐਂਟਰਟੇਨਮੈਂਟ ਦੇ ਸੰਪਰਕ ਨੰਬਰ +917814042872 ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਕਮਲਜੀਤ ਪਾਲ ਨੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋਂ ਅਹੁਦਾ ਸੰਭਾਲਿਆ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)- ਸੂਚਨਾ ਤੇ ਲੋਕ ਸੰਪਰਕ ਅਧਿਕ-ਾਰੀ ਕਮਲਜੀਤ ਪਾਲ ਨੇ ਅੱਜ ਇਥੇ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅਹੁਦਾ ਸੰਭਾਲਿਆ। ਉਨਾਂ ਨੇ ਜ਼ਿਲ੍ਹੇ ਨਾਲ ਸਬੰਧਤ ਮੀਡੀਆ ਕਰਮੀਆਂ ਤੋਂ ਪੂਰਨ ਸਹਿਯੋਗ ਦੀ ਆਸ ਕਰਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਸਿਰ ਪੰਜਾਬ ਸਰਕਾਰ ਵਲੋਂ ਲੋਕ ਹਿੱਤਾਂ 'ਚ ਲਏ ਜਾਂਦੇ ਫੈਸਲਿਆਂ, ਵੱਖ-ਵੱਖ ਪ੍ਰੋਗਰਾਮਾਂ ਅਤੇ ਭਲਾਈ ਸਕੀਮਾਂ ਦੀ ਜਾਣਕਾਰੀ ਮੀਡੀਆ ਦੇ ਮਾਧਿਅਮਾਂ ਰਾਹੀਂ ਆਮ ਲੋਕਾਂ ਤੱਕ ਪਹੁੰਚਾਉਣਾ ਯਕੀਨੀ ਬਣਾਉਣਗੇ।



NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

